

# ਕੁਝ ਪੇਤਲੇ ਕੁਝ ਗਹਿਰੇ

ਡਾ. ਇੰਦਰ ਨਾਥ ਮਦਾਨ



ਭਾਸ਼ਾ ਵਿਭਾਗ, ਪੰਜਾਬ

# ਕੁਝ ਪੇਤਲੇ ਕੁਝ ਗਹਿਰੇ

ਡਾ. ਇੰਦਰ ਨਾਥ ਮਦਾਨ

**ਭਾਸ਼ਾ ਵਿਭਾਗ ਪੰਜਾਬ**

# Kujh Petley Kujh Gehrey (Hindi)

Written by

Dr. Inder Nath Madan

Translated into Punjabi

by

Dr. T.R. Sharma

ਪਹਿਲੀ ਵਾਰ : 1983

ਮੁੱਲ : 5. 40

ਪ੍ਰਕਾਸ਼ਕ : ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ।

ਛਾਪਕ : ਫਾਰਗਿਵ ਪ੍ਰਿੰਟਰਜ਼, ਨਜ਼ਦੀਕ ਅੰਗੂਰਾਂ ਵਾਲੀ ਮਸਜਿਦ, ਪਟਿਆਲਾ।

ਰਾਹੀਂ : ਕੰਟਰੋਲਰ, ਛਪਾਈ ਤੇ ਲਿਖਣ ਸਮਗਰੀ ਵਿਭਾਗ, ਪੰਜਾਬ ।

ਕੁਝ ਪੇਤਲੇ ਕੁਝ ਗਹਿਰੇ

# ਦੋ ਸ਼ਬਦ

ਪੰਜਾਬੀ ਸਾਡੀ ਰਾਜ ਭਾਸ਼ਾ ਹੈ ਤੇ ਹਿੰਦੀ ਰਾਸ਼ਟਰ ਭਾਸ਼ਾ । ਇਨ੍ਹਾਂ ਦੋਹਾਂ ਭਾਸ਼ਾਵਾਂ ਵਿਚ ਰਚੇ ਜਾ ਰਹੇ ਸਾਹਿਤ ਦੇ ਪਰਸਪਰ ਆਦਾਨ ਪ੍ਰਦਾਨ ਲਈ ਭਾਸ਼ਾ ਵਿਭਾਗ ਪੰਜਾਬ ਨੇ ਇਹ ਯੋਜਨਾ ਬਣਾਈ ਹੈ ਕਿ ਹਿੰਦੀ ਦੀਆਂ ਉੱਤਮ ਸਾਹਿਤਕ ਕਿਰਤਾਂ ਦਾ ਪੰਜਾਬੀ ਵਿਚ ਅਤੇ ਪੰਜਾਬੀ ਦੀਆਂ ਸਰਵੋਤਮ ਰਚਨਾਵਾਂ ਦਾ ਹਿੰਦੀ ਵਿਚ ਅਨੁਵਾਦ ਕਰਕੇ ਪ੍ਰਕਾਸ਼ਤ ਕੀਤਾ ਜਾਵੇ। ਇਸ ਯੋਜਨਾ ਅਧੀਨ ਅਸੀਂ ਹੁਣ ਤੱਕ ਦਰਜਨ ਪੁਸਤਕਾਂ ਪਾਠਕਾਂ ਨੂੰ ਭੇਂਟ ਕਰ ਚੁੱਕੇ ਹਾਂ । ਹੱਥਲੀ ਪੁਸਤਕ ਦਾ ਪ੍ਰਕਾਸ਼ਨ ਵੀ ਇਸੇ ਸਕੀਮ ਅਧੀਨ ਕੀਤਾ ਜਾ ਰਿਹਾ ਹੈ ।

ਡਾ. ਇੰਦਰ ਨਾਥ ਮਦਾਨ ਹਿੰਦੀ ਦੇ ਪ੍ਰਸਿੱਧ ਆਲੋਚਕ ਅਤੇ ਨਿਬੰਧਕਾਰ ਹਨ । ਆਲੋਚਨਾ ਤੇ ਨਿਬੰਧ ਦੀਆਂ ਲਗਭਗ ਦੋ ਦਰਜਨ ਪੁਸਤਕਾਂ ਉਹ ਹੁਣ ਤੱਕ ਹਿੰਦੀ ਸਾਹਿਤ ਸੰਸਾਰ ਨੂੰ ਦੇ ਚੁੱਕੇ ਹਨ । ਆਪ ਦੀਆਂ ਸਾਹਿਤਕ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਵਿਭਾਗ ਵਲੋਂ ਆਪ ਨੂੰ ਸ਼੍ਰੋਮਣੀ ਹਿੰਦੀ ਸਾਹਿਤਕਾਰ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ ।

ਡਾ. ਮਦਾਨ ਆਪਣੇ ਸਮਕਾਲੀਨ ਸਾਹਿਤ ਦੀ ਆਲੋਚਨਾ ਦੇ ਖੇਤਰ ਵਿਚ ਮੰਨੇ-ਪ੍ਰਮੰਨੇ ਆਲੋਚਕ ਹਨ, ਪਰ ਨਿਬੰਧ ਕਲਾ ਵਿਚ ਉਹ ਇਕ ਸਫਲ ਸਵੈ-ਆਲੋਚਕ ਦੇ ਰੂਪ ਵਿਚ ਸਾਡੇ ਸਾਹਮਣੇ ਆਏ ਹਨ । ਉਨ੍ਹਾਂ ਆਪਣੇ ਨਿਬੰਧ ਸੰਗ੍ਰਹਿ 'ਕੁਝ ਪੇਤਲੇ ਕੁਝ ਗਹਿਰੇ' ਵਿਚ ਜੇਕਰ ਕਿਸੇ ਦਾ ਮਜ਼ਾਕ ਉਡਾਇਆ ਹੈ, ਤਾਂ ਕੇਵਲ ਆਪਣਾ । ਇਨ੍ਹਾਂ ਵਿਚ ਹਾਸ-ਵਿਅੰਗ ਦਾ ਵਿਸ਼ਾ ਦੂਜਿਆਂ ਨੂੰ ਨਾ ਬਣਾ ਕੇ ਆਪਣੇ ਆਪ ਨੂੰ ਬਣਾਇਆ ਗਿਆ ਹੈ, ਇਹੋ ਇਨ੍ਹਾਂ ਨਿਬੰਧਾਂ ਦੀ ਵਿਲੱਖਣਤਾ ਹੈ ।

ਇਨ੍ਹਾਂ ਲੇਖਾਂ ਦਾ ਆਕਾਰ ਜਿੰਨਾ ਛੋਟਾ ਹੈ ਗੱਲ ਉਨੀ ਹੀ ਵੱਡੀ ਤੇ ਭਾਵਪੂਰਣ ਹੈ । ਇਨ੍ਹਾਂ ਵਿਚ ਡਾਕਟਰ ਮਦਾਨ ਨੇ ਜ਼ਿੰਦਗੀ 'ਚ ਹਰ ਪਲ ਵਾਪਰਨ ਵਾਲੀਆਂ ਘਟਨਾਵਾਂ ਤੋਂ ਪ੍ਰੇਰਿਤ ਹੋ ਕੇ ਆਪਣੀ ਸਿਰਜਨਾਤਮਕ ਪ੍ਰਤਿਭਾ ਦਾ ਅਵਿਸ਼ਕਾਰ ਕੀਤਾ ਹੈ । 'ਸਮੱਸਿਆਵਾਂ ਦੇ ਘੇਰੇ ਵਿਚ', 'ਵਹਿਮ', 'ਖੁਸ਼ਾਮਦ', 'ਸਹਾਨੁਭੂਤੀ', 'ਭਾਸ਼ਣ', 'ਭਵਿੱਖਬਾਣੀ', 'ਬੀਮਾਰੀ', 'ਮਿੱਤਰਤਾ', 'ਬਹਾਨੇਬਾਜ਼ੀ' ਆਦਿ ਨਿਬੰਧਾਂ ਵਿਚ ਦਿਲ ਸਾਗਰ 'ਚ ਉਠਦੀਆਂ ਲਹਿਰਾਂ ਦਾ ਬੜਾ ਹੀ ਢੁਕਵਾਂ ਤੇ ਵਾਸਤਵਿਕ ਚਿੱਤਰ ਪੇਸ਼ ਕੀਤਾ ਗਿਆ ਹੈ ।

ਇਸ ਪੁਸਤਕ ਦਾ ਅਨੁਵਾਦ ਡਾ. ਟੀ.ਆਰ. ਸ਼ਰਮਾ ਨੇ ਬੜੀ ਮਿਹਨਤ ਤੇ ਲਗਨ ਨਾਲ ਕੀਤਾ ਹੈ। ਮੈਨੂੰ ਪੂਰਨ ਵਿਸ਼ਵਾਸ ਹੈ ਕਿ ਪੰਜਾਬੀ ਪਾਠਕ ਇਸ ਦਾ ਨਿੱਘਾ ਸੁਆਗਤ ਕਰਨਗੇ।

**ਪਟਿਆਲਾ**
**ਮਈ 1983**

**ਕਪੂਰ ਸਿੰਘ ਘੁੰਮਣ**
**ਡਾਇਰੈਕਟਰ,**
**ਭਾਸ਼ਾ ਵਿਭਾਗ ਪੰਜਾਬ**

# ਵਿਅਕਤੀਗਤ ਨਿਬੰਧ

ਜਦੋਂ ਸਵੇਰੇ ਉਠਦੇ ਹੀ ਸ਼ੀਸ਼ੇ ਵਿਚ (ਸ਼ੀਸ਼ਾ ਵਧੀਆ ਹੈ) ਆਪਣੀ ਸ਼ਕਲ ਵੇਖਦਾ ਹਾਂ ਤਾਂ ਬਣਾਉਣ ਵਾਲੇ ਨੂੰ ਕੋਸਦਾ ਹਾਂ। ਜਦੋਂ ਨਹਾ ਧੋ ਕੇ ਸ਼ੀਸ਼ੇ ਦੀ ਸਹਾਇਤਾ ਲੈਂਦਾ ਹਾਂ ਤਾਂ ਇੰਨਾ ਬੁਰਾ ਨਹੀਂ ਲਗਦਾ ਜਿੰਨਾ ਲੋਕ ਸਮਝਦੇ ਹਨ। ਇਹੋ ਹੀ ਵਿਚਾਰ ਇਨ੍ਹਾਂ ਲੇਖਾਂ ਦੇ ਬਾਰੇ ਵਿਚ ਹੈ।

**ਇੰਦਰ ਨਾਥ ਮਦਾਨ**

# ਤਰਤੀਬ


| | | | ਪੰਨਾ |
|---|---|---|---|
| 1. | ਸਮੱਸਿਆਵਾਂ ਦੇ ਘੇਰੇ ਵਿਚ | --- | 1 |
| 2. | ਆਵਾਜ਼ਾਂ ਦੇ ਘੇਰੇ ਵਿਚ | --- | 5 |
| 3. | ਮਸ਼ੀਨਾਂ ਦੇ ਘਿਰਾਓ ਵਿਚ | --- | 9 |
| 4. | ਵਹਿਮ ਅਤੇ ਵਹਿਮ | --- | 13 |
| 5. | ਖੁਸ਼ਾਮਦ ਅਤੇ ਖੁਸ਼ਾਮਦ | --- | 17 |
| 6. | ਕਾਸ਼, ਮੈਨੂੰ ਵੀ ਆਉਂਦਾ | --- | 21 |
| 7. | ਕਾਸ਼, ਮੈਂ ਵੀ ਜਾਣਦਾ | --- | 25 |
| 8. | ਆਪਣਾ ਮਕਾਨ | --- | 29 |
| 9. | ਉਕਤਾ ਗਿਆ ਹਾਂ | --- | 33 |
| 10. | ਸਭਾਪਤੀ ਦਾ ਭਾਸ਼ਣ | --- | 37 |
| 11. | ਰੱਦੀ ਦੀ ਟੋਕਰੀ | --- | 41 |
| 12. | ਸੱਟ ਪੀਣ ਤੇ | --- | 45 |
| 13. | ਪੁਰਾਣੀਆਂ ਚਿੱਠੀਆਂ | --- | 49 |
| 14. | ਕੱਲਾ ਜੀਵਨ | --- | 53 |
| 15. | ਅਫਸੋਸ ਨਹੀਂ | --- | 57 |
| 16. | ਭਵਿੱਖ ਬਾਣੀ | --- | 61 |
| 17. | ਖਰੀਆਂ ਖਰੀਆਂ ਸੁਣਾਉਣ ਤੇ | --- | 65 |
| 18. | ਹਮਦਰਦੀ ਵਿਖਾਉਣ ਤੇ | --- | 69 |
| 19. | ਬੀਮਾਰ ਪੈਣ ਤੇ | --- | 73 |
| 20. | ਮਿੱਤਰਾਂ ਦੀਆਂ ਸਲਾਹਾਂ | --- | 77 |
| 21. | ਡਾਇਰੀ ਦੀ ਗੱਲ | --- | 81 |

| | | |
|---|---|---|
| 22. ਪ੍ਰੇਮ ਨਿਵੇਦਨ ਦੀ ਗੱਲ | --- | 85 |
| 23. ਇਸ ਦੀ ਆਦਤ ਨਹੀਂ | --- | 89 |
| 24. ਬਣਨਾ ਅਤੇ ਬਣਾਉਣਾ | --- | 93 |
| 25. ਅਭਿਨੰਦਨ ਤੋਂ | --- | 97 |
| 26. ਅਭਿਨੰਦਨ ਤੋਂ ਬਾਅਦ | --- | 101 |
| 27. ਹਾਸ ਅਤੇ ਵਿਅੰਗ | --- | 106 |
| 28. ਤੁਹਾਡਾ ਪ੍ਰਸ਼ੰਸਕ | --- | 110 |
| 29. ਮੈਂ ਯੋਗ ਹਾਂ | --- | 113 |
| 30. ਝੂਠ ਬੋਲਣ ਦੀ ਕਲਾ | --- | 117 |
| 31. ਰਿਣ ਬਨਾਮ ਉਧਾਰ | --- | 121 |
| 32. ਬਹਾਨੇਬਾਜ਼ੀ | --- | 125 |
| 33. ਗਾਲ੍ਹਾਂ | --- | 129 |
| 34. ਦਿਲ ਲਾਉਣ ਲਈ | --- | 133 |

# ਸਮੱਸਿਆਵਾਂ ਦੇ ਘੇਰੇ ਵਿਚ

ਜੇ ਮੱਧ ਕਾਲ ਪ੍ਰਸ਼ਨਾਂ ਦਾ ਸੀ ਤਾਂ ਆਧੁਨਿਕ ਕਾਲ ਨੂੰ ਸਮੱਸਿਆਵਾਂ ਦਾ ਯੁੱਗ ਕਿਹਾ ਜਾ ਸਕਦਾ ਹੈ । ਸੌਖ ਪ੍ਰਸ਼ਨਾਂ ਨੂੰ ਜਨਮ ਦਿੰਦਾ ਹੈ ਅਤੇ ਔਖ ਸਮੱਸਿਆਵਾਂ ਨੂੰ । ਪੁਰਾਣਾਂ ਦੇ ਯੁੱਗ ਵਿਚ ਤਰ੍ਹਾਂ ਤਰ੍ਹਾਂ ਦੇ ਸੁਆਲ ਪੁੱਛੇ ਜਾਂਦੇ ਸੀ, ਅਨੇਕਾਂ ਸ਼ੰਕੇ ਉਠਦੇ ਸਨ । ਸਾਰੇ ਸੁਆਲਾਂ ਦੇ ਜੁਆਬ ਦਿੱਤੇ ਜਾਂਦੇ ਸਨ ਤੇ ਸਾਰੇ ਸ਼ੰਕੇ ਮੁੱਕ ਜਾਂਦੇ ਸਨ । ਅੰਤ ਵਿਚ ਸਾਰਿਆਂ ਦਾ ਮਨ ਸ਼ਾਂਤ ਹੋ ਜਾਂਦਾ ਸੀ । ਇਹ ਸ਼ਾਇਦ ਇਸ ਕਰਕੇ ਕਿ ਪੁਰਾਣੇ ਯੁੱਗ ਦਾ ਮਾਨਸਿਕ ਪੱਧਰ ਬਚਪਨ ਦਾ ਸੀ । ਮੈਂ ਵੀ ਬਾਲਪਨ ਦੀ ਉਮਰ ਵਿਚ ਆਪਣੇ ਵੱਡਿਆਂ ਤੋਂ ਹਰ ਤਰ੍ਹਾਂ ਦੇ ਸੁਆਲ ਪੁੱਛਦਾ ਹੁੰਦਾ ਸੀ— "ਅੰਬਰ ਵਿਚ ਤਾਰੇ ਘੁੰਮਦੇ ਕਿਉਂ ਹਨ, ਆਦਮੀ ਮਰ ਕਿਉਂ ਜਾਂਦਾ ਹੈ, ਪੁਰਾਣਾ ਸਾਲ ਮੁੱਕ ਕਿਉਂ ਜਾਂਦਾ ਹੈ, ਖ਼ੁਦਾ ਸੱਤਵੇਂ ਆਸਮਾਨ ਵਿਚ ਕਿਉਂ ਰਹਿੰਦਾ ਹੈ, ਭਗਵਾਨ ਦੁੱਧ ਦੇ ਸਮੁੰਦਰ ਵਿਚ ਕਿਉਂ ਰਹਿੰਦਾ ਹੈ, ਮਰਨ ਤੋਂ ਬਾਅਦ ਮਨੁੱਖ ਕਿੱਥੇ ਜਾਂਦਾ ਹੈ, ਬੱਚਾ ਕਿੱਥੋਂ ਆਉਂਦਾ ਹੈ?" ਮੇਰੇ ਮਾਤਾ-ਪਿਤਾ ਤਾਂ ਅਕਸਰ ਚੁੱਪ ਰਹਿੰਦੇ ਸਨ ਪਰ ਚਾਚਾ ਜੀ ਕੋਲੋਂ ਮੈਨੂੰ ਹਰ ਸੁਆਲ ਦਾ ਜਵਾਬ ਮਿਲ ਜਾਂਦਾ ਸੀ, ਮੇਰੀ ਤਸੱਲੀ ਵੀ ਹੋ ਜਾਂਦੀ ਸੀ। ਮੈਂ ਚਾਚਾ ਜੀ ਨੂੰ ਮਾਤਾ-ਪਿਤਾ ਨਾਲੋਂ ਵੱਧ ਲਾਇਕ ਸਮਝਦਾ ਸਾਂ। ਮੱਧ ਕਾਲ ਵੀ ਸ਼ਾਇਦ ਮੇਰੇ ਵਾਂਗ ਬਚਪਨ ਦੀ ਹਾਲਤ ਵਿਚ ਸੀ। ਮੈਨੂੰ ਯਾਦ ਹੈ ਕਿ ਇੱਕ ਵਾਰ ਇੰਸਪੈਕਟਰ ਸਾਹਿਬ ਮੇਰੇ ਪਿੰਡ ਦਾ ਸਕੂਲ ਵੇਖਣ ਆਏ। ਉਸ ਦਿਨ ਮਾਸਟਰ ਜੀ ਨੇ ਵੀ ਸਾਫ਼ ਕੱਪੜੇ ਪਾਏ ਹੋਏ ਸਨ ਤੇ ਬੜੇ ਜੋਸ਼ ਨਾਲ ਜਮਾਤ ਨੂੰ ਜੁਗਰਾਫ਼ੀਆ ਪੜ੍ਹਾ ਰਹੇ ਸਨ । ਉਹ ਮੇਰੇ ਚਾਚਾ ਜੀ ਵਾਂਗ ਹੀ ਲਾਇਕ ਸਨ; ਹਰ ਮਜ਼ਮੂਨ ਪੜ੍ਹਾ ਲੈਂਦੇ ਸਨ । ਉਹ ਕਹਿ ਰਹੇ ਸਨ – "ਇਸ ਪ੍ਰਕਾਰ ਸੂਰਜ 365 ਦਿਨਾਂ ਵਿਚ ਜ਼ਮੀਨ ਦਾ ਇਕ ਚੱਕਰ ਕੱਟਦਾ ਹੈ ਅਤੇ ਸਾਲ ਦਾ ਅੰਤ ਹੋ ਜਾਂਦਾ ਹੈ ਅਤੇ ਹਰ ਚਾਰ ਸਾਲਾਂ ਮਗਰੋਂ ਜਦੋਂ ਸੂਰਜ ਥੋੜ੍ਹਾ ਜਿਹਾ ਥੱਕ ਜਾਂਦਾ ਹੈ ਤਾਂ ਉਹ ਇਕ ਦਿਨ ਵੱਧ ਲਾ ਦਿੰਦਾ ਹੈ, ਇਸ ਨੂੰ ਲੀਪ ਦਾ ਸਾਲ ਕਹਿੰਦੇ ਹਨ" ਇੰਸਪੈਕਟਰ ਸਾਹਿਬ ਨੇ ਜਦੋਂ ਇਹ ਸੁਣਿਆ ਤਾਂ ਉਹ ਮਾਸਟਰ ਜੀ ਦੇ ਮੂੰਹ ਵਲ ਵੇਖਦੇ ਹੋਏ ਕਹਿਣ ਲੱਗੇ, "ਇਹ ਕਿੱਥੋਂ ਦਾ ਜੁਗਰਾਫ਼ੀਆ ਹੈ?" ਮੇਰੇ ਮਾਸਟਰ ਸਾਹਿਬ ਜ਼ਿੰਦਗੀ ਵਿਚ ਹਾਰ ਕੇ ਵੀ ਗੱਲਾਂ ਵਿਚ ਹਾਰਣ ਵਾਲੇ ਨਹੀਂ ਸਨ। ਉਹ ਇਕਦਮ ਬੋਲੇ--- "ਜਨਾਬ ਵੀਹ ਰੁਪਏ ਲੈਂਦਾ ਹਾਂ, ਜੇ ਤੁਸੀਂ ਕਰ ਦਿਉ ਤਾਂ ਜ਼ਮੀਨ ਨੂੰ ਸੂਰਜ ਦੇ ਚਾਰੇ ਪਾਸੇ ਘੁੰਮਾ ਸਕਦਾ ਹਾਂ" ਇੰਸਪੈਕਟਰ ਸਾਹਿਬ ਕਿਉਂ ਮੁਸਕਰਾ ਕੇ ਟੁਰ ਗਏ, ਇਸ ਦਾ ਮੈਨੂੰ ਪਤਾ ਨਹੀਂ ਲੱਗਾ, ਪਰ ਇੰਨਾ ਜ਼ਰੂਰ ਸਮਝ ਵਿਚ ਆ

ਗਿਆ ਕਿ ਸੂਰਜ ਅਤੇ ਧਰਤੀ ਦੋਵੇਂ ਇਕ ਦੂਜੇ ਦੇ ਦੁਆਲੇ ਘੁੰਮ ਸਕਦੇ ਹਨ ਜਾਂ ਘੁੰਮਾਏ ਜਾ ਸਕਦੇ ਹਨ। ਅੱਜ ਮਨ ਦੀ ਇਹ ਸਰਲਤਾ ਲੁਪਤ ਹੋ ਗਈ ਹੈ, ਇਸ ਨੂੰ ਜਟਿਲਤਾ ਨੇ ਘੇਰ ਲਿਆ ਹੈ। ਅੱਜ ਹਰ ਸੁਆਲ ਟੇਢਾ ਹੋ ਕੇ ਸਮੱਸਿਆ ਬਣਦਾ ਜਾ ਰਿਹਾ ਹੈ ਅਤੇ ਜ਼ਿੰਦਗੀ ਸਮੱਸਿਆ ਦੇ ਘੇਰੇ ਵਿਚ ਘੁੰਮ ਰਹੀ ਹੈ। ਇਹ ਸਮੱਸਿਆਵਾਂ ਹੱਲ ਨਹੀਂ ਹੋ ਰਹੀਆਂ। ਇਸ ਲਈ ਕਦੇ ਕਦੇ ਜੀਅ ਕਰਦਾ ਹੈ ਕਿ ਬਚਪਨ ਜਾਂ ਪੁਰਾਣਿਕ ਯੁੱਗ ਵਿਚ ਪਰਤ ਜਾਇਆ ਜਾਵੇ ਪਰ ਇਹ ਸੰਭਵ ਨਹੀਂ ਹੈ। ਇਸ ਤਰ੍ਹਾਂ ਪਰਤਣ ਵਿਚ ਅੱਜ ਦਾ ਵਿਗਿਆਨ ਰੋੜਾ ਅਟਕਾਉਂਦਾ ਹੈ। ਕਦੇ ਕਦੇ ਮੈਨੂੰ ਉਨ੍ਹਾਂ ਲੋਕਾਂ ਨਾਲ ਈਰਖਾ ਜਿਹੀ ਹੁੰਦੀ ਹੈ ਜਿਹੜੇ ਅੱਜ ਵੀ ਅਜੇ ਬਚਪਨ ਵਿਚ ਹੀ ਹਨ। ਇਨ੍ਹਾਂ ਦੇ ਚਿਹਰੇ ਤੇ ਵੀ ਨਾ ਕਦੇ ਹੈਰਾਨੀ ਦਿਸਦੀ ਹੈ ਤੇ ਨਾ ਪਰੇਸ਼ਾਨੀ। ਇਨ੍ਹਾਂ ਦੀ ਸਿਹਤ ਵੀ ਚੰਗੀ ਹੈ। ਮੈਂ ਪੁਰਾਣਿਕ ਸਰਲਤਾ ਛੱਡ ਕੇ ਵੀ ਕੀ ਕੀਤਾ, ਆਧੁਨਿਕਤਾ ਤੋਂ ਕੀ ਲਾਭ ਉਠਾਇਆ। ਸਿਵਾਇ ਇਸ ਦੇ ਕਿ ਮੇਰੇ ਮੂੰਹ ਕੇ ਜਟਿੱਲਤਾ ਦੀਆਂ ਝੁਰੜੀਆਂ ਡੂੰਘੀਆਂ ਹੋ ਗਈਆਂ, ਮੈਨੂੰ ਕੁਝ ਨਹੀਂ ਮਿਲਿਆ।

ਇਸ ਤਰ੍ਹਾਂ ਮੇਰੀ ਜ਼ਿੰਦਗੀ ਅੱਜ ਨਿੱਕੀਆਂ ਮੋਟੀਆਂ ਸਮੱਸਿਆਵਾਂ ਨਾਲ ਘਿਰੀ ਰਹਿੰਦੀ। ਛੋਟੀ ਸਮੱਸਿਆ ਕਦੇ ਕਦੇ ਵੱਡੀ ਨਾਲੋਂ ਵੀ ਵੱਧ ਦੁਖੀ ਕਰ ਦਿੰਦੀ ਹੈ। ਅੱਜ ਤੇਲ ਦਾ ਨਾ ਹੋਣਾ ਭਗਵਾਨ ਦੇ ਹੋਣ ਜਾਂ ਨਾ ਹੋਣ ਤੋਂ ਵੀ ਵੱਧ ਹੈਰਾਨ ਕਰ ਦਿੰਦਾ ਹੈ, ਚੋਲਾਂ ਦਾ ਨਾ ਮਿਲਣਾ ਮੁਕਤੀ ਦੀ ਪ੍ਰਾਪਤੀ ਜਾਂ ਅਪ੍ਰਾਪਤੀ ਤੋਂ ਵੱਧ ਤੰਗ ਕਰ ਦਿੰਦਾ ਹੈ। ਬਜ਼ੁਰਗ ਕਿੰਨੇ ਸੁਖੀ ਸਨ, ਚਿੰਤਾ ਤੋਂ ਕਿੰਨੇ ਸੁਤੰਤਰ ਸਨ। ਖੁਲ੍ਹੇ ਆਸਮਾਨ ਦੇ ਥੱਲੇ ਜਾਂ ਰੁੱਖਾਂ ਦੀ ਛਾਂ ਵਿਚ ਬੈਠ ਕੇ ਬ੍ਰਹਮ ਅਤੇ ਮਾਇਆ ਸਬੰਧੀ ਗੱਲਬਾਤ ਕਰ ਲੈਂਦੇ ਸਨ। ਜੇ ਮੈਂ ਅੱਜ ਬੀਤੇ ਸਮੇਂ ਵਿਚ ਜੀਣਾ ਚਾਹਵਾਂ ਤਾਂ ਇਸ ਨੂੰ ਵੈਸਾਖੀਆਂ ਦੇ ਸਹਾਰੇ ਜੀਣਾ ਕਿਹਾ ਜਾਂਦਾ ਹੈ, ਜ਼ਿੰਦਗੀ ਤੋਂ ਦੌੜਨ ਦਾ ਨਾਂ ਦਿਤਾ ਜਾਂਦਾ ਹੈ, ਆਧੁਨਿਕ ਜਾਣਕਾਰੀ ਦੇ ਵਿਰੁਧ ਦੱਸਿਆ ਜਾਂਦਾ ਹੈ, ਵਿਗਿਆਨ ਨੂੰ ਨਾ ਮੰਨਣ ਦਾ ਦੋਸ਼ ਲਾਇਆ ਜਾਂਦਾ ਹੈ। ਇਸ ਤਰ੍ਹਾਂ ਗੁਜ਼ਰੇ ਜ਼ਮਾਨੇ ਨੂੰ ਯਾਦ ਵਾਂਗ ਜੀਵਨ ਦੇ ਵਿਕਾਸ ਵਿਚ ਰੁਕਾਵਟ ਸਮਝਿਆ ਜਾਂਦਾ ਹੈ। ਇਹ ਜਾਗਣਾ ਨਹੀਂ, ਸੌਣਾ ਹੈ, ਪਰ ਬਿਨਾਂ ਸੌਣ ਤੋਂ ਜਾਗਿਆ ਕਿਵੇਂ ਜਾ ਸਕਦਾ ਹੈ, ਬਿਨਾਂ ਰਾਤ ਤੋਂ ਦਿਨ ਕਿਵੇਂ ਵੇਖਿਆ ਜਾ ਸਕਦਾ ਹੈ, ਬਿਨਾਂ ਸੁਪਨਿਆਂ ਦੇ ਜ਼ਿੰਦਗੀ ਕਿਵੇਂ ਕੱਟੀ ਜਾ ਸਕਦੀ ਹੈ। ਇਸ ਨੂੰ ਵੀ ਇਕ ਸਮੱਸਿਆ ਦਾ ਰੂਪ ਦਿਤਾ ਜਾਂਦਾ ਹੈ। ਮੱਨ-ਯੁੱਗ ਵਿਚ ਜਦੋਂ ਮਨੁੱਖ ਮਰ ਜਾਂਦਾ ਸੀ ਤਾਂ ਕਿਹਾ ਜਾਂਦਾ ਸੀ ਕਿ ਵਾਸਤਵ ਵਿਚ ਉਹ ਮਰਿਆ ਨਹੀਂ। ਉਸ ਦੀ ਅਮਰ ਆਤਮਾ ਨੇ ਨਵਾਂ ਚੋਲਾ ਪਹਿਨ ਲਿਆ ਹੈ। ਇਸ ਨਾਲ ਮਨ ਨੂੰ ਥੋੜ੍ਹਾ ਸੰਤੋਖ ਮਿਲਦਾ ਸੀ, ਥੋੜ੍ਹਾ ਇਸ ਲਈ ਕਿ ਉਸ ਦੀ ਆਤਮਾ ਦੀ ਸ਼ਾਂਤੀ ਲਈ ਭਗਵਾਨ ਦੀ ਮਿੰਨਤ ਵੀ ਕਰਨੀ ਪੈਂਦੀ ਸੀ। ਜਨਮ-ਜਨਮਾਂਤਰਾਂ ਤੋਂ ਚੱਲਿਆ ਆ ਰਿਹਾ ਇਹ ਮਨਘੜਤ ਸਿੱਧਾਂਤ ਮਨ ਨੂੰ ਆਸਰਾ ਦੇਣ ਲਈ ਕੀ ਬੁਰਾ ਸੀ ? ਅੱਜ

ਆਤਮਾ ਆਪਣਾ ਸੂਟ ਨਹੀਂ ਬਦਲ ਸਕਦੀ । ਉਦੋਂ ਚੋਲਾ ਢਿੱਲਾ ਹੁੰਦਾ ਸੀ, ਸਾਰਿਆਂ ਦੇ ਕੰਮ ਆ ਜਾਂਦਾ ਸੀ, ਪਰ ਹੁਣ ਜੇ ਸੂਟ ਫ਼ਿੱਟ ਨਾ ਹੋਵੇ ਤਾਂ ਬੇਕਾਰ ਹੈ । ਇਹ ਵਿਚਾਰ ਕਿੰਨਾ ਸੋਹਣਾ ਸੀ ਕਿ ਜ਼ਿੰਦਗੀ ਅਸਲੀ ਹੈ ਤੇ ਮੌਤ ਨਕਲੀ । ਮੌਤ ਨੂੰ ਕਦੇ ਨੀਂਦ ਕਿਹਾ ਗਿਆ, ਕਦੇ ਕਿਆਮਤ ਤੱਕ ਇਸ ਨੂੰ ਕਬਰ ਵਿਚ ਸੌਣਾ ਕਿਹਾ ਗਿਆ ਅਤੇ ਕਦੇ ਆਤਮਾ ਨੂੰ ਅਮਰ ਕਹਿ ਕੇ "ਜਨਮ ਜਨਮ ਕੇ ਸਾਥੀ" ਦਾ ਗੀਤ ਗਾਇਆ ਗਿਆ । ਅੱਜ ਇਸ ਵਿਚਾਰ ਦਾ ਵੀ ਗਲਾ ਘੁੱਟ ਦਿਤਾ ਗਿਆ ਹੈ । ਮੌਤ ਨੂੰ ਸੱਚਾਈ ਕਿਹਾ ਜਾਂਦਾ ਹੈ । ਜੇ ਮੌਤ ਸੱਚ ਹੈ ਤਾਂ ਜ਼ਿੰਦਗੀ ਝੂਠੀ ਹੋ ਜਾਂਦੀ ਹੈ । ਇਸ ਲਈ ਅੱਜ ਜ਼ਿੰਦਗੀ ਦੀ ਝੂਠ ਦੇ ਰੂਪ ਵਿਚ ਸਮੱਸਿਆ ਬਣਦੀ ਜਾ ਰਹੀ ਹੈ। ਮੇਰੇ ਇਕ ਕਵੀ-ਭਰਾ ਜ਼ਿੰਦਗੀ ਜਿਊਣ ਦੀ ਬਜਾਏ ਇਸ ਨੂੰ ਵਖਰੇਵੇਂ ਦੀ ਸਮੱਸਿਆ ਵਿਚ ਬਿਤਾ ਕੇ ਕਾਫ਼ੀ ਉਦਾਸ ਹੋ ਗਏ ਹਨ :

*"ਕਿਸੀ ਨੇ ਮੁਝੇ ਅਜਨਬੀ ਕਹਿ ਕਰ ਪੁਕਾਰਾ ਹੈ*
*ਕਿਸੀ ਨੇ ਮੇਰੀ ਨਿਯਤੀ ਕੋ ਅਭਿਸ਼ਪਤ ਠਹਿਰਾਇਆ ਹੈ*
*ਕਭੀ ਮੈਂ ਬਾਹਰ ਕਾ ਆਦਮੀ ਮਾਨਾ ਜਾਤਾ ਹੂੰ*
*ਕਭੀ ਵਿਸੰਗਤ ਪੁਰਸ਼ ਕੇ ਨਾਮ ਸੇ ਜਾਨਾ ਜਾਤਾ ਹੂੰ*
*ਇਸ ਪ੍ਰਕ੍ਰਿਆ ਮੇਂ ਮੈਂ ਸਿਮਟ ਕਰ*
*ਵਰਣਮਾਲਾ ਕਾ ਏਕ ਅਕਸ਼ਰ-*
*ਮਾਤ੍ਰ "ਕ" ਰਹਿ ਗਇਆ ਹੂੰ*
*ਆਰੋਪਤ ਨਾਮੋਂ ਕੀ ਭੀੜ ਮੇਂ*
*ਮੈਂ ਅਨਾਮ ਹੋ ਗਿਆ ਹੂੰ*
*ਪਹਿਲੇ ਸੇ ਅਧਿਕ ਉਦਾਸ ਹੋ ਗਿਆ ਹੂੰ "*

ਇਸ ਤਰ੍ਹਾਂ ਵਖਰੇਵੇਂ ਦੀ ਇਹ ਸਮੱਸਿਆ ਮੈਨੂੰ ਵੀ ਬੁਰੀ ਤਰ੍ਹਾਂ ਘੇਰ ਲੈਂਦੀ ਹੈ । ਜੇ ਸਮੱਸਿਆ ਇਕ ਹੋਵੇ ਤਾਂ ਮੈਂ ਛੁਟਕਾਰਾ ਪਾਉਣ ਦੀ ਸੋਚ ਸਕਦਾ ਹਾਂ; ਪਰ ਜੇ ਸਮੱਸਿਆਵਾਂ ਹੀ ਸਮੱਸਿਆਵਾਂ ਹੋਣ ਤਾਂ ਅਭੀਮਨਿਊਂ ਵਾਂਗ ਇਨ੍ਹਾਂ ਦੇ ਚੱਕਰਵਿਊਹ ਵਿਚ ਫਸ ਜਾਣ ਤੋਂ ਸਿਵਾ ਹੋਰ ਰਸਤਾ ਹੀ ਕਿਹੜਾ ਹੈ। ਕੁਝ ਹੋਰ ਮਿੱਤਰ ਹਨ ਜਿਹੜੇ ਖਾਣ-ਪੀਣ ਨੂੰ ਵੀ ਸਮੱਸਿਆਵਾਂ ਬਣਾ ਦਿੰਦੇ ਹਨ। ਉਹ ਖਾਣੇ ਦੀ ਮੇਜ਼ ਤੇ ਬਹਿ ਕੇ ਹਰ ਪਕਵਾਨ ਨੂੰ ਵੀ ਵਿਟਾਮਿਨ ਦੀ ਤੱਕੜੀ ਵਿਚ ਤੋਲਣ ਲੱਗ ਪੈਂਦੇ ਹਨ। ਉਹ ਕਦੇ ਆਲੂ ਦੀ ਨਿਖੇਧੀ ਕਰਦੇ ਹਨ, ਕਦੇ ਦਾਲ ਦੀ। ਉਹ ਚੌਲਾਂ ਨਾਲ ਦਾਲ ਖਾਣ ਨੂੰ ਅੰਨ ਨਾਲ ਅੰਨ ਖਾਣਾ ਕਹਿੰਦੇ ਹਨ । ਇਨ੍ਹਾਂ ਦੀ ਗੱਲ ਮੈਂ ਇਸ ਕਰਕੇ ਮੰਨ ਲੈਂਦਾ ਹਾਂ ਤੇ ਇਸ ਨੂੰ ਸਮੱਸਿਆ ਨਹੀਂ ਬਣਨ ਦਿੰਦਾ ਕਿਉਂਕਿ ਇਨ੍ਹਾਂ ਦੀਆਂ ਕੀਮਤਾਂ ਹਰ ਰੋਜ਼ ਵਧਦੀਆਂ ਰਹਿੰਦੀਆਂ ਹਨ । ਉਹ ਘਾਹ ਖਾਣ ਦੀ ਵੀ ਗੱਲ ਕਰਨ ਲੱਗ ਪਏ ਹਨ। ਉਹ ਕਹਿੰਦੇ ਹਨ ਕਿ ਇਸ ਵਿਚ ਵਿਟਾਮਿਨ ਹੁੰਦੇ ਹਨ । ਇਸ ਤਰ੍ਹਾਂ ਕੀ ਖਾਣਾ ਹੈ ਜਾਂ ਕੀ ਪੀਣਾ ਹੈ, ਉਹ ਇਸੇ ਦੀ ਖੋਜ ਕਰਦੇ ਰਹਿੰਦੇ ਹਨ ਤੇ ਇਸ ਨੂੰ ਵੀ ਸਮੱਸਿਆ

ਦਾ ਰੂਪ ਦੇ ਦਿੰਦੇ ਹਨ। ਇਕ ਹੋਰ ਸੱਜਣ ਵੀ ਹਨ ਜਿਹੜੇ ਸਾਰੀ ਦੁਨੀਆ ਦੀਆਂ ਚਿੰਤਾਵਾਂ ਲਾ ਕੇ ਉਦਾਸ ਹੋ ਜਾਂਦੇ ਹਨ । ਇਕ ਚੱਲਦੇ ਫਿਰਦੇ ਗਿਆਨ-ਕੋਸ਼ ਵਾਂਗ ਉਹ ਛੋਟੀ-ਵੱਡੀ ਘਟਨਾ ਜਾਂ ਸੂਚਨਾ ਵਿਚ ਹੀ ਆਪਣੇ ਸਮਾਜ-ਸ਼ਾਸਤ੍ਰੀ ਦ੍ਰਿਸ਼ਟੀਕੋਣ ਨੂੰ ਲੱਭ ਲੈਂਦੇ ਹਨ । ਜੇ ਉਹ ਘਰ ਦੀਆਂ ਸਮੱਸਿਆਵਾਂ ਦੀ ਉਲੰਘਣਾ ਕਰਦੇ ਹਨ ਤਾਂ ਇਸ ਲਈ ਕਿ ਵਿਅਕਤੀਵਾਦ ਵਿਚ ਉਨ੍ਹਾਂ ਦਾ ਵਿਸ਼ਵਾਸ ਨਹੀਂ ਹੈ । ਇਸ ਤਰ੍ਹਾਂ ਛੋਟੀ-ਵੱਡੀ ਗੱਲ ਨੂੰ ਉਹ 'ਵਾਦ' ਵਿਚ ਬਦਲ ਕੇ ਸਮੱਸਿਆ ਦਾ ਰੂਪ ਦੇ ਲੈਂਦੇ ਹਨ । ਇਸ ਤਰ੍ਹਾਂ ਮੇਰਾ ਜੀਵਨ ਜਾਂ ਤਾਂ ਸਮੱਸਿਆਵਾ ਪੈਦਾ ਕਰਨ ਵਾਲੇ ਵਿਅਕਤੀਆਂ ਨਾਲ ।

ਅੱਜ ਦੀ ਕਵਿਤਾ-ਕਹਾਣੀ ਨੂੰ ਵੀ ਸਮੱਸਿਆ ਦਾ ਰੂਪ ਦਿੱਤਾ ਜਾਣ ਲੱਗ ਪਿਆ ਹੈ। ਜੇ ਕਵਿਤਾ-ਕਹਾਣੀ ਕਦੇ ਕਦੇ ਪੜ੍ਹਨ ਨੂੰ ਮਿਲਦੀ ਹੈ ਤਾਂ ਇਨ੍ਹਾਂ ਦੇ ਬਾਰੇ ਹਰ ਸਾਲ ਕੋਈ ਨਵਾਂ ਨਾਅਰਾ ਸੁਣਨ ਨੂੰ ਵੀ ਮਿਲਦਾ ਹੈ । ਆਨੰਦ ਨਾਰਾਇਣ ਮੁੱਲਾਂ ਦੀਆਂ ਕੁਝ ਸੱਤਰਾਂ ਯਾਦ ਆਉਂਦੀਆਂ ਹਨ :

> "ਦੁਨੀਆ ਕੇ ਵਹੀ ਕਿੱਸੇ ਹੈਂ ਮਗਰ ਉਨਵਾਨ ਬਦਲਤੇ ਜਾਤੇ ਹੈਂ,
> ਫ਼ਿਤਰਤ ਕਾਇਮ ਹੈ ਆਪਣੀ ਜਗਾਹ ਇਨਸਾਨ ਬਦਲਤੇ ਜਾਤੇ ਹੈਂ ।
> ਫ਼ਿਤਰਤ ਕੇ ਤਕਾਜ਼ੇ ਪਰ ਪਹਿਰੇ ਹੈਂ ਆਜ ਭੀ ਰਸਮੋਈਮਾਂ ਕੇ,
> ਕੈਦੀ ਕੇ ਫ਼ਕਤ ਬਹਿਲਾਨੇ ਕੋ ਦਰਬਾਨ ਬਦਲਤੇ ਜਾਤੇ ਹੈਂ ।"

ਇਸ ਤਰ੍ਹਾਂ ਇਹ ਨਾਅਰੇ ਨਵੇਂ ਉਨਵਾਨ ਅਤੇ ਨਵੇਂ ਦਰਬਾਨ ਹਨ ਜਿਹੜੇ ਕੇਵਲ ਜੀ ਲਾਉਣ ਦੇ ਹੀ ਕੰਮ ਆ ਸਕਦੇ ਹਨ । ਕਵਿਤਾ-ਕਹਾਣੀ ਦੀਆਂ ਸਮੱਸਿਆਵਾਂ ਇੰਨੀਆਂ ਉਲਝਦੀਆਂ ਜਾਂਦੀਆਂ ਹਨ ਕਿ ਇਨ੍ਹਾਂ ਦਾ ਸੁਲਝਣਾ ਮੁਸ਼ਕਿਲ ਹੋ ਰਿਹਾ ਹੈ। ਅੱਜ ਦੀਆਂ ਬਹੁਤੀਆਂ ਕਹਾਣੀਆਂ ਕਦੇ ਤਾਂ ਨਿਬੰਧਾਤਮਕ ਕਥਾ ਦਾ ਭੁਲੇਖਾ ਪਾਉਂਦੀਆਂ ਹਨ ਤੇ ਕਦੇ ਕਥਾਤਮਕ ਨਿਬੰਧ ਦਾ । ਮੈਨੂੰ ਇਹ ਵੀ ਡਰ ਹੈ ਕਿ ਕਦੇ ਇਸ ਤਰ੍ਹਾਂ ਦਾ ਲੇਖ, ਜਿਸ ਨੂੰ ਮੈਂ ਨਿਬੰਧ ਵੀ ਨਹੀਂ ਸਮਝਦਾ, ਕਹਾਣੀ ਨਾ ਬਣ ਜਾਵੇ । ਜੇ ਇਹ ਭੁੱਲ ਕੇ ਕਹਾਣੀ ਦੇ ਵਰਗ ਵਿਚ ਆ ਗਿਆ ਤਾਂ ਕਹਾਣੀ ਦੀ ਸਮੱਸਿਆ ਉਸੇ ਤਰ੍ਹਾਂ ਉਲਝ ਜਾਏਗੀ ਜਿਸ ਤਰ੍ਹਾਂ ਅੱਜ ਦੀਆਂ ਬਹੁਤੀਆਂ ਨਜ਼ਮਾਂ ਭਾਸ਼ਣ ਹੋ ਕੇ ਵੀ ਕਵਿਤਾ ਦੇ ਅਨੇਕਾਂ ਨਾਂ ਅਤੇ ਰੂਪ ਧਾਰਣ ਕਰ ਰਹੀਆਂ ਹਨ । ਇਸ ਤਰ੍ਹਾਂ ਅੱਜ ਹਰ ਚੀਜ਼, ਹਰ ਗੱਲ, ਹਰ ਰਚਨਾ ਇਕ ਸਮੱਸਿਆ ਬਣ ਕੇ ਮੇਰੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਘੇਰ ਰਹੀ ਹੈ ।

******

# ਆਵਾਜ਼ਾਂ ਦੇ ਘੇਰੇ ਵਿਚ

ਆਵਾਜ਼ਾਂ ਨਾਲ ਬੁਰੀ ਤਰ੍ਹਾਂ ਘਿਰ ਗਿਆ ਹਾਂ । ਇਹ ਘੇਰਾ ਮਹਾਂਭਾਰਤ ਦੇ ਚੱਕਰ-ਵਿਊਹ ਨਾਲੋਂ ਵੀ ਵੱਧ ਵਿੰਗਾ-ਟੇਢਾ ਹੈ, ਇਸ ਤੋਂ ਕਿਵੇਂ ਛੁਟਕਾਰਾ ਪਾ ਸਕਦਾ ਹਾਂ । ਗ਼ਮ ਤੋਂ ਨਿਜਾਤ ਪਾਉਣ ਦੀ ਗੱਲ ਤਾਂ ਗ਼ਾਲਬ ਨੇ ਕੀਤੀ ਹੈ ਪਰ ਇਸ ਘੇਰੇ ਤੋਂ ਛੁਟਕਾਰਾ ਪਾਉਣ ਦੀ ਗੱਲ ਕਿਤੇ ਨਹੀਂ ਲਿਖੀ ਗਈ । ਸੁਣਿਆ ਹੈ ਮਰਨ ਤੋਂ ਬਾਅਦ ਵੀ ਆਵਾਜ਼ਾਂ ਆਉਂਦੀਆਂ ਰਹਿੰਦੀਆਂ ਹਨ । ਮੇਰੀ ਜਾਨ ਅਨੇਕਾਂ ਕਿਸਮ ਦੀਆਂ ਆਵਾਜ਼ਾਂ ਦੀ ਸ਼ਿਕਾਰ ਹੈ । ਇਨ੍ਹਾਂ ਨੂੰ ਸਹਿਣ ਤੋਂ ਸਿਵਾ ਹੋਰ ਚਾਰਾ ਹੀ ਕੋਈ ਨਹੀਂ, ਕਿਉਂਕਿ ਇਨ੍ਹਾਂ ਦਾ ਟਾਕਰਾ ਕਰਨ ਲਈ ਮੇਰੇ ਕੋਲ ਤਾਕਤ ਹੀ ਨਹੀਂ ਹੈ। ਜੇ ਸਹਿਣ ਦੇ ਨਾਲ ਨਾਲ ਮੇਰੇ ਕੋਲ ਟਕਰਾਉਣ ਦੀ ਵੀ ਤਾਕਤ ਹੁੰਦੀ ਤਾਂ ਲੇਖ ਲਿਖਣ ਦੀ ਥਾਂ ਸ਼ਾਇਦ ਮੈਂ ਨਵੀਂ ਕਵਿਤਾ ਲਿਖ ਦਿੰਦਾ ਜਾਂ ਨਵੀਂ ਕਹਾਣੀ ਹੀ ਲਿਖ ਦਿੰਦਾ । ਸਵੇਰ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਹਰ ਤਰ੍ਹਾਂ ਦੀਆਂ ਆਵਾਜ਼ਾਂ ਸੁਣਨੀਆਂ ਪੈਂਦੀਆਂ ਹਨ । ਸੌਣ ਤੱਕ ਇਸ ਲਈ ਕਿ ਮੇਰੇ ਭਾਗ ਵਿਚ ਅਜੇ ਨੀਂਦ ਹੈ ਤੇ ਮੈਂ ਸੌਂਦਾ ਵੀ ਘੋੜੇ ਵੇਚ ਕੇ ਹਾਂ । ਜੇ ਮੇਰੇ ਭਾਗ ਮਾੜੇ ਹੁੰਦੇ ਤਾਂ ਦਿਨ-ਰਾਤ ਆਵਾਜ਼ਾਂ ਨੂੰ ਸੁਣਦੇ ਸੁਣਦੇ ਸ਼ਾਇਦ ਮੈਂ ਪਾਗਲ ਹੋ ਗਿਆ ਹੁੰਦਾ । ਇਨ੍ਹਾਂ ਆਵਾਜ਼ਾਂ ਦੀ ਜੇ ਗਿਣਤੀ ਕਰਨ ਲਗਾ ਤਾਂ ਇਨ੍ਹਾਂ ਦੇ ਬਾਰੇ ਕੁਝ ਵੀ ਕਹਿਣਾ ਔਖਾ ਹੋ ਜਾਵੇ ।

ਸਵੇਰੇ ਉਠਦੇ ਹੀ ਪਹਿਲਾਂ ਅਖ਼ਬਾਰ ਦੀ ਆਵਾਜ਼ ਸੁਣਨ ਨੂੰ ਮਿਲਦੀ ਹੈ । ਜੇ ਇਕ ਅਖਬਾਰ ਦੀ ਛੁੱਟੀ ਹੈ ਉਸ ਨੇ ਮੌਨ ਰੱਖਿਆ ਹੋਇਆ ਹੈ ਤਾਂ ਕਿਸੇ ਹੋਰ ਅਖ਼ਬਾਰ ਦੀ ਆਵਾਜ਼ ਸਵੇਰੇ ਸਵੇਰੇ ਬੂਹਾ ਖੜਕਾਉਂਦੀ ਹੈ । ਇਹ ਜਾਣਦਾ ਹਾਂ ਕਿ ਜੇ ਕੁਝ ਦਿਨ ਇਸ ਨੂੰ ਅਣਸੁਣਿਆ ਕਰ ਦਿਆ ਤਾਂ ਜ਼ਿੰਦਗੀ ਵਿਚ ਬਹੁਤਾ ਫ਼ਰਕ ਨਹੀਂ ਪੈਣ ਲੱਗਾ । ਇਕ ਵਾਰ ਦਸ ਦਿਨਾਂ ਲਈ ਜਦੋਂ ਮੈਂ ਬਾਹਰ ਗਿਆ ਹੋਇਆ ਸੀ, ਪੜ੍ਹਨ ਨੂੰ ਅਖ਼ਬਾਰ ਨਹੀਂ ਸੀ ਮਿਲਿਆ। ਜਦੋਂ ਘਰ ਪਰਤਿਆ ਤਾਂ ਇਨ੍ਹਾਂ ਦੇ ਅੰਬਾਰ ਨੂੰ ਬਿਨਾਂ ਉਲਟ-ਪੁਲਟ ਕੀਤੇ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤਾ ਅਤੇ ਮਹਿਸੂਸ ਕੀਤਾ ਕਿ ਦੁਨੀਆ ਉਸੇ ਤਰ੍ਹਾਂ ਬੇਢੰਗੀ ਚਾਲ ਨਾਲ ਟੁਰ ਰਹੀ ਹੈ । ਇਕ ਨੇ ਕਿਸੇ ਦੇ ਮਰਨ ਦੀ ਖ਼ਬਰ ਸੁਣਾਈ ਤਾਂ ਮੈਂ ਅਫ਼ਸੋਸ ਕਰ ਦਿਤਾ, ਦੂਜੇ ਨੇ ਜਹਾਜ਼ ਦੇ ਡਿੱਗਣ ਦੀ ਗੱਲ ਦੱਸੀ ਤਾਂ ਮੈਂ ਥੋੜ੍ਹਾ ਜਿੰਨਾ ਮੂੰਹ ਲਟਕਾ ਦਿਤਾ, ਤੀਜੇ ਨੇ ਰੇਲ ਗੱਡੀ ਦੀ ਦੁਰਘਟਨਾ ਦੀ ਖ਼ਬਰ ਸੁਣਾਈ ਤਾਂ ਇਸ ਬਾਰੇ ਆਪਣੇ ਵਲੋਂ ਕੇਵਲ ਇੰਨਾ ਕਹਿ ਦਿਤਾ ਕਿ ਰੇਲ ਮੰਤਰੀ ਅਸਤੀਫ਼ਾ ਦੇਣ ਵਾਲਾ ਨਹੀਂ ਹੈ, ਤਾਂ ਜੋ ਮੇਰੇ ਮਿੱਤਰ ਨੂੰ ਇਹ

ਸ਼ੱਕ ਨ ਹੋਵੇ ਕਿ ਮੈਂ ਅਖ਼ਬਾਰ ਨਹੀਂ ਪੜ੍ਹਿਆ । ਪਰ ਕਾਠ ਦੀ ਹਾਂਡੀ ਵਾਰ ਵਾਰ ਨਹੀਂ ਚੜ੍ਹਦੀ। ਇਹ ਆਵਾਜ਼ ਹਰ ਰੋਜ਼ ਸਵੇਰੇ ਸਵੇਰੇ ਸੁਣਨੀ ਹੀ ਪੈਂਦੀ ਹੈ । ਇਸ ਨੂੰ ਸੁਣਨ ਦਾ ਇੰਨਾ ਆਦੀ ਹੋ ਗਿਆ ਹਾਂ ਕਿ ਇਸ ਤੋਂ ਬਿਨਾਂ ਦਿਨ ਖ਼ਾਲੀ ਖ਼ਾਲੀ ਅਤੇ ਜ਼ਿੰਦਗੀ ਸੁੰਨੀ ਸੁੰਨੀ ਉਸ ਘਰ ਵਾਂਗ ਲੱਗਦੀ ਹੈ ਜਿੱਥੇ ਸੰਤਾਨ ਵੱਡੀ ਹੋ ਕੇ ਆਪਣੇ ਆਪਣੇ ਘਰ ਚੱਲੀ ਜਾਂਦੀ ਹੈ। ਇਹ ਜਾਣਦਾ ਹਾਂ ਕਿ ਹਰ ਰੋਜ਼ ਇਸ ਆਵਾਜ਼ ਵਿਚ ਥੋੜ੍ਹੇ ਹੇਰ ਫੇਰ ਤੋਂ ਬਾਅਦ ਇਹੀ ਕੁਝ ਸੁਣਨ ਨੂੰ ਮਿਲਦਾ ਹੈ ਕਿ ਜਹਾਜ਼ ਕਿੱਥੇ ਡਿੱਗਿਆ ਹੈ, ਗੋਲੀ ਕਿੱਥੇ ਚੱਲੀ ਹੈ, ਕੌਣ ਕਿਸ ਦੀ ਵਹੁਟੀ ਨੂੰ ਲੈ ਉੜਿਆ ਹੈ, ਕਿਸ ਮਹਾਪੁਰਸ਼ ਦਾ ਹਾਰਟ ਫੇਲ੍ਹ ਹੋ ਗਿਆ ਹੈ, ਕਿਸ ਨੇ ਕਿਹੜੀ ਗੱਲ ਲਈ ਭੁੱਖ ਹੜਤਾਲ ਕੀਤੀ ਹੋਈ ਹੈ, ਕਿੰਨਾ ਸੋਨਾ ਕਿੱਥੇ ਪਕੜਿਆ ਗਿਆ ਹੈ । ਪਰ ਅਖ਼ਬਾਰ ਵਿਚ ਇਹ ਆਵਾਜ਼ ਕਦੇ ਸੁਣਨ ਨੂੰ ਨਹੀਂ ਮਿਲਦੀ ਕਿ ਕਿੰਨੀਆਂ ਵਹੁਟੀਆਂ ਆਰਾਮ ਨਾਲ ਘਰ ਵਿਚ ਬੋਰ ਹੋ ਰਹੀਆਂ ਹਨ, ਕਿੰਨੇ ਮਾਮੂਲੀ ਆਦਮੀ ਕਾਲ-ਚਲਾਣਾ ਕਰ ਗਏ ਹਨ, ਭੁੱਖ ਹੜਤਾਲੀਆਂ ਨੂੰ ਕਿੰਨਾ ਗੁਲੂਕੋਸ ਦਿਤਾ ਜਾਂਦਾ ਹੈ ਅਤੇ ਗੋਲੀਆਂ ਚੱਲਣ ਤੇ ਵੀ ਸ਼ਾਂਤੀ ਵਿਚ ਵਿਸ਼ਵਾਸ ਕਿੰਨਾ ਡੂੰਘਾ ਹੈ। ਇਸ ਤੋਂ ਇਲਾਵਾ ਮੈਨੂੰ ਇਹ ਵੀ ਜਾਣਨਾ ਪੈਂਦਾ ਹੈ ਕਿ ਖੇਡਾਂ ਵਿਚ ਕੌਣ ਹਾਰਿਆ ਕੌਣ ਜਿੱਤਿਆ । ਜੇ ਇਹ ਨਾ ਪਤਾ ਹੋਵੇ ਤਾਂ ਮੇਰਾ ਖਿਡਾਰੀ ਦੋਸਤ ਮੇਰੇ ਨਾਲ ਨਾਰਾਜ਼ ਹੋ ਜਾਂਦਾ ਹੈ । ਉਹ ਕੇਵਲ ਇੱਕ ਵਿਸ਼ੇ ਤੇ ਹੀ ਮੇਰੇ ਨਾਲ ਗੱਲਬਾਤ ਕਰ ਸਕਦਾ ਹੈ । ਬਰਸਾਤ ਵਿਚ ਸਭ ਤੋਂ ਪਹਿਲਾਂ ਮਾਨਸੂਨ ਦੀ ਤਸਵੀਰ ਅਖ਼ਬਾਰ ਵਿਚ ਵੇਖਦਾ ਹਾਂ, ਤਾਪਮਾਨ ਦੀ ਸੂਚੀ ਤੇ ਵੀ ਨਜ਼ਰ ਮਾਰ ਲੈਂਦਾ ਹਾਂ । ਜੇ ਤਾਪਮਾਨ ਬਹੁਤਾ ਹੋਵੇ ਤਾਂ ਮੈਨੂੰ ਗਰਮੀ ਲੱਗਣ ਲੱਗ ਪੈਂਦੀ ਹੈ, ਅਤੇ ਜੇ ਤਾਪਮਾਨ ਘੱਟ ਗਿਆ ਹੋਵੇ ਤਾਂ ਮੈਂ ਕਮੀਜ਼ ਪਾ ਲੈਂਦਾ ਹਾਂ । ਇਸ ਤਰ੍ਹਾਂ ਅਖ਼ਬਾਰ ਦੀ ਆਵਾਜ਼ ਨਾਲ ਇੰਨਾ ਘਿਰਿਆ ਰਹਿੰਦਾ ਹਾਂ ਕਿ ਆਪਣੀ ਜਾਂ ਅੰਦਰਲੀ ਆਵਾਜ਼ ਦੇ ਸੁਣਨ ਦਾ ਮੌਕਾ ਹੀ ਨਹੀਂ ਮਿਲਦਾ ।

ਇਸ ਆਵਾਜ਼ ਦੇ ਨਾਲ ਜਦੋਂ ਰੇਡੀਓ ਦੀ ਆਵਾਜ਼ ਆ ਰਲਦੀ ਹੈ ਤਾਂ ਬਸ ਰੌਲਾ ਹੀ ਬਣ ਜਾਂਦਾ ਹੈ । ਇਹ ਰੌਲਾ ਮੈਨੂੰ ਸਾਰੇ ਪਾਸਿਉਂ ਘੇਰ ਲੈਂਦਾ ਹੈ । ਇਸ ਤੋਂ ਜਾਨ ਛੁਡਾਉਣੀ ਔਖੀ ਹੈ। ਮੇਰੀ ਗਵਾਂਢਣ ਰੇਡੀਓ ਲਗਾਏ ਬਿਨਾਂ ਦਾਲ ਨਹੀਂ ਚੁਗ ਸਕਦੀ । ਲੂਣ ਦਾ ਅੰਦਾਜ਼ਾ ਨਹੀਂ ਲਾ ਸਕਦੀ, ਰੋਟੀ ਗੋਲ ਨਹੀਂ ਵੇਲ ਸਕਦੀ । ਜੇ ਕਿਸੇ ਦਿਨ ਉਸ ਦਾ ਰੇਡੀਓ ਵਿਗੜ ਜਾਏ ਜਾਂ ਅਚਾਨਕ ਬਿਜਲੀ ਬੰਦ ਹੋ ਜਾਏ ਤਾਂ ਉਸ ਦਾ ਮੀਆਂ ਰੋਟੀ ਖਾਣ ਮੇਰੇ ਘਰ ਆ ਟਪਕਦਾ ਹੈ। ਮੇਰਾ ਨਾਈ ਹੈ ਜਿਹੜਾ ਰੇਡੀਓ ਤੋਂ ਬਿਨਾਂ ਵਾਲ ਨਹੀਂ ਕੱਟ ਸਕਦਾ ਅਤੇ ਪਨਵਾੜੀ ਦੇ ਨਖ਼ਰਿਆਂ ਦੀ ਤਾਂ ਗੱਲ ਹੀ ਆਪਣੀ ਹੈ। ਉਹ ਰੇਡੀਓ ਤੋਂ ਬਿਨਾਂ ਪਾਨ ਵਿਚ ਇੰਨਾ ਚੂਨਾ ਚੋਪੜ ਦਿੰਦਾ ਹੈ ਕਿ ਦੋ ਦਿਨ ਚੂਨੇ ਦਾ ਅਸਰ ਜੀਭ ਤੋਂ ਹੀ ਨਹੀਂ ਜਾਂਦਾ । ਸਕੂਲ ਦੀਆਂ ਕੁੜੀਆਂ ਹਨ ਕਿ ਰੇਡੀਓ ਤੋਂ ਬਿਨਾਂ ਹਿਸਾਬ ਦੇ ਸੁਆਲ ਨਹੀਂ ਕੱਢ ਸਕਦੀਆਂ,

ਕਾਲਜ ਦੀਆਂ ਕੁੜੀਆਂ ਹਨ ਕਿ ਰੇਡੀਓ ਤੋਂ ਬਿਨਾਂ ਸਵੈਟਰ ਦੇ ਘੁਰੇ ਭੁੱਲ ਜਾਂਦੀਆਂ ਹਨ । ਇਕ ਬੁੱਢਾ ਹੈ ਜਿਹੜਾ ਵਾਰ ਵਾਰ ਬਸ ਉਨ੍ਹਾਂ ਖਬਰਾਂ ਨੂੰ ਹੀ ਸੁਣਦਾ ਰਹਿੰਦਾ ਹੈ । ਸਿਰਫ਼ ਬੁੱਢੀ ਨੂੰ ਰੇਡੀਓ ਆਵਾਜ਼ ਨਾਲ ਇਸ ਕਰਕੇ ਚਿੜ੍ਹ ਹੈ ਕਿ ਇਸ ਕਰਕੇ ਬਿਜਲੀ ਦਾ ਬਿਲ ਵੱਧ ਜਾਂਦਾ ਹੈ। ਇਸ ਲਈ ਘਰ ਇਸ ਦੀ ਆਵਾਜ਼ ਗੂੰਜਦੀ ਹੈ, ਬਾਜ਼ਾਰ ਵਿਚ ਵੀ ਇਸ ਤੋਂ ਛੁਟਕਾਰਾ ਨਹੀਂ । ਇਸ ਤੋਂ ਤੰਗ ਆ ਕੇ ਕਦੇ ਕਦੇ ਝੀਲ ਦੀ ਸੈਰ ਲਈ ਨਿਕਲ ਟੁਰਦਾ ਹਾਂ ਪਰ ਉੱਥੇ ਵੀ ਮੁੰਡੇ ਕੁੜੀਆਂ ਹੱਥਾਂ ਵਿਚ ਟਰਾਂਜਿਸਟਰ ਲਈ ਫਿਰਦੇ ਹੁੰਦੇ ਹਨ । ਇਸ ਲਈ ਸ਼ਹਿਰ ਵਿਚ ਰਹਿ ਕੇ ਆਵਾਜ਼ਾਂ ਤੋਂ ਕਿਵੇਂ ਛੁਟਕਾਰਾ ਮਿਲ ਸਕਦਾ ਹੈ ।

ਜੋ ਰੇਡੀਓ ਦੀ ਲਗਾਤਾਰ ਆਵਾਜ਼ ਨੂੰ ਅਣਸੁਣੀ ਕਰ ਦਿੰਦਾ ਹਾਂ ਤਾਂ ਸੜਕਾਂ ਜਲੂਸਾਂ ਦੇ ਨਾਅਰਿਆਂ ਨਾਲ ਗੂੰਜਣ ਲੱਗ ਜਾਂਦੀਆਂ ਹਨ ਤੇ ਗਲੀਆਂ ਫੇਰੀ ਵਾਲਿਆਂ ਦੇ ਹੋਕਿਆਂ ਨਾਲ । ਪੁਰਾਣੀ ਅਖ਼ਬਾਰ ਲੈਣ ਵਾਲਾ, ਫਲ ਵੇਚਣ ਵਾਲਾ, ਜੁੱਤੀ ਗੰਢਣ ਵਾਲਾ ਮੰਜੀ ਬੁਣਨ ਵਾਲਾ, ਕੁਲਫੀ ਵੇਚਣ ਵਾਲਾ ਆਪਣਾ ਆਪਣਾ ਹੋਕਾ ਦਿੰਦਾ ਹੈ ਜਿਸ ਨੂੰ ਸ਼ਬਦਾਂ ਤੋਂ ਨਹੀਂ ਬਸ ਉਸ ਦੇ ਲਹਿਜੇ ਤੋਂ ਪਛਾਨਣਾ ਹੁੰਦਾ ਹੈ । ਕਦੇ ਕਦੇ ਤਾਂ ਆਵਾਜ਼ ਠੀਕ ਦਰਵਾਜ਼ੇ ਉੱਤੇ ਹੀ ਲੱਗਣੀ ਸ਼ੁਰੂ ਹੋ ਜਾਂਦੀ ਹੈ । ਫਲਾਂ ਵਾਲਾ ਆਪਣੀ ਪੁਰਾਣੀ ਆਦਤ ਤੋਂ ਮਜ਼ਬੂਰ ਹੋ ਕੇ ਇਸ ਮਹਿੰਗੇ ਜ਼ਮਾਨੇ ਵਿਚ ਵੀ ਮੈਨੂੰ ਅਮੀਰ ਸਮਝਦਾ ਹੈ । ਉਸ ਦਾ ਮੂੰਹ ਤੇ ਆਪਣਾ ਨੱਕ ਰੱਖਣ ਲਈ ਕਦੇ ਕਦੇ ਫਲ ਲੈਣੇ ਹੀ ਪੈਂਦੇ ਹਨ । ਇਨ੍ਹਾਂ ਨੂੰ ਖਾਂਦਾ ਘੱਟ ਹਾਂ ਸੰਭਾਲ ਕੇ ਬਹੁਤਾ ਰੱਖਦਾ ਹਾਂ ਤਾਂ ਜੋ ਜੇ ਉਹ ਫਿਰ ਆਵੇ ਤਾਂ ਕਹਿ ਸਕਾਂ ਕਿ ਅਜੇ ਮੇਰੇ ਕੋਲ ਪਏ ਹਨ। ਇਨ੍ਹਾਂ ਫੇਰੀ ਵਾਲਿਆਂ ਨੂੰ ਸਸਤਾਈ ਦਾ ਜ਼ਮਾਨਾ ਭੁਲਦਾ ਹੀ ਨਹੀਂ ਅਤੇ ਇਨ੍ਹਾਂ ਦੀਆਂ ਆਵਾਜ਼ਾਂ ਘੱਟਣ ਦੀ ਥਾਂ ਵਧਦੀਆਂ ਹੀ ਜਾਂਦੀਆਂ ਹਨ । ਜੇ ਕਦੇ ਘੜੀ ਪਲ ਲਈ ਇਨ੍ਹਾਂ ਤੋਂ ਛੁੱਟੀ ਮਿਲ ਵੀ ਜਾਵੇ ਤਾਂ ਕੋਈ ਨਾ ਕੋਈ ਮਿਲਣ ਵਾਲਾ ਆ ਟਪਕਦਾ ਹੈ ਅਤੇ ਆਵਾਜ਼ ਦੇ ਕੇ ਇਸ ਚੈਨ ਨੂੰ ਭੰਗ ਕਰ ਦਿੰਦਾ ਹੈ । ਅਤਿੱਥੀ ਦਾ ਕੰਮ ਤਾਂ ਭਾਰਤੀ ਸੰਸਕ੍ਰਿਤੀ ਦੇ ਅਨੁਸਾਰ ਬਿਨਾਂ ਤਿਥੀ ਅਤੇ ਬਿਨਾਂ ਬਿਸਤਰ ਦੇ ਆਉਂਦਾ ਹੁੰਦਾ ਹੈ । ਇਸ ਦੇ ਸੁਆਗਤ-ਸਤਿਕਾਰ ਤੋਂ ਪੁੰਨ ਜੁ ਕਮਾਉਣਾ ਹੁੰਦਾ ਹੈ। ਉਸ ਦੀ ਕੱਲੀ ਆਵਾਜ਼ ਸਾਰੀਆਂ ਆਵਾਜ਼ਾਂ ਨੂੰ ਠੱਪ ਕਰ ਦਿੰਦੀ ਹੈ । ਇਸ ਤਰ੍ਹਾਂ ਸ਼ਹਿਰ ਵਿਚ ਆ ਕੇ ਇੰਨੀਆਂ ਆਵਾਜ਼ਾਂ ਸੁਣਨੀਆਂ ਪੈਂਦੀਆਂ ਹਨ ਕਿ ਇਨ੍ਹਾਂ ਵਿਚ ਆਪਣੀ ਆਵਾਜ਼ ਹਨ੍ਹੇਰੇ ਵਿਚ ਸੂਈ ਵਾਂਗ ਗਵਾਚ ਜਾਂਦੀ ਹੈ, ਕਿੱਤੇ ਲੁਕੀ ਰਹਿ ਜਾਂਦੀ ਹੈ । ਇਸ ਆਵਾਜ਼ ਨੂੰ ਸੁਣਨ ਲਈ ਸ਼ਾਂਤ ਵਾਤਾਵਰਣ ਸ਼ਹਿਰ ਵਿਚ ਕਿਵੇਂ ਮਿਲ ਸਕਦਾ ਹੈ, ਜਿੱਥੇ ਇੰਨੀ ਭੀੜ ਤੇ ਇੰਨਾ ਸ਼ੋਰ-ਸ਼ਰਾਬਾ ਹੈ । ਕਿਤੇ ਕਿਸੇ ਦੇ ਵਿਆਹ ਦਾ ਵਾਜਾ ਵੱਜ ਰਿਹਾ ਹੈ ਤੇ ਕਿਤੇ ਕਿਸੇ ਦੀ ਆਉ-ਭਗਤ ਦਾ, ਕਿਤੇ ਰਾਗ ਹੈ ਤੇ ਕਿਤੇ ਰੰਗ, ਕਿਤੇ ਜਲਸਾ ਹੈ ਤੇ ਕਿਤੇ ਜਲੂਸ । ਇਨ੍ਹਾਂ ਸਾਰਿਆਂ ਦੀਆਂ ਆਵਾਜ਼ਾਂ ਦੇ ਘੇਰੇ ਵਿਚ ਬੁਰੀ ਤਰ੍ਹਾਂ ਫਸ ਗਿਆ ਹਾਂ । ਇਸ ਵਿੱਚੋਂ ਜਿੰਨਾ ਨਿਕਲਣ ਦੀ ਕੋਸ਼ਿਸ਼ ਕਰਦਾ ਹਾਂ, ਉਨ੍ਹਾਂ ਹੀ ਵੱਧ

ਫਸਦਾ ਜਾ ਰਿਹਾ ਹਾਂ । ਕਾਫ਼ੀ ਦੇਰ ਤੱਕ ਮੈਂ ਘਰ ਟੈਲੀਫੋਨ ਲਗਾਉਣ ਤੋਂ ਕਤਰਾਉਂਦਾ ਰਿਹਾ ਹਾਂ । ਇਸ ਦੀ ਆਵਾਜ਼ ਤੋਂ ਮੈਨੂੰ ਉਨਾ ਹੀ ਡਰ ਲਗਦਾ ਹੈ ਜਿੰਨਾ ਤਾਰ ਦੀ ਆਵਾਜ਼ ਤੋਂ । ਪੁਰਾਣੀ ਕਹਾਵਤ ਦੇ ਅਨੁਸਾਰ ਬੱਕਰੇ ਦੀ ਮਾਂ ਕਦੋਂ ਤੱਕ ਖੈਰ ਮਨਾ ਸਕਦੀ ਹੈ । ਹਰ ਅੱਧੇ ਘੰਟੇ ਬਾਅਦ ਟਨ ਟਨ ਦੀ ਆਵਾਜ਼ ਦੁੱਖੀ ਕਰ ਦਿੰਦੀ ਹੈ, ਇਸ ਆਵਾਜ਼ ਵਿਚ ਹੁੰਦਾ ਵੀ ਕੀ ਹੈ । ਕਿਸੇ ਦੀ ਮੱਝ ਨੇ ਅੱਜ ਕਿੰਨਾ ਦੁੱਧ ਦਿਤਾ ਹੈ, ਕਿਸ ਨੇ ਕਿਸ ਨੂੰ ਅੱਜ ਤਾਸ਼ ਦੀ ਖੇਡ ਵਿਚ ਹਰਾ ਦਿੱਤਾ, ਕਿਸ ਦੇ ਘਰ ਅੱਜ ਕਿਸ ਦਾ ਖਾਣਾ ਹੈ, ਅੱਜ ਸ਼ਾਮ ਨੂੰ ਕਿੱਥੇ ਜਾਣਾ ਹੈ । ਇਸ ਤਰ੍ਹਾਂ ਦੀਆਂ ਆਵਾਜ਼ਾਂ ਹੀ ਫੋਨ ਵਿੱਚੋਂ ਨਿਕਲਦੀਆਂ ਹਨ ।

ਇਨ੍ਹਾਂ ਆਵਾਜ਼ਾਂ ਵਿਚ ਘਿਰ ਕੇ ਮੈਨੂੰ ਲੱਗਦਾ ਹੈ ਕਿ ਸ਼ਹਿਰ ਵਿਚ ਆਉਣਾ ਬੜੀ ਗ਼ਲਤੀ ਸੀ । ਆਪਣੇ ਪਿੰਡ ਵਿਚ ਕਿੰਨੀ ਸ਼ਾਂਤੀ ਸੀ । ਕਦੇ ਕਦਾਈ ਕੁੱਤਾ ਭੌਂਕ ਲੈਂਦਾ ਸੀ, ਗਵਾਂਢ ਵਿਚ ਖੋਤਾ ਹਿਣਕ ਲੈਂਦਾ ਸੀ, ਸਵੇਰ ਵੇਲੇ ਕੁੱਕੜ ਬਾਂਗ ਦੇ ਲੈਂਦਾ ਸੀ । ਮੈਂ ਪਿੰਡ ਵਿੱਚੋਂ ਇਸ ਲਈ ਭੱਜ ਟੁਰਿਆ ਸਾਂ ਕਿ ਉੱਥੇ ਮੁਰਦਘਾਟ ਵਰਗੀ ਚੁੱਪ ਸੀ । ਉੱਥੇ ਆਵਾਜ਼ਾਂ ਸੁਣਨ ਲਈ ਤਰਸਦਾ ਸੀ ਅਤੇ ਇੱਥੇ ਆਵਾਜ਼ਾਂ ਦੇ ਭਾਰ ਹੇਠਾਂ ਇੰਨਾ ਦਬ ਗਿਆ ਹਾਂ ਕਿ ਕਿਤਾਬਾਂ ਦੀ ਫਰ ਫਰ ਵੀ ਸੁਣਨ ਨੂੰ ਨਹੀਂ ਮਿਲਦੀ, ਆਪਣੀ ਆਵਾਜ਼ ਨੂੰ ਸੁਣਨ ਦੀ ਤਾਂ ਗੱਲ ਹੀ ਬਹੁਤ ਦੂਰ ਹੈ । ਇਸੇ ਲਈ ਸ਼ਾਇਦ ਰਿਸ਼ੀ ਮੁਨੀ ਜੰਗਲਾਂ ਅਤੇ ਗੁਫ਼ਾਵਾਂ ਵਿਚ ਰਹਿੰਦੇ ਸਨ । ਉਹ ਕੇਵਲ ਆਪਣੀ ਆਵਾਜ਼ ਸੁਣਦੇ ਸਨ, ਅਸੀਂ ਕੇਵਲ ਹੋਰਨਾਂ ਦੀਆਂ ਆਵਾਜਾਂ ਸੁਣਨ ਦੇ ਆਦੀ ਹੋ ਚੁੱਕੇ ਹਾਂ । ਹੁਣ, ਗੁਫਾ ਕੀ, ਪਿੰਡ ਵਿਚ ਵੀ ਜੀਅ ਨਹੀਂ ਲਗਦਾ । ਹੁਣ ਪਰਤਿਆ ਕਿਵੇਂ ਜਾ ਸਕਦਾ ਹੈ । ਅੱਗੇ ਜਾਣਾ ਵੀ ਕਿੱਥੇ ਹੈ, ਇਹ ਮੇਰੀ ਸਮਝ ਤੋਂ ਬਾਹਰ ਹੈ । ਹੁਣ ਤਾਂ ਇਨ੍ਹਾਂ ਆਵਾਜ਼ਾਂ ਨੂੰ ਸੁਣਨਾ ਹੀ ਮੇਰਾ ਭਾਗ ਹੈ, ਇਹ ਵਰਦਾਨ ਹੈ ਜਾਂ ਸ਼ਰਾਪ-ਇਸ ਦੇ ਬਾਰੇ ਵਿਚ ਕੀ ਕਹਿ ਸਕਦਾ ਹਾਂ । ਆਦਤ ਪੈ ਜਾਣ ਤੇ ਸ਼ਾਇਦ ਸ਼ਰਾਪ ਵੀ ਵਰਦਾਨ ਬਣ ਜਾਂਦੇ ਹਨ ।

********

# ਮਸ਼ੀਨਾਂ ਦੇ ਘਿਰਾਓ ਵਿਚ

ਇਹ ਘੇਰਿਆਂ ਤੇ ਘਿਰਾਵਾਂ ਦੇ ਦਿਨ ਹਨ । ਮਨੁੱਖ ਦੀ ਮੰਜ਼ਿਲ ਹੀ ਸ਼ਾਇਦ ਜੀਵਨ ਵਿਚ ਘਿਰ ਕੇ ਅੰਤ ਨੂੰ ਪ੍ਰਾਪਤ ਹੋਣ ਦੀ ਹੈ । ਪਹਿਲਾਂ ਉਹ ਸੰਤਾਨ ਦੇ ਘੇਰੇ ਵਿਚ ਸੀ ਅਤੇ ਅੱਜ ਉਹ ਮਸ਼ੀਨਾਂ ਦੇ ਘਿਰਾਓ ਵਿਚ ਹੈ । ਇਨ੍ਹਾਂ ਵਿਚ ਫਰਕ ਵੀ ਬੜਾ ਹੈ। ਸੰਤਾਨ ਆਪਣੀ ਪੈਦਾਵਾਰ ਹੁੰਦੀ ਹੈ, ਮਸ਼ੀਨਾਂ ਹੋਰਨਾਂ ਦੀ । ਸੰਤਾਨ ਨੂੰ ਪਾਲਣ ਲਈ ਇਨਸਾਨ ਹੋਣਾ ਪੈਂਦਾ ਹੈ ਅਤੇ ਮਸ਼ੀਨਾਂ ਨੂੰ ਪਾਲਣ ਲਈ ਮਸ਼ੀਨ । ਜੇ ਮਸ਼ੀਨ ਠੀਕ ਰਹੇ ਤਾਂ ਸੁੱਖ ਦਿੰਦੀ ਹੈ ਪਰ ਸੰਤਾਨ ਅੱਜ ਦੋਨਾਂ ਹਾਲਤਾਂ ਵਿਚ ਦੁੱਖ ਦਾ ਕਾਰਣ ਬਣ ਸਕਦੀ ਹੈ । ਇਸ ਲਈ ਵੀ ਘੇਰੇ ਅਤੇ ਘਿਰਾਓ ਵਿਚ ਕਾਫ਼ੀ ਫ਼ਰਕ ਹੈ। ਮੈਂ ਸੰਤਾਨ ਦੇ ਘੇਰੇ ਤੋਂ ਤਾਂ ਬਚ ਗਿਆ ਹਾਂ ਪਰ ਮਸ਼ੀਨ ਦੇ ਘਿਰਾਓ ਵਿੱਚ ਫਸ ਗਿਆ ਹਾਂ । ਮੈਨੂੰ ਘਿਰਾਓ ਤੋਂ ਡਰ ਵੀ ਨਹੀਂ ਲੱਗਦਾ । ਮੈਂ ਨਾਂ ਤਾਂ ਕੋਈ ਪਦਮ ਭੂਸ਼ਣ ਵਾਪਸ ਕਰਨਾ ਹੈ ਤੇ ਨਾ ਹੀ ਕਿਸੇ ਗੱਡੀ ਦਾ ਨੰਬਰ ਨਗਰ ਪਾਲਿਕਾ ਵਿੱਚ ਲਿਖਾਉਣਾ ਹੈ । ਮਸ਼ੀਨਾਂ ਦੇ ਘਿਰਾਓ ਤੋਂ ਡਰ ਨਹੀਂ ਲਗਦਾ ਪਰ ਇਨ੍ਹਾਂ ਤੋਂ ਪਰੇਸ਼ਾਨੀ ਜ਼ਰੂਰ ਹੁੰਦੀ ਹੈ । ਹਰ ਰੋਜ਼ ਇਕ ਅੱਧੀ ਮਸ਼ੀਨ ਜ਼ਰੂਰ ਬੀਮਾਰ ਹੋ ਜਾਂਦੀ ਹੈ । ਜੇ ਘੜੀ ਟਿਕ ਟਿਕ ਨਹੀਂ ਕਰਦੀ ਜਾਂ ਕਿਸੇ ਤਾਲ ਤੇ ਲੈ ਨਾਲ ਟਿਕ ਟਿਕ ਨਹੀਂ ਕਰਦੀ ਤਾਂ ਵਕਤ ਦਾ ਧਿਆਨ ਨਹੀਂ ਰਹਿੰਦਾ ! ਬੇਵਕਤੀ ਦੀ ਹਾਲਤ ਵਿਚ ਅਜੇ ਰਹਿਣ ਦੀ ਆਦਤ ਨਹੀਂ ਪਈ । ਘੜੀ ਨੂੰ ਹਸਪਤਾਲ ਲਿਜਾਣਾ ਪੈਂਦਾ ਹੈ । ਜੇ ਘੜੀ ਠੀਕ ਹੋ ਜਾਂਦੀ ਹੈ ਤਾਂ ਪਾਣੀ ਦੀ ਟੂਟੀ ਟੱਪ ਟੱਪ ਕਰਨ ਲੱਗ ਪੈਂਦੀ ਹੈ । ਇਸ ਨੂੰ ਹਸਪਤਾਲ ਨਹੀਂ ਲਿਜਾਇਆ ਜਾ ਸਕਦਾ, ਇਸ ਲਈ ਤਾਂ ਡਾਕਟਰ ਨੂੰ ਹੀ ਘਰ ਬੁਲਾਉਣਾ ਪੈਂਦਾ ਹੈ । ਜੇ ਪਾਣੀ ਦੀ ਟੂਟੀ ਠੀਕ ਹੋ ਜਾਵੇ ਤਾਂ ਪਾਣੀ ਦੀ ਨਾਲੀ ਬੀਮਾਰ ਪੈ ਜਾਂਦੀ ਹੈ । ਇਸ ਲਈ ਜਮਾਂਦਾਰ ਨੂੰ ਘਰ ਬੁਲਾਉਣਾ ਪੈਂਦਾ ਹੈ । ਕਦੇ ਕਦੇ ਟੂਟੀ ਤੇ ਨਾਲੀ ਦੋਵੇਂ ਇਕੱਠੇ ਹੀ ਬੀਮਾਰ ਪੈ ਜਾਂਦੇ ਹਨ, ਹਮਦਰਦੀ ਕਰਕੇ ਜਾਂ ਛੂਤ ਦੇ ਕਾਰਣ, ਇਹ ਕਹਿਣਾ ਮੁਸ਼ਕਿਲ ਹੈ । ਸੁਣਨ ਵਿਚ ਆਇਆ ਹੈ ਕਿ ਇਕ ਆਦਮ ਜਾਤੀ ਵਿਚ ਜਦੋਂ ਪਤਨੀ ਦਰਦ ਨਾਲ ਹਾਏ ਹਾਏ ਕਰਨ ਲੱਗਦੀ ਹੈ ਤਾਂ ਹਮਦਰਦੀ ਵਜੋਂ ਪਤੀ ਵੀ ਮੰਜੀ ’ਤੇ ਪੈ ਕੇ ਹੂੰਗੇ ਮਾਰਨ ਲੱਗ ਜਾਂਦਾ ਹੈ । ਇਨ੍ਹਾਂ ਮਸ਼ੀਨਾਂ ਦੇ ਘਿਰਾਉ ਵਿੱਚੋਂ ਨਿਕਲਦੇ ਹੀ ਤੇਲ ਦਾ ਸਟੋਵ ਜਲਣ ਤੋਂ ਇਨਕਾਰ ਕਰ ਦਿੰਦਾ ਹੈ, ਕਦੇ ਕਦੇ ਦੋਨੋਂ ਸਟੋਵ ਇਕੱਠੇ ਹੀ ਬੀਮਾਰ ਪੈ ਜਾਂਦੇ ਹਨ । ਉਸ ਵੇਲੇ ਗਾਂਧੀ ਜੀ ਬੜੇ ਯਾਦ ਆਉਂਦੇ ਹਨ, ਲੱਕੜੀ-ਕੋਲੇ ਦਾ ਯੁੱਗ ਚੇਤੇ ਆ ਜਾਂਦਾ ਹੈ । ਆਧੁਨਿਕਤਾ ਨੂੰ ਕੋਸਣ ਤੋਂ ਸਿਵਾ ਹੋਰ ਚਾਰਾ ਹੀ ਕੀ ਰਹਿ ਜਾਂਦਾ ਹੈ । ਇਹ ਮਹਿਸੂਸ ਕਰਨ ਲੱਗ ਪੈਂਦਾ ਹਾਂ ਕਿ ਢਿੱਡ ਵਿੱਚ ਜਦੋਂ ਤੱਕ ਰੋਟੀ ਨਹੀਂ ਪੈਂਦੀ ਉਦੋਂ

ਤੱਕ ਸਾਰੇ ਫਲਸਫੇ ਗ਼ਲਤ ਹਨ । ਭੁੱਖੇ ਢਿੱਡ ਤਾਂ ਭਗਵਾਨ ਦਾ ਭਜਨ ਵੀ ਨਹੀਂ ਹੋ ਸਕਦਾ । ਪਹਿਲਾਂ ਹੋਂਦ ਅਤੇ ਇਸ ਦਾ ਸਾਰ ਬਾਅਦ ਵਿਚ, ਫੁੱਲ ਪਹਿਲਾਂ, ਇੱਤਰ ਬਾਅਦ ਵਿਚ ।

ਜੇ ਘਰ ਵਿਚ ਸੰਤਾਨ ਵਾਂਗ ਮਸ਼ੀਨਾਂ ਦੋ-ਚਾਰ ਹੀ ਹੋਣ, ਤਾਂ ਮਹਿੰਗਾਈ ਦੇ ਜ਼ਮਾਨੇ ਵਿਚ ਵੀ ਕਿਸੇ ਤਰ੍ਹਾਂ ਗੁਜ਼ਾਰਾ ਹੋ ਜਾਂਦਾ ਹੈ, ਪਰ ਜੇ ਵੈਦਿਕ ਯੁੱਗ ਵਾਂਗ ਇਨ੍ਹਾਂ ਦੀ ਗਿਣਤੀ ਅੱਜ ਦਸ-ਬਾਰਾਂ ਤੱਕ ਅਪੜ ਜਾਵੇ ਤਾਂ ਹਾਲਤ ਘਿਰਾਓ ਦੀ ਨਹੀਂ ਤਾਂ ਕਾਹਦੀ ਹੈ ? ਕਦੇ ਸਾਈਕਲ ਪੰਚਰ ਹੈ ਤਾਂ ਕਦੇ ਘਾਹ ਕੱਟਣ ਦੀ ਮਸ਼ੀਨ ਖੁੰਡੀ ਹੋਈ ਪਈ ਹੈ। ਕਦੇ ਫੁੱਲ-ਬੂਟਿਆਂ ਤੇ ਦਵਾਈ ਛਿੜਕਣ ਵਾਲਾ ਪੰਪ ਚੋਣ ਲੱਗ ਪੈਂਦਾ ਹੈ ਤਾਂ ਕਦੇ ਬਿਜਲੀ ਦਾ ਬਲਬ ਫਿਊਜ਼ ਹੋ ਜਾਂਦਾ ਹੈ । ਕਦੇ ਜਿੰਦਰਾ ਵਿਗੜ ਜਾਂਦਾ ਹੈ ਤਾਂ ਕਦੇ ਪੈੱਨ, ਕਦੇ ਐਨਕ ਦਾ ਸ਼ੀਸ਼ਾ ਟੁੱਟ ਜਾਂਦਾ ਹੈ ਤਾਂ ਕਦੇ ਪੱਖੇ ਦਾ ਖੰਭ ਟੇਢਾ ਹੋ ਜਾਂਦਾ ਹੈ, ਕਦੇ ਰੇਡੀਓ ਬੀਮਾਰ ਪੈ ਜਾਂਦਾ ਹੈ ਤੇ ਕਦੇ ਟੇਪ ਰਿਕਾਰਡਰ, ਇਨ੍ਹਾਂ ਦੀ ਦੇਖਭਾਲ ਵਿਚ ਹੀ ਇੰਨਾ ਵਕਤ ਤੇ ਪੈਸਾ ਲੱਗ ਜਾਂਦਾ ਹੈ ਕਿ ਹੋਰ ਕੁਝ ਕਰਨ ਲਈ ਬਚਦਾ ਹੀ ਕੁਝ ਨਹੀਂ । ਇਨ੍ਹਾਂ ਛੋਟੀਆਂ ਛੋਟੀਆਂ ਮਸ਼ੀਨਾਂ ਦਾ ਇਲਾਜ ਮੈਂ ਤਾਂ ਕਰ ਨਹੀਂ ਸਕਦਾ । ਇਨ੍ਹਾਂ ਦੇ ਘੇਰੇ ਵਿਚ ਆ ਕੇ ਉਸ ਪਿਤਾ ਵਾਂਗ ਮਹਿਸੂਸ ਕਰਨ ਲਗ ਪੈਂਦਾ ਹੈ ਜਿਹੜਾ ਜ਼ੁਕਾਮ ਦੇ ਇਲਾਜ ਲਈ ਡਾਕਟਰ ਵੱਲ ਦੌੜਦਾ ਹੈ । ਇਕ ਹੋਰ ਨਾਜ਼ਕ ਮਸ਼ੀਨ ਹੈ ਜਿਸ ਦੀ ਆਵਾਜ਼ ਸਾਹ ਲੈਣ ਵਾਂਗ ਜੇ ਸੁਰ ਵਿਚ ਨਹੀਂ ਨਿਕਲਦੀ ਤਾਂ ਰਾਤ ਦੀ ਨੀਂਦ ਹਰਾਮ ਹੋ ਜਾਂਦੀ ਹੈ। ਫਰਿੱਜ ਦੀ ਆਵਾਜ਼ ਜਦੋਂ ਇਕਦਮ ਬੰਦ ਹੋ ਜਾਂਦੀ ਹੈ ਤਾਂ ਨੀਂਦ ਆਪਣੇ ਆਪ ਖੁਲ੍ਹ ਜਾਂਦੀ ਹੈ । ਜੇ ਘਰ ਵਿਚ ਬਿਜਲੀ ਨਾ ਹੋਵੇ ਤਾਂ ਮੈਂ ਸੁੱਖ ਦਾ ਸਾਹ ਲੈਂਦਾ ਹਾਂ ਅਤੇ ਜੇ ਬਿਜਲੀ ਹੋਣ ਤੇ ਵੀ ਫਰਿੱਜ ਸਾਹ ਨਾ ਲਵੇ ਤਾਂ ਸਵੇਰ ਵੇਲੇ ਇਸ ਨੂੰ ਹਸਪਤਾਲ ਭੇਜਣਾ ਪੈਂਦਾ ਹੈ । ਜਦੋਂ ਤੋਂ ਫਰਿੱਜ ਘਰ ਆਇਆ ਹੈ, ਉਦੋਂ ਤੋਂ ਹੀ ਬੀਅਰ ਹੈ । ਇਕ ਵਾਰ ਜੇ ਇਹ ਆ ਹੀ ਗਿਆ ਹੈ ਤਾਂ ਇਸ ਦੀ ਦੇਖਭਾਲ ਕਰਨੀ ਹੀ ਪੈਂਦੀ ਹੈ। ਹੋਰ ਸੰਤਾਨਾਂ ਦੇ ਘਿਰਾਓ ਵਿਚ ਰਹਿਣ ਦੀ ਆਦਤ ਜਦੋਂ ਇਕ ਵਾਰ ਪੈ ਜਾਂਦੀ ਹੈ ਤਾਂ ਇਨ੍ਹਾਂ ਤੋਂ ਬਿਨਾਂ ਜੀਅ ਉਦਾਸ ਹੋ ਜਾਂਦਾ ਹੈ। ਇਹੋ ਹਾਲ ਮਸ਼ੀਨਾਂ ਦਾ ਹੈ, ਫਰਕ ਇਹ ਹੈ ਕਿ ਮਸ਼ੀਨਾਂ ਘਰ ਵਿਚ ਰਹਿੰਦੀਆਂ ਹਨ ਅਤੇ ਸੰਤਾਨਾਂ ਖੰਭ ਨਿਕਲਣ ਤੇ ਆਲ੍ਹਣੇ 'ਚੋਂ ਉਡ ਜਾਂਦੀਆਂ ਹਨ। ਬੁੱਢੇ ਮਾਪੇ ਉਨ੍ਹਾਂ ਪੰਛੀਆਂ ਵਾਂਗ ਬੋਰ ਹੋਣ ਲੱਗ ਪੈਂਦੇ ਹਨ ਜਿਹੜੇ ਆਪਣੇ ਅਕੇਵੇਂ ਨੂੰ ਘੱਟ ਕਰਨ ਲਈ ਇਕ ਦੂਜੇ ਨਾਲ ਚੁੰਝਾਂ ਲੜਾ ਕੇ ਥੋੜ੍ਹੀ ਦੇਰ ਲਈ ਦੂਰ ਦੂਰ ਜਾ ਬੈਠਦੇ ਹਨ । ਇਸ ਤਰ੍ਹਾਂ ਇਕ ਦੂਜੇ ਨੂੰ ਚੁੰਝਾਂ ਮਾਰਨ, ਗੁਜ਼ਰੀਆਂ ਯਾਦਾਂ ਤਾਜ਼ਾ ਕਰਨ ਅਤੇ ਚਿੱਠੀਆਂ ਦੀ ਇੰਤਜ਼ਾਰ ਕਰਨ ਤੋਂ ਸਿਵਾ ਇਨ੍ਹਾਂ ਦੇ ਕੋਲ ਵਕਤ ਕੱਟਣ ਦਾ ਸਾਧਨ ਹੀ ਕਿਹੜਾ ਹੈ ? ਜਵਾਨ ਹੋਣਾ ਤਾਂ ਸਾਰਿਆਂ ਨੂੰ ਚੰਗਾ ਲੱਗਦਾ ਹੈ ਪਰ ਬੁਢੇਪੇ ਦੀ ਕਲਾ ਵਿਰਲੇ ਹੀ ਜਾਣਦੇ

ਹਨ ; ਜ਼ਿੰਦਗੀ ਅਤੇ ਸੰਤਾਨ ਨਾਲ ਜੁੜੇ ਰਹਿਣਾ ਤਾਂ ਸਾਰਿਆਂ ਨੂੰ ਆਉਂਦਾ ਹੈ। ਪਰ ਇਨ੍ਹਾਂ ਤੋਂ ਅੱਡ ਹੋਣਾ ਬਹੁਤ ਘੱਟ ਲੋਕਾਂ ਨੂੰ ਆਉਂਦਾ ਹੈ । ਬਿਜਲੀ ਦੇ ਫੇਲ੍ਹ ਹੋਣ ਤੇ ਹੱਥ ਪੱਖੀ ਅਤੇ ਦੀਵੇ ਨਾਲ ਕੰਮ ਚਲਾਉਣਾ ਕਿੰਨਾ ਔਖਾ ਹੋ ਜਾਂਦਾ ਹੈ। ਜਾਂਦਾ ਹੈ—ਇਹ ਉਹੀ ਜਾਣਦਾ ਹੈ ਜਿਸ ਦੇ ਸ਼ਹਿਰ ਵਿਚ ਬਿਜਲੀ ਬਾਰ ਬਾਰ ਫੇਲ੍ਹ ਹੁੰਦੀ ਹੈ । ਉਹ ਇਸ ਦੀ ਸ਼ਿਕਾਇਤ ਵੀ ਨਹੀਂ ਕਰ ਸਕਦਾ। ਬਿਜਲੀ ਅਤੇ ਹੋਰਨਾਂ ਪੈਦਾਵਾਰ ਦੇ ਸਾਧਨਾਂ ਦੇ ਕੌਮੀਕਰਣ ਵਿਚ ਉਸ ਦਾ ਬਹੁਤ ਵਿਸ਼ਵਾਸ ਹੈ । ਅੱਜ ਦਾ ਯੁੱਗ ਵੀ ਅਧਿਕਾਰਾਂ ਨੂੰ ਹਾਸਲ ਕਰਨ ਦਾ ਹੈ ਨਿਭਾਉਣ ਦਾ ਨਹੀਂ ।

ਇਸ ਤਰ੍ਹਾਂ ਮਸ਼ੀਨਾਂ ਦੇ ਘਿਰਾਓ ਦੀ ਹਾਲਤ ਮੇਰੇ ਲਈ ਸੁੱਖ ਦੀ ਵੀ ਹੈ ਤੇ ਦੁਖ ਦੀ ਵੀ, ਬੰਧਨ ਦੀ ਵੀ ਹੈ ਤੇ ਮੁਕਤੀ ਦੀ ਵੀ । ਜੇ ਐਨਕ ਦਾ ਸ਼ੀਸ਼ਾ ਟੁੱਟ ਜਾਵੇ ਤਾਂ ਪੜ੍ਹਨ ਲਿਖਣ ਤੋਂ ਥੋੜ੍ਹੀ ਦੇਰ ਲਈ ਛੁੱਟੀ ਮਿਲ ਜਾਂਦੀ ਹੈ । ਬਿਜਲੀ ਦਾ ਬਲਬ ਬੁੱਝ ਜਾਵੇ ਤਾਂ ਸੈਰ ਕਰਨ ਦਾ ਮੌਕਾ ਮਿਲ ਜਾਂਦਾ ਹੈ, ਰੇਡੀਓ ਬੀਮਾਰ ਪੈ ਜਾਵੇ ਤਾਂ ਤਾਜ਼ਾ ਖ਼ਬਰਾਂ ਨੂੰ ਬਹੀਆਂ ਕਰਕੇ ਨਿਗਲਣਾ ਪੈਂਦਾ ਹੈ, ਜਿਸ ਦਾ ਆਪਣਾ ਹੀ ਸੁਆਦ ਹੈ । ਹਜਾਮਤ ਕਰਨ ਦੀ ਮਸ਼ੀਨ ਵਿਗੜ ਗਈ ਹੈ ਤਾਂ ਹਜਾਮਤ ਨਾ ਕਰਵਾਉਣ ਤੇ ਵਾਲ ਲੰਬੇ ਕਰਨ ਦਾ ਆਪਣਾ ਹੀ ਸੁੱਖ ਹੈ, ਸਾਈਕਲ ਪੰਚਰ ਹੋ ਗਈ ਹੈ ਤਾਂ ਪੈਦਲ ਚਲਣ ਨਾਲ ਸਿਹਤ ਬਣਨ ਲੱਗ ਪੈਂਦੀ ਹੈ ਅਤੇ ਆਂਢ-ਗੁਆਂਢ ਦੀ ਦੁਨੀਆ ਨੂੰ ਆਰਾਮ ਨਾਲ ਵੇਖਣ ਦਾ ਮੌਕਾ ਮਿਲ ਜਾਂਦਾ ਹੈ । ਜੇ ਜੰਦਰਾ ਵਿਗੜ ਗਿਆ ਹੈ ਤਾਂ ਘਰ ਨੂੰ ਰੱਬ ਦੇ ਹਵਾਲੇ ਕੀਤਾ ਜਾ ਸਕਦਾ ਹੈ । ਸਤਯੁੱਗ ਦੇ ਸੰਸਕਾਰ ਅਜੇ ਕਲਯੁੱਗ ਵਿਚ ਵੀ ਜੀਉਂਦੇ ਹਨ । ਇਸੇ ਤਰ੍ਹਾਂ ਜੇ ਦੋਨੇ ਸਟੋਵ ਇਕੱਠੇ ਹੀ ਬਿਮਾਰ ਪੈ ਗਏ ਹਨ ਤਾਂ ਵਰਤ ਰੱਖਣ ਦੇ ਲਾਭ ਵੀ ਘੱਟ ਨਹੀਂ । ਅਜੇ ਤੱਕ ਘੜੀ ਦੀ ਟਿੱਕ ਟਿੱਕ ਤੋਂ ਬਿਨਾਂ ਸਮੇਂ ਦਾ ਅਨੁਮਾਨ ਲਾਉਣਾ ਨਹੀਂ ਆਇਆ । ਟੂਟੀ ਦੀ ਟੱਪ ਟੱਪ ਵੀ ਸਿਰ ਖਾ ਲੈਂਦੀ ਹੈ । ਇਕ ਦੀ ਆਵਾਜ਼ ਤੋਂ ਬਿਨਾਂ ਅਤੇ ਦੂਜੇ ਦੀ ਆਵਾਜ਼ ਦੇ ਕਾਰਣ ਜੀਣਾ ਮੁਸ਼ਕਿਲ ਹੋ ਜਾਂਦਾ ਹੈ । ਟੂਟੀ ਦੀ ਟੱਪ ਟੱਪ ਤਾਂ ਲਗਾਤਾਰ ਰੋਣ ਵਾਲੇ ਬੱਚੇ ਵਰਗੀ ਹੈ ਜਿਸ ਨੂੰ ਮਾਂ ਹੀ ਸੰਭਾਲ ਸਕਦੀ ਹੈ । ਆਧੁਨਿਕ ਮਾਂ ਲਈ ਸ਼ਾਇਦ ਇਹ ਕੰਮ ਵੀ ਮੁਸ਼ਕਲ ਹੋਵੇ । ਪਰ ਉਸ ਦੀ ਸਹਿਣ ਸ਼ਕਤੀ ਲਿੱਸੀ ਪੈ ਚੁੱਕੀ ਹੈ ਅਤੇ ਉਸ ਦੇ ਕੋਲ ਕਦੇ ਕਦੇ ਆਇਆ ਵੀ ਹੁੰਦੀ ਹੈ । ਟਿਕ ਟਿਕ ਤੇ ਟੱਪ ਟੱਪ ਦੇ ਘਿਰਾਓ ਤੋਂ ਜੇ ਮੈਂ ਬਚ ਗਿਆ ਤਾਂ ਮੇਰੇ ਲਈ ਮੋਕਸ਼ ਵਰਗੀ ਗੱਲ ਹੋਵੇਗੀ । ਇਹ ਮੋਕਸ਼ ਸਮਾਧੀ ਲਗਾਉਣ ਦਾ ਸਿੱਟਾ ਨਾ ਹੋ ਕੇ ਸਮਾਧੀ ਭੰਗ ਕਰਨ ਦਾ ਹੋਵੇਗਾ । ਕਾਮਦੇਵ ਨੇ ਸ਼ਿਵ ਜੀ ਦੀ ਸਮਾਧੀ ਭੰਗ ਕਰਨ ਦਾ ਹੌਸਲਾ ਕੀਤਾ ਸੀ ਅਤੇ ਇਸ ਹੌਸਲੇ ਲਈ ਉਸ ਨੂੰ ਸ਼ਿਵ ਦੇ ਤੀਜੇ ਨੇਤਰ ਨਾਲ ਭਸਮ ਹੋਣਾ ਪਿਆ ਸੀ । ਮੈਨੂੰ ਤਾਂ ਕੇਵਲ ਆਪਣੀ ਘੜੀ ਹੀ ਤੋੜਨੀ ਪਵੇਗੀ ਤਾਂ ਜੋ ਵਕਤ ਦੀ ਖ਼ਬਰ ਹੀ ਨਾ ਰਵੇ । ਪਾਣੀ ਦੀ ਟੂਟੀ ਨੂੰ ਪੁਟਣਾ ਪਵੇਗਾ ਤਾਂ ਜੋ ਦੇਸ਼ ਦਾ ਅਹਿਸਾਸ ਹੀ ਨਾ ਰਵੇ । ਦੇਸ਼-ਕਾਲ ਤੋਂ ਛੁਟਕਾਰਾ ਪਾਉਣਾ

ਹੀ ਤਾਂ ਮੋਕਸ਼ ਦੀ ਹਾਲਤ ਹੈ । ਮੇਰੇ ਆਧੁਨਿਕ ਸ਼ਹਿਰ ਵਿਚ ਜੇ ਖੂਹ ਜਾਂ ਤਲਾਅ ਹੁੰਦਾ ਤਾਂ ਨਲਕਾ ਜ਼ਰੂਰ ਪੁਟਾ ਦਿੰਦਾ । ਹੁਣ ਮਸ਼ੀਨਾਂ ਦੇ ਘਿਰਾਓ ਜਾਂ ਬੰਧਨਾਂ ਵਿਚ ਪਏ ਰਹਿਣ ਤੋਂ ਸਿਵਾ ਨਿਕਲਣ ਦਾ ਰਸਤਾ ਕੀ ਹੈ ? ਇਨ੍ਹਾਂ ਦੇ ਘਿਰਾਓ ਦੇ ਕਾਰਨ ਜੇ ਮੈਂ ਇਨਸਾਨ ਅਤੇ ਕੁਦਰਤ ਦੀ ਦੁਨੀਆ ਤੋਂ ਅੱਡ ਹੋ ਕੇ 'ਕੱਲਾ ਜਾਂ ਮਸ਼ੀਨੀ ਬਣ ਗਿਆ ਹਾਂ ਤਾਂ ਬਸ ਇਹੋ ਹੀ ਮੇਰੀ ਮੰਜ਼ਲ ਹੈ । ਇਕ ਛੋਟਾ ਜਿੰਨਾ ਘਰ ਤੇ ਉਸ ਵਿਚ ਇਕ ਛੋਟਾ ਜਿੰਨਾ ਆਦਮੀ ਜੇ ਇਸ ਤਰ੍ਹਾਂ ਬਾਹਰਲੀ ਦੁਨੀਆ ਤੋਂ ਅੱਡ ਹੋਣ ਤੇ ਮਜਬੂਰ ਹੈ ਤਾਂ ਇਸ ਵੱਡੀ ਸਾਰੀ ਦੁਨੀਆ ਅਤੇ ਮਾਨਵੀ-ਮੰਜ਼ਿਲ ਦਾ ਕੀ ਹੋਵੇਗਾ, ਜਿਹੜੀ ਦਾਨਵ-ਆਕਾਰ ਦੇ ਕਾਰਖ਼ਾਨਿਆਂ ਨਾਲ ਘਿਰਦੀ ਜਾ ਰਹੀ ਹੈ ਅਤੇ ਇਨ੍ਹਾਂ ਦੇ ਅਧੀਨ ਹੁੰਦੀ ਜਾ ਰਹੀ ਹੈ ।

********

# ਵਹਿਮ ਅਤੇ ਵਹਿਮ

ਹਰ ਮਨੁੱਖ ਵਾਂਗ ਮੈਂ ਵੀ ਵਹਿਮਾਂ ਦੇ ਸਹਾਰੇ ਜੀਉਂਦਾ ਹਾਂ । ਜੇ ਇਕ ਵਹਿਮ ਟੁੱਟਣ ਲੱਗਦਾ ਹੈ ਤਾਂ ਜੀਉਣ ਲਈ ਦੂਜਾ ਲਾਉਣਾ ਪੈਂਦਾ ਹੈ ਅਤੇ ਕਦੇ ਕਦੇ ਇਹ ਲੱਗ ਵੀ ਜਾਂਦਾ ਹੈ । ਵਹਿਮ ਦੇ ਲੱਗਣ ਅਤੇ ਲਗਾਉਣ ਵਿਚ ਬੜਾ ਫਰਕ ਹੈ। ਇਹ ਜਦੋਂ ਭੂਤ ਵਾਂਗ ਚੰਬੜ ਜਾਂਦਾ ਹੈ ਤਾਂ ਇਸ ਤੋਂ ਜਾਨ ਛੁਡਾਉਣੀ ਔਖੀ ਹੋ ਜਾਂਦੀ ਹੈ । ਇਹ ਕਦੇ ਕਦੇ ਆਪਣੇ ਸ਼ਿਕਾਰ ਨੂੰ ਪਾਗਲਖ਼ਾਨੇ ਵੀ ਪਹੁੰਚਾ ਸਕਦਾ ਹੈ । ਮੈਨੂੰ ਯਾਦ ਹੈ ਕਿ ਪਿੰਡ ਵਿੱਚੋਂ ਜਦੋਂ ਇਹ ਕਿਸੇ ਨੂੰ ਲੱਗ ਜਾਂਦਾ ਸੀ ਤਾਂ ਉਸ ਨੂੰ ਸੰਗਲਾਂ ਨਾਲ ਬੰਨ ਕੇ ਕੁੱਟਿਆ ਜਾਂਦਾ ਸੀ । ਉਹ ਸਿਰਫ਼ ਬੇਹੋਸ਼ ਹੋ ਕੇ ਹੀ ਇਸ ਤੋਂ ਛੁੱਟ ਸਕਦਾ ਸੀ ਜਾਂ ਹਮੇਸ਼ਾਂ ਲਈ ਬੇਸੁੱਧ ਹੋ ਕੇ ਜ਼ਿੰਦਗੀ ਤੋਂ ਮੁਕਤੀ ਪ੍ਰਾਪਤ ਕਰ ਲੈਂਦਾ ਸੀ । ਪ੍ਰਤੱਖ ਹੈ ਕਿ ਵੱਡਾ ਵਹਿਮ ਲੱਗ ਜਾਂਦਾ ਹੈ ਤੇ ਛੋਟਾ ਲਾਇਆ ਜਾਂਦਾ ਹੈ । ਇਨ੍ਹਾਂ ਦੀਆਂ ਇੰਨੀਆਂ ਕਿਸਮਾਂ ਹਨ ਕਿ ਗਿਣਤੀ ਨਹੀਂ ਹੋ ਸਕਦੀ । ਹਰ ਬੰਦੇ ਦੇ ਆਪੋ ਆਪਣੇ ਵਹਿਮ ਹਨ । ਇਨ੍ਹਾਂ ਤੋਂ ਬਿਨਾਂ ਜੀਵਨ ਵਿਚ ਸੁੰਨ ਵਰਤ ਜਾਂਦੀ ਹੈ । ਵਹਿਮਾਂ ਦੇ ਟੁੱਟਣ ਨਾਲ ਜ਼ਿੰਦਗੀ ਔਖੀ ਜਿਹੀ ਜਾਪਦੀ ਹੈ । ਇਸ ਲਈ ਮੈਨੂੰ ਉਹ ਲੋਕ ਚੰਗੇ ਲੱਗਦੇ ਹਨ ਜਿਹੜੇ ਨਵੇਂ ਤੋਂ ਨਵਾਂ ਵਹਿਮ ਲਾ ਲੈਂਦੇ ਹਨ । ਜੇ ਆਧੁਨਿਕਤਾ ਦੇ ਰੋਅਬ ਥੱਲੇ ਆ ਕੇ ਪੁਰਾਣਕ ਵਹਿਮਾਂ ਨੂੰ ਛੱਡ ਦਿਤਾ ਜਾਂਦਾ ਹੈ ਤਾਂ ਜ਼ਿੰਦਗੀ ਵਿਚ, ਕੱਲਾਪਨ, ਅਜਨਬੀਪਨ ਜਾਂ ਪਰਾਏਪਨ ਦਾ ਅਹਿਸਾਸ ਹੋਣ ਲੱਗ ਪੈਂਦਾ ਹੈ, ਇਹ ਅਹਿਸਾਸ ਪਰੇਸ਼ਾਨੀ ਤੇ ਹੈਰਾਨੀ ਪੈਦਾ ਕਰਦਾ ਹੈ । ਮੈਨੂੰ ਅਸੰਗਤੀਆਂ ਨਾਲ ਘਿਰੇ ਬੰਦੇ ਬੜੇ ਪਸੰਦ ਹਨ ਜਿਹੜੇ ਗੱਲ ਤਾਂ ਆਧੁਨਿਕਤਾ ਦੀ ਕਰਦੇ ਹਨ ਪਰ ਘਰ ਜਾ ਕੇ ਪੂਜਾ ਹਨੂਮਾਨ ਦੀ ਕਰਦੇ ਹਨ, ਜਿਹੜੇ ਸੁਨੇਹਾ ਆਤਮਿਕਤਾ ਦਾ ਦਿੰਦੇ ਹਨ ਤੇ ਆਪ ਮਾਇਆ-ਮੋਹ ਵਿਚ ਫਸੇ ਰਹਿੰਦੇ ਹਨ। ਜਿਹੜੇ ਉਪਦੇਸ਼ ਤਾਂ ਸੰਨਿਆਸ ਲੈਣ ਦਾ ਦਿੰਦੇ ਹਨ ਪਰ ਆਪ ਕੁਰਸੀ ਨਾਲ ਜੁੜੇ ਰਹਿੰਦੇ ਹਨ। ਸੋਚ ਆਸਰੇ ਜ਼ਿੰਦਾ ਕਿਵੇਂ ਰਿਹਾ ਜਾ ਸਕਦਾ ਹੈ, ਸੋਚਾਂ ਨਾਲ ਤਾਂ ਮਰਿਆ ਜਾ ਸਕਦਾ ਹੈ। ਇਸ ਤਰ੍ਹਾਂ ਵਹਿਮ ਲਾ ਕੇ ਹੀ ਜ਼ਿੰਦਗੀ ਦੇ ਭਾਰ ਨੂੰ ਢੋਹਿਆ ਜਾ ਸਕਦਾ ਹੈ । ਕੀ ਬਾਜ ਅਸਮਾਨ ਵਿਚ ਉੱਡ ਕੇ ਜੀਣ ਲਈ ਜ਼ਮੀਨ ਤੇ ਨਹੀਂ ਉਤਰ ਸਕਦਾ । ਜੇ ਉਹ ਉਡਾਰੀ ਨਾ ਮਾਰੇ ਤਾਂ ਉਹ ਬੀਮਾਰ ਪੈ ਜਾਏਗਾ। ਇਸ ਲਈ ਹਰ ਬੰਦੇ ਨੂੰ ਜੀਉਣ ਲਈ ਵਹਿਮ ਪਾਲਣੇ ਪੈਂਦੇ ਹਨ । ਇਨ੍ਹਾਂ ਵਹਿਮਾਂ ਤੋਂ ਬਿਨਾਂ ਅਕੇਵਾਂ ਹੋਣਾ ਸ਼ੁਰੂ ਹੋ ਜਾਂਦਾ ਹੈ, ਜੀਵਨ ਨੀਰਸ ਹੋ ਜਾਂਦਾ ਹੈ। ਇੱਕ ਨੂੰ ਆਪਣੀ ਸੂਰਤ ਦਾ ਵਹਿਮ ਹੈ। ਉਹ ਇਸ ਵਹਿਮ ਨੂੰ ਪਾਲਣ ਲਈ ਹਰ ਵੇਲੇ ਜੇਬ ਵਿਚ ਸ਼ੀਸ਼ਾ ਕੰਘੀ ਰੱਖਦਾ ਹੈ ਜਾਂ ਆਪਣੇ ਵੈਨਿਟੀ ਬੈਗ ਵਿਚ ਮੇਕਅਪ ਦਾ ਸਾਮਾਨ ਭਰ ਰੱਖਦਾ ਹੈ। ਇਕ ਹੋਰ ਆਦਮੀ ਨੇ ਆਪਣੇ ਬੂਟਾਂ ਨੂੰ ਲਿਸ਼ਕਾ ਕੇ ਰੱਖਣ ਦਾ ਵਹਿਮ ਲਾਇਆ ਹੋਇਆ ਹੈ।

ਉਹ ਆਪਣੀ ਜੇਬ ਵਿਚ ਇਸ ਕੰਮ ਲਈ ਇਕ ਅੱਡ ਰੁਮਾਲ ਰੱਖਦਾ ਹੈ ਅਤੇ ਸੜਕ ਤੇ ਟੁਰਦਾ ਟੁਰਦਾ ਖੜ੍ਹਾ ਹੋ ਕੇ ਬੂਟਾਂ ਦੀ ਮਿੱਟੀ ਪੂੰਝਦਾ ਰਹਿੰਦਾ ਹੈ । ਇੱਕ ਤੀਜਾ ਬੰਦਾ ਵੀ ਹੈ ਜਿਸ ਨੂੰ ਆਪਣੇ ਸਾਊਪੁਣੇ ਦਾ ਵਹਿਮ ਹੈ। ਇਸ ਨੂੰ ਕਾਇਮ ਰੱਖਣ ਲਈ ਉਹ ਸਾਰਿਆਂ ਨਾਲ ਮਿੱਠਾ ਬੋਲਣ ਦੀ ਕੋਸ਼ਿਸ਼ ਕਰਦਾ ਹੈ, ਚਾਹੇ ਗੱਲ ਝੂਠੀ ਹੀ ਹੋਵੇ । ਇਸ ਦੇ ਉਲਟ ਇੱਕ ਹੋਰ ਸੱਜਣ ਹਨ ਜਿਨ੍ਹਾਂ ਨੂੰ ਮੂੰਹ ਫੱਟ ਹੋਣ ਦਾ ਵਹਿਮ ਹੈ। ਉਹ ਬਿਨਾਂ ਕਿਸੇ ਗੱਲ ਦੇ ਹੀ ਸਾਰਿਆਂ ਨਾਲ ਕੌੜਾ ਬੋਲਦੇ ਹਨ । ਉਨ੍ਹਾਂ ਸ਼ਾਇਦ ਸੱਚ ਬੋਲਣ ਦਾ ਠੇਕਾ ਲਿਆ ਹੋਇਆ ਹੈ। ਇਸੇ ਤਰ੍ਹਾਂ ਇਕ ਨੂੰ ਜੇ ਆਪਣੀ ਲਿਆਕਤ ਦਾ ਵਹਿਮ ਹੈ ਤਾਂ ਦੂਜੇ ਨੂੰ ਆਪਣੀ ਦੌਲਤ ਦਾ, ਜੇ ਇਕ ਨੂੰ ਆਪਣੀ ਪਵਿੱਤਰਤਾ ਦਾ ਵਹਿਮ ਹੈ ਤਾਂ ਦੂਜੇ ਨੂੰ ਆਪਣੀ ਪਦਵੀ ਦਾ, ਇੱਕ ਨੂੰ ਜੇ ਆਪਣੀ ਨਵੀਂ-ਕਮੀਜ਼ ਦਾ ਵਹਿਮ ਹੈ ਤਾਂ ਦੂਜੇ ਨੂੰ ਆਪਣੇ ਪੁਰਾਣੇ ਕੋਟ ਦਾ ਜਿਸ ਨੂੰ ਉਹ ਤੀਹਾਂ ਸਾਲਾਂ ਤੋਂ ਪਾਉਂਦਾ ਆ ਰਿਹਾ ਹੈ, ਜਿਸ ਵਰਗਾ ਕੋਟ ਹੁਣ ਮਿਲ ਹੀ ਨਹੀਂ ਸਕਦਾ । ਜੇ ਇਹ ਦੋਵੇਂ ਕਮੀਜ਼ ਜਾਂ ਕੋਟ ਨੂੰ ਵਿਖਾ ਕੇ ਆਪਣਾ ਸ਼ੌਕ ਜਾਂ ਵਹਿਮ ਪੂਰਾ ਕਰ ਲੈਂਦੇ ਹਨ ਤਾਂ ਇਨ੍ਹਾਂ ਨੂੰ ਅਣਦੇਖਿਆ ਕਰਨਾ ਇਨ੍ਹਾਂ ਦੇ ਵਹਿਮ ਨੂੰ ਸੱਟ ਮਾਰਨ ਤੁੱਲ ਹੋਵੇਗਾ । ਮੇਰੇ ਮਾਲੀ ਨੂੰ ਇਹ ਵਹਿਮ ਹੈ ਕਿ ਉਹ ਦੇ ਵਰਗੀ ਕੋਈ ਮਸਰਾਂ ਦੀ ਦਾਲ ਨਹੀਂ ਬਣਾ ਸਕਦਾ। ਉਸ ਦੇ ਮੂੰਹ ਨੂੰ ਵੇਖ ਕੇ ਚੁਪ ਰਹਿਣਾ ਪੈਂਦਾ ਹੈ ਤਾਂ ਜੋ ਉਸ ਦੇ ਵਹਿਮ ਨੂੰ ਸੱਟ ਨਾ ਵੱਜੇ ਤੇ ਮੁਹਾਵਰਾ ਵੀ ਕਾਇਮ ਰਹੇ । ਇਸੇ ਤਰ੍ਹਾਂ ਕਿਸੇ ਨੂੰ ਪਹਿਨਣ ਦਾ ਵਹਿਮ ਹੈ, ਕਿਸੇ ਨੂੰ ਖਾਣ ਦਾ, ਕਿਸੇ ਨੂੰ ਸੋਚਣ ਦਾ ਤੇ ਕਿਸੇ ਨੂੰ ਲਿਖਣ ਦਾ, ਕਿਸੇ ਨੂੰ ਦਿੱਸਣ ਦਾ ਤੇ ਕਿਸੇ ਨੂੰ ਵਿਖਾਉਣ ਦਾ, ਕਿਸੇ ਨੂੰ ਬੋਲਣ ਦਾ ਤੇ ਕਿਸੇ ਨੂੰ ਚੁੱਪ ਰਹਿਣ ਦਾ । ਉਹ ਚੁੱਪ ਰਹਿ ਕੇ ਆਪਣੀ ਯੋਗਤਾ ਦੀ ਧਾਕ ਜਮਾਉਣ ਵਿਚ ਕਾਮਯਾਬ ਹੁੰਦਾ ਹੈ । ਇਹ ਵਹਿਮ ਉਸ ਨੂੰ ਅੰਦਰੋਂ ਭੁਰਣ ਵੀ ਨਹੀਂ ਦਿੰਦਾ ਜਿਹੜਾ ਬਿਲਕੁਲ ਖੋਖਲਾ ਹੈ । ਇਸ ਨੂੰ ਹਉਮੈ ਦਾ ਵਹਿਮ ਵੀ ਕਿਹਾ ਜਾ ਸਕਦਾ ਹੈ ।

ਇਨ੍ਹਾਂ ਵਿਅਕਤੀਗਤ ਵਹਿਮਾਂ ਤੋਂ ਇਲਾਵਾ ਸਮੂਹਿਕ ਵਹਿਮਾਂ ਦੀ ਗਿਣਤੀ ਵੀ ਘੱਟ ਨਹੀਂ ਹੈ। ਸਮੂਹਿਕ ਵਹਿਮ ਸਾਰਿਆਂ ਦੇ ਸਾਂਝੇ ਹੁੰਦੇ ਹਨ । ਇਹਨਾਂ ਨੂੰ ਜੇ ਬਿੱਲੀ ਦੇ ਰਸਤਾ ਕੱਟਣ ਦਾ ਵਹਿਮ ਹੈ ਤਾਂ ਹੋਰਨਾਂ ਨੂੰ ਤੇਰਾਂ ਨੰਬਰ ਦਾ । ਇੱਕ ਨੂੰ ਜੇ ਮੰਗਲ ਦਾ ਵਹਿਮ ਹੈ ਤੇ ਦੂਜੇ ਨੂੰ ਸ਼ਨਿੱਚਰ ਦਾ । ਇੱਕ ਨੂੰ ਜੇ ਗਾਂ ਪਾਲਣ ਦਾ ਵਹਿਮ ਹੈ ਤਾਂ ਦੂਜੇ ਨੂੰ ਬੱਕਰੀ ਪਾਲਣ ਦਾ ਅਤੇ ਜੇ ਗਾਂ ਪਾਲਣ ਵਾਲੇ ਖ਼ਾਨਦਾਨ ਵਿਚ ਬੱਕਰੀ ਪਾਲਣ ਦਾ ਵਹਿਮ ਲਾਇਆ ਜਾਵੇ ਤਾਂ ਇਸ ਨੂੰ ਪੁਰਾਣੀ ਲੀਹ ਨੂੰ ਤੋੜਨਾ ਕਿਹਾ ਜਾਂਦਾ ਹੈ । ਮੱਝ ਪਾਲਣ ਦਾ ਵਹਿਮ ਸ਼ਾਇਦ ਕਿਸੇ ਜਾਤ ਨੂੰ ਨਹੀਂ ਹੈ; ਉਹ ਬਹੁਤਾ ਦੁੱਧ ਜੁ ਦਿੰਦੀ ਹੈ । ਤੋਤਾ ਤੇ ਮੈਨਾ ਪਾਲਣਾ ਚੰਗਾ ਸਮਝਿਆ ਜਾਂਦਾ ਹੈ ਅਤੇ ਕਾਂ ਪਾਲਣਾ ਮਨਹੂਸ । ਅੰਨ ਦੀ ਕਮੀ ਦੇ ਕਾਰਣ ਹਾਥੀ ਪਾਲਣ ਜਾਂ ਬੰਨ੍ਹਣ ਦਾ ਵਹਿਮ ਟੁਟਦਾ ਜਾ ਰਿਹਾ ਹੈ । ਇਸੇ ਤਰ੍ਹਾਂ ਘੋੜਾ ਵੀ ਮਸ਼ੀਨ ਦੇ ਯੁੱਗ ਵਿਚ ਵਹਿਮ ਦਾ ਵਿਸ਼ਾ ਨਹੀਂ ਰਿਹਾ ਪਰ ਵਿਆਹ ਵੇਲੇ ਘੋੜੀ ਚੜ੍ਹਨ ਦਾ ਵਹਿਮ ਅਜੇ ਵੀ ਹੈ।

ਕੁਝ ਜਾਤਾਂ ਵਿਚ ਬਲਦ ਤੇ ਬਹਿ ਕੇ ਵਿਆਹ ਕਰਨਾ ਸ਼ੁੱਭ ਸਮਝਿਆ ਜਾਂਦਾ ਹੈ ਪਰ ਸਾਰੀਆਂ ਜਾਤਾਂ ਵਿਚ ਹੀ ਗੱਧੇ ਤੇ ਚੜ੍ਹ ਕੇ ਵਿਆਹ ਕਰਨਾ ਅਸ਼ੁੱਭ ਮੰਨਿਆ ਜਾਂਦਾ ਹੈ, ਹਾਲਾਂਕਿ ਪਸ਼ੂਆਂ ਅਤੇ ਇਨਸਾਨਾਂ ਵਿਚ ਗਧੇ ਤੋਂ ਬਿਨਾਂ ਗੁਜ਼ਾਰਾ ਹੋ ਨਹੀਂ ਸਕਦਾ । ਭਾਰ ਢੋਣ ਦਾ ਕੰਮ ਜਿੰਨੀ ਖ਼ੂਬੀ ਨਾਲ ਗਧਾ ਕਰ ਸਕਦਾ ਹੈ ਉਨੀ ਖ਼ੂਬੀ ਨਾਲ ਹੋਰ ਕੋਈ ਜਾਨਵਰ ਨਹੀਂ ਕਰ ਸਕਦਾ । ਅੱਜ ਵੀ ਪੁਰਾਣੇ ਰਿਵਾਜਾਂ ਦੇ ਬਾਰੇ ਵਿਚ ਵਹਿਮਾਂ ਦੀ ਦੁਨੀਆ ਉਸੇ ਤਰ੍ਹਾਂ ਕਾਇਮ ਹੈ । ਲੜਕੀ ਨੂੰ ਖ਼ਾਸ ਤੌਰ ਤੇ ਇਨ੍ਹਾਂ ਨੂੰ ਪਾਲਣਾ ਪੈਂਦਾ ਹੈ ਨਹੀਂ ਤਾਂ ਉਸ ਦਾ ਸੁਹਾਗ ਖ਼ਤਰੇ ਵਿਚ ਪੈ ਸਕਦਾ ਹੈ। ਇਨ੍ਹਾਂ ਸਮੂਹਿਕ ਵਹਿਮਾਂ ਵਿਚ ਜੇ ਵਿਆਹ ਦੇ ਵਹਿਮ ਹਨ ਤਾਂ ਅਫ਼ਸੋਸ ਦੇ ਆਪਣੇ ਹੀ ਵਹਿਮ ਹਨ, ਜੰਮਣ ਵੇਲੇ ਜੇ ਇਕ ਕਿਸਮ ਦੇ ਵਹਿਮ ਹਨ ਤਾਂ ਮਰਨ ਵੇਲੇ ਦੂਸਰੀ ਕਿਸਮ ਦੇ ਹਨ । ਇਨ੍ਹਾਂ ਨੂੰ ਅਕਲ ਦੀ ਕਸੌਟੀ ਤੇ ਪਰਖਣਾ ਉਨਾ ਹੀ ਫ਼ਜ਼ੂਲ ਹੈ ਜਿੰਨਾ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕਰਨਾ । ਜਦੋਂ ਕਦੇ ਮੈਂ ਇਨ੍ਹਾਂ ਦਾ ਵਿਰੋਧ ਕੀਤਾ ਹੈ ਤਾਂ ਮੂੰਹ ਦੀ ਖਾਣੀ ਪਈ ਹੈ । ਮੈਂ ਉਨ੍ਹਾਂ ਦੋਸਤਾਂ ਦੀ ਦਾਦ ਦੇਂਦਾ ਹਾਂ ਜਿਹੜੇ ਸਮੂਹਿਕ ਕਿਸਮ ਦੇ ਵਹਿਮਾਂ ਨੂੰ ਬਿਨਾਂ ਕਿਸੇ ਪਰੇਸ਼ਾਨੀ ਦੇ ਪਾਲ ਲੈਂਦੇ ਹਨ । ਮੈਨੂੰ ਬਾਰ ਬਾਰ ਇਹ ਉਪਦੇਸ਼ ਦਿੱਤਾ ਜਾਂਦਾ ਹੈ ਕਿ ਵਹਿਮਾਂ ਬਾਰੇ ਸੋਚਣਾ ਮਨ੍ਹਾਂ ਹੈ । ਮਨ ਨਾਲ ਸੋਚਣ ਦੀ ਥਾਂ ਸਰੀਰ ਨਾਲ ਸੋਚਣਾ ਚੰਗਾ ਹੈ । ਮਨ ਨਾਲ ਸੋਚਣ ਵਾਲਿਆਂ ਨੂੰ ਵਹਿਮ ਲੱਗ ਜਾਂਦੇ ਹਨ ਅਤੇ ਜੇ ਇਹ ਇਕ ਵਾਰ ਲੱਗ ਜਾਣ ਤਾਂ ਘੁਣ ਵਾਂਗ ਲੱਗ ਜਾਂਦੇ ਹਨ ਜਾਂ ਕਦੇ ਕਦੇ ਜੋਕ ਵਾਂਗ ਚੰਬੜ ਜਾਂਦੇ ਹਨ ।

ਜਦੋਂ ਵਹਿਮ ਲੱਗ ਜਾਂਦੇ ਹਨ ਤਾਂ ਜ਼ਿੰਦਗੀ ਦੇ ਖਾਲੀਪਨ ਨੂੰ ਭਰਨ ਦੇ ਕੰਮ ਆਉਂਦੇ ਹਨ । ਮੇਰੇ ਇਕ ਦੋਸਤ ਨੂੰ ਆਪ ਸਬਜ਼ੀ ਖ਼ਰੀਦਣ ਦਾ ਵਹਿਮ ਹੈ । ਉਹ ਇੱਕ ਇੱਕ ਭਿੰਡੀ ਨੂੰ ਚੁਗਦਾ ਹੈ। ਸਵੇਰ ਤੋਂ ਸ਼ਾਮ ਤੱਕ ਭਿੰਡੀਆਂ ਚੁਗ ਚੁਗ ਕੇ ਹੀ ਖਰੀਦੀਆਂ ਜਾਂਦੀਆਂ ਹਨ ਪਰ ਆਖੀਰ ਸਾਰੀਆਂ ਭਿੰਡੀਆਂ ਉਸੇ ਤਰ੍ਹਾਂ ਲੱਗ ਜਾਂਦੀਆਂ ਹਨ ਜਿਵੇਂ ਸਾਰੀਆਂ ਕੁੜੀਆਂ ਦਾ ਇੱਕ ਇੱਕ ਕਰਕੇ ਵਿਆਹ ਹੋ ਜਾਂਦਾ ਹੈ । ਸਾਰਿਆਂ ਦੇ ਵਹਿਮ ਪੂਰੇ ਹੋ ਜਾਂਦੇ ਹਨ । ਇਕ ਨੂੰ ਜੇ ਪੁਰਾਣੇ ਸਾਬਣ ਨਾਲ ਨਹਾਉਣ ਦਾ ਵਹਿਮ ਹੈ ਤਾਂ ਦੂਜਾ ਹਰ ਵਾਰ ਨਵਾਂ ਨਮੂਨਾ ਖ਼ਰੀਦਦਾ ਹੈ । ਉਹ ਨਵੇਂ ਸਾਬਣ ਦੀ ਭਾਲ ਵਿਚ ਹੀ ਆਪਣਾ ਵਹਿਮ ਪੂਰਾ ਕਰਦਾ ਹੈ । ਇਸ ਤਰ੍ਹਾਂ ਵਹਿਮਾਂ ਦੀ ਦੁਨੀਆ ਬੇਹਿਸਾਬ ਅਤੇ ਬੇਤਰਤੀਬ ਹੈ । ਮੇਰੇ ਇਕ ਦੋਸਤ ਨੇ ਸਾਹਿਤ ਦੇ ਇਤਿਹਾਸ ਵਿਚ ਆਪਣਾ ਨਾਂ ਲਿਖਾਉਣ ਦਾ ਵਹਿਮ ਲਗਾਇਆ ਹੋਇਆ ਹੈ ਅਤੇ ਇਸੇ ਕੋਸ਼ਿਸ਼ ਵਿਚ ਉਸ ਨੇ ਆਪਣੀ ਸਿਹਤ ਖ਼ਰਾਬ ਕਰ ਲਈ ਹੈ। ਇਸੇ ਤਰ੍ਹਾਂ ਕਿਸੇ ਨੇ ਟਿਕਟਾਂ 'ਕੱਠੀਆਂ ਕਰਨ ਦਾ ਵਹਿਮ ਲਾਇਆ ਹੋਇਆ ਹੈ ਤਾਂ ਕਿਸੇ ਨੇ ਤਿੱਤਲੀਆਂ । ਕਿਸੇ ਨੇ ਪੁਰਾਣੀਆਂ ਚਿੱਠੀਆਂ 'ਕੱਠੀਆਂ ਕਰਨ ਦਾ ਤੇ ਕਿਸੇ ਨੇ ਪੁਰਾਣੀਆਂ ਅਖ਼ਬਾਰਾਂ ਦੇ ਢੇਰ 'ਕੱਠੇ ਕੀਤੇ ਹੋਏ ਨੇ । ਜੇ ਇੱਕ ਨੂੰ ਨਵੀਂ ਤੋਂ ਨਵੀਂ ਪੁਸਤਕ ਖ਼ਰੀਦਣ ਦਾ ਵਹਿਮ ਹੈ ਤਾਂ ਦੂਜੇ ਨੂੰ ਪੁਸਤਕਾਂ ਮੰਗ ਕੇ ਆਪਣੀ ਲਾਇਬ੍ਰੇਰੀ ਬਣਾਉਣ ਦਾ ਵਹਿਮ ਹੈ । ਪਹਿਲੇ ਲਈ ਪੁਸਤਕ

ਪੜ੍ਹਨਾ ਜ਼ਰੂਰੀ ਨਹੀਂ ਤੇ ਦੂਜੇ ਲਈ ਪੁਸਤਕ ਨੂੰ ਵਾਪਸ ਕਰਨਾ । ਸੈਂਕੜੇ ਵਹਿਮ ਦਿਲ ਲਾਉਣ ਲਈ ਲਗਾਉਣੇ ਪੈਂਦੇ ਹਨ । ਕੁਝ ਸਥੂਲ ਹਨ ਤੇ ਕੁਝ ਸੂਖਮ । ਇਕ ਦੂਜੇ ਦੇ ਗੁਣ ਗਾਉਣਾ ਜਾਂ ਇੱਕ ਦੂਜੇ ਤੇ ਵਿਸ਼ਵਾਸ ਕਰਨਾ ਸੂਖਮ ਕਿਸਮ ਦੇ ਵਹਿਮ ਹਨ ਜਿਨ੍ਹਾਂ ਤੋਂ ਬਿਨਾਂ ਜ਼ਿੰਦਗੀ ਭਾਰ ਬਣ ਜਾਂਦੀ ਹੈ ਤੇ ਢੋਈ ਨਹੀਂ ਜਾ ਸਕਦੀ । ਸਵੇਰ ਤੋਂ ਲੈ ਕੇ ਸ਼ਾਮ ਤੱਕ ਜੋ ਵੀ ਕਹਿੰਦਾ ਹਾਂ ਜਾਂ ਕਰਦਾ ਹਾਂ ਉਸ ਵਿਚ ਕੋਈ ਕੰਮ ਦੀ ਗੱਲ ਨਹੀਂ ਹੁੰਦੀ । ਜੇ ਕਿਸੇ ਦੀ ਤਾਰੀਫ਼ ਕਰਦਾ ਹਾਂ ਜਾਂ ਆਪਣੀ ਸੁਣਦਾ ਹਾਂ ਤਾਂ ਦੋਨਾਂ ਵਿੱਚ ਹੌਲਾਪਨ ਹੁੰਦਾ ਹੈ ਪਰ ਜੀਣ ਲਈ ਇਸ ਵਹਿਮ ਨੂੰ ਲਾਉਣਾ ਹੀ ਪੈਂਦਾ ਹੈ । ਮੈਂ ਇਹ ਜਾਣਦਾ ਹਾਂ ਕਿ ਮੇਰੇ ਮੂੰਹ ਤੇ ਜਿਹੜਾ ਸਾਫ਼ ਗੱਲ ਕਰਨ ਲਈ ਦਾਦ ਦਿੰਦਾ ਹੈ, ਅੱਖੋਂ ਉਹਲੇ ਹੁੰਦੇ ਹੀ ਮੈਨੂੰ ਵਹਿਮੀ ਜਾਂ ਖਪਤੀ ਕਹਿਣ ਤੇ ਮਜਬੂਰ ਹੋ ਜਾਂਦਾ ਹੈ ਅਤੇ ਵਹਿਮ ਲਗਾਉਣਾ ਦੋਨਾਂ ਦੀ ਮਜਬੂਰੀ ਹੈ, ਜ਼ਿੰਦਗੀ ਦੀ ਬੇਬਸੀ ਹੈ।

********

# ਖੁਸ਼ਾਮਦ ਅਤੇ ਖੁਸ਼ਾਮਦ

ਖੁਸ਼ਾਮਦ ਤਰ੍ਹਾਂ ਤਰ੍ਹਾਂ ਦੀ ਹੁੰਦੀ ਹੈ, ਇਸ ਲਈ ਖੁਸ਼ਾਮਦ ਅਤੇ ਖੁਸ਼ਾਮਦ । ਇਹ ਬਹੁਤ ਪੁਰਾਣੀ ਕਲਾ ਹੈ ਅਤੇ ਇਸ ਦਾ ਕਹਿਣਾ-ਸੁਣਨਾ ਜਾਂ ਤਾਣਾ-ਪੇਟਾ ਵੀ ਨਵੀਂ ਜਾਣਕਾਰੀ ਦੇ ਨਾਲ ਨਾਲ ਬਦਲਦੇ ਰਹੇ ਹਨ। ਦੇਵੀ ਦੇਵਤਿਆਂ ਤੋਂ ਲੈ ਕੇ ਰਾਜੇ-ਰਾਣੀਆਂ ਤੱਕ, ਭੂਮੀ-ਪਤੀਆਂ-ਪੂੰਜੀ-ਪਤੀਆਂ ਤੋਂ ਲੈ ਕੇ ਮੰਤਰੀਆਂ-ਅਫ਼ਸਰਾਂ ਤੱਕ ਦੀ ਖੁਸ਼ਾਮਦ ਦੇ ਢੰਗ ਆਪੋ-ਆਪਣੇ ਹੀ ਹਨ। ਖੁਸ਼ਾਮਦ, ਚਾਪਲੂਸੀ ਅਤੇ ਚੱਟਖੋਰੀ ਵਿਚ ਇਸੇ ਲਈ ਫਰਕ ਹੈ। ਜੇ ਝੋਲੀ-ਚੁੱਕੀ ਸਥੂਲ ਹੈ ਤਾਂ ਖੁਸ਼ਾਮਦ ਸੂਖਮ ਹੈ ਅਤੇ ਚਾਪਲੂਸੀ ਇਨ੍ਹਾਂ ਦੇ ਵਿਚਾਲੇ ਦੀ ਵਸਤੂ ਹੈ । ਚੱਟਖੋਰੀ ਤੋਂ ਚੱਟਣ ਦੀ ਆਵਾਜ਼ ਨਿਕਲਦੀ ਹੈ । ਚੱਟੀ ਤਾਂ ਚਾਟ ਤੇ ਚਟਣੀ ਵੀ ਜਾਂਦੀ ਹੈ ਪਰ ਇਸ ਨੂੰ ਚੱਟਖੋਰੀ ਨਹੀਂ ਕਹਿੰਦੇ । ਚੱਟਖੋਰ ਉਸ ਨੂੰ ਕਹਿਣਾ ਵਾਜਬ ਹੈ ਜਿਹੜਾ ਮਨੁੱਖੀ-ਸਰੀਰ ਦੇ ਕਿਸੇ ਅੰਗ ਨੂੰ ਚੱਟ ਕੇ ਦੂਜੇ ਦੇ ਕੁਤਕੁਤੀ ਪੈਦਾ ਕਰਦਾ ਹੈ ਤੇ ਉਸ ਨੂੰ ਖੁਸ਼ ਕਰਦਾ ਹੈ । ਇਸ ਵਿਚ ਚੁੰਮਣਾ ਵੀ ਸ਼ਾਮਲ ਹੈ, ਜੇ ਚੱਟਿਆ ਬਹੁਤ ਥੋੜ੍ਹੇ ਸਮੇਂ ਲਈ ਜਾਵੇ । ਘੱਟ ਸਮੇਂ ਲਈ ਚੱਟਣਾ ਚੁੰਮਣਾ ਹੀ ਕਹਾਉਂਦਾ ਹੈ। ਹੱਥਾਂ-ਪੈਰਾਂ ਨੂੰ ਚੁੰਮਣ ਦੇ ਤਰੀਕਿਆਂ ਦਾ ਵਰਣਨ ਆਉਂਦਾ ਹੈ ਜਿਨ੍ਹਾਂ ਦੀ ਵਰਤੋਂ ਚਟਖ਼ੋਰ ਕਰਦਾ ਹੈ। ਇਸ ਕਲਾ ਵਿਚ ਜਿਵੇਂ ਜਿਵੇਂ ਵਿਕਾਸ ਹੁੰਦਾ ਗਿਆ ਹੈ ਤਿਵੇਂ ਤਿਵੇਂ ਪਹਿਲਾਂ ਚਾਪਲੂਸ ਅਤੇ ਫ਼ਿਰ ਖੁਸ਼ਾਮਦੀ ਬਣਦਾ ਗਿਆ ਹੈ। ਹਰ ਵੇਲੇ ਤਰੱਕੀ ਕਰਨ ਲਈ ਖੁਸ਼ਾਮਦ ਨਹੀਂ ਕੀਤੀ ਜਾਂਦੀ। ਔਰਤ ਪ੍ਰਾਪਤੀ ਲਈ ਜਾਂ ਉਸ ਨੂੰ ਕਾਇਮ ਰੱਖਣ ਲਈ, ਆਪਣਾ ਕੰਮ ਕਢਾਉਣ ਲਈ ਜਾਂ ਕਵਿਤਾ-ਸ਼ਾਇਰੀ ਸੁਣਨ ਲਈ ਵੀ ਇਹ ਕੰਮ ਆਉਂਦੀ ਹੈ। ਇਹ ਕਰਵਾਉਣੀ ਵੀ ਉਸ ਨੂੰ ਚੰਗੀ ਆਉਂਦੀ ਹੈ ਜਿਸ ਨੂੰ ਇਹ ਕਰਨੀ ਆਉਂਦੀ ਹੈ । ਸਾਧਨ-ਸਾਧਨਾ ਤੋਂ ਬਿਨਾਂ ਇਸ ਵਿਚ ਮਾਹਰ ਹੋਣਾ ਔਖਾ ਹੈ।

ਇਕ ਖੁਸ਼ਾਮਦੀ ਉਹ ਹੈ ਜਿਹੜਾ ਹਰ ਸ਼ਹਿਰ ਦਾ ਤੋਹਫ਼ਾ ਲਿਆਉਣ ਵਿਚ ਮਾਹਰ ਹੈ। ਇਸ ਬਾਰੇ ਉਸ ਦੀ ਜਾਣਕਾਰੀ ਬਹੁਤ ਹੈ । ਉਸ ਨੂੰ ਇਹ ਪਤਾ ਹੈ ਕਿ ਇਲਾਹਬਾਦ ਦੇ ਅਮਰੂਦ (ਅਕਬਰ ਨੂੰ ਉਹ ਨਹੀਂ ਜਾਣਦਾ) ਆਗਰੇ ਦਾ ਭੁਜੀਆ (ਤਾਜ ਵਿਚ ਉਸ ਦੀ ਦਿਲਚਸਪੀ ਨਹੀਂ ਹੈ), ਬਨਾਰਸ ਦਾ ਲੰਗੜਾ (ਦਸ਼ਾਸ਼ਵਮੇਧ ਘਾਟ ਨਾਲ ਅਜੇ ਉਸ ਦਾ ਵਾਸਤਾ ਨਹੀਂ ਪਿਆ), ਪਠਾਨਕੋਟ ਦਾ ਮਾਲਟਾ (ਉਸ ਨੇ ਸ਼ਹਿਰ ਦੇ ਇਤਿਹਾਸ ਤੋਂ ਕੀ ਲੈਣਾ), ਨਾਗਪੁਰ ਦਾ ਸੰਤਰਾ (ਨਾਗ-ਸੰਸਕ੍ਰਿਤੀ ਉਸ ਦੇ ਮਤਲਬ ਦੀ ਚੀਜ਼ ਨਹੀਂ), ਲਖਨਊ ਦਾ ਦਸ਼ਹਿਰੀ ਅੰਬ (ਇਸ ਸ਼ਹਿਰ ਦੀ ਨਫ਼ਾਸਤ ਦੀ ਉਸ ਨੂੰ ਪਛਾਣ ਨਹੀਂ ਹੈ), ਸ੍ਰੀਨਗਰ-

ਸ਼ਿਮਲੇ ਦਾ ਸੇਬ (ਪਹਾੜੀ ਨਜ਼ਾਰਿਆਂ ਦੀ ਉਸ ਨਾਲ ਗੱਲ ਨਾ ਕਰੋ)। ਇਸ ਤਰ੍ਹਾਂ ਥਾਂ-ਥਾਂ ਦੀਆਂ ਖਾਣ-ਪੀਣ ਦੀਆਂ ਚੀਜ਼ਾਂ ਦੀ ਉਸ ਨੂੰ ਪੂਰੀ ਵਾਕਫ਼ੀਅਤ ਹੈ ਅਤੇ ਖਾਲੀ ਹੱਥ ਉਹ ਕਦੇ ਘਰ ਨਹੀਂ ਪਰਤਿਆ। ਇਹ ਜ਼ਰੂਰੀ ਨਹੀਂ ਕਿ ਚੀਜ਼ ਨੂੰ ਉਸ ਸ਼ਹਿਰ ਤੋਂ ਖਰੀਦਿਆ ਜਾਵੇ, ਆਪਣੇ ਸ਼ਹਿਰ ਵਿਚ ਹੀ ਇਸ ਨੂੰ ਖਰੀਦਿਆ ਜਾ ਸਕਦਾ ਹੈ ਪਰ ਡੱਬਾ, ਟੋਕਰੀ ਜਾਂ ਲਿਫ਼ਾਫਾ ਉਸ ਸ਼ਹਿਰ ਦਾ ਹੋਣਾ ਚਾਹੀਦਾ ਹੈ। ਉਹ ਇਹ ਵੀ ਜਾਣਦਾ ਕਿ ਪਾਠ ਬਨਾਰਸ ਦਾ ਮੰਨਿਆ ਜਾਂਦਾ ਹੈ। ਜ਼ਰਦਾ ਸੁੰਘਣੀ-ਸਾਹੂ ਦਾ ਜਾਂ ਕਿਸੇ ਹੋਰ ਸ਼ਹਿਰ ਦਾ ਪਰ ਇਨ੍ਹਾਂ ਦੀ ਵਰਤੋਂ ਕਰਨ ਵਾਲੇ ਇੱਕਾ-ਦੁੱਕਾ ਹੀ ਹੁੰਦੇ ਹਨ। ਜੇ ਖੁਸ਼ਾਮਦ ਕਰਵਾਉਣ ਵਾਲੇ ਦੇ ਘਰ ਨਿੱਕੀਆਂ ਨਿੱਕੀਆਂ ਲੜਕੀਆਂ ਹੋਣ ਤਾਂ ਉਹ ਜੈਪੁਰ ਦੀਆਂ ਚੂੜੀਆਂ ਲਿਆਉਣਾ ਨਹੀਂ ਭੁਲਦਾ, ਹੁਣ ਤਾਂ ਵੱਡੀਆਂ ਵੱਡੀਆਂ ਵੀ ਨਿੱਕੀਆਂ ਨਿੱਕੀਆਂ ਬਣ ਕੇ ਰਹਿਣਾ ਚਾਹੁੰਦੀਆਂ ਹਨ, ਦਿਲ ਦੇ ਸ਼ੌਕ ਨਾਲ ਸਰੀਰ ਦੇ ਬੁਢਾਪੇ ਨੂੰ ਢੱਕਣਾ ਚਾਹੁੰਦੀਆਂ ਹਨ, ਮੈਂ ਇੱਕ ਬੁੱਢੇ ਨੂੰ ਜਾਣਦਾ ਹਾਂ ਜਿਹੜਾ ਕਾਲੀ ਛੱਤਰੀ ਦੀ ਥਾਂ ਸਤਰੰਗੀ ਛੱਤਰੀ ਲੈ ਕੇ ਨਿਕਲਦਾ ਹੈ। ਉਸ ਵੇਲੇ ਇਉਂ ਲੱਗਦਾ ਹੈ ਕਿ ਰੰਗਾਂ ਦੀ ਬਹਾਰ ਫੁੱਲਾਂ ਤੋਂ ਉਡ ਕੇ ਉਸ ਦੀ ਛੱਤਰੀ ਤੇ ਉੱਤਰ ਰਹੀ ਹੈ।

ਇਹ ਸਾਧਨ ਵਾਲਾ ਖੁਸ਼ਾਮਦੀ ਹੈ ਪਰ ਇੱਕ ਹੋਰ ਸਾਧਨਾ ਵਾਲਾ ਵੀ ਹੁੰਦਾ ਹੈ, ਉਸ ਵਿਚਾਰੇ ਦੇ ਕੋਲ ਨਾ ਤਾਂ ਬਾਹਰ ਜਾਣ ਲਈ ਕੋਈ ਸਾਧਨ ਹੈ ਤੇ ਨਾ ਹੀ ਤੋਹਫ਼ੇ ਮੁੱਲ ਲੈਣ ਲਈ ਪੈਸਾ । ਉਸ ਨੂੰ ਤਾਂ ਕੇਵਲ ਮਿਹਨਤ ਨਾਲ ਹੀ ਕੰਮ ਕੱਢਣਾ ਪੈਂਦਾ ਹੈ, ਵੱਡੇ ਆਦਮੀ ਦੇ ਪਰਿਵਾਰ ਦਾ ਅੰਗ ਬਣਨਾ ਪੈਂਦਾ ਹੈ, ਉਨ੍ਹਾਂ ਨਾਲ ਭਤੀਜੇ-ਭਾਣਜੇ ਦਾ ਰਿਸ਼ਤਾ ਜੋੜਨਾ ਪੈਂਦਾ ਹੈ । ਉਹ ਚੁੱਪ-ਚਪੀਤੇ ਸੇਵਾ ਕਰਨਾ ਜਾਣਦਾ ਹੈ । ਉਹ ਸਟੇਸ਼ਨ ਜਾਂ ਬੱਸ ਸਟੈਂਡ ਤੇ ਲੈਣ-ਛੱਡਣ ਜਾ ਸਕਦਾ ਹੈ, ਬਿਸਤਰਾ ਬੰਨ੍ਹ ਸਕਦਾ ਹੈ, ਘਰ ਜਾਂ ਦਫ਼ਤਰ ਰੋਜ਼ ਹਾਜ਼ਰੀ ਲਵਾ ਸਕਦਾ ਹੈ। ਬੀਮਾਰ ਨਾ ਵੀ ਪੈਣ ਤੇ ਹਾਲ ਚਾਲ ਪੁੱਛ ਸਕਦਾ ਹੈ, ਬਿਨਾਂ ਮਿਲੇ ਉਦਾਸ ਹੋ ਸਕਦਾ ਹੈ ਅਤੇ ਮਿਲਣ ਦਾ ਬਹਾਨਾ ਬਣਾ ਸਕਦਾ ਹੈ । ਆਪਣੇ ਤੋਂ ਵੱਡੇ ਜੇ ਹੱਸਣ ਤਾਂ ਬਿਨਾਂ ਸਮਝੇ ਵੀ ਉਸ ਨੂੰ ਹੱਸਣਾ ਪੈਂਦਾ ਹੈ। ਕਦੇ ਕਦੇ ਮੌਕਾ ਪੈਣ ਤੇ ਉਸ ਨੂੰ ਅੱਖਾਂ ਵੀ ਗਿੱਲੀਆਂ ਕਰਨੀਆਂ ਪੈਂਦੀਆਂ ਹਨ। ਅੱਜ ਰਾਸ਼ਨ ਦੇ ਜ਼ਮਾਨੇ ਵਿਚ ਚੀਨੀ, ਤੇਲ, ਚੌਲ ਆਦਿ ਕੱਠਾ ਕਰਨ ਵਿਚ ਉਸ ਨੂੰ ਹੁਸ਼ਿਆਰ ਹੋਣਾ ਪੈਂਦਾ ਹੈ । ਉਹ ਇਹ ਨਹੀਂ ਚਾਹੁੰਦਾ ਕਿ ਇਨ੍ਹਾਂ ਕੰਮਾਂ ਵਿਚ ਉਸ ਦਾ ਰਕੀਬ ਹੱਥ ਪਾਵੇ ਨਹੀਂ ਤਾਂ ਉਸ ਦੀ ਖੁਸ਼ਾਮਦ ਨੂੰ ਖ਼ਤਰਾ ਹੈ । ਆਪਣੇ ਰਕੀਬ ਤੋਂ ਉਹ ਜਲਦਾ ਹੈ । ਜੇ ਕਿਸੇ ਤਰ੍ਹਾਂ ਉਸ ਕੋਲ ਚਾਰ ਪੈਸੇ ਜਮ੍ਹਾਂ ਹੋ ਜਾਣ ਤਾਂ ਉਹ ਸ਼ਬਰੀ ਦੇ ਬੇਰ ਲਿਆਉਣਾ ਨਹੀਂ ਭੁਲਦਾ । ਇਸ ਤਰ੍ਹਾਂ ਉਹ ਸਾਧਨ ਵਾਲੇ ਖੁਸ਼ਾਮਦੀ ਦਾ ਮੁਕਾਬਲਾ ਕਰਨਾ ਚਾਹੁੰਦਾ ਹੈ । ਜੇ ਉਹ ਸ਼ਹਿਰੋਂ ਬਾਹਰ ਹੈ ਤਾਂ ਚਿੱਠੀ ਰਾਹੀਂ ਇਹ ਕੰਮ ਚੱਲ ਜਾਂਦਾ ਹੈ । ਇਕ ਸੰਪਾਦਕ ਦੱਸ ਰਹੇ ਸਨ ਕਿ ਆਪਣਾ ਕੰਮ ਸੰਭਾਲਣ ਤੋਂ ਪਹਿਲਾਂ ਹੀ ਸਾਧਨਹੀਨ

ਖੁਸ਼ਾਮਦੀਆਂ ਨੇ ਇਹ ਲਿਖਣਾ ਸ਼ੁਰੂ ਕਰ ਦਿਤਾ ਕਿ ਪੱਤ੍ਰਿਕਾ ਦਾ ਮਿਆਰ ਉਨ੍ਹਾਂ ਦੇ ਆਉਣ ਨਾਲ ਕਾਫ਼ੀ ਉੱਚਾ ਹੋ ਗਿਆ ਹੈ ਅਤੇ ਸੰਪਾਦਕ ਨੇ ਵੀ ਇਨ੍ਹਾਂ ਹੋਣਹਾਰ ਲੇਖਕਾਂ ਦੀ ਸੂਚੀ ਤਿਆਰ ਕਰਵਾ ਲਈ ਸੀ । ਖੁਸ਼ਾਮਦ ਕਰਨ ਦਾ ਸ਼ੌਕ ਖੁਸ਼ਾਮਦ ਕਰਵਾਉਣ ਤੋਂ ਘੱਟ ਨਹੀਂ ਹੁੰਦਾ । ਮੇਰੇ ਇੱਕ ਮਿੱਤਰ (ਦੋਸਤ ਨਹੀਂ) ਆਪਣੇ ਪੈਰਾਂ ਨੂੰ ਹੱਥ ਲਗਵਾਉਣ ਤੱਕ ਚਰਣ-ਵੰਦਨਾ ਨੂੰ ਸੀਮਤ ਰੱਖਣਾ ਚਾਹੁੰਦੇ ਹਨ। ਉਹ ਵੰਦਨਾ ਕਰਨ ਵਾਲੇ ਨੂੰ ਆਉਂਦੇ ਵੇਖ ਕੇ ਆਪਣੇ ਆਪ ਆਪਣੇ ਪੈਰ ਅੱਗੇ ਕਰ ਦਿੰਦੇ ਹਨ ਤਾਂ ਜੋ ਉਸ ਨੂੰ ਬਹੁਤਾ ਝੁਕਣ ਵਿਚ ਤਕਲੀਫ਼ ਨਾ ਹੋਵੇ । ਇੱਕ ਦੋਸਤ ਹਨ ਜਿਹੜੇ ਭਰੇ ਦਰਬਾਰ ਵਿਚ ਖੁਸ਼ਾਮਦ ਕਰਵਾਉਣਾ ਇਸ ਲਈ ਚਾਹੁੰਦੇ ਹਨ ਕਿ 'ਕੱਲੇ ਹੋਣ ਤਾਂ ਖੁਸ਼ਾਮਦ ਫਿੱਕੀ ਲੱਗਦੀ ਹੈ। ਖੁਸ਼ਾਮਦ ਕਰਨ ਲਈ ਲਤੀਫ਼ੇ ਸੁਨਾਉਣੇ ਪੈਂਦੇ ਹਨ, ਕਹਾਣੀਆਂ ਘੜਨੀਆਂ ਪੈਂਦੀਆਂ ਹਨ, ਤੇ ਕੰਨ ਵਿਚ ਕਦੇ ਕਦੇ ਚੁਗਲੀ ਵੀ ਕਰਨੀ ਪੈਂਦੀ ਹੈ । ਇਨ੍ਹਾਂ ਦਾ ਵਿਸ਼ਵਾਸ ਤੋਹਫ਼ਾ ਲੈਣ ਵਿਚ ਘੱਟ ਹੈ, ਤਾਰੀਫ਼ ਕਰਵਾਉਣ ਵਿਚ ਬਹੁਤਾ, ਤੋਹਫ਼ਾ ਖੁਸ਼ਾਮਦ ਦਾ ਠੋਸ ਰੂਪ ਹੈ ਅਤੇ ਤਾਰੀਫ਼ ਸਰਲ । ਇਸ ਦੌੜ ਵਿਚ ਸਾਧਨਾ ਕਰਨ ਵਾਲਾ ਸਾਧਨ ਵਾਲੇ ਤੋਂ ਜਿੱਤ ਵੀ ਸਕਦਾ ਹੈ । ਜੇ ਤੋਹਫ਼ਾ ਭੁੱਲ ਭੁਲੇਖੇ ਕਦੇ ਆ ਜਾਂਦਾ ਹੈ ਤਾਂ ਇਸ ਨੂੰ ਵਾਪਸ ਕਰਨਾ ਸ਼ਰਾਫ਼ਤ ਦਾ ਵਿਰੋਧ ਹੈ ।

ਇਕ ਗੱਲ ਨਿਸ਼ਚਿਤ ਹੈ ਕਿ ਖੁਸ਼ਾਮਦ ਕਦੇ ਵੀ ਨਿਸ਼ਕਾਮ ਨਹੀਂ ਹੁੰਦੀ, ਚਾਹੇ ਉਸ ਨੂੰ ਕਿੰਨਾ ਵੀ ਕਲਾਤਮਕ ਰੂਪ ਕਿਉਂ ਨਾ ਦਿੱਤਾ ਜਾਵੇ । ਇਹ ਕਦੇ ਸਿਫ਼ਾਰਸ਼ੀ ਚਿੱਠੀ ਲਿਖਾਉਣ ਲਈ ਹੈ ਤਾਂ ਕਦੇ ਨੌਕਰੀ ਪ੍ਰਾਪਤ ਕਰਨ ਲਈ, ਕਦੇ ਉੱਨਤੀ ਲੈਣ ਲਈ ਤਾਂ ਕਦੇ ਆਪਣੀ ਰਚਨਾ ਛਪਵਾਉਣ ਲਈ, ਕਦੇ ਏਜੰਸੀ ਹਾਸਲ ਕਰਨ ਲਈ ਤਾਂ ਕਦੇ ਠੇਕਾ, ਕਦੇ ਇਸ਼ਕ ਵਿਚ ਕਾਮਯਾਬ ਹੋਣ ਲਈ ਤਾਂ ਕਦੇ ਪਰੀਖਿਆ ਵਿਚ, ਕਦੇ ਕਿਸੇ ਦੀਆਂ ਅੱਖਾਂ ਵਿਚ ਵਸਣ ਲਈ ਤੇ ਕਦੇ ਕਿਸੇ ਨੂੰ ਆਪਣੀਆਂ ਅੱਖਾਂ ਵਿਚ ਵਸਾਉਣ ਲਈ । ਇੱਕ ਪਤੀ ਨੂੰ ਮੈਂ ਰਾਤ ਦੇ ਦਸ ਵਜੇ ਬਾਜ਼ਾਰ 'ਚੋਂ ਬਰਫ਼ੀ ਲੈਂਦੇ ਪਕੜਿਆ ਤਾਂ ਉਹ ਕਹਿਣ ਲੱਗਾ ਦੇਰ ਕਰਕੇ ਜੇ ਘਰ ਪਹੁੰਚਿਆ ਤਾਂ ਜਦੋਂ ਪਤਨੀ ਦਰਵਾਜ਼ਾ ਖੋਲ੍ਹਦੀ ਹੈ ਤਾਂ ਇਕ ਲਿਫ਼ਾਫ਼ਾ ਖੁਸ਼ਾਮਦ ਦੇ ਤੌਰ ਤੇ ਉਸ ਦੇ ਹੱਥ ਵਿਚ ਦੇਣ ਨਾਲ ਉਸ ਦਾ ਤਾਪਮਾਨ ਰਤਾ ਘੱਟ ਹੋ ਜਾਂਦਾ ਹੈ । ਇਹ ਉਨ੍ਹਾਂ ਸਾਰੇ ਪਤੀਆਂ ਨੂੰ ਕਰਨਾ ਪੈਂਦਾ ਹੈ ਜਿਹੜੇ ਸੁਭਾਅ ਦੇ ਘੁਮੱਕੜ ਅਤੇ ਘਰ ਦੇਰ ਨਾਲ ਪਹੁੰਚਦੇ ਹਨ, ਘਰ ਵਿਚ ਸੰਗਤ ਘੱਟ, ਬਾਹਰ ਵੱਧ ਕਰਦੇ ਹਨ ।

ਮੈਂ ਖੁਸ਼ਾਮਦ ਦੇ ਬਾਰੇ ਵਿਚ ਗੱਲਾਂ ਇਸ ਕਰਕੇ ਕਰ ਰਿਹਾ ਹਾਂ ਕਿ ਇਸ ਵਿਚ ਸਮੇਂ ਅਤੇ ਤਜਰਬੇ ਦੋਨਾਂ ਦਾ ਸੱਚ ਹੈ। ਖੁਸ਼ਾਮਦ ਕਰਨ ਦਾ ਮੇਰਾ ਤਰੀਕਾ ਬੜਾ ਬਾਰੀਕ ਅਤੇ ਮਹੀਨ ਰਿਹਾ ਹੈ, ਆਪਣੇ ਮਤਲਬ ਦਾ ਮੈਂ ਕਦੇ ਪਤਾ ਹੀ ਨਹੀਂ ਲੱਗਣ ਦਿਤਾ । ਆਪਣੇ

ਸੁਭਾਅ ਨੂੰ ਮੈਂ ਖੁਸ਼ਾਮਦ ਕਰਵਾਉਣ ਵਾਲੇ ਦੇ ਅਨੁਕੂਲ ਢਾਲਣ ਦੀ ਕੋਸ਼ਿਸ਼ ਕੀਤੀ ਹੈ । ਜੇ ਉਹ ਇਸ ਤੇ ਵੀ ਖੁਸ਼ ਨਹੀਂ ਹੋਇਆ ਤਾਂ ਉਸ ਨੂੰ ਗਾਲ੍ਹਾਂ ਵੀ ਕੱਢੀਆਂ ਹਨ ਜਿਹੜੀਆਂ ਉਸ ਨੂੰ ਪਹੁੰਚੀਆਂ ਵੀ ਹਨ । ਉਸ ਦੇ ਪਰਿਵਾਰ ਦਾ ਅਟੁੱਟਵਾਂ ਅੰਗ ਵੀ ਬਣਨ ਦੀ ਕੋਸ਼ਿਸ਼ ਕੀਤੀ ਹੈ ਅਤੇ ਪਰਿਵਾਰ ਨਾ ਹੋਣ ਕਰਕੇ ਉਸ ਦੇ ਜੀਵਨ ਦਾ ਸਾਥੀ ਜ਼ਰੂਰ ਬਣਿਆ ਹਾਂ । ਇਸ ਤਰ੍ਹਾਂ ਖੁਸ਼ਾਮਦ ਕਰਨ ਵਿਚ ਮੇਰੀ ਨਾ ਕਿਸੇ ਨਾਲ ਦੋਸਤੀ ਤੇ ਨਾ ਹੀ ਦੁਸ਼ਮਣੀ ਰਹੀ ਹੈ। ਮੇਰਾ ਪਵਿੱਤਰ ਸਬੰਧ ਸ਼ੁੱਧ ਸਵਾਰਥ ਨਾਲ ਰਿਹਾ ਹੈ । ਇਕ ਕਵੀ ਦੇ ਸ਼ਬਦਾਂ ਵਿਚ ਖੁਸ਼ਾਮਦ ਨਾਲ ਤਰੱਕੀ ਦੇ ਸਾਰੇ ਰਸਤੇ ਤਾਂ ਖੁੱਲ੍ਹ ਜਾਂਦੇ ਹਨ ਪਰ ਤਰੱਕੀ ਤੋਂ ਸਿਵਾ ਬਾਕੀ ਸਾਰੇ ਬੰਦ ਹੋ ਜਾਂਦੇ ਹਨ । ਇਸ ਲਈ ਮੈਂ ਖੁਸ਼ਾਮਦ ਕਰਵਾਉਣਾ ਨਹੀਂ ਚਾਹੁੰਦਾ । ਇੱਕ ਤਾਂ ਮੇਰੇ ਵਾਂਗ ਇਹ ਕਿਸੇ ਨੂੰ ਕਰਨੀ ਨਹੀਂ ਆਉਂਦੀ । ਮੋਟੇ ਠੁੱਲੇ ਢੰਗ ਨਾਲ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਿਸ ਨੂੰ ਮੈਂ ਚਾਪਲੂਸੀ ਕਹਿੰਦਾ ਹਾਂ । ਚੱਟਖੋਰੀ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ ਅਤੇ ਦੂਜੀ ਗੱਲ ਇਹ ਕਿ ਆਪਣੇ ਵਾਂਗ ਮੈਂ ਹੋਰਨਾਂ ਦੇ ਤਰੱਕੀ ਤੋਂ ਸਿਵਾ ਬਾਕੀ ਰਸਤੇ ਬੰਦ ਨਹੀਂ ਕਰਵਾਉਣੇ ਚਾਹੁੰਦਾ । ਜੇ ਉੱਨਤੀ ਵਿਚ ਹੀ ਬਾਕੀ ਦੇ ਸਾਰੇ ਰਸਤੇ ਲੁੱਕੇ ਹੋਏ ਹਨ ਤਾਂ ਗੱਲ ਅੱਡ ਹੈ। ਖੁਸ਼ਾਮਦ ਸਬੰਧੀ ਇਹ ਮੇਰੀ ਕਹਾਣੀ ਹੈ, ਇਸ ਵਿਚ ਤਜਰਬੇ ਦੀ ਸੱਚਾਈ ਵੀ ਹੈ ਅਤੇ ਸਮੇਂ ਦੀ ਵੀ, ਪਰ ਤਜਰਬੇ ਦੀ ਪ੍ਰਮਾਣਿਕਤਾ ਅਤੇ ਸਮੇਂ ਦੇ ਪ੍ਰਸੰਗ ਦੀ ਗ਼ੈਰਹਾਜ਼ਰੀ ਦੇ ਕਾਰਣ ਇਹ ਕਹਾਣੀ ਬਣਨ ਤੋਂ ਰਹਿ ਗਈ ਹੈ ।

********

# ਕਾਸ਼, ਮੈਨੂੰ ਵੀ ਆਉਂਦਾ

ਵੱਡੇ ਜਾਂ ਵੱਡਾ ਬਣਨ ਦੀ ਹਸਰਤ ਰੱਖਣ ਵਾਲੇ ਆਦਮੀ ਵਾਂਗ ਮਨ ਤਾਂ ਮੇਰਾ ਵੀ ਕਦੇ ਕਦੇ ਕਰਦਾ ਹੈ ਕਿ ਹਰ ਵੇਲੇ ਟਪਕਣ ਵਾਲਿਆਂ ਨੂੰ ਮਿਲਣ ਤੋਂ ਇਨਕਾਰ ਕਰਦਿਆਂ, ਪਰ ਇਨਕਾਰ ਤੋਂ ਪਹਿਲਾਂ ਹੀ ਮੈਨੂੰ ਮਿਲਣਾ ਪੈਂਦਾ ਹੈ ਅਤੇ ਇਕ ਵਾਰ ਜਦੋਂ ਆਮ੍ਹਣਾ-ਸਾਮ੍ਹਣਾ ਹੋ ਜਾਵੇ ਤਾਂ ਦਿਲ ਦੀਆਂ ਦਿਲ ਵਿਚ ਹੀ ਰਹਿ ਜਾਂਦੀਆਂ ਹਨ। ਮੇਰੀ ਰਾਤ ਦੀ ਨੀਂਦ ਇੰਨੀ ਪੱਕੀ ਨਹੀਂ ਹੁੰਦੀ ਜਿੰਨੀ ਦੁਪਹਿਰ ਤੋਂ ਬਾਅਦ ਦੀ। ਇਹ ਇਸ ਕਰਕੇ ਨਹੀਂ ਕਿ ਗੀਤਾ ਦੇ ਅਨੁਸਾਰ ਇੱਕ ਯੋਗੀ ਵਾਂਗ ਮੈਂ ਦਿਨ ਨੂੰ ਸੌਂਦਾ ਹਾਂ ਤੇ ਰਾਤ ਨੂੰ ਜਾਗਦਾ ਹਾਂ। ਇਹ ਆਦਤ ਸ਼ਾਇਦ ਇਸ ਲਈ ਪੈ ਚੁੱਕੀ ਹੈ ਕਿ 'ਕੱਲਾ ਹੋਣ ਕਰ ਕੇ ਰਾਤ ਦਾ ਡਰ ਰਗਾਂ ਵਿਚ ਰਚ ਗਿਆ ਹੈ ਜਾਂ ਸ਼ਾਇਦ ਇਸ ਕਰਕੇ ਕਿ ਦਿਨ ਦੇ ਖ਼ਾਲ੍ਹੀਪਨ ਵਿਚ ਸੋਚਣ ਦੀ ਬਜਾਏ ਸੌਣਾ ਚੰਗਾ ਸਮਝਦਾ ਹਾਂ। ਮੇਰੇ ਕੋਲ ਨਾ ਤਾਂ ਮਹਾਤਮਾ ਗਾਂਧੀ ਦੀ ਮੀਰਾ ਭੈਣ ਹੈ ਜਿਹੜੀ ਮੇਰੇ ਸੌਣ ਵੇਲੇ ਪਹਿਰਾ ਦੇ ਸਕੇ। ਉਹ ਇਨਕਾਰ ਕਰਨਾ ਜਾਣਦੀ ਸੀ। ਨਾ ਹੀ ਮੇਰੇ ਕੋਲ ਪਰਿਵਾਰ ਹੈ ਜਿਹੜਾ ਕਹਿ ਸਕੇ 'ਬਾਊ ਜੀ ਸੋ 'ਰਹੇ ਹਨ'। ਜੇ ਨੌਕਰ ਹੈ ਤਾਂ ਉਹ ਛੋਟਾ ਯੋਗੀ ਹੈ ਜਿਹੜਾ ਦਿਨ ਨੂੰ ਵੀ ਘੋੜੇ ਵੇਚ ਕੇ ਸੌਂਦਾ ਹੈ। ਦਰਬਾਨ ਰੱਖਣ ਲਈ ਮੇਰੇ ਕੋਲ ਸਾਧਨ ਹੀ ਨਹੀਂ ਹੈ। ਇਸ ਲਈ ਜਾਣੂੰ ਜਾਂ ਅਣਜਾਣੂੰ ਕਦੇ ਘੰਟੀ ਵਜਾ ਕੇ ਅਤੇ ਕਦੇ ਬਿਨਾਂ ਹੀ ਘੰਟੀ ਤੋਂ ਸਿੱਧਾ ਅੰਦਰ ਆ ਵੜਦਾ ਹੈ ਅਤੇ ਇੰਨਾ ਕਹਿ ਕੇ ਬੜੇ ਆਰਾਮ ਨਾਲ ਬਹਿ ਜਾਂਦਾ ਹੈ—ਤੁਸੀਂ ਦਿਨ ਨੂੰ ਵੀ ਸੌਂਦੇ ਹੋ ! ਜੇ ਮੇਰੇ ਮੂੰਹ ਵਿੱਚੋਂ ਨਿਕਲ ਜਾਵੇ ਕਿ ਰਾਤ ਨੂੰ ਨੀਂਦ ਘੱਟ ਆਉਂਦੀ ਹੈ ਤਾਂ ਦੋ ਚਾਰ ਡਾਕਟਰਾਂ ਦੇ ਨਾਂ ਲੈ ਦਿੰਦਾ ਹੈ। ਬਸ ਹੁਣ ਤਾਂ ਉਹ ਜੰਮ ਜਾਂਦਾ ਹੈ ਅਤੇ ਗੱਲਾਂ ਗੱਲਾਂ ਵਿਚ ਅਜਿਹਾ ਵਹਿਮ ਜਿਹਾ ਪੈਦਾ ਕਰਕੇ ਚਲਿਆ ਜਾਂਦਾ ਹੈ ਕਿ ਉਹ ਮੈਨੂੰ ਮਿਲਣ ਆਇਆ ਸੀ। ਪਰ ਉਸ ਦੇ ਜਾਣ ਮਗਰੋਂ ਜਦੋਂ ਉਬਾਸੀਆਂ ਘੇਰਾ ਪਾਉਂਦੀਆਂ ਹਨ ਤਾਂ ਮੈਂ ਫ਼ੈਸਲਾ ਨਹੀਂ ਕਰ ਸਕਦਾ ਕਿ ਨੀਂਦ ਚੰਗੀ ਹੈ ਜਾਂ ਵੱਡਾ ਆਦਮੀ ਬਣਨਾ। ਇੱਕ ਹੋਰ ਸੱਜਣ ਜਦੋਂ ਦਰਸ਼ਨ ਕਰਨ ਲਈ ਪਧਾਰਦੇ ਹਨ ਤਾਂ ਇਉਂ ਮਹਿਸੂਸ ਹੋਣ ਲੱਗਦਾ ਹੈ ਕਿ ਮੇਰੇ ਵਿਚ ਵੀ ਵੱਡਾ ਆਦਮੀ ਬਣਨ ਦੇ ਬੀਜ ਜ਼ਰੂਰ ਹਨ, ਪਰ ਜਦੋਂ ਦਰਸ਼ਨ ਕਰਨ ਤੋਂ ਬਾਅਦ ਉਹ ਇੱਕ-ਦੋ ਕੰਮ ਕਰਵਾਉਣ ਲਈ ਆਪਣੇ ਅਸਲੀ ਰੂਪ ਵਿਚ ਜ਼ਹਿਰ ਹੁੰਦੇ ਹਨ ਤਾਂ ਪਤਾ ਲੱਗ ਜਾਂਦਾ ਹੈ ਕਿ ਬੀਜ ਅੰਦਰੋਂ ਥੋਥੇ ਹਨ। ਇਨ੍ਹਾਂ ਦੇ ਫੁੱਟਣ ਦੀ ਸੰਭਾਵਨਾ ਘੱਟ ਹੈ, ਗਲ-ਸੜ ਜਾਣ ਦੀ ਜ਼ਿਆਦਾ। ਇਨਕਾਰ ਕਰਨ ਦੀ ਕਲਾ ਤਾਂ ਵੱਡਾ ਆਦਮੀ ਹੀ ਜਾਣਦਾ ਹੈ, ਮੈਂ ਤਾਂ ਨਿੱਕਾ

ਆਦਮੀ ਹੋਣ ਕਰਕੇ ਜ਼ਮੀਨ 'ਤੇ ਹੀ ਜੀਣਾ ਅਤੇ ਮਰਨਾ ਹੈ । ਮੇਰੇ ਇਕ ਬੜੇ ਪਿਆਰੇ ਮਿੱਤਰ ਨੂੰ ਇਹ ਸ਼ਿਕਾਇਤ ਹੈ ਕਿ ਲੋਕੀਂ ਜਦੋਂ ਮਿਲਣ ਆਉਂਦੇ ਹਨ ਤਾਂ ਜਾਣ ਦਾ ਨਾਂ ਹੀ ਨਹੀਂ ਲੈਂਦੇ। ਇਕ ਵਾਰ ਇਕ ਮਿੱਤਰ ਆਪਣੇ ਪਰਿਵਾਰ ਸਮੇਤ ਇਨ੍ਹਾਂ ਨੂੰ ਮਿਲਣ ਆਏ । ਜਦੋਂ ਕਿਸੇ ਤਰ੍ਹਾਂ ਉਨ੍ਹਾਂ ਨੂੰ ਇਸ ਗੱਲ ਬਾਰੇ ਇਸ਼ਾਰਾ ਕੀਤਾ ਗਿਆ ਤਾਂ ਉਨ੍ਹਾਂ ਕੇਵਲ ਇਹ ਕਹਿਣਾ ਹੀ ਕਾਫ਼ੀ ਸਮਝਿਆ--"ਇਹ ਹੋਰ ਲੋਕਾਂ ਬਾਰੇ ਕਿਹਾ ਗਿਆ ਹੋਵੇਗਾ, ਮੇਰੇ ਬਾਰੇ ਤਾਂ ਇਹ ਸੱਚ ਨਹੀਂ ਹੈ"। ਇੰਨਾ ਕਹਿ ਕੇ ਉਹ ਆਪਣੀ ਗੱਲਾਂ ਵਿਚ ਇਨ੍ਹਾਂ ਰੁਲ ਗਿਆ ਕਿ ਉਸ ਨੂੰ ਵਕਤ ਦਾ ਕੋਈ ਧਿਆਨ ਨਹੀਂ ਰਿਹਾ। ਮੇਰੇ ਪਿਆਰੇ ਮਿੱਤਰ ਮੇਰੇ ਵਾਂਗ ਇਨਕਾਰ ਕਰਨ ਦੀ ਕਲਾ ਸਿਖ ਨਹੀਂ ਸਕੇ ਵੱਡੇ ਆਦਮੀ ਦਾ ਹੌਸਲਾ ਉਹ ਨਾ ਕਰ ਸਕੇ । ਇੱਕ ਹੋਰ ਹਨ ਜਿਨ੍ਹਾਂ ਦੀ ਪਤਨੀ ਆਉਣ ਵਾਲਿਆਂ ਨੂੰ ਇਹ ਕਹਿ ਕੇ ਟਾਲ ਦਿੰਦੀ ਹੈ ਕਿ ਉਹ ਦੁਪਹਿਰੋਂ ਬਾਅਦ ਦੋ ਵਜੇ ਮਿਲ ਸਕਦੇ ਹਨ । ਜੇ ਇਨ੍ਹਾਂ ਦੇ ਦੋਸਤ ਇਨ੍ਹਾਂ ਨਾਲ ਸਹਿਜੇ ਸਹਿਜੇ ਨਾਰਾਜ਼ ਹੋ ਰਹੇ ਹਨ ਤਾਂ ਕਸੂਰ ਇਨ੍ਹਾਂ ਦੇ ਦੋਸਤਾਂ ਦਾ ਹੈ । ਇਹ ਹੈ ਵੱਡੇ ਆਦਮੀ ਦਾ ਦ੍ਰਿਸ਼ਟੀਕੋਣ । ਉਸ ਦੀ ਜ਼ਿੰਦਗੀ ਬਹੁਤ ਕੀਮਤੀ ਹੁੰਦੀ ਹੈ । ਉਸ ਨੇ ਸੰਸਾਰ ਨੂੰ ਕੁਝ ਦੇਣਾ ਹੁੰਦਾ ਹੈ, ਇਸੇ ਲਈ ਉਸ ਦਾ ਜਨਮ ਹੋਇਆ ਹੈ । ਜੇ ਇਨਕਾਰ ਕਰਨ ਦੀ ਕਲਾ ਉਹ ਨਾ ਸਿਖਦੇ ਤਾਂ ਉਹ ਨਿੱਕੇ ਆਦਮੀਆਂ ਦੀ ਭੀੜ ਵਿਚ ਰੁੱਲ ਜਾਂਦੇ ।

ਇਕ ਹੋਰ ਵਰਗ ਵੀ ਹੈ ਜਿਸ ਨਾਲ ਮੇਰਾ ਵਾਹ ਪੈਂਦਾ ਹੈ, ਇਹ ਵਰਗ ਹੈ ਉਧਾਰ ਮੰਗਣ ਵਾਲਿਆਂ ਦਾ---ਕਦੇ ਪੈਸਾ, ਕਦੇ ਪੁਸਤਕ, ਕਦੇ ਰੇਡੀਓ, ਕਦੇ ਗੱਡੀ, ਕਦੇ ਟਾਈਪ ਦੀ ਮਸ਼ੀਨ ਤਾਂ ਕਦੇ ਘਾਹ ਕੱਟਣ ਵਾਲੀ ਮਸ਼ੀਨ, ਕਦੇ ਪੈੱਨ ਤਾਂ ਕਦੇ ਨੌਕਰ--ਹਰ ਚੀਜ਼ ਜਿਹੜੀ ਮੇਰੇ ਕੋਲ ਹੈ ਤੇ ਜਿਸ ਦੀ ਸੂਚੀ ਉਨ੍ਹਾਂ ਬਣਾਈ ਹੋਈ ਹੈ । ਇੱਕ ਸ਼ਲੋਕ ਸਕੂਲ ਵਿਚ ਪੜ੍ਹਿਆ ਸੀ ਜਿਸ ਦਾ ਅਰਥ ਸੀ ਕਿ ਕਿਤਾਬ, ਕਲਮ ਅਤੇ ਪਤਨੀ ਕਦੇ ਉਧਾਰ ਨਹੀਂ ਦੇਣੇ ਚਾਹੀਦੇ । ਇਨ੍ਹਾਂ ਦੇ ਵਾਪਿਸ ਆਉਣ ਦੀ ਆਸ ਬਹੁਤ ਘੱਟ ਹੁੰਦੀ ਹੈ । ਜੇ ਮੈਂ ਸ਼ਲੋਕ ਘੜ ਸਕਦਾ ਹੁੰਦਾ ਤਾਂ ਮੈਂ ਅਨੇਕਾਂ ਚੀਜ਼ਾਂ ਗਣਾ ਦਿੰਦਾ ਜਿਨ੍ਹਾਂ ਦੀ ਵਾਪਸੀ ਦੀ ਕਦੇ ਆਸ ਨਹੀਂ ਕੀਤੀ ਜਾ ਸਕਦੀ, ਜੇ ਕੀਤੀ ਜਾ ਸਕਦੀ ਹੈ ਤਾਂ ਕੇਵਲ ਖਸਤਾ ਹਾਲਤ ਵਿਚ । ਜਦੋਂ ਟਾਈਪ ਦੀ ਮਸ਼ੀਨ ਜਾਂ ਘਾਹ ਕੱਟਣ ਦੀ ਮਸ਼ੀਨ ਵਾਪਸ ਆਉਂਦੀ ਹੈ ਤਾਂ ਮਿਸਤਰੀ ਬੁਲਾਉਣਾ ਪੈਂਦਾ ਹੈ । ਉਧਾਰ ਦਾ ਪੈਸਾ ਜੇ ਵਾਪਸ ਆਉਂਦਾ ਹੈ ਤਾਂ ਅੱਧ-ਪਚੱਧਾ, ਜੇ ਕਿਤਾਬ ਵਾਪਸ ਆਉਂਦੀ ਹੈ। ਤਾਂ ਕੰਮ ਦੇ ਵਰਕੇ ਗਾਇਬ ਹੁੰਦੇ ਹਨ, ਜੇ ਨੌਕਰ ਕਿਸੇ ਦੇ ਵਿਆਹ ਵਿਚ ਕੰਮ ਕਰਕੇ ਵਾਪਸ ਆਉਂਦਾ ਹੈ ਤਾਂ ਆਉਂਦਾ ਹੀ ਮੰਜੀ ਮੱਲ ਲੈਂਦਾ ਹੈ । ਪਤਨੀ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ । ਇਸ ਦੇ ਬਾਰੇ ਤਾਂ ਉਹ ਦੱਸ ਸਕਦੇ ਹਨ ਜਿਨ੍ਹਾਂ ਕੋਲ ਉਹ ਹੈ। ਇਕ ਵਾਰ ਮੇਰੇ ਜਿਗਰੀ ਦੋਸਤ ਨੇ ਨਵੀਂ ਗੱਡੀ ਕੁਝ ਸਮੇਂ ਲਈ ਮੰਗੀ । ਜਦੋਂ ਵਾਪਸ ਆਈ ਤਾਂ ਮੈਂ ਪਹਿਚਾਨ

ਵੀ ਨਾ ਸਕਿਆ । ਇਉਂ ਲੱਗਾ ਜਿਵੇਂ ਕੰਵਾਰੀ ਕੁੜੀ ਕੋਠੇ ਤੋਂ ਆਈ ਹੋਵੇ । ਉਸ ਦਾ ਰੰਗ ਰੂਪ ਤਿੰਨਾਂ ਦਿਨਾਂ ਵਿਚ ਹੀ ਵਿਗੜ ਗਿਆ ਸੀ। ਉਸ ਵੇਲੇ ਮੈਂ ਮਹਿਸੂਸ ਕੀਤਾ-ਕਾਸ਼ ਮੈਨੂੰ ਵੀ ਆਉਂਦਾ—-।

ਇਨ੍ਹਾਂ ਬੰਦਿਆਂ ਤੋਂ ਇਲਾਵਾ ਕਈ ਅਜਿਹੇ ਮੌਕੇ ਆਉਂਦੇ ਹਨ ਜਦੋਂ ਪਰੇਸ਼ਾਨੀ ਦਾ ਮੁਕਾਬਲਾ ਕਰਨਾ ਪੈਂਦਾ ਹੈ, ਇਨਕਾਰ ਕੀਤਾ ਹੀ ਨਹੀਂ ਜਾ ਸਕਦਾ । ਇਕ ਆਮ ਮੌਕਾ ਨੌਕਰੀ ਲਈ ਸਿਫ਼ਾਰਸ਼ੀ ਚਿੱਠੀ ਦਾ ਹੈ । ਜੇ ਚਿੱਠੀ ਦਿਓ ਤਾਂ ਇਸ ਵਿਚ ਜਾਨ ਨਹੀਂ ਹੁੰਦੀ, ਜੇ ਨਾ ਦਿਓ ਤਾਂ ਨਾਰਾਜ਼ਗੀ ਮੁੱਲ ਲਵੋ । ਮੇਰੇ ਇਕ ਮਿੱਤਰ ਹਰੇਕ ਨੂੰ ਸਿਫ਼ਾਰਸ਼ੀ ਚਿੱਠੀ ਦੇ ਕੇ ਆਪਣੀ ਜਾਨ ਛੁਡਾ ਲੈਂਦੇ ਹਨ ਪਰ ਨੌਕਰੀ ਦੇਣ ਵਾਲਿਆਂ ਨੂੰ ਵੀ ਇਸ਼ਾਰਾ ਕਰ ਦੇਂਦੇ ਹਨ ਕਿ ਚਿੱਠੀ ਦਾ ਮਤਲਬ ਕੁਝ ਨਹੀਂ ਹੈ । ਇਕ ਨੂੰ ਮੈਂ ਇਨਕਾਰ ਕਰਨ ਦੀ ਕਲਾ ਕਹਿੰਦਾ ਹਾਂ, ਜਿਹੜੀ ਮੈਂ ਸਿੱਖ ਨਹੀਂ ਸਕਿਆ। ਇਹ ਹੋਰ ਸੱਜਣ ਹਨ ਜਿਨ੍ਹਾਂ ਇਕ ਹੋਰ ਇਲਾਜ ਕੱਢਿਆ ਹੈ। ਉਹ ਇਹ ਕਹਿ ਕੇ ਟਾਲ ਦਿੰਦੇ ਹਨ ਕਿ ਸਿਫ਼ਾਰਸ਼ੀ ਚਿੱਠੀ ਨਾਲ ਕੰਮ ਨਹੀਂ ਬਣਦਾ, ਆਪ ਮਿਲ ਕੇ ਸਿਫਾਰਸ਼ ਕਰਨੀ ਪਵੇਗੀ । ਅੱਜਕਲ੍ਹ ਤਾਂ ਵਜ਼ੀਰਾਂ ਨੂੰ ਵੀ ਪਿੰਡ ਦੇ ਜਾਂ ਬਰਾਦਰੀ ਦੇ ਆਦਮੀ ਨੂੰ ਚਪੜਾਸੀ ਲਵਾਉਣ ਲਈ ਆਪੂੰ ਜਾ ਕੇ ਸਿਫ਼ਾਰਿਸ਼ ਕਰਨੀ ਪੈਂਦੀ ਹੈ। ਬਸ ਵੇਲਾ ਨਿਕਲਿਆ ਤਾਂ ਭੁੱਲ ਗਈ ਸਾਰੀ ਗੱਲ ਜਾ ਕੇ ਸਿਫਾਰਸ਼ ਕਰਨ ਦੀ । ਅਜਿਹੀ ਕਲਾ ਵਰਤ ਕੇ ਨਾ ਤਾਂ ਪਰੇਸ਼ਾਨੀ ਹੁੰਦੀ ਹੈ ਤੇ ਨਾ ਹੀ ਨਾਰਾਜ਼ਗੀ ਮੁੱਲ ਲੈਣੀ ਪੈਂਦੀ ਹੈ । ਮਾਇਆ ਅਤੇ ਰਕਮ ਦੋਨੋਂ ਹੀ ਮਿਲ ਜਾਂਦੇ ਹਨ । ਕੁਝ ਲੋਕ ਵਾਅਦਾ ਦੇਣ ਲਈ ਮਜ਼ਬੂਰ ਕਰਦੇ ਹਨ ਅਤੇ ਇਸ ਨੂੰ ਪੁਰਾਣੇ ਜ਼ਮਾਨੇ ਨਾਲ ਜੋੜ ਦਿੰਦੇ ਹਨ । ਉਹ ਇਹ ਭੁਲ ਜਾਂਦੇ ਹਨ ਕਿ ਰਘੂ ਕੁਲ ਦਾ ਯੁੱਗ ਬੀਤ ਚੁੱਕਾ ਹੈ । ਇਕ ਹੋਰ ਮੌਕਾ ਹੈ ਜਦੋਂ ਇਨਕਾਰ ਕਰਨ ਦੀ ਹਾਲਤ ਪੈਦਾ ਹੋ ਜਾਂਦੀ ਹੈ, ਉਹ ਹੈ ਦਾਨ ਦੇਣ ਦਾ ਮੌਕਾ । ਇਹ ਪਰੰਪਰਾ ਪੁਰਾਣੀ ਹੈ । ਅੱਜਕਲ੍ਹ ਤਾਂ ਇਸ ਨੂੰ ਲੀਹਵਾਦ ਕਿਹਾ ਜਾਂਦਾ ਹੈ । ਦਾਨ ਦੇਣ ਦੀ ਮਹਿਮਾ ਤਾਂ ਹਰ ਭਾਰਤੀ ਭਾਸ਼ਾ ਦੇ ਹਰੇਕ ਸੰਤ ਅਤੇ ਭਗਤ ਨੇ ਗਾਈ ਹੈ । ਕਬੀਰ ਨੇ ਤਾਂ ਇਸ ਨੂੰ ਨਦੀ ਦੇ ਨੀਰ ਵਿੱਚੋਂ ਚਿੜੀ ਦਾ ਚੁੰਝ ਭਰ ਕੇ ਲੈ ਜਾਣਾ ਕਿਹਾ ਹੈ । ਅੱਜਕਲ੍ਹ ਤਾਂ ਬੰਧ ਲੱਗਣ ਨਾਲ ਨਦੀਆਂ ਦਾ ਨੀਰ ਵੀ ਸੁੱਕ ਗਿਆ ਹੈ । ਇਕ ਸਾਧਾਰਣ ਆਦਮੀ ਲਈ ਦਾਨ ਦੇਣਾ ਉਨਾਂ ਹੀ ਔਖਾ ਹੈ ਜਿੰਨਾ ਇਨਕਾਰ ਕਰਨਾ । ਨਾ ਕਰਨ ਨਾਲ ਖਾਨਦਾਨ ਦੀ ਇੱਜ਼ਤ ਨੂੰ ਠੇਸ ਲੱਗਦੀ ਹੈ ਅਤੇ ਹਉਮੇ ਨੂੰ ਵੀ ਸੱਟ ਵਜਦੀ ਹੈ। ਅਮੀਰ ਤਾਂ ਇਨਕਮ ਟੈਕਸ ਤੋਂ ਬਚਣ ਲਈ ਦਾਨੀ ਬਣ ਸਕਦਾ ਹੈ, ਉਸੇ ਤਰ੍ਹਾਂ ਜਿਵੇਂ ਬੰਜਰ ਜ਼ਮੀਨ ਭੂ-ਦਾਨ ਦੇ ਕੰਮ ਆਉਂਦੀ ਹੈ । ਇਕ ਹੋਰ ਮੌਕਾ ਚੰਦਾ ਸੰਗਣ ਵਾਲੇ ਪੈਦਾ ਕਰਦੇ ਹਨ । ਇਹ ਦਾਨ ਦੇਣ ਨਾਲੋਂ ਅੱਡਰੀ ਕਿਸਮ ਦੀ ਹਾਲਤ ਹੁੰਦੀ ਹੈ । ਦਾਨ ਨਾਲ ਪਰਲੋਕ ਬਣਦਾ ਹੈ ਅਤੇ ਚੰਦੇ ਨਾਲ ਇਹ ਲੋਕ । ਪੁਰਾਣੇ ਯੁੱਗ ਵਿਚ

ਦਾਨ ਦੇਣ ਦੀ ਪਰੰਪਰਾ ਸੀ, ਆਧੁਨਿਕ ਯੁੱਗ ਵਿਚ ਇਸ ਨੂੰ ਚੰਦਾ ਕਿਹਾ ਜਾਂਦਾ ਹੈ ਇਸ ਲਈ ਅਕਬਰ ਨੂੰ ਇਹ ਕਹਿਣਾ ਪਿਆ—

"ਸਰਵਿਸ ਮੇਂ ਮੈਂ ਦਾਖਲ ਨਹੀਂ, ਹੂੰ ਕੌਮ ਕਾ ਖ਼ਾਦਿਮ

ਚੰਦੋਂ ਕੀ ਫ਼ਕਤ ਆਮ ਹੈ, ਤਨਖ਼ਾਹ ਕਹਾਂ ਹੈ ?'"

ਇਸ ਤਰ੍ਹਾਂ ਦੀ ਆਸ ਮਹਿੰਗਾਈ ਦੇ ਜ਼ਮਾਨੇ ਵਿਚ ਪਤਲੀ ਪੈ ਜਾਂਦੀ ਹੈ । ਚੰਦਾ ਮੰਗਣ ਵਿਚ ਸੰਕੋਚ ਅਤੇ ਨਾ ਦੇਣ ਵਿਚ ਬਹੁਤਾ ਸੰਕੋਚ ਅਤੇ ਸੰਕੋਚ ਤੋਂ ਕੰਮ ਲੈਣਾ ਇਨਕਾਰ ਕਰਨ ਦੀ ਕਲਾ ਦਾ ਨਮੂਨਾ ਪੇਸ਼ ਕਰਨ ਤੁੱਲ ਹੈ । ਜੇ ਮੰਗਣ ਵਾਲਾ ਕਦੇ ਕਦੇ ਰਸੀਦੀ ਕਾਪੀ ਖੋਲ੍ਹ ਲਵੇ ਤੇ ਕਲਮ ਹੱਥ ਵਿਚ ਦੇ ਕੇ ਆਪ ਰਕਮ ਭਰਨ ਲਈ ਮਜਬੂਰ ਕਰੇ ਤਾਂ ਕਦੇ ਕਦੇ ਇਕ ਅੱਧਾ ਰੁਪਇਆ ਦੇਣਾ ਹੀ ਪੈਂਦਾ ਹੈ । ਹਾਂ ਲੈਣ ਵਾਲਾ ਬਸ ਇੰਨਾ ਕੁ ਹੀ ਨਾਰਾਜ਼ ਹੁੰਦਾ ਹੈ ਜਿੰਨਾ ਅੱਜ ਦਾ ਭਿੱਖਮੰਗਾ ਇੱਕ ਪੈਸਾ ਦੇਣ ਨਾਲ। ਉਹ ਕਦੇ ਕਦੇ ਇਸ ਨੂੰ ਸੁਟੱਣ ਤੇ ਵੀ ਉਤਰ ਆਉਂਦਾ ਹੈ। ਸੁੱਟੇ ਹੋਏ ਪੈਸੇ ਨੂੰ ਲੱਭਣਾ ਤੇ ਚੁੱਕਣਾ ਵੀ ਮੁਸ਼ਕਿਲ ਹੋ ਜਾਂਦਾ ਹੈ । ਇਹ ਆਕਾਰ ਅਤੇ ਮੁੱਲ ਵਿਚ ਛੋਟਾ ਹੋ ਗਿਆ ਹੈ। ਇਨਸਾਨ ਦੇ ਕੱਦ ਵਾਂਗ ਜਿਹੜਾ ਬਸ ਬੌਣਾ ਹੀ ਬਣਦਾ ਜਾ ਰਿਹਾ ਹੈ । ਅੰਗ੍ਰੇਜ਼ੀ ਦੇ ਸ਼ੌਰੀ ਸ਼ਬਦ ਨਾਲ ਕਈ ਮੌਕੇ ਸੰਭਾਲੇ ਜਾ ਸਕਦੇ ਹਨ, ਪਰ "ਮੁਆਫ਼ ਕਰਨਾ ਜੀ" ਨੂੰ ਗੁਸਤਾਖ਼ੀ ਸਮਝਿਆ ਜਾਂਦਾ ਹੈ । ਇਸ ਲਈ ਕੁਝ ਹਿੰਦੀ ਦਾ ਵਿਰੋਧ ਕਰਦੇ ਹਨ ਅਤੇ ਇਸ ਦੀ ਵਰਤੋਂ ਕਰਨ ਤੋਂ ਕਤਰਾਉਂਦੇ ਹਨ । ਉਨ੍ਹਾਂ ਦਾ ਕਹਿਣਾ ਹੈ ਕਿ ਇਸ ਭਾਸ਼ਾ ਵਿਚ ਇਨਕਾਰ ਕਰਨ ਦੀ ਕਲਾ ਦਾ ਵਿਕਾਸ ਉਦੋਂ ਹੋ ਜਾਏਗਾ ਜਦੋਂ ਸੌਰੀ ਸ਼ਬਦ ਦੀ ਲਚਕ ਇਸ ਵਿਚ ਆ ਜਾਵੇਗੀ, ਉਦੋਂ ਇਹ ਸਾਰੇ ਦੇਸ਼ ਦੀ ਭਾਸ਼ਾ ਬਣਨ ਦੀ ਹੱਕਦਾਰ ਬਣ ਜਾਏਗੀ ।

********

## ਕਾਸ਼, ਮੈਂ ਵੀ ਜਾਣਦਾ

ਜਦੋਂ ਜ਼ਿੰਦਗੀ ਜੀਉਂਦਾ ਨਹੀਂ ਹਾਂ ਤਾਂ ਇਸ ਦੇ ਬਾਰੇ ਸੋਚਣ ਲੱਗ ਜਾਂਦਾ ਹਾਂ ਅਤੇ ਜਦੋਂ ਜ਼ਿੰਦਗੀ ਸੋਚ ਤੋਂ ਬਾਹਰ ਹੋਣ ਲੱਗਦੀ ਹੈ ਤਾਂ ਬੈਠੇ ਬੈਠੇ ਇਸ ਨੂੰ ਪਕੜਨ ਦੀ ਕੋਸ਼ਿਸ ਵਿਚ ਲਿਖਣ ਲੱਗ ਜਾਂਦਾ ਹਾਂ। ਜ਼ਿੰਦਗੀ ਕੀ ਹੈ—ਇਸ ਨੂੰ ਸਾਰੇ ਹੀ ਆਪਣੇ ਆਪਣੇ ਵਿਚਾਰ ਅਨੁਸਾਰ ਆਪਣੀ ਆਪਣੀ ਭਾਸ਼ਾ ਵਿਚ ਜਦੋਂ ਬਿਆਨ ਕਰਦੇ ਹਨ ਤਾਂ ਮੈਂ ਇਉਂ ਮਹਿਸੂਸ ਕਰਨ ਲੱਗ ਪੈਂਦਾ ਹਾਂ—ਕਾਸ਼ ਮੈਂ ਜਾਣਦਾ ਹੁੰਦਾ। ਇਕ ਵੇਲਾ ਸੀ ਜਦੋਂ ਮੈਂ ਵੀ ਬੜੀ ਚੰਗੀ ਤਰ੍ਹਾਂ ਇਸ ਬਾਰੇ ਜਾਣਦਾ ਸਾਂ, ਉਪਨਿਸ਼ਦਾਂ ਦੀ ਭਾਸ਼ਾ ਵਿਚ ਬਹਿਸ ਕਰਦਾ ਸਾਂ, ਮੰਤਰ-ਤੰਤਰ, ਪਾਠ-ਪੂਜਾ, ਨਾਮ-ਜਪ ਆਦਿ ਵਿਚ ਇਸ ਦੀ ਗੱਲ ਕਰਦਾ ਸਾਂ, ਯੋਗ ਦੇ ਸਾਧਨਾਂ ਰਾਹੀਂ ਇਸ ਨੂੰ ਗਹਿਰਾਈ ਵਿਚ ਮਹਿਸੂਸ ਵੀ ਕਰਦਾ ਸਾਂ; ਸਾਧਨਾ, ਕਿਉਂਕਿ ਨਾ ਸੌਖੀ ਸੀ ਤੇ ਨਾ ਹੀ ਔਖੀ, ਇਸ ਲਈ ਸ਼ਾਇਦ ਜ਼ਿੰਦਗੀ ਮੇਰੀ ਪਕੜ ਤੋਂ ਬਾਹਰ ਹੋ ਗਈ। ਹੁਣ ਮਨ ਨਾਲ ਸੋਚਣਾ ਅਧੂਰਾ ਲੱਗਦਾ ਹੈ, ਸਰੀਰ ਨਾਲ ਸੋਚਣਾ ਵੀ ਜ਼ਰੂਰੀ ਹੋ ਗਿਆ ਹੈ। ਮੇਰੇ ਪੁਰਾਣੇ ਸਾਥੀ ਅੱਜ ਵੀ ਜਦੋਂ ਪੁਰਾਣੀ ਭਾਸ਼ਾ ਵਿਚ ਇਸ ਨੂੰ ਜਾਣਨ ਅਤੇ ਪਛਾਣਨ ਦਾ ਦਾਅਵਾ ਕਰਦੇ ਹਨ ਤਾਂ ਮੈਨੂੰ ਉਦਾਸ ਹੋ ਕੇ ਇਹ ਕਹਿਣਾ ਪੈਂਦਾ ਹੈ—ਕਾਸ਼! ਮੈਂ ਵੀ ਇਨ੍ਹਾਂ ਵਾਂਗ ਪਹੁੰਚਿਆ ਹੋਇਆ ਹੁੰਦਾ। ਜ਼ਿੰਦਗੀ ਬਾਰੇ ਸਭ ਤਰ੍ਹਾਂ ਦੀਆਂ ਗੱਲਾਂ ਨੂੰ ਸੁਣਦਾ ਰਹਿੰਦਾ ਹਾਂ, ਸਭ ਤਰ੍ਹਾਂ ਦੀਆਂ ਪੁਸਤਕਾਂ ਪੜ੍ਹਦਾ ਰਹਿੰਦਾ ਹਾਂ ਪਰ ਨਿਸ਼ਚਿਤ ਰੂਪ ਵਿਚ ਜ਼ਿੰਦਗੀ ਪ੍ਰਾਪਤ ਕਰਨ ਤੋਂ ਵਾਂਜਿਆ ਰਹਿੰਦਾ ਹਾਂ। ਪਹਿਲਾਂ ਇਸ ਦਾ ਨਾਂ ਬ੍ਰਹਮ ਆਦਿ ਸੀ ਅਤੇ ਇਸ ਦਾ ਮਤਲਬ ਸੀ ਬਾਕੀ। ਅੱਜ ਇਸ ਨੂੰ ਵਿਗਿਆਨ ਦੀ ਬਾਕੀ ਕਿਹਾ ਜਾਣ ਲੱਗ ਪਿਆ ਹੈ। ਕਿਹੜਾ ਠੀਕ ਹੈ ਕਿਹੜਾ ਗ਼ਲਤ ? ਇਸ ਦਾ ਪਤਾ ਨਹੀਂ ਲਗਦਾ। ਮਨ ਨਾਲ ਸੋਚਣ ਵਾਲੇ ਆਪਣੀ ਹੀ ਕਰਦੇ ਹਨ ਅਤੇ ਸਰੀਰ ਨਾਲ ਮੰਨਣ ਕਰਨ ਵਾਲੇ ਆਪਣੀ। ਕੀ ਆਪਣੀ ਆਪਣੀ ਹਿੱਕਣ ਵਿਚ ਹੀ ਜ਼ਿੰਦਗੀ ਹੈ ?

ਇਸ ਨੂੰ ਕਿੱਥੇ ਲੱਭਾਂ ਤੇ ਕਿਵੇਂ ਪ੍ਰਾਪਤ ਕਰਾਂ ? ਕੀ ਇਹ ਪਿੰਡਾਂ ਵਿਚ ਹੈ ਜਾਂ ਸ਼ਹਿਰਾਂ ਵਿਚ, ਮਸੀਤ-ਮੰਦਰ ਵਿਚ ਹੈ ਜਾਂ ਮੈਖ਼ਾਨੇ ਵਿਚ, ਰੇਲ ਗੱਡੀ ਵਿਚ ਹੈ ਜਾਂ ਬੱਸ ਵਿਚ, ਕੋਠੀ ਵਿਚ ਹੈ ਜਾਂ ਕੁੱਲੀ ਵਿਚ, ਮਾਸ ਖਾਣ ਵਿਚ ਹੈ ਜਾਂ ਸਾਗ ਖਾਣ ਵਿਚ, ਸਫ਼ਰ ਕਰਨ ਵਿਚ ਹੈ

ਜਾਂ ਬਹਿ ਰਹਿਣ ਵਿਚ, ਟੁਰਨ ਵਿਚ ਹੈ ਜਾਂ ਅਪੜਨ ਵਿਚ; ਬੋਲ ਵਿਚ ਹੈ ਜਾਂ ਚੁਪ ਰਹਿਣ ਵਿਚ, ਰੋਜ਼ਾ- ਵਰਤ ਰੱਖਣ ਵਿਚ ਹੈ ਜਾਂ ਖਾਣ-ਪੀਣ ਵਿਚ, ਦੂਜਿਆਂ ਨੂੰ ਢਾਹੁਣ ਵਿਚ ਹੈ ਜਾਂ ਉਪਰ ਚੁੱਕਣ ਵਿਚ, ਕੰਮ ਕਰਨ ਵਿਚ ਹੈ ਜਾਂ ਵਿਹਲੇ ਰਹਿਣ ਵਿਚ, ਜਾਗਣ ਵਿਚ ਹੈ ਜਾਂ ਸੌਣ ਵਿਚ, ਅਸੰਗਤ ਵਿਚ ਹੈ ਜਾਂ ਵਿਸੰਗਤ ਵਿਚ, ਜੀਣ ਵਿਚ ਹੈ ਜਾਂ ਮਰਣ ਵਿਚ ? ਕਿਸ ਵਿਚ ਹੈ ਤੇ ਕਿਸ ਵਿਚ ਨਹੀਂ, ਸਾਰਿਆਂ ਵਿਚ ਹੈ ਜਾਂ ਸਾਰਿਆਂ ਵਿਚ ਨਹੀਂ ਹੈ—ਇਸ ਦਾ ਉੱਤਰ ਪਹੁੰਚਿਆ ਹੋਇਆ ਤਾਂ ਦੇ ਸਕਦਾ ਹੈ ਪਰ ਮੈਂ ਤਾਂ ਇਕ ਵਾਰ ਪਹੁੰਚ ਕੇ ਫਿਰ ਅਪਹੁੰਚਾ ਬਣ ਗਿਆ ਹਾਂ । ਜ਼ਿੰਦਗੀ ਨੂੰ ਅਮਲੀ ਅਤੇ ਮੌਤ ਨੂੰ ਨਕਲੀ ਮੰਨਦਾ ਸਾਂ, ਇਸ ਨੂੰ ਨੀਂਦ ਸਮਝਦਾ ਸਾਂ, ਇਸ ਤੋਂ ਬਾਅਦ ਮੁੜ ਜਾਗਣ ਵਿਚ ਮੇਰਾ ਵਿਸ਼ਵਾਸ ਸੀ । ਜਾਗਣ ਤੋਂ ਬਾਅਦ ਉਨ੍ਹਾਂ ਸਾਰੇ ਕੰਮਾਂ ਨੂੰ ਪੂਰਾ ਕਰਨ ਦੀ ਸੋਚਦਾ ਸਾਂ ਜਿਹੜੇ ਇਸ ਜ਼ਿੰਦਗੀ ਵਿਚ ਅਧੂਰੇ ਰਹਿ ਗਏ ਹਨ। ਮੈਨੂੰ ਕਦੇ ਕਦੇ ਇਸ ਗੱਲ ਦਾ ਅਫਸੋਸ ਹੁੰਦਾ ਹੈ ਕਿ ਮੈਂ ਰਹੱਸ ਅਤੇ ਚਿੰਤਨ ਦੀ ਭਾਸ਼ਾ ਕਿਉਂ ਭੁਲਦਾ ਜਾ ਰਿਹਾ ਹਾਂ । ਇਕ ਭਾਸ਼ਾ ਪੂਰੀ ਤਾਂ ਸਿਖ ਨਹੀਂ ਸਕਿਆ ਸਾਂ, ਦੂਜੀ ਸਿੱਖਣੀ ਪੈ ਰਹੀ ਹੈ । ਸ਼ਾਸ਼ਵਤ ਦੀ ਥਾਂ ਖਿਣ ਦੀ ਭਾਸ਼ਾ ਬੋਲਣੀ ਪੈ ਰਹੀ ਹੈ । ਆਪ ਬੋਲ ਕੇ ਮੈਨੂੰ ਚੁੱਪ ਰਹਿਣ ਦਾ ਆਦੇਸ਼ ਦਿੱਤਾ ਜਾ ਰਿਹਾ ਹੈ । ਇਨਸਾਨ ਦੀ ਭਾਸ਼ਾ ਵਿਚ ਜੇ ਜ਼ਿੰਦਗੀ ਨੂੰ ਬੰਨ੍ਹਣਾ ਔਖਾ ਹੋ ਰਿਹਾ ਹੈ ਤਾਂ ਹੈਵਾਨ ਦੀ ਭਾਸ਼ਾ ਦਾ ਸਹਾਰਾ ਲੈਣ ਲਈ ਕਿਹਾ ਜਾ ਸਕਦਾ ਹੈ। ਪਹਿਲਾਂ ਵੀ ਤਾਂ ਜ਼ਿੰਦਗੀ ਨੂੰ ਭੇਡਾਂ- ਬੱਕਰੀਆਂ ਚਰਾਉਣ ਵਾਲੇ ਆਜੜੀ ਦੀ ਭਾਸ਼ਾ ਵਿਚ ਸਮਝਾਇਆ ਜਾਂਦਾ ਸੀ, ਤੋਤਾ-ਤੋਤੀ ਦੀ ਬੋਲੀ ਵਿਚ ਇਸ ਦੇ ਸਾਰ ਨੂੰ ਨਚੋੜਿਆ ਜਾਂਦਾ ਸੀ, ਬੱਕਰੀ ਦੀ ਭਾਸ਼ਾ ਵਿਚ ਪਤੇ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਸਨ । ਇਨ੍ਹਾਂ ਪਸ਼ੂਆਂ ਤੇ ਪੰਛੀਆਂ ਦੀ ਭਾਸ਼ਾ ਵਿਚ ਜੇ ਅੱਜ ਦਾ ਕੰਮ ਨਹੀਂ ਚੱਲ ਰਿਹਾ ਤਾਂ ਹੋਰਨਾਂ ਪਸ਼ੂਆਂ ਤੇ ਪੰਛੀਆਂ ਦੀ ਬੋਲੀ ਵਿਚ ਜ਼ਿੰਦਗੀ ਨੂੰ ਬੰਨ੍ਹਣ ਦਾ ਸੁਆਲ ਉਠਾਇਆ ਜਾ ਰਿਹਾ ਹੈ । ਭਾਸ਼ਾ ਦੇ ਸੰਕਟ ਦੀ ਹਾਲਤ ਵਿਚ ਰੰਭਨ, ਹਿੰਗਣਾ, ਗਰਜਣਾ, ਭੌਂਕਣਾ, ਚਹਿਕਣਾ ਇਸ ਲਈ ਜ਼ਰੂਰੀ ਹੈ ਕਿ ਅੱਜ ਦੀ ਲਾਚਾਰੀ, ਬੇਬੱਸੀ, ਅਸੰਗਤ, ਵਿਸੰਗਤ, ਕਹਿਰ, ਕਰੋਧ, ਮੋਹ ਭੰਗ, ਡਰ; ਮਿਰਤੂ-ਬੋਧ ਆਦਿ ਨੂੰ ਸ਼ਾਇਦ ਆਦਮ ਆਵਾਜ਼ਾਂ ਦੇ ਮਾਧਿਅਮ ਰਾਹੀਂ ਠੀਕ ਤਰ੍ਹਾਂ ਕਿਹਾ ਜਾ ਸਕਦਾ ਹੈ-ਆਦਮ ਅਨੁਭਵਾਂ ਲਈ ਆਦਮ ਭਾਸ਼ਾ । ਭਾਸ਼ਾ ਦਾ ਵਿਕਾਸ ਜ਼ਿੰਦਗੀ ਨੂੰ ਪਕੜਨ ਤੋਂ ਰਹਿ ਗਿਆ ਹੈ । ਇਸ ਨੂੰ ਪਕੜਨ ਲਈ ਦੇਸ਼ ਦੀ ਭਾਸ਼ਾ ਜਾਂ ਕਾਲ ਜਾਂ ਦੇਸ਼-ਕਾਲ ਦੀ ਭਾਸ਼ਾ ਦਾ ਨਾਅਰਾ ਲਾਇਆ ਜਾ ਰਿਹਾ ਹੈ। ਜ਼ਿੰਦਗੀ ਨੂੰ ਜਾਣਨ-ਪਹਿਚਾਣਨ ਲਈ ਰਸਤੇ ਹੋਰ ਵੀ ਹਨ। ਇਸ ਨੂੰ ਲਕੀਰਾਂ, ਰੰਗਾਂ, ਸੁਰਾਂ ਆਦਿ ਰਾਹੀਂ ਦੱਸਣ ਦੀ ਵੀ ਕੋਸ਼ਿਸ਼ ਕੀਤੀ ਜਾਂਦੀ ਹੈ । ਕੀ ਜ਼ਿੰਦਗੀ ਇਨ੍ਹਾਂ ਦੇ ਜਾਲ ਵਿਚ ਫਸਣ ਵਿਚ ਹੈ ਜਾਂ ਇਨ੍ਹਾਂ ਤੋਂ ਛੁਟਕਾਰਾ ਪਾਉਣ ਵਿਚ ? ਕੀ

ਇਸ ਬੰਧਨ-ਮੁਕਤੀ ਦੇ ਅਮਲ ਦਾ ਨਾਂ ਹੀ ਜ਼ਿੰਦਗੀ ਹੈ ? ਕਾਸ਼! ਮੈਂ ਵੀ ਫ਼ੈਸਲਾ ਕਰ ਸਕਦਾ ਤੇ ਜਾਣਦਾ ਹੁੰਦਾ ਕਿ ਜ਼ਿੰਦਗੀ ਕੀ ਹੈ ?

ਆਪਣੇ ਮਾਲੀ ਨੂੰ ਜਦੋਂ ਇਹ ਸੁਆਲ ਕਰਦਾ ਹਾਂ ਕਿ ਜੀਵਨ ਕੀ ਹੈ ਤਾਂ ਉਹ ਇਹ ਕਹਿ ਕੇ ਟਾਲ ਦਿੰਦਾ ਹੈ ਕਿ ਇਹ ਭਗਵਾਨ ਨੂੰ ਪਤਾ ਹੈ । ਉਸ ਨੂੰ ਰਤਾ ਖੁਰਚਣ ਦੀ ਕੋਸ਼ਿਸ਼ ਕਰਦਾ ਹਾਂ ਤਾਂ ਆਖ਼ਰੀ ਜਵਾਬ ਇਹ ਮਿਲਦਾ ਹੈ ਕਿ ਮੇਰੇ ਕੋਲ ਇਸ ਕੰਮ ਲਈ ਵਕਤ ਹੀ ਨਹੀਂ ਹੈ ਤੇ ਨਾਲੇ ਮੈਂ ਕਿਹੜਾ ਪੜ੍ਹਿਆ ਲਿਖਿਆ ਹਾਂ ? ਉਹ ਸ਼ਾਇਦ ਜ਼ਿੰਦਗੀ ਜਿਉਣ ਵਿਚ ਇੰਨਾ ਡੁਬਿਆ ਹੋਇਆ ਹੈ ਕਿ ਇਸ ਦੇ ਬਾਰੇ ਉਹ ਸੋਚਦਾ ਹੀ ਨਹੀਂ ਸਵੇਰ ਤੋਂ ਬਾਅਦ ਸ਼ਾਮ, ਸ਼ਾਮ ਤੋਂ ਬਾਅਦ ਸਵੇਰ । ਕੀ ਸਵੇਰ-ਸ਼ਾਮ ਨੂੰ ਦੁਹਰਾਉਣ ਵਿਚ ਹੀ ਜ਼ਿੰਦਗੀ ਹੈ। ਇਹ ਸੁਆਲ ਜੇ ਸੂਰਜ ਨੂੰ ਪੁੱਛਿਆ ਜਾਂਦਾ ਤਾਂ ਸ਼ਾਇਦ ਚੰਗਾ ਹੁੰਦਾ । ਆਮ ਤਾਂ ਇਹੋ ਹੀ ਵੇਖਣ ਨੂੰ ਮਿਲਦਾ ਹੈ। ਮਹਾਂਦੇਵੀ ਵਰਮਾ ਜੇ ਨੀਹਾਰ, ਰਸ਼ਿਮ, ਨੀਰਜਾ, ਸਾਂਧਬ ਗੀਤ, ਦੀਪ ਸ਼ਿਖਾ ਦੇ ਗੀਤਾਂ ਤੋਂ ਬਾਅਦ ਚੁੱਪ ਹੈ ਤਾਂ ਇਸ ਨੂੰ ਅੱਡਰਤਾ ਹੀ ਕਿਹਾ ਜਾ ਸਕਦਾ ਹੈ । ਹੋਰਨਾਂ ਵਾਂਗ ਜੇ ਇਨਾਂ ਦਾ ਯਕੀਨ ਦੁਹਰਾਉਣ ਵਿਚ ਹੁੰਦਾ ਤਾਂ ਜ਼ਿੰਦਗੀ ਉਤੇ ਇਨ੍ਹਾਂ ਦਾ ਕਾਬੂ ਮਾਲੀ ਵਾਂਗ ਵਧੇਰੇ ਮਜ਼ਬੂਤ ਹੁੰਦਾ । ਇਨ੍ਹਾਂ ਦੇ ਕਾਵਿ ਦਾ ਪਾਠ ਉਨ੍ਹਾਂ ਅਖਬਾਰਾਂ ਵਾਂਗ ਵੱਧ ਹੁੰਦਾ ਜਿਨ੍ਹਾਂ ਵਿਚ ਪੁਰਾਣੀਆਂ ਗੱਲਾਂ ਨਵੇਂ ਢੰਗ ਨਾਲ ਕਹੀਆਂ ਜਾਂਦੀਆਂ ਹਨ । ਹੁੰਦਾ ਉਹੀ ਹੈ ਜਿਹੜਾ ਰੋਜ਼ ਹੁੰਦਾ ਹੈ, ਪਰ ਸੁਰਖੀਆਂ ਬਦਲ ਜਾਂਦੀਆਂ ਹਨ ਇਸ ਤਰ੍ਹਾਂ ਹਰ ਬੰਦਾ ਜੀਵਨ ਦੇ ਬਾਰੇ ਆਪਣੀ ਅੱਡ ਰਾਏ ਰੱਖਦਾ ਹੈ । ਮੈਨੂੰ ਅਫ਼ਸੋਸ ਹੋਣ ਲੱਗਦਾ ਹੈ—ਕਾਸ਼! ਮੈਂ ਵੀ ਇਸ ਦੇ ਬਾਰੇ ਕੁਝ ਕਹਿ ਸਕਦਾ ।

ਜ਼ਿੰਦਗੀ ਦੇ ਬਾਰੇ ਜੇ ਫ਼ਤਵਿਆਂ ਨੂੰ ਇਕੱਠਾ ਕਰਨਾ ਸੰਭਵ ਹੋਵੇ ਤਾਂ ਇਨ੍ਹਾਂ ਦਾ ਅੰਬਾਰ ਲੱਗ ਜਾਵੇ—ਇਹ ਪਾਣੀ ਦਾ ਬੁਲਬੁਲਾ ਹੈ, ਹਵਾ ਦੀ ਮੌਜ ਹੈ, ਕੈਦ ਹੈ, ਨਿਆਮਤ ਹੈ, ਦੁਖਮਈ ਹੈ, ਆਨੰਦਦਾਇਕ ਹੈ, ਪੱਤਝੜ-ਬਸੰਤ-ਬਰਸਾਤ ਹੈ, ਸਾਗਰ-ਲਹਿਰ, ਕਿਨਾਰਾ ਹੈ, ਰਸਤਾ-ਮੰਜ਼ਿਲ ਹੈ, ਫੁੱਲ-ਕੰਡਾ-ਰੁੱਖ ਹੈ, ਨਾਟਕ-ਕਹਾਣੀ-ਇਕਾਂਗੀ ਹੈ, ਮਜਬੂਰੀ-ਲਾਚਾਰੀ ਹੈ, ਮਾਇਆ-ਮਿਥਿਆ ਹੈ, ਸਾਬਤ-ਖੰਡਤ ਹੈ, ਕਵਿਤਾ-ਵਾਰਤਕ ਹੈ, ਸਭ ਕੁੱਝ ਹੈ ਅਤੇ ਕੁਝ ਵੀ ਨਹੀਂ ਹੈ । ਇਨ੍ਹਾਂ ਵਾਕ- ਅੰਸ਼ਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹਰ ਚੀਜ਼, ਰਹ ਭਾਵ-ਵਿਚਾਰ ਨੂੰ ਲੈ ਕੇ ਜ਼ਿੰਦਗੀ ਦੇ ਘੁੰਡ ਨੂੰ ਚੁੱਕਣ ਦੀ ਕੋਸ਼ਿਸ਼ ਜਾਰੀ ਹੈ, ਪਰ ਇਹ ਘੁੰਡ ਪੂਰੀ ਤਰ੍ਹਾਂ ਚੁਕਿਆ ਨਹੀਂ ਜਾ ਰਿਹਾ । ਇਸ ਤਰ੍ਹਾਂ ਇਸ ਦੇ ਚਿਹਰੇ ਨੂੰ ਬਦਲ ਰਿਹਾ ਵੀ ਕਿਹਾ ਜਾ ਸਕਦਾ ਹੈ । ਇਕ ਇਸ ਦਾ ਮੁੱਲ ਨੱਕ ਵੇਖ ਕੇ ਪਾਉਂਦੇ ਹਨ, ਦੂਜੇ ਅੱਖਾਂ ਵੇਖ ਕੇ, ਤੀਜੇ

ਕੰਨ, ਚੌਥੇ ਜੀਭ ਅਤੇ ਪੰਜਵੇਂ ਇਸ ਦੀ ਛੂਹ ਨਾਲ ਹੀ ਤਸੱਲੀ ਕਰ ਲੈਂਦੇ ਹਨ । ਹੁਣ ਤਾਂ ਇਸ ਦੇ ਚਿਹਰੇ ਤੋਂ ਥੱਲੇ ਦੀ ਵੀ ਭਾਲ ਸ਼ੁਰੂ ਹੋ ਗਈ ਹੈ । ਕਦੇ ਇਸ ਦੇ ਢਿੱਡ ਦੇ ਰੂਪ ਵਿਚ ਤਾਂ ਕਦੇ ਸ਼ਿਸ਼ਨ ਦੇ ਰੂਪ ਵਿਚ । ਕੇਸ਼ਾਂ ਦੇ ਰੂਪ ਵਿਚ ਇਸ ਦੀ ਜਾਣ-ਪਹਿਚਾਣ ਹੋ ਚੁੱਕੀ ਹੈ ਪਰ ਵਾਲਾਂ ਦੀ ਗੱਲ ਹੁਣ ਸ਼ੁਰੂ ਹੋਣ ਲੱਗੀ ਹੈ । ਚਰਨਾਂ ਦੀ ਭਾਸ਼ਾ ਤਾਂ ਬੋਲੀ ਜਾਂਦੀ ਰਹੀ ਹੈ ਪਰ ਪੈਰਾਂ ਦੀ ਜ਼ਬਾਨ ਹੁਣ ਬੋਲੀ ਜਾਣ ਲੱਗੀ ਹੈ । ਇਕ ਜ਼ਮਾਨਾ ਸੀ ਜਦੋਂ ਜ਼ਿੰਦਗੀ ਦੇ ਹਰ ਪਹਿਲੂ ਨੂੰ ਕਮਲ ਦੇ ਮਾਧਿਅਮ ਰਾਹੀਂ ਕਿਹਾ ਜਾ ਸਕਦਾ ਸੀ-ਮੂੰਹ, ਹੱਥ, ਨੇਤਰ, ਚਰਣ ਆਦਿ ਕਮਲ ਵਰਗੇ ਸਨ, ਪਰ ਕੁੱਕੜ-ਕਲਗੀ, ਕੈਕਟਸ, ਕਿੱਕਰ ਦੀ ਭਾਸ਼ਾ ਨੇ ਜ਼ਿੰਦਗੀ ਨੂੰ ਮੁੜ ਉਲਝਾ ਦਿਤਾ ਹੈ। ਕੀ ਉਲਝਾਉਣ-ਸੁਲਝਾਉਣ ਵਿਚ ਹੀ ਜ਼ਿੰਦਗੀ ਦੇ ਦਰਸ਼ਨ ਹੋ ਸਕਦੇ ਹਨ । ਕਾਸ਼, ਮੈਂ ਵੀ ਸੁਆਲ ਪੁੱਛਣ ਦੀ ਥਾਂ ਉੱਤਰ ਦੇ ਸਕਦਾ ! ਮੈਂ ਜਦੋਂ ਪੁਰਾਣੇ ਅਤੇ ਨਵੇਂ ਮੁਨੀਆਂ ਨੂੰ ਵੇਖਦਾ ਤਾਂ ਹਾਂ ਮੈਨੂੰ ਈਰਖਾ ਆ ਘੇਰਦੀ ਹੈ, ਆਪਣੇ ਤੋਂ ਵੱਡਿਆਂ ਨੂੰ ਜਦੋਂ ਫ਼ਤਵੇ ਦਿੰਦੇ ਵੇਖਦੇ ਹਾਂ ਤਾਂ ਮੈਨੂੰ ਅਫ਼ਸੋਸ ਹੋਣ ਲੱਗਦਾ ਹੈ ਅਤੇ ਮੁਕਤੀ-ਬੱਧ ਦੀ ਭਾਸ਼ਾ ਵਿਚ ਇਹ ਕਹਿਣ ਨੂੰ ਜੀਅ ਕਰਦਾ ਹੈ—ਜ਼ਿੰਦਗੀ ਕੀ ਜੀਵੀ ? ਜੇ ਮੈਂ ਵੀ ਇਸ ਨੂੰ ਜਿਊ ਸਕਦਾ ਤਾਂ ਸ਼ਾਇਦ ਕੋਈ ਫ਼ਤਵਾ ਦੇਣ ਦੇ ਲਾਇਕ ਹੋ ਜਾਂਦਾ । ਹੁਣ ਤਾਂ ਹੋਰਨਾਂ ਨੂੰ ਦੁਹਰਾਉਣ ਦੇ ਸਿਵਾਏ ਹੋਰ ਕਰ ਹੀ ਕੀ ਸਕਦਾ ਹਾਂ । ਮੇਰੇ ਦਿਮਾਗ਼ ਵਿਚ ਨਾ ਤਾਂ ਇੰਨੀ ਜਾਨ ਹੈ ਤੇ ਦਿਲ ਵਿਚ ਨਾ ਹੀ ਇੰਨਾ ਦਮ ਹੈ ਕਿ ਹੋਰਨਾਂ ਦੇ ਫ਼ਤਵਿਆਂ ਨੂੰ ਆਪਣਾ ਬਣਾ ਕੇ ਪੇਸ਼ ਕਰ ਸਕਾਂ ।

********

# ਆਪਣਾ ਮਕਾਨ

ਆਪਣਾ ਮਕਾਨ ਇਸ ਲਈ ਕਹਿ ਰਿਹਾ ਹਾਂ ਕਿਉਂਕਿ ਇਹ ਕਿਰਾਏ ਤੇ ਨਹੀਂ ਹੈ ਅਤੇ ਆਪਣਾ ਘਰ ਕਹਿਣ ਤੋਂ ਇਸ ਲਈ ਕਤਰਾਉਂਦਾ ਹਾਂ ਕਿਉਂਕਿ ਇਸ ਵਿਚ ਮੈਂ 'ਕੱਲਾ ਹੀ ਰਹਿੰਦਾ ਹਾਂ । ਕਿਰਾਏ ਦਾ ਮਕਾਨ ਪਰਿਵਾਰ ਦੀ ਰੌਣਕ ਨਾਲ ਘਰ ਕਹਾਉਣ ਦਾ ਹੱਕਦਾਰ ਹੋ ਜਾਂਦਾ ਹੈ ਪਰੰਤੂ ਆਪਣਾ ਮਕਾਨ ਇਕਾਂਤ ਅਤੇ ਸ਼ਾਂਤ ਹੋਣ ਦੇ ਕਾਰਣ ਇਸ ਹੱਕ ਤੋਂ ਵਾਂਝਿਆ ਰਹਿੰਦਾ ਹੈ। ਇਸ ਨੂੰ ਮੈਂ ਘਰ ਵਾਂਗ ਪਾਲਿਆ ਪੋਸਿਆ ਹੈ। ਇਸ ਵਿਚ ਮੈਨੂੰ ਘਰ ਦਾ ਆਰਾਮ ਵੀ ਮਿਲਿਆ ਹੈ ਪਰ ਹਰ ਵਾਕਫ਼ ਜਾਂ ਨਾਵਾਕਫ਼ ਨੇ ਮੇਰੇ ਘਰ ਦਾ ਹੀ ਪਤਾ ਪੁੱਛਿਆ ਹੈ, ਯਾ ਇਹ ਪੁੱਛਿਆ ਹੈ ਕਿ ਮੈਂ ਘਰ ਤੇ ਕਦੋਂ ਮਿਲ ਸਕਦਾ ਹਾਂ । ਕਿਸੇ ਘਰ ਜਾਂ ਆਲ੍ਹਣੇ 'ਚੋਂ ਜਦੋਂ ਵੱਡੇ ਹੋ ਕੇ ਸਾਰੇ ਪੰਛੀ ਉੱਡ ਜਾਂਦੇ ਹਨ ਤਾਂ ਵੀ ਉਹ ਘਰ ਜਾਂ ਆਲ੍ਹਣਾ ਹੀ ਕਹਾਉਂਦਾ ਰਹਿੰਦਾ ਹੈ ।

ਮੈਨੂੰ ਆਪਣਾ ਮਕਾਨ ਬਣਾਉਣ ਦਾ ਬਿਲਕੁਲ ਸ਼ੌਂਕ ਨਹੀਂ ਸੀ, ਪਰ ਫਿਰ ਵੀ ਇਹ ਬਣਾਉਣਾ ਪਿਆ ਹੈ। ਇਹ ਲਾਚਾਰੀ ਦਾ ਸਿੱਟਾ ਹੈ । ਭਾਰਤੀ-ਸਮਾਜ ਵਿਚ ਅਣਵਿਆਹੇ ਬੰਦੇ ਲਈ ਕਿਰਾਏ ਦਾ ਮਕਾਨ ਲੱਭਣਾ ਕਿੰਨੀ ਪਰੇਸ਼ਾਨੀ ਦਾ ਕੰਮ ਹੈ ਇਹ ਉਹੀ ਜਾਣਦਾ ਹੈ । ਇਸ ਦੀ ਭਾਲ ਵਿਚ ਜਦੋਂ ਕਦੇ ਵੀ ਨਿਕਲਿਆ ਹਾਂ, ਸਭ ਤੋਂ ਪਹਿਲਾਂ ਇਹੋ ਸੁਆਲ ਪੁੱਛਿਆ ਗਿਆ ਹੈ ਕਿ ਮੇਰਾ ਪਰਿਵਾਰ ਕਿੰਨਾ ਤੇ ਕਿੱਥੇ ਹੈ—ਕਿੰਨਾ ਇਸ ਲਈ ਕਿ ਕਿਤੇ ਵੱਡਾ ਪਰਿਵਾਰ ਮਕਾਨ ਲਈ ਭਾਰ ਨਾ ਬਣ ਜਾਵੇ ਅਤੇ ਇਸ ਨੂੰ ਵਿਗਾੜ ਨਾ ਸੁੱਟੇ ਅਤੇ ਕਿੱਥੇ ਇਸ ਲਈ ਕਿ ਕਿਤੇ ਇਹ ਹੋਵੇ ਹੀ ਨਾ । ਹਰ ਵਾਰ ਮੈਨੂੰ ਝੂਠ ਬੋਲਣਾ ਪਿਆ ਹੈ ਕਿ ਪਰਿਵਾਰ ਬਹੁਤ ਛੋਟਾ ਹੈ ਪਰ ਆਏਗਾ ਬਾਅਦ ਵਿਚ । ਇਸ ਦੇ ਆਉਣ ਤੋਂ ਪਹਿਲਾਂ ਮੈਨੂੰ ਇਕ ਮਕਾਨ ਛੱਡ ਕੇ ਦੂਜੇ ਵਿਚ ਜਾਣਾ ਪਿਆ ਹੈ, ਇਕ ਨਾਲ ਵਾਕਫ਼ੀ ਪੈਦਾ ਕਰਕੇ ਦੂਜੇ ਦੀ ਵਾਕਫ਼ੀ ਦੀ ਭਾਲ ਕਰਨੀ ਪਈ ਹੈ। ਮੂੰਹ ਮੰਗਿਆ ਕਿਰਾਇਆ ਵੀ ਦਿੱਤਾ ਹੈ ਪਰ ਫਿਰ ਵੀ ਮਕਾਨ ਵਿੱਚੋਂ ਨਿਕਲਣਾ ਪਿਆ ਹੈ । ਇਸ ਤਰ੍ਹਾਂ ਵਾਰ ਵਾਰ ਅਪਮਾਨ ਸਹਿਣਾ ਪਿਆ ਹੈ । ਜਦੋਂ ਤੋਂ ਮੈਂ ਕਿਰਾਏ ਦੇ ਮਕਾਨ ਵਿਚ ਆਪਣਾ ਬੰਦ ਸਾਮਾਨ ਰੱਖਿਆ ਹੈ ਉਦੋਂ ਤੋਂ ਹੀ ਗਵਾਂਢਣਾਂ ਦਾ ਮੇਰੇ ਘਰ ਆਉਣਾ ਸ਼ੁਰੂ ਹੋਇਆ ਹੈ ।

ਆਪਣੇ ਵਰਗ ਨੂੰ ਮਿਲਣ ਦੀ ਕਾਮਨਾ ਜਿੰਨੀ ਦੇਵੀਆਂ ਵਿਚ ਹੁੰਦੀ ਹੈ, ਉਨੀ ਸ਼ਾਇਦ ਦੇਵਤਿਆਂ ਵਿਚ ਨਹੀਂ ਹੁੰਦੀ। ਇਨ੍ਹਾਂ ਦੇਵੀਆਂ ਦੇ ਚਿਹਰੇ ਤੇ ਸ਼ੱਕ ਦੀਆਂ ਲਕੀਰਾਂ ਪੈਂਦੀਆਂ ਵੇਖ ਕੇ ਮੇਰਾ ਮੱਥਾ ਵੀ ਠਣਕਿਆ ਹੈ ਅਤੇ ਮੈਨੂੰ ਪੂਰਾ ਸਾਮਾਨ ਖੋਲ੍ਹਣ ਦਾ ਹੌਂਸਲਾ ਹੀ

ਨਹੀਂ ਪਿਆ । ਮੈਨੂੰ ਅਗਲੇ ਮਕਾਨ ਦੀ ਭਾਲ ਵਿਚ ਨਿਕਲਣਾ ਪਿਆ ਹੈ। ਇਸ ਲਈ ਨਾ ਚਾਹੁੰਦੇ ਹੋਏ ਵੀ ਮੈਨੂੰ ਆਪਣਾ ਮਕਾਨ ਬਣਵਾਉਣਾ ਪਿਆ ਹੈ । ਇਸ ਤਰ੍ਹਾਂ ਸ਼ਰਾਪ ਵੀ ਕਦੇ ਕਦੇ ਵਰਦਾਨ ਬਣ ਜਾਂਦਾ ਹੈ । ਇਹ ਹੈ ਤਾਂ ਆਖਰੀ ਸਮੇਂ ਕਲਮਾਂ ਪੜ੍ਹਨ ਦੇ ਬਰਾਬਰ ਪਰ ਅਜਿਹਾ ਕਰਨ ਨਾਲ ਕਾਫ਼ਰ ਹੋਣ ਤੋਂ ਬਚ ਗਿਆ ਹਾਂ । ਇਸ ਤੋਂ ਪਹਿਲਾਂ ਮੈਂ ਅਛੂਤ ਦੀ ਹਾਲਤ ਵਿਚ ਸਾਂ, ਸ਼ਹਿਰ ਤੋਂ ਬਾਹਰ ਅਛੂਤਾਂ ਵਾਂਗ ਕਿਰਾਏ ਦਾ ਮਕਾਨ ਹੀ ਨਸੀਬ ਹੁੰਦਾ ਸੀ। ਹੁਣ ਇਹ ਮਕਾਨ ਚੰਡੀਗੜ੍ਹ ਦੇ ਠੀਕ ਵਿਚਾਲੇ ਹੈ । ਇਸ ਗੱਲੋਂ ਵੀ ਥੋੜ੍ਹਾ ਸੰਤੋਖ ਮਿਲਦਾ ਹੈ । ਛੋਟੀ ਜਾਤ ਤੋਂ ਵੱਡੀ ਦਾ ਹੋ ਜਾਣਾ ਵੀ ਤਾਂ ਭਾਰਤ ਵਿਚ ਘੱਟ ਸੰਤੋਖ ਵਾਲੀ ਗੱਲ ਨਹੀਂ ਹੈ।

ਆਪਣਾ ਮਕਾਨ ਬਣਵਾਉਣ ਦਾ ਇਕ ਲਾਭ ਇਹ ਹੋਇਆ ਹੈ ਕਿ ਹੁਣ ਮੈਂ ਇਸ ਦੀ ਇਕ ਇਕ ਨੁਕਰ ਤੋਂ ਵਾਕਿਫ਼ ਹੋ ਗਿਆ ਹਾਂ । ਮਹਾਦੇਵੀ ਦੀ ਭਾਸ਼ਾ ਵਿਚ ਇਸ ਦੇ ਇਕ ਇਕ ਕਣ ਨੂੰ ਜਾਣ ਲਿਆ ਹੈ । ਇਹ ਮਕਾਨ ਮੇਰਾ ਨਿਰਾ ਪੂਰਾ ਵਾਕਿਫ਼ਕਾਰ ਹੀ ਨਹੀਂ ਰਿਹਾ ਸਗੋਂ ਦਿਲੀ ਦੋਸਤ ਵੀ ਬਣ ਗਿਆ ਹੈ । ਇਸ ਦੀ ਰਗ ਰਗ ਨੂੰ ਜਾਣਦਾ ਹਾਂ, ਇਸ ਲਈ ਇਸ ਨੂੰ ਦੋਸਤ ਕਿਹਾ ਜਾ ਸਕਦਾ ਹੈ । ਬਿਜਲੀ ਦੇ ਹਰ ਬਟਨ ਨੂੰ ਹਨ੍ਹੇਰੇ ਵਿਚ ਹੀ ਦੱਬ ਲੈਂਦਾ ਹਾਂ, ਹਰ ਟੂਟੀ ਦੇ ਸੁਭਾਅ ਨੂੰ ਜਾਣ ਗਿਆ ਹਾਂ, ਹਰ ਚਿਟਕਣੀ ਦੀ ਸਖਤੀ ਤੇ ਨਰਮੀ ਨੂੰ ਜਾਣਦਾ ਹਾਂ, ਹਰ ਅਲਮਾਰੀ ਦੀਆਂ ਚੀਜ਼ਾਂ ਨੂੰ ਜਾਣਦਾ ਹਾਂ । ਇਸ ਨੂੰ ਮੈਂ ਬੜੀ ਰੀਝ ਨਾਲ ਸਜਾਇਆ ਹੈ। ਬੜੇ ਸ਼ੌਂਕ ਨਾਲ ਰੰਗ ਰੋਗਨ ਕਰਵਾਇਆ ਹੈ ਤੇ ਇਸ ਨੂੰ ਬੜਾ ਸੰਭਾਲ ਕੇ ਰੱਖਿਆ ਹੈ। ਇਹ ਨਵ-ਵਿਆਹੀ ਵਾਂਗ ਸ਼ਰਮਾਉਂਦਾ ਹੈ, ਪਰ ਕਦੋਂ ਤੱਕ ! ਇਸ ਉੱਤੇ ਮੀਂਹ ਪਏਗਾ ਜਿਹੜਾ ਇਸ ਦੇ ਰੰਗਾਂ ਨੂੰ ਧੋ ਸੁੱਟੇਗਾ, ਹਨ੍ਹੇਰੀਆਂ ਆਉਣਗੀਆਂ ਜਿਹੜੀਆਂ ਇਸ ਉਤੇ ਧੂੜ ਸੁੱਟ ਜਾਣਗੀਆਂ, ਓਲੇ ਪੈਣਗੇ ਜਿਹੜੇ ਇਸ ਦੀ ਚਮਕ ਨੂੰ ਫਿੱਕਾ ਪਾ ਦੇਣਗੇ । ਪਰ ਫਿਰ ਵੀ ਹਰ ਨਵ-ਵਿਆਹੀ ਵਹੁਟੀ ਲਈ ਆਪਣੇ ਵਿਆਹ ਵੇਲੇ ਸ਼ਰਮਾਉਣਾ ਕੁਦਰਤੀ ਗੱਲ ਹੈ, ਸ਼ਿੰਗਾਰ ਕਰਨਾ ਉਸ ਦਾ ਜਮਾਂਦਰੂ ਅਧਿਕਾਰ ਹੈ । ਮੈਂ ਆਪਣੇ ਮਕਾਨ ਨੂੰ ਨਵੀਂ ਵਹੁਟੀ ਵਾਂਗ ਸਜਾਇਆ ਹੈ। ਜੇ ਨਿਰਾਲਾ ਜੀ ਆਪਣੀ ਲੜਕੀ ਸਰੋਜ ਦਾ ਸ਼ਿੰਗਾਰ ਆਪ ਕਰ ਸਕਦੇ ਸਨ ਤਾਂ ਮੈਨੂੰ ਆਪਣੇ ਮਕਾਨ ਦਾ ਸ਼ਿੰਗਾਰ ਕਰਨ ਵਿਚ ਸੰਕੋਚ ਕਿਵੇਂ ਹੋ ਸਕਦਾ ਹੈ । ਹਰ ਕਮਰੇ ਦੀ ਆਪਣੀ ਸ਼ਖਸੀਅਤ ਹੈ, ਉਸ ਦਾ ਆਪਣਾ ਰੰਗ ਹੈ, ਉਸੇ ਅਨੁਸਾਰ ਢੁੱਕਵਾਂ ਰੰਗ ਪਰਦਿਆਂ ਦਾ ਹੈ। ਜੇ ਬਾਅਦ ਵਿਚ ਇਨ੍ਹਾਂ ਦਾ ਰੰਗ ਮੈਲਾ ਹੋ ਜਾਏਗਾ ਜਾਂ ਫਿੱਕਾ ਪੈ ਜਾਏਗਾ ਤਾਂ ਇਸ ਦੀ ਚਿੰਤਾ ਨਹੀਂ । ਨਵੀਂ ਵਿਆਹੀ ਕੁੜੀ ਵੀ ਤਾਂ ਮਾਂ ਬਣਨ ਤੋਂ ਬਾਅਦ ਆਪਣਾ ਪਹਿਲਾਂ ਵਾਲਾ ਨੂਰ ਗਵਾ ਬੈਠਦੀ ਹੈ, ਚਾਹੇ ਨਵੀਂ ਕਿਸਮ ਦਾ ਨੂਰ ਉਸ ਵਿਚ ਜ਼ਰੂਰ ਪੈਦਾ ਹੋ ਜਾਂਦਾ ਹੈ । ਇਸੇ ਤਰ੍ਹਾਂ ਮਕਾਨ ਦਾ ਮੈਲਾ ਹੋਣਾ ਜਾਂ ਫਿੱਕਾ ਪੈਣਾ ਆਪਣੀ ਸ਼ਖ਼ਸੀਅਤ ਵਿਚ ਵਧੇਰੇ ਚਮਕ ਸਕਦੇ ਹਨ । ਹੁਣ ਤਾਂ ਇਸ ਨੂੰ ਹੱਥ ਲਾਉਣ ਵਿਚ ਵੀ ਪਰਹੇਜ਼ ਕਰਦਾ

ਹਾਂ ਤਾਂ ਜੋ ਇਸ ਤੇ ਦਾਗ਼ ਨਾ ਲੱਗ ਜਾਵੇ ਪਰ ਬਾਅਦ ਵਿਚ ਇਸ ਦੇ ਦਾਗ਼ ਹੀ ਇਸ ਦੇ ਨਿੱਜੀਪਨ ਨੂੰ ਦੱਸਣਗੇ । ਇਸ ਵਿਚ ਅਜੀਬ ਕਿਸਮ ਦਾ ਆਪਣਾਪਨ ਅਤੇ ਪਰਾਇਆਪਨ ਨਜ਼ਰ ਆਉਂਦਾ ਹੈ, ਆਪਣਾਪਨ ਇਸ ਲਈ ਕਿ ਇਹ ਕਿਰਾਏ, ਦਾ ਨਹੀਂ ਹੈ ਅਤੇ ਪਰਾਇਆਪਨ ਇਸ ਲਈ ਕਿ ਬਾਅਦ ਵਿਚ ਇਸ ਵਿਚ ਕੌਣ ਰਹੇਗਾ ਅਤੇ ਇਸ ਨੂੰ ਕਿਸ ਤਰ੍ਹਾਂ ਰੱਖੇਗਾ । ਇਸ ਚਿੰਤਾ ਦਾ ਕਾਰਣ ਇਹ ਵੀ ਹੈ ਕਿ ਮੈਂ ਇਸ ਵਿਚ ਪੂਜਾ-ਪਾਠ ਕਰਕੇ ਨਹੀਂ ਆਇਆ ਸਾਂ । ਮੇਰੀ ਛੋਟੀ ਭਾਬੀ ਨੂੰ ਇਸ ਦਾ ਸ਼ੌਕ ਸੀ ਅਤੇ ਉਸ ਨੇ ਗਾਂ ਦਾ ਵਧੀਆ ਘਿਓ ਅਤੇ ਹਵਨ ਦਾ ਸਾਮਾਨ ਵੀ ਮੁੱਲ ਲਿਆ ਹੋਇਆ ਸੀ ਪਰ ਘਿਓ ਇੰਨਾ ਵਧੀਆ ਸੀ ਕਿ ਇਸ ਨੂੰ ਜਲਾਉਣ ਨਾਲੋਂ ਇਸ ਨੂੰ ਖਾ ਲੈਣਾ ਮੈਨੂੰ ਵੱਧ ਪਸੰਦ ਆਇਆ। ਅਸਲ ਵਿਚ ਉਹ ਕੁਝ ਲੋਕਾਂ ਨੂੰ ਬੁਲਾ ਕੇ ਮਕਾਨ ਵਿਖਾਉਣਾ ਚਾਹੁੰਦੀ ਸੀ, ਪੂਜਾ-ਪਾਠ ਤਾਂ ਬਸ ਬਹਾਨਾ ਸੀ ।

ਜੇ ਆਪਣੇ ਮਕਾਨ ਦਾ ਸੁੱਖ ਹੁੰਦਾ ਹੈ ਤਾਂ ਇਸ ਦਾ ਦੁੱਖ ਵੀ ਹੈ, ਲਾਭ ਹੈ ਤਾਂ ਹਾਨੀ ਵੀ ਹੈ । ਸਭ ਤੋਂ ਵੱਡਾ ਦੁੱਖ ਇਹ ਹੈ ਕਿ ਜੇ ਗਵਾਂਢੀ ਨਾਲ ਵਿਗੜ ਜਾਵੇ ਤਾਂ ਮਕਾਨ ਬਦਲਿਆ ਨਹੀਂ ਜਾ ਸਕਦਾ। ਕਿਰਾਏ ਦੇ ਮਕਾਨ ਵਿਚ ਇਹ ਆਰਾਮ ਹੁੰਦਾ ਹੈ । ਮੈਂ ਆਪਣੇ ਮਕਾਨ ਦੇ ਚਾਰੇ ਪਾਸੇ ਉੱਚੀ ਉੱਚੀ ਵਾੜ ਲਾ ਰੱਖੀ ਹੈ ਤਾਂ ਜੋ ਪੜੌਸੀ ਦਿੱਸੇ ਹੀ ਨਾ, ਉਸ ਨਾਲ ਵਿਗੜਨ ਦਾ ਮੌਕਾ ਹੀ ਨਾ ਬਣੇ । ਮੇਰੇ ਗਵਾਂਢੀਆਂ ਦੇ ਵੀ ਆਪਣੇ ਆਪਣੇ ਮਕਾਨ ਹਨ । ਇਹ ਵੀ ਆਪਣੇ ਮਕਾਨ ਬਦਲ ਨਹੀਂ ਸਕਦੇ ਅਤੇ ਆਪਣੇ ਨਵੇਂ ਮਕਾਨ ਨੂੰ ਕਿਰਾਏ ਤੇ ਦੇਣਾ ਵੀ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਮੁਟਿਆਰ ਦਾ ਕੋਠੇ ਤੇ ਜਾ ਬਹਿਣਾ । ਜੇ ਇਕ ਵਾਰ ਕੋਈ ਮੁਟਿਆਰ ਕੋਠੇ ਤੇ ਬਹਿ ਆਵੇ ਤਾਂ ਉਸ ਦਾ ਬੇੜਾ ਪਾਰ ਨਹੀਂ ਹੋ ਸਕਦਾ । ਇਕ ਵਾਰ ਮਕਾਨ ਕਿਰਾਏ ਤੇ ਚੜ੍ਹ ਜਾਵੇ ਤਾਂ ਉਸ ਦਾ ਸੁਧਾਰ ਨਹੀਂ ਹੋ ਸਕਦਾ । ਉਸ ਦੀ ਸੂਰਤ ਇੰਨੀ ਵਿਗੜ ਜਾਂਦੀ ਹੈ ਕਿ ਉਹ ਕਦੇ ਵੀ ਪਹਿਲੀ ਹਾਲਤ ਵਿਚ ਨਹੀਂ ਆ ਸਕਦਾ । ਆਪਣਾ ਮਕਾਨ ਬਣਾਉਣ ਦਾ ਇਕ ਹੋਰ ਦੁੱਖ ਵੀ ਹੈ। ਇਹ ਬਹੁਤਿਆਂ ਨੂੰ ਅੱਖਰਦਾ ਹੈ, ਥੋੜ੍ਹਿਆਂ ਨੂੰ ਚੰਗਾ ਲੱਗਦਾ ਹੈ, ਅੱਖਰਣ ਦੇ ਤੇ ਚੰਗਾ ਲੱਗਣ ਦੇ ਆਪਣੇ ਆਪਣੇ ਕਾਰਣ ਹਨ । ਇਹ ਬਹੁਤ ਛੋਟਾ ਹੈ, ਇਸ ਲਈ ਵੱਡੇ ਪਰਿਵਾਰ ਵਾਲੇ ਨੂੰ ਅੱਖਰਦਾ ਹੈ, ਇਹ ਮੇਰੇ ਲਈ—ਬਹੁਤਾ ਹੀ ਵੱਡਾ ਹੈ, ਇਸ ਲਈ ਇਕ ਸਮਾਜਵਾਦੀ ਨੂੰ ਇਹ ਜ਼ਰੂਰ ਅੱਖਰਦਾ ਹੈ । ਹਰ ਵੇਖਣ ਵਾਲੇ ਨੇ ਇਸ ਦੇ ਨੁਕਸ ਦੂਰ ਕਰਨ ਦੀ ਮੈਨੂੰ ਸਲਾਹ ਵੀ ਦਿੱਤੀ ਹੈ। ਇਨ੍ਹਾਂ ਲਈ ਮੈਂ ਇਕ ਕਾਪੀ ਅਤੇ ਪੈਨਸਿਲ ਮੇਜ਼ ਤੇ ਰੱਖੀਆਂ ਹੋਈਆਂ ਹਨ ਤਾਂ ਜੋ ਸਾਰਿਆਂ ਦੀ ਕੀਮਤੀ ਸਲਾਹ ਦਾ ਮੈਂ ਲਾਭ ਉਠਾ ਸਕਾਂ । ਪੈਨਸਿਲ ਤਾਂ ਕਈ ਵਾਰ ਗਵਾਚੀ ਹੈ, ਪਰ ਕਾਪੀ ਕਾਇਮ ਰਹੀ ਹੈ। ਇਸ ਕਾਪੀ ਦੇ ਆਧਾਰ ਤੇ ਜਦੋਂ ਵੀ ਗੁਣਾਂ ਤੇ ਦੋਸ਼ਾਂ ਨੂੰ ਤੋਲਿਆ ਹੈ ਤਾਂ ਇਨ੍ਹਾਂ ਦੇ ਬਰਾਬਰ ਹੋਣ

ਕਰਕੇ ਦਿਲ ਨੂੰ ਤਸੱਲੀ ਹੋਈ ਹੈ। ਇਸ ਤਰ੍ਹਾਂ ਇਸ ਦੀ ਸ਼ਕਲ ਦਰਮਿਆਨੀ ਹੀ ਹੈ, ਨਾ ਬੁਰੀ ਹੈ ਤੇ ਨਾ ਸੋਹਣੀ ਅਤੇ ਔਸਤ ਸ਼ਕਲਾਂ ਤੇ ਹੀ ਦੁਨੀਆ ਟਿਕੀ ਹੋਈ ਹੈ। ਔਸਤ ਪਤਨੀ ਦੇ ਆਧਾਰ ਤੇ ਹੀ ਪਰਿਵਾਰ ਚੱਲਦਾ ਹੈ । ਇਸ ਲਈ ਮਕਾਨ ਦਾ ਜਾਂ ਪਤਨੀ ਦਾ ਭਲਾ ਜਾਂ ਬੁਰਾ ਲੱਗਣਾ ਇੱਕੋ ਬਰਾਬਰ ਹੈ ।

ਮੇਰੇ ਲਈ ਆਪਣੇ ਮਕਾਨ ਦੀ ਸਮੱਸਿਆ ਨਿੱਜੀ ਹੈ । ਇਸ ਉੱਤੇ ਸਭ ਦੀਆਂ ਅੱਖਾਂ ਹਨ। ਮਕਾਨ ਇਕ ਹੈ, ਅੱਖਾਂ ਕਈ । ਇਹ ਸਮਝ ਨਹੀਂ ਆ ਰਿਹਾ ਕਿ ਮਕਾਨ ਕਿਸ ਦੇ ਨਾਂ ਲਿਖਿਆ ਜਾਵੇ । ਜਾਇਦਾਦ ਦਾ ਜੇ ਸੁੱਖ ਹੁੰਦਾ ਹੈ ਤਾਂ ਇਸ ਦਾ ਦੁੱਖ ਵੀ ਹੁੰਦਾ ਹੈ। ਜੇ ਇੱਕ ਨੂੰ ਦਿੰਦਾ ਹਾਂ ਤਾਂ ਉਹ ਸੰਭਾਲ ਨਹੀਂ ਸਕਦਾ, ਜੇ ਦੂਜੇ ਨੂੰ ਦਿੰਦਾ ਹਾਂ ਤਾਂ ਉਸ ਨੂੰ ਰਹਿਣ ਦਾ ਢੰਗ ਨਹੀਂ ਆਉਂਦਾ । ਮੇਰੇ ਇਕ ਦੋਸਤ ਆਪਣਾ ਮਕਾਨ ਬਣਵਾਉਣ ਉੱਤੇ ਮੇਰੇ ਤੇ ਤਰਸ ਵੀ ਖਾਂਦੇ ਹਨ। ਇਸ ਲਈ ਕਿ ਉਹ ਹਰ ਦੋ ਸਾਲਾਂ ਮਗਰੋਂ ਮਕਾਨ ਅਤੇ ਹਰ ਤਿੰਨਾਂ ਸਾਲਾਂ ਮਗਰੋਂ ਗੱਡੀ ਬਦਲਣ ਦੇ ਹੱਕ ਵਿਚ ਹਨ । ਉਨ੍ਹਾਂ ਦਾ ਕਹਿਣਾ ਹੈ ਕਿ ਪੁਰਾਣਾ ਮਕਾਨ ਤੇ ਪੁਰਾਣੀ ਗੱਡੀ ਮੁਸੀਬਤ ਬਣ ਜਾਂਦੇ ਹਨ । ਕਦੇ ਪੁਰਾਣੇ ਮਕਾਨ ਦਾ ਨਲਕਾ ਚੋਣ ਲੱਗ ਜਾਂਦਾ ਹੈ ਤਾਂ ਕਦੇ ਗੱਡੀ ਦਾ ਘਿਸਿਆ ਹੋਇਆ ਟਾਇਰ ਰਸਤੇ ਵਿਚ ਹੀ ਫੱਟ ਜਾਂਦਾ ਹੈ । ਉਹ ਪਤਨੀ ਦੀ ਗੱਲ ਇਸ ਲਈ ਨਹੀਂ ਕਰਦੇ ਕਿਉਂਕਿ ਉਹ ਇਨ੍ਹਾਂ ਦੇ ਨਾਲ ਹੁੰਦੀ ਹੈ । ਜੇ ਆਪਣਾ ਮਕਾਨ ਬਣਵਾ ਕੇ ਮੈਂ ਮੁਸੀਬਤ ਵਿਚ ਹੀ ਫਸਣਾ ਸੀ ਤਾਂ ਮਕਾਨ ਬਣਾਉਣਾ ਬਹੁਤ ਵੱਡੀ ਭੁੱਲ ਸੀ ਜਿਸ ਦਾ ਸੁਧਾਰ ਨਹੀਂ ਹੋ ਸਕਦਾ । ਜੇ ਇੰਨੀ ਉਮਰ ਕਿਰਾਏ ਦੇ ਮਕਾਨ ਵਿਚ ਨਿਕਲ ਗਈ ਸੀ ਤਾਂ ਬਾਕੀ ਵੀ ਇਸੇ ਤਰ੍ਹਾਂ ਬੀਤ ਜਾਣੀ ਸੀ । ਮਕਾਨ ਬਣਾਉਣਾ ਤਾਂ ਵੱਡੀ ਉਮਰ ਵਿਚ ਵਿਆਹ ਕਰਵਾ ਕੇ ਪਛਤਾਉਣ ਦੇ ਬਰਾਬਰ ਹੈ ਪਰ ਪੱਛਮੀ ਦੇਸ਼ਾਂ ਵਿਚ ਅਜਿਹਾ ਰਿਵਾਜ ਜ਼ੋਰ ਪਕੜ ਰਿਹਾ ਹੈ । ਇਸੇ ਉਮਰ ਵਿਚ ਸਾਥੀ ਦੀ ਲੋੜ ਬਹੁਤੀ ਮਹਿਸੂਸ ਹੁੰਦੀ ਹੈ। ਕੀ ਆਖਰੀ ਉਮਰ ਵਿਚ ਕਲਮਾ ਨਹੀਂ ਪੜ੍ਹਿਆ ਜਾ ਸਕਦਾ ? ਹੁਣ ਤਾਂ ਮਕਾਨ ਬਣ ਚੁੱਕਿਆ ਹੈ ਇਸ ਨੂੰ ਢਾਹਿਆ ਨਹੀਂ ਜਾ ਸਕਦਾ । ਇਸ ਵਿਚ ਰਹਿਣ ਤੋਂ ਸਿਵਾ ਹੋਰ ਰਸਤਾ ਹੀ ਕਿਹੜਾ ਹੈ ?

********

# ਉਕਤਾ ਗਿਆ ਹਾਂ

ਦੁਨੀਆ ਦੀਆਂ ਮਹਿਫ਼ਲਾਂ ਤੋਂ ਉਕਤਾ ਕੇ ਆਪਣਾ ਜੀਅ ਲਾਉਣ ਲਈ ਮੈਂ ਪੁਸਤਕਾਂ ਦੀ ਸਭਾ ਵਿਚ ਆ ਬੈਠਾ । ਇਨ੍ਹਾਂ ਵਿਚ ਬੋਰ ਕਰਨ ਵਾਲਿਆਂ ਦੀ ਸੰਖਿਆ ਭਾਰਤ ਦੀ ਆਬਾਦੀ ਵਾਂਗ ਦਿਨ-ਬ-ਦਿਨ ਵਧਦੀ ਜਾ ਰਹੀ ਸੀ ਅਤੇ ਇਨ੍ਹਾਂ ਦਾ ਹੰਕਾਰ ਗੁਬਾਰੇ ਵਾਂਗ ਫੁਲਦਾ ਹੀ ਜਾਂਦਾ ਸੀ । ਮੈਨੂੰ ਇਨ੍ਹਾਂ ਦੀ ਹਉਮੈ ਦਾ ਸ਼ਿਕਾਰ ਹੋਣਾ ਅੱਖਰਣ ਲੱਗਾ। ਮੇਰੀ ਸ਼ਕਲ ਤੋਂ ਤਾਂ ਚਾਹੇ ਮੌਨ ਨਾ ਟਪਕਦਾ ਹੋਵੇ ਪਰ ਮੇਰੀ ਸੀਰਤ ਚੁੱਪ ਰਹਿਣ ਦੀ ਹੈ, ਇਸ ਤਰ੍ਹਾਂ ਮੇਰਾ ਸੁਭਾਅ ਪੁਸਤਕਾਂ ਨਾਲ ਮਿਲਦਾ ਜੁਲਦਾ ਹੈ । ਇਸ ਕਰਕੇ ਪੁਸਤਕਾਂ ਦੀ ਸੰਗਤ ਵਿਚ ਮੈਨੂੰ ਸ਼ਾਂਤੀ ਮਿਲਣ ਲੱਗੀ। ਇਸ ਦਾ ਇਕ ਹੋਰ ਕਾਰਣ ਵੀ ਸੀ । ਮਹਿਫਲਾਂ ਵਿਚ ਜਿੱਥੇ ਪਹਿਲਾਂ ਸ਼ੇਅਰੋ- ਸ਼ਾਅਰੀ ਦਾ ਵਾਤਾਵਰਣ ਹੁੰਦਾ ਸੀ, ਹੁਣ ਕੇਵਲ ਨਿੰਦਾ ਦਾ ਰਸ ਵਰਤਦਾ ਹੈ। ਇਸ ਰਸ ਦਾ ਸੁਆਦ ਤਾਂ ਕਦੇ ਕਦੇ ਮੈਨੂੰ ਵੀ ਚੰਗਾ ਲੱਗਦਾ ਹੈ ਪਰ ਹਰ ਵੇਲੇ ਨਹੀਂ । ਛੇ ਰਸਾਂ ਦੇ ਭੋਜਨ ਵਿਚ ਇੱਕੋ ਹੀ ਰਸ ਦਾ ਪਕਵਾਨ ਤਾਂ ਰੋਗੀ ਲਈ ਹੀ ਬਿਹਤਰ ਰਹਿੰਦਾ ਹੈ । ਮਹਿਫਲਾਂ ਵਿਚ ਸ਼ਾਮਲ ਹੋਣ ਲਈ ਘਰੋਂ ਬਾਹਰ ਨਿਕਲਣਾ ਪੈਂਦਾ ਹੈ, ਪਰ ਪੁਸਤਕਾਂ ਦੀ ਸਭਾ ਘਰ ਵਿਚ ਹੀ ਲੱਗ ਸਕਦੀ ਹੈ। ਇਕ ਹੋਰ ਵੀ ਕਾਰਣ ਸੀ ਜਿਸ ਕਰਕੇ ਮੈਂ ਪੁਸਤਕਾਂ ਦੀ ਸੰਗਤ ਵਿਚ ਆਇਆ। ਮਹਿਫ਼ਲਾਂ ਵਿਚ ਕਦੇ ਕਦੇ ਕਿਸੇ ਨਾਲ ਤੂੰ-ਤੜੱਕ ਵੀ ਹੋ ਜਾਂਦੀ ਸੀ ਪਰ ਪੁਸਤਕਾਂ ਨਾਲ ਭਾਰਤੀ ਦੇਵੀ ਵਾਂਗ ਲੜਨ ਦਾ ਮੌਕਾ ਹੀ ਨਹੀਂ ਮਿਲਦਾ । ਆਗਿਆ ਪਾਲਨ ਕਰਨ ਵਾਲਿਆਂ ਨਾਲ ਲੜਿਆ ਕਿਵੇਂ ਜਾ ਸਕਦਾ ਹੈ ? ਇਨ੍ਹਾਂ ਦੀ ਜੀਭ ਹੀ ਨਹੀਂ ਹੁੰਦੀ, ਇਸ ਲਈ ਤੂੰ-ਤੂੰ—ਮੈਂ-ਮੈਂ ਕਿਵੇਂ ਹੋ ਸਕਦੀ ਹੈ ?

ਮੈਨੂੰ ਹੁਣ ਪਹਿਲੀ ਵਾਰ ਅਨੁਭਵ ਹੋਣ ਲੱਗਾ ਹੈ ਕਿ ਮਹਿਫ਼ਲ ਅਤੇ ਸਭਾ ਵਿਚ ਫ਼ਰਕ ਹੈ । ਇਸ ਤੋਂ ਪਹਿਲਾਂ ਮੇਰੇ ਲਈ ਇਹ ਕੇਵਲ ਉਰਦੂ ਅਤੇ ਹਿੰਦੀ ਦੇ ਦੋ ਸ਼ਬਦ ਸਨ, ਜਿਹੜੇ ਇੱਕੋ ਭਾਵ ਦੇ ਸੂਚਕ ਸਨ । ਹੁਣ ਮੈਨੂੰ ਇਉਂ ਲੱਗਦਾ ਹੈ ਕਿ ਦੋ ਸਮਾਨਾਰਥੀ ਸ਼ਬਦ ਕਦੇ ਵੀ ਇਕ ਅਰਥ ਨੂੰ ਨਹੀਂ ਦਰਸਾ ਸਕਦੇ । ਮਹਿਫ਼ਲ ਮਹਿਫ਼ਲ ਹੈ ਅਤੇ ਸਭਾ ਸਭਾ, ਪਾਣੀ ਪਾਣੀ ਹੈ ਅਤੇ ਜਲ ਜਲ। ਪਾਣੀ ਵਿਚ ਜਲ ਦੀ ਪਵਿੱਤਰਤਾ ਅਤੇ ਗੰਭੀਰਤਾ ਕਿਵੇਂ ਆ ਸਕਦੀ ਹੈ ? ਇਸੇ ਤਰ੍ਹਾਂ ਸਭਾ ਵਿਚ ਮਹਿਫ਼ਲ ਦੀ ਸ਼ੋਖੀ ਅਤੇ ਰੰਗੀਨੀ ਕਿਵੇਂ ਆ ਸਕਦੀ ਹੈ ? ਮੈਂ ਦੁਨੀਆ ਦੀਆਂ ਮਹਿਫ਼ਲਾਂ ਤੋਂ ਉਕਤਾ ਕੇ ਜਦੋਂ ਪੁਸਤਕਾਂ ਦੀ ਸਭਾ ਵਿਚ ਬੈਠਣ ਲਗਾ ਤਾਂ ਮੈਨੂੰ ਮਹਿਸੂਸ ਹੋਣ ਲੱਗਾ ਕਿ ਆਸਮਾਨ ਤੋਂ ਡਿੱਗ ਕੇ ਖਜੂਰ ਵਿਚ ਲਟਕ ਗਿਆ

ਹਾਂ। ਪੁਸਤਕਾਂ ਵਿਚ ਘਿਰ ਕੇ ਕੈਦੀ ਬਣ ਗਿਆ ਹਾਂ । ਸਵੇਰ ਤੋਂ ਲੈ ਕੇ ਸ਼ਾਮ ਤੱਕ ਅਤੇ ਕਦੇ ਕਦੇ ਸੌਣ ਤੋਂ ਪਹਿਲਾਂ ਤੱਕ ਕਦੇ ਪੁਸਤਕ ਤੇ ਕਦੇ ਪੱਤ੍ਰਿਕਾ ਵਿਚ ਰੁੱਝਾ ਰਹਿੰਦਾ ਹਾਂ । ਅੱਖਾਂ ਦੀ ਐਨਕ ਦਾ ਨੰਬਰ ਵੀ ਹਰ ਸਾਲ ਬਦਲਦਾ ਰਹਿੰਦਾ ਹੈ । ਇਸ ਆਦਤ ਦਾ ਸ਼ਿਕਾਰ ਉਦੋਂ ਤੋਂ ਹੋ ਗਿਆ ਸੀ ਜਦੋਂ ਅਜੇ ਸਕੂਲ ਵਿਚ ਹੀ ਪੜ੍ਹਦਾ ਸਾਂ । ਪੜ੍ਹਨ ਕਰਕੇ ਨੰਬਰ ਬਹੁਤੇ ਆਉਂਦੇ ਸਨ । ਘਰ ਵਾਲੇ ਸ਼ਾਬਾਸ਼ ਦਿੰਦੇ ਸਨ ਬਾਹਰ ਵਾਲੇ ਜਲਦੇ ਸਨ । ਲਾਹੌਰ ਵਿਚ ਨਵੀਂ ਤੋਂ ਨਵੀਂ ਕਿਤਾਬ ਦੀ ਗੱਲ ਕਰਨ ਦਾ ਰਿਵਾਜ ਜਿਹਾ ਪੈ ਗਿਆ ਸੀ । ਸਾਰੀਆਂ ਪੁਸਤਕਾਂ ਪੜ੍ਹਨਾ ਸੰਭਵ ਨਹੀਂ ਹੋ ਸਕਦਾ ਸੀ । ਇਸ ਲਈ ਕੁਝ ਕੁ ਪੁਸਤਕਾਂ ਬਾਰੇ ਕੇਵਲ ਸੂਚਨਾਵਾਂ ਅਤੇ ਅਲੋਚਨਾਵਾਂ ਦੇ ਆਧਾਰ ਤੇ ਹੀ ਗੱਲ ਕਰਨ ਦਾ ਅਭਿਆਸ ਹੋ ਗਿਆ ਸੀ । ਇਸ ਦਾ ਮੈਂ ਪੂਰਾ ਲਾਭ ਉਠਾਇਆ ਹੈ । ਅੱਜ ਤੱਕ ਇਸ ਦਾ ਰਾਜ਼ ਖੁੱਲ੍ਹਣ ਨਹੀਂ ਦਿਤਾ । ਇਸੇ ਲਈ ਸ਼ਾਇਦ ਵਿਦਵਾਨ ਹੋਣ ਦਾ ਭਰਮ ਮੇਰੇ ਬਾਰੇ ਬਣਿਆ ਹੋਇਆ ਹੈ, ਚਾਹੇ ਹਿੰਦੀ ਦਾ ਵਿਦਵਾਨ ਹੋਣ ਵਿਚ ਲੋਕਾਂ ਨੂੰ ਸ਼ੱਕ ਹੀ ਹੋਵੇ । ਇਹ ਸ਼ੱਕ ਵੀ ਉਦੋਂ ਤੋਂ ਹੱਟਣ ਲੱਗ ਪਿਆ ਹੈ ਜਦੋਂ ਤੋਂ ਮੈਂ ਪਾਨ ਚੱਬਣ ਲੱਗ ਪਿਆ ਹਾਂ । ਇਸ ਲਈ ਹੁਣ ਪੁਸਤਕਾਂ ਤੋਂ ਉਕਤਾ ਜਾਣਾ ਕੇਵਲ ਕੁਦਰਤੀ ਹੀ ਨਹੀਂ ਰਿਹਾ ਸਗੋਂ ਲਾਜ਼ਮੀ ਹੋ ਗਿਆ ਹੈ। ਅੱਜਕਲ੍ਹ ਪ੍ਰੋਫੈਸਰੀ ਪ੍ਰਾਪਤ ਕਰਨ ਲਈ ਤਿੰਨ ਗੱਲਾਂ ਦਾ ਹੋਣਾ ਜ਼ਰੂਰੀ ਹੈ--ਆਪਣਾ ਮਕਾਨ, ਆਪਣੀ ਗੱਡੀ ਅਤੇ ਪੜ੍ਹਾਈ-ਲਿਖਾਈ ਨੂੰ ਛੁੱਟੀ । ਮੈਂ ਵੀ ਪੜ੍ਹਨਾ-ਲਿਖਣਾ ਬੰਦ ਕਰ ਦਿੱਤਾ ਹੈ। ਕਦੇ ਕਦੇ ਜਦੋਂ ਆਪਣੀ ਪੁਰਾਣੀ ਆਦਤ ਮਜ਼ਬੂਰ ਕਰਦੀ ਹੈ ਅਤੇ ਵਕਤ ਕਟੀ ਲਈ ਕੋਈ ਹੋਰ ਰਾਹ ਨਾ ਲੱਭੇ ਤਾਂ ਕੇਵਲ ਆਪਣੀ ਲਿਖੀ ਹੋਈ ਪੁਸਤਕ ਦਾ ਪਾਠ ਸ਼ੁਰੂ ਕਰ ਦਿੰਦਾ ਹਾਂ । ਇਸ ਦਾ ਕਾਰਣ ਇਹ ਵੀ ਹੈ ਕਿ ਇਨ੍ਹਾਂ ਨੂੰ ਪੜ੍ਹਨ ਵਾਲੇ ਬਹੁਤ ਘੱਟ ਹਨ, ਇਸ ਲਈ ਇਹ ਹਰ ਵੇਲੇ ਲਾਇਬ੍ਰੇਰੀ ਵਿਚ ਮਿਲ ਜਾਂਦੀਆਂ ਹਨ। ਇਨ੍ਹਾਂ ਨੂੰ ਲਾਇਬ੍ਰੇਰੀ ਵਿਚ ਵੇਖ ਕੇ ਮਨ ਨੂੰ ਤਸੱਲੀ ਹੁੰਦੀ ਹੈ ਕਿ ਮੇਰਾ ਨਾਂ ਵੀ ਲੇਖਕਾਂ ਵਿਚ ਗਿਣਿਆ ਜਾ ਰਿਹਾ ਹੈ । ਪਰ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਹਿੰਦੀ ਦੇ ਲੇਖਕ ਸਾਹਿਤਕਾਰ ਅਖਵਾਉਣ ਲੱਗ ਪਏ ਹਨ ਅਤੇ ਸਾਹਿਤਕਾਰ ਲੇਖਕ ਤੋਂ ਵੱਡਾ ਸਮਝਿਆ ਜਾਂਦਾ ਹੈ ਪਰ ਛੋਟਾ ਸ਼ਹੀਦ ਹੋਣ ਦਾ ਵੀ ਆਪਣਾ ਹੀ ਸੰਤੋਖ ਹੁੰਦਾ ਹੈ ।

ਮੈਂ ਪੁਸਤਕਾਂ ਬਾਰੇ ਅਨੇਕਾਂ ਮੁਹਾਵਰੇ ਤੇ ਅਖਾਣ ਪੜ੍ਹੇ ਹੋਏ ਹਨ—ਜਿਵੇਂ ਮਿੱਤਰ ਧੋਖਾ ਦੇ ਜਾਂਦੇ ਹਨ, ਪੁਸਤਕਾਂ ਨਹੀਂ; ਪੁਸਤਕਾਂ ਅਨਮੋਲ ਰਤਨਾਂ ਦੀ ਖਾਣ ਹਨ, ਪੁਸਤਕਾਂ ਗਿਆਨ- ਵਿਗਿਆਨ ਦੀਆਂ ਅਥਾਹ ਸਾਗਰ ਹਨ । ਕੁਝ ਪੁਸਤਕਾਂ ਚੱਖਣਯੋਗ ਹੁੰਦੀਆਂ ਹਨ। ਕੁਝ ਨਿਗਲਣ ਯੋਗ ਅਤੇ ਕੁਝ ਹਜ਼ਮ ਕਰਨ ਯੋਗ । ਹੁਣ ਨਾ ਤਾਂ ਇਨ੍ਹਾਂ ਦੇ ਚੱਖਣ ਵਿਚ ਮਜ਼ਾ ਹੈ ਅਤੇ ਨਾ ਹੀ ਇਨ੍ਹਾਂ ਦੇ ਨਿਗਲਣ ਵਿਚ ਸੁਆਦ । ਇਨ੍ਹਾਂ ਨੂੰ ਹਜ਼ਮ ਕਰਨ ਨਾਲ ਬਦਹਜ਼ਮੀ ਹੋ ਜਾਂਦੀ ਹੈ । ਜਵਾਹਰ ਲਾਲ ਨਹਿਰੂ ਇਸ ਲਈ ਉਦਾਸ ਹੋ ਜਾਂਦੇ ਸਨ ਕਿ ਭਾਰਤ ਵਿਚ ਪੁਸਤਕਾਂ ਪੜ੍ਹਨ ਦਾ ਰਿਵਾਜ ਬਹੁਤ ਘੱਟ ਹੈ। ਮੈਂ ਅੱਜ ਇਸ ਲਈ ਉਦਾਸ ਹਾਂ ਕਿ ਮੈਂ ਇਨ੍ਹਾਂ ਤੋਂ

ਉਕਤਾ ਗਿਆ ਹਾਂ, ਪੁਸਤਕਾਂ ਦੇ ਹੀ ਸੰਸਾਰ ਵਿਚ ਰਹਿ ਰਹਿ ਕੇ ਜੀਵਨ ਤੋਂ ਅੱਡ ਹੋ ਗਿਆ ਹਾਂ। ਮੇਰੇ ਕੁਝ ਮਿੱਤਰ ਇਨ੍ਹਾਂ ਤੋਂ ਉਚਾਟ ਨਹੀਂ ਹੋਏ । ਇਨ੍ਹਾਂ ਵਿੱਚੋਂ ਇਕ ਗਿਆਨ ਦਾ ਚੱਲਦਾ ਫਿਰਦਾ ਕੋਸ਼ ਹੈ ਤੇ ਦੂਜਾ ਸਾਹਿਤ ਦਾ। ਕਦੇ ਜਦੋਂ ਇਨ੍ਹਾਂ ਨਾਲ ਮੇਲ ਹੋ ਜਾਂਦਾ ਹੈ ਤਾਂ ਇਉਂ ਲੱਗਦਾ ਹੈ ਕਿ ਬੰਦੇ ਨਾਲ ਮਿਲਣ ਦੀ ਥਾਂ ਮੈਂ ਕੋਸ਼ ਨਾਲ ਮਿਲ ਰਿਹਾ ਹਾਂ । ਇਨ੍ਹਾਂ ਦੀਆਂ ਗੱਲਾਂ ਵਿਚ ਅਪੱਣਤ ਨਹੀਂ, ਪਰਾਇਆਪਨ ਹੁੰਦਾ ਹੈ । ਹਰ ਗੱਲ ਕਿਸੇ ਆਦਮੀ ਦਾ ਨਾਂ ਲੈ ਕੇ ਕੀਤੀ ਜਾਂਦੀ ਹੈ । ਹਰ ਗੱਲ ਲਈ ਕਿਸੇ ਹੋਰ ਦੀ ਰਾਏ ਦੇਣੀ ਵਸਾਖੀਆਂ ਤੇ ਟੁਰਨ ਵਾਲੀ ਗੱਲ ਹੈ । ਮੈਨੂੰ ਇਹ ਗੱਲ ਚੰਗੀ ਨਹੀਂ ਲੱਗਦੀ । ਮੈਂ ਵੀ ਇਨ੍ਹਾਂ ਦਾ ਸਹਾਰਾ ਲੈ ਕੇ ਹੁਣ ਤੱਕ ਚੱਲਦਾ ਆਇਆ ਹਾਂ । ਆਪ ਸੋਚਣ ਦੀ ਆਦਤ ਨਹੀਂ ਪੈਣ ਦਿੱਤੀ, ਆਪਣੀ ਰਾਏ ਬਣਾਉਣ ਦਾ ਕਸ਼ਟ ਨਹੀਂ ਕੀਤਾ। ਇਸ ਤਰ੍ਹਾਂ ਹੌਲੀ ਹੌਲੀ ਇਨਸਾਨ ਤੋਂ ਮਸ਼ੀਨ ਬਣਦਾ ਆਇਆ ਹਾਂ । ਅੱਜ ਦੇ ਮਸ਼ੀਨੀ ਯੁੱਗ ਵਿਚ ਪੁਰਜ਼ੇ ਦੀ ਹੀ ਵੱਧ ਕਦਰ ਹੈ । ਇਸੇ ਲਈ ਅੱਜ ਮੁੜ ਸ਼ਖ਼ਸੀਅਤ ਦੀ ਖੋਜ ਹੋਣ ਲੱਗ ਪਈ ਹੈ, ਨਿੱਜਤਾ ਨੂੰ ਪਾਉਣ ਦਾ ਫਿਰ ਯਤਨ ਹੋ ਰਿਹਾ ਹੈ । ਇਨ੍ਹਾਂ ਪੁਸਤਕਾਂ ਨੇ ਜਿੱਥੇ ਗਿਆਨ ਦਾ ਵਿਸਤਾਰ ਕੀਤਾ ਹੈ ਉੱਥੇ ਮਾਨਵਤਾ ਦਾ ਸੰਕੋਚ ਵੀ ਕੀਤਾ ਹੈ । ਇਸ ਲਈ ਸਿਰਜਨਾਤਮਕ ਸ਼ਕਤੀ ਖੁੰਡੀ ਪੈਣ ਲੱਗ ਪਈ ਹੈ।

ਇਨ੍ਹਾਂ ਤੋਂ ਉਕਤਾਉਣ ਦਾ ਇਕ ਕਾਰਣ ਹੋਰ ਵੀ ਹੈ । ਇਨ੍ਹਾਂ ਦਾ ਬਹੁਤ ਵੱਡੀ ਸੰਖਿਆ ਵਿਚ ਛਪਣਾ ਪਾਠਕਾਂ ਨੂੰ ਪਰੇਸ਼ਾਨ ਕਰ ਦਿੰਦਾ ਹੈ । ਹਰ ਭਾਸ਼ਾ ਵਿਚ ਇਨ੍ਹਾਂ ਦੇ ਛਪਣ ਦੇ ਅੰਕੜੇ ਵੀ ਨਿਕਲਣ ਲੱਗ ਪਏ ਹਨ । ਹਰ ਪੁਸਤਕ ਦੀ ਤਾਰੀਫ਼ ਹੋਣ ਲੱਗੀ ਹੈ । ਪਾਠਕ ਦੀ ਸਭ ਤੋਂ ਵੱਡੀ ਸਮੱਸਿਆ ਪੁਸਤਕ ਦੀ ਚੋਣ ਦੀ ਹੈ। ਕਿਹੜੀ ਪੜ੍ਹੇ ਤੇ ਕਿਹੜੀ ਨਾ ਪੜ੍ਹੇ? ਜ਼ਿੰਦਗੀ ਬੜੀ ਛੋਟੀ ਹੈ ਪਰ ਪੁਸਤਕਾਂ ਦੀ ਸੂਚੀ ਬਹੁਤ ਲੰਬੀ ਹੈ । ਉਹ ਯੁੱਗ ਵੀ ਇਕ ਗੱਲੋਂ ਕਿੰਨਾ ਚੰਗਾ ਸੀ ਜਦੋਂ ਪੁਸਤਕਾਂ ਪ੍ਰਕਾਸ਼ਿਤ ਨਹੀਂ ਸੀ ਹੁੰਦੀਆਂ, ਹੱਥਾਂ ਨਾਲ ਹੀ ਲਿਖੀਆਂ ਜਾਂਦੀਆਂ ਸਨ । ਉਸ ਯੁੱਗ ਵਿਚ ਕੂੜਾ-ਕਰਕਟ ਦੀ ਸੰਭਾਵਨਾ ਬਹੁਤ ਘੱਟ ਸੀ । ਹਰ ਲੇਖਕ ਜਾਂ ਚਿੰਤਕ ਆਪਣੇ ਆਪ ਨੂੰ ਮੌਲਿਕ ਨਹੀਂ ਸਮਝਦਾ ਸੀ । ਅੱਜਕਲ੍ਹ ਪੁਸਤਕਾਂ ਦਾ ਵਪਾਰ ਹੈ, ਇਸ ਵਪਾਰ ਵਿਚ ਮਿਲਾਵਟ ਚੱਲਦੀ ਹੈ, ਪ੍ਰਚਾਰ ਹੁੰਦਾ ਹੈ ਅਤੇ ਗੁੰਮਰਾਹ ਕਰਨ ਦੀ ਸ਼ਕਤੀ ਹੁੰਦੀ ਹੈ । ਇਸ ਲਈ ਇਨ੍ਹਾਂ ਤੋਂ ਉਕਤਾ ਜਾਣਾ ਕੁਦਰਤੀ ਗੱਲ ਹੈ । ਲਾਇਬ੍ਰੇਰੀਆਂ ਵਿਚ ਪੁਸਤਕਾਂ ਨਾਲ ਤੁੰਨ ਤੁੰਨ ਕੇ ਭਰੀਆਂ ਅਲਮਾਰੀਆਂ ਦੇਖ ਕੇ ਮੈਂ ਹੈਰਾਨ ਹੋ ਜਾਂਦਾ ਹਾਂ, ਨਿਤ ਨਵੇਂ ਪ੍ਰਕਾਸ਼ਕਾਂ ਨੂੰ ਵੇਖ ਕੇ ਦਿਲ ਘਬਰਾਉਣ ਲੱਗ ਪੈਂਦਾ ਹੈ । ਇਨ੍ਹਾਂ ਨੂੰ ਪੜ੍ਹਦੇ ਪੜ੍ਹਦੇ ਥੱਕ ਵੀ ਗਿਆ ਹਾਂ । ਥੱਕੇ ਹੋਏ ਮੁਸਾਫਰ ਵਾਂਗ ਆਰਾਮ ਚਾਹੁੰਦਾ ਹਾਂ । ਇਹ ਵੀ ਮਹਿਸੂਸ ਕਰਨ ਲੱਗ ਪਿਆ ਹਾਂ ਕਿ ਇੰਨਾ ਪੜ੍ਹਨ ਦਾ ਸਿੱਟਾ ਸਿਫ਼ਰ ਨਿਕਲਿਆ ਹੈ । ਕਿਸੇ ਮੰਜ਼ਿਲ ਤੇ ਨਹੀਂ ਅਪੜਿਆ । ਹੁਣ ਇਸ ਤੱਕ ਅਪੜਨ ਦੀ ਸੰਭਾਵਨਾ ਵੀ ਘੱਟਦੀ ਜਾ ਰਹੀ ਹੈ। ਵੱਧ ਪੜ੍ਹਨ

ਨਾਲ ਸੰਕੀਰਣਤਾ ਹੀ ਆਈ ਹੈ, ਜਟਿਲਤਾ ਹੀ ਵਧੀ ਹੈ । ਦੁਨੀਆ ਦੀਆਂ ਮਹਿਫਲਾਂ ਤੋਂ ਉਕਤਾ ਕੇ ਜਿਵੇਂ ਪੁਸਤਕਾਂ ਦੀ ਸਭਾ ਵਿਚ ਆ ਗਿਆ ਸੀ ਉਸੇ ਤਰ੍ਹਾਂ ਪੁਸਤਕਾਂ ਤੋਂ ਉਕਤਾ ਕੇ ਹੁਣ ਚਿੰਤਨ-ਮਨਣ ਦੇ ਆਲ੍ਹਣੇ ਵਿਚ ਜਾਣ ਨੂੰ ਜੀਅ ਕਰਦਾ ਹੈ, ਪੁਸਤਕਾਂ ਨੂੰ ਖਾ-ਪੀ ਕੇ ਹੁਣ ਗਾਂ ਵਾਂਗ ਜੁਗਾਲੀ ਕਰਨ ਨੂੰ ਦਿਲ ਕਰਦਾ ਹੈ ।

********

## ਸਭਾਪਤੀ ਦਾ ਭਾਸ਼ਣ

ਇਹ ਭਾਸ਼ਣ ਮੈਨੂੰ ਸੁਣਨਾ ਬਹੁਤ ਪਿਆ ਹੈ, ਦੇਣਾ ਘੱਟ ਅਤੇ ਦੋਵਾਂ ਹਾਲਤਾਂ ਵਿਚ ਇਹ ਕਿਸੇ ਕਿਸਮ ਦੇ ਦਿਲ-ਪ੍ਰਚਾਵੇ ਦਾ ਕਾਰਣ ਨਹੀਂ ਬਣਿਆ । ਸਭਾਪਤੀ ਦੀ ਕੁਰਸੀ ਤੇ ਜਾਂ ਕਦੇ ਕਦੇ ਆਸਣ ’ਤੇ ਬੈਠਣ ਦਾ ਮੌਕਾ ਮੈਨੂੰ ਘੱਟ ਹੀ ਮਿਲਿਆ ਹੈ । ਇਹ ਇਸ ਲਈ ਜਦੋਂ ਤਿੰਨ ਵੱਡੇ ਆਦਮੀ ਸਭਾਪਤੀ ਬਣਨ ਤੋਂ ਕਿਸੇ ਕਾਰਨ ਇਨਕਾਰ ਕਰ ਦਿੰਦੇ ਸਨ ਤਾਂ ਹੀ ਮੈਨੂੰ ਸੱਦਾ-ਪੱਤਰ ਦਿੱਤਾ ਜਾਂਦਾ ਰਿਹਾ ਹੈ । ਕਦੇ ਕਦੇ ਜਦੋਂ ਸਭਾਪਤੀ ਜੀ ਵੇਲੇ ਸਿਰ ਪਹੁੰਚਦੇ ਨਹੀਂ ਸਨ ਤਾਂ ਆਰਜ਼ੀ ਤੌਰ ਤੇ ਮੈਨੂੰ ਕੁਰਸੀ ਜਾਂ ਆਸਣ ਉਤੇ ਬੈਠਣ ਲਈ ਕਿਹਾ ਜਾਂਦਾ ਰਿਹਾ ਹੈ । ਮੈਂ ਵੀ ਇਸ ਮੌਕੇ ਦੀ ਤਲਾਸ਼ ਵਿਚ ਰਹਿੰਦਾ ਸੀ । ਮੈਂ ਜਾਣਦਾ ਸੀ ਕਿ ਦੇਰ ਨਾਲ ਪਹੁੰਚਣਾ ਵੱਡੇ ਹੋਣ ਦੀ ਨਿਸ਼ਾਨੀ ਹੁੰਦੀ ਹੈ । ਹੁਣ ਹਾਲਾਤ ਬਦਲ ਚੁੱਕੇ ਹਨ, ਮੇਰੀ ਥਾਂ ਚੌਥੀ ਤੋਂ ਦੂਜੀ ਹੋ ਗਈ ਹੈ । ਮੈਨੂੰ ਇਸੇ ਵਿਚ ਵੀ ਸੰਤੋਖ ਹੈ । ਮੇਰੇ ਬਹੁਤ ਸਾਰੇ ਸਾਥੀ ਹਨ ਜਿਹੜੇ ਹਰ ਲਿਹਾਜ਼ ਨਾਲ ਸਭਾਪਤੀ ਬਣਨ ਲਈ ਮੇਰੇ ਨਾਲੋਂ ਬਹੁਤੇ ਲਾਇਕ ਹਨ । ਪਰ ਅਜੇ ਤੱਕ ਇਨ੍ਹਾਂ ਨੂੰ ਇਸ ਕੁਰਸੀ ’ਤੇ ਬੈਠਣ ਦਾ ਮੌਕਾ ਨਹੀਂ ਮਿਲਿਆ ਹੈ । ਉਹ ਵੇਖਣ ਵਿਚ ਬਹੁਤ ਰੋਹਬਦਾਰ ਹਨ, ਬੋਲਣ ਵਿਚ ਬੜੇ ਚਤੁਰ ਹਨ, ਵਕਤ ਤੋਂ ਪਹਿਲਾਂ ਪਹੁੰਚ ਜਾਂਦੇ ਹਨ, ਉਨ੍ਹਾਂ ਦਾ ਪਹਿਰਾਵਾ ਵੀ ਚੰਗਾ ਹੁੰਦਾ ਹੈ, ਉਹ ਸਭਾਪਤੀ ਲੱਗਦੇ ਵੀ ਹਨ । ਉਹ ਸਭਾਪਤੀ ਬਣਨ ਲਈ ਇਸ ਲਈ ਵੱਧ ਯੋਗ ਹਨ ਕਿ ਉਨ੍ਹਾਂ ਦੀ ਜਾਣਕਾਰੀ ਕਿਸੇ ਵਿਸ਼ੇ ਵਿਚ ਲੋੜ ਤੋਂ ਵੱਧ ਨਹੀਂ ਹੈ। ਇਸ ਲਈ ਉਹ ਹਰ ਵਿਸ਼ੇ ਤੇ ਆਪਣਾ ਭਾਸ਼ਣ ਦੇ ਸਕਦੇ ਹਨ ।

ਮੇਰੇ ਸ਼ਹਿਰ ਵਿਚ ਇਸ ਤਰ੍ਹਾਂ ਦੇ ਇਕ ਜਮਾਂਦਰੂ ਸਭਾਪਤੀ ਸਨ । ਉਹ ਹਰ ਸਭਾ ਵਿਚ ਜਾਂਦੇ ਸਨ ਅਤੇ ਹਰ ਵਿਸ਼ੇ ਤੇ ਦੋ-ਚਾਰ ਲਤੀਫ਼ੇ, ਦੋ ਚਾਰ ਸ਼ੇਅਰ ਸੁਣਾ ਕੇ ਆਪਣਾ ਭਾਸ਼ਣ ਦੇ ਦਿੰਦੇ ਸਨ । ਅਸਲ ਵਿਚ ਸਭਾਪਤੀ ਦਾ ਅਸਲੀ ਕੰਮ ਵੀ ਇਹੀ ਹੁੰਦਾ ਹੈ ਕਿ ਅੰਤ ਵਿਚ ਉਹ ਸੁਣਨ ਵਾਲਿਆਂ ਦਾ ਮਨਪ੍ਰਚਾਵਾ ਕਰ ਸਕੇ । ਉਸ ਨੂੰ ਸਭਾਪਤੀ ਇਸ ਲਈ ਵੀ ਬਣਾਇਆ ਜਾਂਦਾ ਹੈ ਕਿ ਮੰਚ ਉਤੇ ਖਾਲੀ ਕੁਰਸੀ ਪਈ ਭੈੜੀ ਲੱਗਦੀ ਹੈ, ਉਸ ਨੂੰ ਭਰਨਾ ਹੀ ਚਾਹੀਦਾ ਹੈ । ਇਕ ਵਾਰ ਉਹ ਸੰਗੀਤ ਸਭਾ ਦੇ ਸਭਾਪਤੀ ਬਣੇ ਹੋਏ ਸਨ। ਮੈਨੂੰ ਹੈਰਾਨੀ ਇਸ ਕਰਕੇ ਹੋਈ ਕਿ ਉਹ ਸੰਗੀਤ ਦੀ ਸਰਗਮ ਤੱਕ ਨਹੀਂ ਜਾਣਦੇ ਸਨ । ਇਸ ਦਾ ਰਾਜ਼ ਜਦੋਂ ਉਨ੍ਹਾਂ ਤੋਂ ਪੁਛਿਆ ਤਾਂ ਥੋੜ੍ਹਾ ਆਕੜ ਕੇ ਕਹਿਣ ਲੱਗੇ ਕਿ ਸਭਾ ਨੂੰ ਦਾਨ ਦਿੱਤਾ ਹੈ । ਇਸ ਤਰ੍ਹਾਂ ਦਾਨ ਦੇਣ ਵਾਲਾ ਸਭਾਪਤੀ ਬਣਨ ਦਾ ਬਹੁਤਾ ਹੱਕਦਾਰ ਹੁੰਦਾ ਹੈ । ਇਨ੍ਹਾਂ ਦੇ ਭਾਸ਼ਣ

ਦਾ ਵਿਸ਼ਾ ਸੰਗੀਤ ਨਾ ਹੋ ਕੇ ਧੰਨਵਾਦ ਸੀ ਅਤੇ ਧੰਨਵਾਦ ਕਰਨ ਦਾ ਹੁਨਰ ਉਨ੍ਹਾਂ ਨੂੰ ਆਉਂਦਾ ਹੈ। ਸਾਰਿਆਂ ਨੂੰ ਇਕ ਇਕ ਕਰਕੇ ਯਾਦ ਕਰਨਾ ਧੰਨਵਾਦ ਦੇਣ ਦੀ ਕਲਾ ਦੀ ਵਿਸ਼ੇਸ਼ਤਾ ਮੰਨੀ ਜਾਂਦੀ ਹੈ। ਭਾਸ਼ਣ ਵਿਚ ਧੰਨਵਾਦੀ ਮਹਿਸੂਸ ਕਰਨਾ ਇੰਨਾ ਜ਼ਰੂਰੀ ਨਹੀਂ ਜਿੰਨਾ ਇਸ ਨੂੰ ਪ੍ਰਗਟਾਉਣਾ। ਇਕ ਹੋਰ ਸਭਾਪਤੀ ਹਨ ਜਿਹੜੇ ਆਪਣੇ ਹਰ ਭਾਸ਼ਣ ਦੀ ਤਾਨ ਰਵਿੰਦਰ ਨਾਥ ਦੀ ਕਿਸੇ ਸੱਤਰ ਤੇ ਤੋੜਦੇ ਹਨ। ਇਕ ਹੋਰ ਹਨ ਜਿਹੜੇ ਵੇਦ ਮੰਤਰਾਂ ਦਾ ਉਪਦੇਸ਼ ਦੇਣ ਲੱਗਦੇ ਹਨ। ਪ੍ਰਤੱਖ ਹੈ ਕਿ ਸਭਾਪਤੀਆਂ ਲਈ ਯਾਦ ਸ਼ਕਤੀ ਦਾ ਤੇਜ਼ ਹੋਣਾ ਉਨਾ ਹੀ ਜ਼ਰੂਰੀ ਹੈ ਜਿੰਨਾ ਇਸ ਦਾ ਵੱਡਾ ਹੋਣਾ। ਕੁਝ ਕੁ ਸਭਾਪਤੀਆਂ ਨੂੰ ਕਹਾਣੀਆਂ ਕਹਿਣੀਆਂ ਆਉਂਦੀਆਂ ਹਨ ਤੇ ਇਹ ਜ਼ਿਆਦਾ ਕਾਮਯਾਬ ਹੁੰਦੇ ਹਨ। ਇਨ੍ਹਾਂ ਵਿਚ ਦਿਲ ਪ੍ਰਚਾਵੇ ਦੀ ਯੋਗਤਾ ਹੁੰਦੀ ਹੈ। ਸੁਣਨ ਵਾਲਿਆਂ ਦੀ ਪੱਧਰ ਤੋਂ ਜਾਣੂ ਹੋਣਾ ਤੇ ਇਨ੍ਹਾਂ ਦੀ ਨਬਜ਼ ਨੂੰ ਜਾਣ ਲੈਣਾ ਸਭਾਪਤੀ ਦਾ ਕੰਮ ਹੈ। ਇਸ ਲਈ ਉਸ ਨੂੰ ਆਪਣੇ ਮਨ ਦੀ ਗੱਲ ਨਹੀਂ ਕਹਿਣੀ ਹੁੰਦੀ ਸਗੋਂ ਹੋਰਨਾਂ ਦੇ ਮਨ ਦੀ ਹੀ ਗੱਲ ਕਰਨੀ ਹੁੰਦੀ ਹੈ। ਇਹੋ ਹੀ ਤਾਂ ਸਾਧਾਰਣੀਕਰਨ ਦਾ ਸਿਧਾਂਤ ਹੈ। ਜੇ ਉਹ ਸੁਣਨ ਵਾਲਿਆਂ ਤੋਂ ਰਤਾ ਇਕ ਪਾਸੇ ਹੋ ਕੇ ਜਾਂ ਉਨਾਂ ਦੀ ਪੱਧਰ ਤੋਂ ਉੱਚਾ ਉਠ ਕੇ ਭਾਸ਼ਣ ਦੇਣ ਲੱਗੇ ਤਾਂ ਇਕ ਇਕ ਕਰਕੇ ਜਾਂ ਕਦੇ ਕਦੇ ਇਕ ਦਮ ਸਾਰੇ ਲੋਕ ਉਠ ਕੇ ਟੁਰ ਪੈਂਦੇ ਹਨ। ਇਕ ਵਾਰ ਅਜਿਹਾ ਮੌਕਾ ਵੀ ਮੈਂ ਵੇਖਿਆ ਹੈ ਕਿ ਸਭਾਪਤੀ ਦਾ ਭਾਸ਼ਣ ਕੇਵਲ ਪੰਜ ਬੰਦੇ ਹੀ ਸੁਣਨ ਲਈ ਰਹਿ ਗਏ ਸਨ। ਉਨ੍ਹਾਂ ਪੰਜਾਂ ਵਿਚ ਇਕ ਮੈਂ ਵੀ ਸੀ। ਸਭਾਪਤੀ ਦੀ ਗੱਲ ਮੇਰੀ ਸਮਝ ਤੋਂ ਬਾਹਰ ਸੀ ਪਰ ਮੈਨੂੰ ਇਸ ਲਈ ਉਸ ਦੀ ਗੱਲ ਸੁਣਨੀ ਪੈ ਰਹੀ ਸੀ ਕਿ ਮੈਂ ਹੀ ਸਭਾ ਦਾ ਪ੍ਰਬੰਧ ਕੀਤਾ ਸੀ ਤੇ ਮੈਂ ਹੀ ਸਭਾਪਤੀ ਦੀ ਚੋਣ ਕੀਤੀ ਸੀ।

ਹੁਣ ਤੱਕ ਮੈਂ ਅਨੇਕਾਂ ਸਭਾਪਤੀਆਂ ਦੇ ਭਾਸ਼ਣ ਸੁਣੇ ਹਨ ਪਰ ਮੈਨੂੰ ਸਭਾਪਤੀ ਦਾ ਭਾਸ਼ਣ ਦੇਣਾ ਨਹੀਂ ਆਇਆ ਅਤੇ ਸ਼ਾਇਦ ਮੈਨੂੰ ਆਉਣਾ ਵੀ ਨਹੀਂ। ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਮੈਂ ਮੁੱਢ ਤੋਂ ਹੀ ਉਪਦੇਸ਼ ਦੇਣ ਦਾ ਆਦੀ ਨਹੀਂ ਹਾਂ ਅਤੇ ਨਾ ਹੀ ਸੁਣਨ ਵਾਲਿਆਂ ਦਾ ਦਿਲ ਲਗਾ ਸਕਦਾ ਹਾਂ। ਮੈਨੂੰ ਨਾ ਤਾਂ ਉਪਦੇਸ਼ਕ ਬਣਨ ਦਾ ਚਾਅ ਹੈ ਤੇ ਨਾ ਹੀ ਮਖੌਲੀਆ। ਇਕ ਬਣਨ ਲਈ ਮੂੰਹ ਲਟਕਾਉਣਾ ਪੈਂਦਾ ਹੈ, ਦੂਜਾ ਬਣਨ ਲਈ ਦੰਦ ਕੱਢਣੇ ਪੈਂਦੇ ਹਨ, ਮੈਥੋਂ ਦੋਵੇਂ ਗੱਲਾਂ ਨਹੀਂ ਹੋ ਸਕਦੀਆਂ। ਗੱਲ ਵਾਂਗ ਗੱਲ ਕਰਨੀ ਸੌਖੀ ਹੁੰਦੀ ਹੈ, ਇਹ ਮੈਂ ਕਰ ਵੀ ਸਕਦਾ ਹਾਂ, ਪਰ ਇਸ ਨੂੰ ਲੈਕਚਰ ਨਹੀਂ ਮੰਨਿਆ ਜਾ ਸਕਦਾ। ਭਾਸ਼ਣ ਦੇਣ ਲਈ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਸੁਣਨ ਵਾਲਿਆਂ ਦੀ ਅਕਲ ਨੂੰ ਥੋੜ੍ਹਾ ਸਮਝਿਆ ਜਾਏ ਅਤੇ ਸਭਾਪਤੀ ਨੂੰ ਅਕਸਰ ਇਹ ਗੱਲ ਮੰਨ ਕੇ ਹੀ ਤੁਰਨਾ ਪੈਂਦਾ ਹੈ। ਮੇਰੇ ਵਿਚ ਘਾਟ ਇਹ ਹੈ ਕਿ ਮੈਂ ਹਰ ਬੰਦੇ ਦੀ ਅਕਲ ਨੂੰ ਜੇ ਆਪਣੇ ਤੋਂ ਵੱਧ ਨਹੀਂ ਤਾਂ ਆਪਣੇ ਤੋਂ ਘੱਟ ਵੀ ਨਹੀਂ ਸਮਝਦਾ। ਮੈਂ ਆਪਣੀ ਕਮਜ਼ੋਰੀ ਨੂੰ ਜਾਣਦਾ ਹਾਂ। ਇਸ ਲਈ ਗੱਲਬਾਤ ਤਾਂ ਕਰ ਸਕਦਾ ਹਾਂ, ਪਰ ਭਾਸ਼ਣ ਨਹੀਂ ਦੇ ਸਕਦਾ। ਗੱਲਬਾਤ ਤੋਂ ਮੈਨੂੰ ਨੇੜਤਾ ਅਤੇ ਆਪਣੇਪਨ ਦਾ

ਅਹਿਸਾਸ ਹੁੰਦਾ ਹੈ ਅਤੇ ਭਾਸ਼ਣ ਤੋਂ ਦੂਰੀ ਅਤੇ ਪਰਾਏਪਨ ਦਾ । ਇਸ ਲਈ ਭਾਸ਼ਣ ਦੇਣਾ ਸਿਖ ਕੇ ਮੈਂ ਆਪਣੇਪਨ ਨੂੰ ਖੋਹਣਾ ਨਹੀਂ ਚਾਹੁੰਦਾ ਅਤੇ ਗੱਲਬਾਤ ਕਰਨ ਦੇ ਢੰਗ ਨੂੰ ਛੱਡਣਾ ਨਹੀਂ ਚਾਹੁੰਦਾ । ਗੱਲਬਾਤ ਕਰਦਿਆਂ ਸੋਚ ਤੋਂ ਵੀ ਕੰਮ ਲਿਆ ਜਾ ਸਕਦਾ ਹੈ ਪਰ ਭਾਸ਼ਣ ਦੇਣ ਵੇਲੇ ਤਾਂ ਕੇਵਲ ਗਲਾ ਹੀ ਕੰਮ ਆਉਂਦਾ ਹੈ । ਮੇਰਾ ਗਲਾ ਕਮਜ਼ੋਰ ਹੈ । ਇਸ ਲਈ ਸਭਾਪਤੀ ਬਣਨ ਤੋਂ ਕਤਰਾਉਂਦਾ ਹਾਂ, ਭਾਸ਼ਣ ਸਭਾ ਦਾ ਲੁੱਤਫ਼ ਨਹੀਂ ਰਿਹਾ ਸਗੋਂ ਭਾਰ ਬਣ ਗਿਆ ਹੈ । ਅੱਜਕਲ੍ਹ ਕਦੇ ਕਦੇ ਭਾਸ਼ਣ ਸਭਾ ਦੇ ਅੰਤ ਵਿਚ ਨਹੀਂ ਸਗੋਂ ਵਿਚਾਲੇ ਜਿਹੇ ਹੀ ਦਿੱਤਾ ਜਾਂਦਾ ਹੈ ਤਾਂ ਜੋ ਲੋਕ ਉੱਠ ਕੇ ਚਲੇ ਨਾ ਜਾਣ । ਇਸ ਲਈ ਭਾਸ਼ਣ ਦੀ ਥਾਂ ਇਸ ਨੂੰ ਬਰਦਾਸ਼ਤ ਕਰਨਾ ਪੈਂਦਾ ਹੈ । ਜਦੋਂ ਵੀ ਮੈਨੂੰ ਸਭਾਪਤੀ ਬਣਨ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਮੈਂ ਬਸ ਆਪਣੀ ਗੱਲਬਾਤ ਹੀ ਕਰਦਾ ਹਾਂ । ਕੁਝ ਕੁ ਫ਼ਿਕਰੇ ਕਹਿਣ ਲਈ ਹੀ ਸਭਾਪਤੀ ਨੂੰ ਦੋ ਦੋ ਤਿੰਨ ਤਿੰਨ ਘੰਟੇ ਬੋਰ ਹੋਣਾ ਪੈਂਦਾ ਹੈ । ਹੋਰ ਲੋਕ ਤਾਂ ਆਪਸ ਵਿਚ ਬੋਲ ਕੇ ਜਾਂ ਹੱਸ ਹਸਾ ਕੇ ਆਪਣੇ ਅਕੇਵੇਂ ਨੂੰ ਘੱਟ ਕਰ ਲੈਂਦੇ ਹਨ ਪਰ ਵਿਚਾਰੇ ਸਭਾਪਤੀ ਨੂੰ ਕਲੱਮ-ਕੱਲੇ ਸਟੇਜ ਉੱਤੇ ਚੁੱਪ-ਚਾਪ ਬੈਠਣਾ ਪੈਂਦਾ ਹੈ । ਇੰਨੀ ਸਾਧਨਾ ਉਸ ਨੂੰ ਇਸ ਲਈ ਕਰਨੀ ਪੈਂਦੀ ਹੈ ਤਾਂ ਜੋ ਉਹ ਭਾਸ਼ਣ ਦੇ ਸਕੇ ।

ਇਨ੍ਹਾਂ ਭਾਸ਼ਣਾਂ ਦੇ ਆਪੋ ਆਪਣੇ ਰੰਗ ਹੁੰਦੇ ਹਨ । ਇਕ ਸਭਾਪਤੀ ਵਾਰ ਵਾਰ ਇਹੋ ਗੱਲ ਕਹਿੰਦਾ ਹੈ ਕਿ ਮੈਂ ਵਿਦੇਸ਼ ਹੋ ਆਇਆ ਹਾਂ । ਹਰ ਭਾਸ਼ਣ ਵਿਚ ਉਹ ਵਿਦੇਸ਼ ਯਾਤਰਾ ਦੀ ਕੋਈ ਨਾ ਕੋਈ ਗੱਲ ਘੜੀਸ ਲਿਆਉਂਦਾ ਹੈ । ਭਾਸ਼ਣ ਚਾਹੇ ਸੰਗੀਤ ਉੱਤੇ ਹੋਵੇ ਚਾਹੇ ਸਾਹਿਤ ਉਤੇ, ਰਾਜਨੀਤੀ ਤੇ ਹੋਵੇ ਜਾਂ ਵਿਦੇਸ਼-ਨੀਤੀ ਤੇ, ਸਭਿਆਚਾਰ ਤੇ ਹੋਵੇ ਜਾਂ ਇਤਿਹਾਸ ਤੇ—ਉਹ ਆਪਣੀ ਵਿਦੇਸ਼ ਯਾਤਰਾ ਦੀ ਗੱਲ ਕਰਨੀ ਨਹੀਂ ਭੁਲ ਸਕਦਾ । ਦਸ ਸਾਲ ਹੋਏ ਉਹ ਦਸ ਦਿਨਾਂ ਲਈ ਵਿਦੇਸ਼ ਗਿਆ ਸੀ ਅਤੇ ਉਥੋਂ ਇੰਨਾ ਕੁਝ 'ਕੱਠਾ ਕਰ ਲਿਆਇਆ ਹੈ ਕਿ ਸੌ ਭਾਸ਼ਣਾਂ ਦੇ ਕੰਮ ਆ ਸਕਦਾ ਹੈ । ਅਸਲ ਵਿਚ ਉਸ ਨੂੰ ਭੂਗੋਲ ਅਤੇ ਇਤਿਹਾਸ ਦੀ ਕਾਫ਼ੀ ਜਾਣਕਾਰੀ ਹੈ, ਉਹ ਇਸ ਜਾਣਕਾਰੀ ਨਾਲ ਸਦਾ ਹੀ ਵਿਦੇਸ਼ ਯਾਤਰਾ ਨੂੰ ਜੋੜ ਲੈਂਦਾ ਹੈ । ਇਕ ਹੋਰ ਸਭਾਪਤੀ ਹਨ ਜਿਨ੍ਹਾਂ ਨੂੰ ਕਿਸੇ ਸਮੇਂ ਸ਼ਿਕਾਰ ਖੇਡਣ ਦਾ ਸ਼ੌਕ ਸੀ । ਉਹ ਹਰ ਭਾਸ਼ਣ ਵਿਚ ਸ਼ਿਕਾਰ ਦਾ ਹਵਾਲਾ ਦੇਣਾ ਨਹੀਂ ਭੁਲਦੇ । ਸੰਗੀਤ ਜਾਂ ਸਾਹਿਤ ਦੀ ਗੱਲ ਕਰਦੇ ਕਰਦੇ ਉਹ ਸ਼ਿਕਾਰ ਤੇ ਉਤਰ ਆਉਂਦੇ ਹਨ । ਜਦੋਂ ਜੰਗਲ ਵਿਚ ਸ਼ਿਕਾਰ ਨਾ ਮਿਲੇ ਤਾਂ ਸੰਗੀਤ ਬੜੇ ਕੰਮ ਆਉਂਦਾ ਹੈ । ਸ਼ਿਕਾਰੀ-ਸਾਹਿਤ ਵਿਚ ਸਾਹਸ ਪੈਦਾ ਕਰਨ ਦੀ ਸ਼ਕਤੀ ਹੁੰਦੀ ਹੈ । ਇਕ ਹੋਰ ਸਭਾਪਤੀ ਹਨ ਜਿਨ੍ਹਾਂ ਦੇ ਹਰ ਭਾਸ਼ਣ ਵਿਚ ਭਾਰਤ ਦੇ ਪੁਰਾਣੇ ਸਭਿਆਚਾਰ ਦੇ ਗੁਣਾਂ ਦਾ ਜ਼ਿਕਰ ਹੁੰਦਾ ਹੈ । ਉਹ ਆਧੁਨਿਕ ਵਿਗਿਆਨ ਅਤੇ ਆਵਿਸ਼ਕਾਰਾਂ ਤੇ ਭਾਸ਼ਣ ਦਿੰਦੇ ਦਿੰਦੇ ਨਵੀਆਂ ਖੋਜਾਂ ਨੂੰ ਬੀਤੇ ਜ਼ਮਾਨੇ ਵਿਚ ਲੱਭ ਲੈਂਦੇ ਹਨ । ਉਹ ਪੈਨਸਿਲਿਨ ਦੀ ਖੋਜ ਨੂੰ ਮਹਾਂਭਾਰਤ ਦੇ ਯੁੱਗ ਨਾਲ ਜੋੜ ਦਿੰਦੇ ਹਨ। ਭੀਸ਼ਮ ਪਿਤਾਮਾ

52 ਦਿਨਾਂ ਤੱਕ ਤੀਰਾਂ ਦੀ ਮੰਜੀ ਤੇ ਪਏ ਰਹੇ ਅਤੇ ਪੈਨਸਿਲਿਨ ਦੇ ਕਾਰਣ ਇਨ੍ਹਾਂ ਦੇ ਜ਼ਖ਼ਮਾਂ ਵਿਚ ਜ਼ਹਿਰ ਨਹੀਂ ਫੈਲੀ। ਅੱਜ ਦੇ ਅਣੂ ਜਾਂ ਪ੍ਰਮਾਣੂ ਦੇ ਧਮਾਕੇ ਦੇ ਸਬੰਧ ਵਿਚ ਗੱਲ ਕਰਦੇ ਕਰਦੇ ਉਹ ਰਾਮਾਇਣ ਦੇ ਅਗਨੀ ਤੀਰਾਂ ਤੇ ਉਤਰ ਆਉਂਦੇ ਹਨ। ਇਸ ਤਰ੍ਹਾਂ ਉਹ ਪ੍ਰਧਾਨਗੀ ਭਾਸ਼ਣ ਵਿਚ ਸਾਬਤ ਕਰ ਦਿੰਦੇ ਹਨ ਕਿ ਨਵਾਂ ਕੁਝ ਵੀ ਨਹੀਂ ਹੈ, ਸਾਰਾ ਕੁਝ ਪੁਰਾਣਾ ਹੈ ਅਤੇ ਹਿੰਦੁਸਤਾਨੀ ਹੈ । ਇਕ ਚੌਥੇ ਰੰਗ ਦਾ ਭਾਸ਼ਣ ਜਿਹੜਾ ਮੈਂ ਸਭਾਪਤੀ ਤੋਂ ਵਾਰ ਵਾਰ ਸੁਣਿਆ ਹੈ, ਸ਼ਾਇਰੀ ਨਾਲ ਭਰਿਆ ਹੋਇਆ ਹੁੰਦਾ ਹੈ । ਉਨ੍ਹਾਂ ਹਰ ਵਿਸ਼ੇ ਤੇ ਇਕ ਇਕ ਸ਼ੇਅਰ ਜਾਂ ਬੰਦ ਚੇਤੇ ਕੀਤਾ ਹੋਇਆ ਹੈ । ਇਸ ਲਈ ਇਨ੍ਹਾਂ ਦੇ ਭਾਸ਼ਣਾਂ ਵਿਚ ਰਸ ਹੁੰਦਾ ਹੈ। ਇਕ ਸ਼ੇਅਰ ਦਾ ਦੂਜੇ ਨਾਲ ਕੋਈ ਸਬੰਧ ਹੋਵੇ ਚਾਹੇ ਨਾ ਹੋਵੇ, ਪਰ ਉਹ ਜ਼ਰੂਰ ਇਨ੍ਹਾਂ ਨੂੰ ਜੋੜ ਲੈਂਦੇ ਹਨ। ਅੱਜ ਦੀ ਸ਼ਾਇਰੀ ਨਾਲ ਉਨ੍ਹਾਂ ਨੂੰ ਨਫ਼ਰਤ ਹੈ। ਇਹ ਭਾਸ਼ਣਾਂ ਦੇ ਕੰਮ ਨਹੀਂ ਆਉਂਦੀ ਤੇ ਨਾ ਹੀ ਇਸ ਨੂੰ ਚੇਤੇ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਅਨੁਸਾਰ ਕਵਿਤਾ ਤਿੰਨ ਤਰ੍ਹਾਂ ਦੀ ਹੁੰਦੀ ਹੈ—ਇਕ ਉਹ ਜਿਹੜੀ ਦਿਲ ਵਿਚ ਰਹਿੰਦੀ ਹੈ, ਦੂਜੀ ਉਹ ਜਿਹੜੀ ਦਿਮਾਗ ਵਿਚ ਅਤੇ ਤੀਜੀ ਉਹ ਜਿਹੜੀ ਗਲੇ ਵਿੱਚੋਂ ਨਿਕਲਦੀ ਹੈ। ਸਭ ਤੋਂ ਚੰਗੀ ਕਵਿਤਾ ਕੰਠ ਦੀ ਹੁੰਦੀ ਹੈ । ਇਸ ਦਾ ਨਾਤਾ ਦਿਮਾਗ ਨਾਲ ਨਹੀਂ ਗਲੇ ਨਾਲ ਹੁੰਦਾ ਹੈ, ਵਿਚਾਰ ਨਾਲ ਨਹੀਂ ਆਵਾਜ਼ ਨਾਲ ਹੁੰਦਾ ਹੈ, ਅਰਥ ਨਾਲ ਨਹੀਂ ਸ਼ਬਦ ਨਾਲ ਹੁੰਦਾ ਹੈ । ਇਸ ਲਈ ਸਭਾਪਤੀ ਜੀ ਦੇ ਭਾਸ਼ਣ ਵਿਚ ਸ਼ਬਦ ਹੀ ਬ੍ਰਹਮ ਹੁੰਦਾ ਹੈ ।

********

# ਰੱਦੀ ਦੀ ਟੋਕਰੀ

ਇਸ ਟੋਕਰੀ ਦੇ ਬਾਰੇ ਕੇਵਲ ਇੰਨਾ ਹੀ ਕਹਿ ਸਕਦਾ ਹਾਂ ਕਿ ਇਹ ਮੇਰੇ ਜੀਵਨ ਦਾ ਇਕ ਅੰਗ ਹੈ ਅਤੇ ਮੈਂ ਇਸ ਦਾ ਧੰਨਵਾਦੀ ਹਾਂ। ਇਹ ਇਸ ਕਰਕੇ ਨਹੀਂ ਕਿ ਇਸ ਵੇਲੇ ਇਹ ਮੇਰੇ ਕੋਲ ਸਭ ਤੋਂ ਪੁਰਾਣੀ ਚੀਜ਼ ਹੈ ਅਤੇ ਪੁਰਾਣੀ ਚੀਜ਼ ਨਾਲ ਮੇਰਾ ਪਿਆਰ ਉਨਾ ਹੀ ਵਧਦਾ ਜਾਂਦਾ ਹੈ ਜਿੰਨਾ ਪੁਰਾਣੇ ਆਦਮੀ ਜਾਂ ਪੁਰਾਣੇ ਵਿਚਾਰ ਨਾਲ ਘਟਦਾ ਜਾਂਦਾ ਹੈ। ਇਸ ਟੋਕਰੀ ਤੋਂ ਪੁਰਾਣਾ ਸਿਰਫ਼ ਮੈਂ ਹਾਂ ਅਤੇ ਮੈਂ ਚੀਜ਼ ਨਹੀਂ ਹਾਂ, ਬੰਦਾ ਹਾਂ। ਇਸ ਲਈ ਆਪਣੇ ਆਪ ਨਾਲ ਵੀ ਮੋਹ ਘਟਦਾ ਹੀ ਗਿਆ ਹੈ। ਟੋਕਰੀ ਤੋਂ ਵੀ ਵੱਧ ਪੁਰਾਣੀਆਂ ਚੀਜ਼ਾਂ ਨੂੰ ਪਾਕਿਸਤਾਨ ਵਿਚ ਛੱਡਣਾ ਪਿਆ ਹੈ। ਇਨ੍ਹਾਂ ਦੀ ਯਾਦ ਹੁਣ ਵੀ ਕਦੇ ਕਦੇ ਆ ਜਾਂਦੀ ਹੈ। ਮੇਰਾ ਨਵਾਂ ਰੇਡੀਓ ਪੁਰਾਣੇ ਨਾਲੋਂ ਚੰਗਾ ਹੈ, ਮੇਰਾ ਨਵਾਂ ਪੈਨ ਪੁਰਾਣੇ ਨਾਲੋਂ ਮਹਿੰਗਾ ਹੈ, ਮੇਰੀ ਨਵੀਂ ਕੁਰਸੀ ਪੁਰਾਣੀ ਨਾਲੋਂ ਵੱਧ ਆਰਾਮਦੇਹ ਹੈ ਅਤੇ ਕਦੇ ਕਦੇ ਮੈਨੂੰ ਇਹ ਵੀ ਲੱਗਦਾ ਹੈ ਕਿ ਇਸ ਟੋਕਰੀ ਦੇ ਕਾਰਣ ਮੇਰਾ ਦਿਮਾਗ ਪੁਰਾਣੇ ਤੋਂ ਵੱਧ ਸਾਫ਼ ਤੇ ਖ਼ਾਲੀ ਹੈ। ਇਸ ਦਾ ਕਾਰਣ ਰੱਦੀ ਦੀ ਟੋਕਰੀ ਇਸ ਲਈ ਹੈ ਕਿ ਇਹ ਆਪ ਰੱਦੀ ਨਹੀਂ ਰੱਦੀ ਦੀ ਹੈ ਜਾਂ ਰੱਦੀ ਕਾਗਜ਼ਾਂ ਲਈ ਹੈ। ਇਹ ਬਾਹਰਲੀ ਅਤੇ ਅੰਦਰਲੀ ਜ਼ਿੰਦਗੀ ਦੀ ਲੜਾਈ ਨਹੀਂ ਹੋਣ ਦਿੰਦੀ। ਜੀਵਨ ਨੂੰ ਸਾਫ਼ ਰੱਖਣ ਵਿਚ ਸਹਾਇਤਾ ਕਰਦੀ ਹੈ। ਇਹ ਨਾ ਤਾਂ ਉਨ੍ਹਾਂ ਫਜ਼ੂਲ ਕਾਗਜ਼ਾਂ ਦਾ ਢੇਰ ਲੱਗਣ ਦੇਂਦੀ ਹੈ ਜਿਨ੍ਹਾਂ ਵਿਚ ਮੈਂ ਉਲਝ ਜਾਂਦਾ ਸਾਂ ਤੇ ਨਾ ਹੀ ਫਜ਼ੂਲ ਵਿਚਾਰ ਵਿਚ ਗੁੰਮ ਹੋਣ ਦਿੰਦੀ ਹੈ ਜਿਨ੍ਹਾਂ ਵਿਚ ਮੈਂ ਆਮ ਫਸ ਜਾਂਦਾ ਸੀ। ਹੁਣ ਮੈਂ ਹਰ ਚਿੱਠੀ ਨੂੰ ਸੰਭਾਲਣ ਦੀ ਥਾਂ ਇਸ ਨੂੰ ਪੜ੍ਹਨ ਤੇ ਇਸ ਦਾ ਜਵਾਬ ਦੇਣ ਤੋਂ ਬਾਅਦ ਪਾੜ ਕੇ ਇਸ ਵਿਚ ਸੁੱਟ ਦਿੰਦਾ ਹਾਂ, ਹਰ ਸੱਦੇ ਪੱਤਰ ਨੂੰ ਮਨਜ਼ੂਰ ਕਰਨ ਜਾਂ ਨਾ ਮਨਜ਼ੂਰ ਕਰਨ ਤੋਂ ਬਾਅਦ ਟੋਕਰੀ ਵਿਚ ਪਾ ਦਿੰਦਾ ਹਾਂ। ਹਰ ਇਸ਼ਤਿਹਾਰ ਨੂੰ ਬਿਨਾਂ ਪੜ੍ਹੇ ਹੀ ਇਸ ਟੋਕਰੀ ਦੀ ਭੇਟ ਕਰ ਦਿੰਦਾ ਹਾਂ। ਇਹ ਹਰ ਦੂਜੇ ਚੌਥੇ ਪਾਟੇ ਪੁਰਾਣੇ ਕਾਗ਼ਜ਼ਾਂ ਨਾਲ ਉਸੇ ਤਰ੍ਹਾਂ ਭਰ ਜਾਂਦੀ ਹੈ ਜਿਵੇਂ ਦਿਮਾਗ ਅਖ਼ਬਾਰੀ ਗੱਲਾਂ ਨਾਲ ਤੁੰਨਿਆ ਜਾਂਦਾ ਹੈ। ਇਸ ਨੂੰ ਖਾਲ੍ਹੀ ਕਰਨਾ ਇਸ ਲਈ ਜ਼ਰੂਰੀ ਹੈ ਕਿ ਇਹ ਮੇਰੇ ਦਿਮਾਗ ਵਾਂਗ ਛੋਟੀ ਹੈ, ਇਸ ਵਿਚ ਬਹੁਤਾ ਕੁਝ ਸਮੋ ਨਹੀਂ ਸਕਦਾ। ਇਸ ਨੂੰ ਵਾਰ ਵਾਰ ਖਾਲੀ ਕਰਨਾ ਇਸ ਲਈ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਫਜ਼ੂਲ ਜ਼ਿੰਦਗੀ ਕਿਤੇ ਫ਼ਜ਼ੂਲ ਚੀਜ਼ਾਂ ਦੇ ਭਾਰ ਨਾਲ ਹੋਰ ਭਾਰੀ ਨਾ ਹੋ ਜਾਵੇ। ਭਾਰਤੀ ਰੇਲ ਦੇ ਵੀ ਭਾਰ ਦੇ ਬਾਰੇ ਇਹੋ ਹੀ ਉਪਦੇਸ਼ ਹੈ, ਪਰ ਇਸ ਤੇ ਅਮਲ ਬਹੁਤ ਘੱਟ ਹੁੰਦਾ ਹੈ। ਉਪਦੇਸ਼ ਤੇ ਅਮਲ ਕਰਨ ਦਾ ਜ਼ਮਾਨਾ ਹੀ ਬੀਤ ਗਿਆ ਹੈ। ਤੀਜੇ ਦਰਜੇ ਦੇ ਡੱਬੇ ਵਿਚ ਇਹ ਗੱਲ ਪੂਰੀ ਤਰ੍ਹਾਂ ਸਮਝ

ਆ ਜਾਂਦੀ ਹੈ ਕਿ ਦੇਸ਼ ਦੀ ਆਬਾਦੀ ਨਾ ਕੇਵਲ ਦੇਸ਼ ਲਈ ਭਾਰ ਬਣਦੀ ਜਾ ਰਹੀ ਹੈ, ਆਪਣੇ ਲਈ ਵੀ ਭਾਰ ਹੈ । ਕੇਵਲ ਜ਼ਮੀਨ ਹੀ ਇਹ ਭਾਰ ਚੁੱਕ ਸਕਦੀ ਹੈ । ਇਸੇ ਲਈ ਸ਼ਾਇਦ ਇਸ ਨੂੰ ਧਰਤੀ ਮਾਂ ਕਹਿੰਦੇ ਹਨ ।

ਜਦੋਂ ਇਹ ਟੋਕਰੀ ਮੇਰੇ ਕੋਲ ਨਹੀਂ ਸੀ, ਉਦੋਂ ਚੀਜਾਂ ਇੱਕਠੀਆਂ ਕਰਨ ਦੀ ਆਦਤ ਵੀ ਬਹੁਤ ਸੀ । ਚਿੱਠੀਆਂ ਦੇ ਢੇਰ ਲੱਗੇ ਰਹਿੰਦੇ ਸਨ; ਅਖਬਾਰਾਂ ਰਸਾਲਿਆਂ ਦੇ ਅੰਬਾਰ ਲੱਗੇ ਰਹਿੰਦੇ ਸੀ, ਇਸ਼ਤਿਹਾਰਾਂ ਦੇ ਢੇਰ ਲੱਗੇ ਰਹਿੰਦੇ ਸਨ । ਅਣਛਪੇ ਲੇਖਾਂ ਦੇ ਸਫ਼ੇ ਜਮ੍ਹਾਂ ਹੁੰਦੇ ਰਹਿੰਦੇ ਸਨ । ਇੱਕ ਦਿਨ ਇਹ ਟੋਕਰੀ ਜਨਮ ਦਿਨ ਦੇ ਮੌਕੇ ਤੇ ਤੋਹਫ਼ੇ ਦੇ ਰੂਪ ਵਿਚ ਮੈਨੂੰ ਮਿਲੀ । ਮੇਰੇ ਕਿਸੇ ਦੋਸਤ ਨੂੰ ਮਹਿਸੂਸ ਹੋਇਆ ਕਿ ਮੈਨੂੰ ਇਸ ਦੀ ਬੜੀ ਲੋੜ ਹੈ । ਉਸ ਨੇ ਇਕ ਦਿਨ ਮੈਨੂੰ ਪੁਰਾਣੀਆਂ ਚਿੱਠੀਆਂ ਨਾਲ ਘਿਰਿਆ ਹੋਇਆ ਵੇਖਿਆ ਅਤੇ ਪੁਰਾਣੇ ਰਸਾਲਿਆਂ ਦੇ ਸਫ਼ੇ ਪਲਟਾਉਂਦਾ ਵੇਖਿਆ । ਮੇਰੇ ਪਿਤਾ ਜੀ ਵੀ ਜਦੋਂ ਉਦਾਸ ਹੋ ਜਾਂਦੇ ਸਨ ਤਾਂ ਬੰਦ ਟਰੰਕਾਂ ਨੂੰ ਖੋਲ੍ਹ ਕੇ ਨਵੇਂ-ਪੁਰਾਣੇ ਸਭ ਕਿਸਮ ਦੇ ਕੱਪੜਿਆਂ ਦੀਆਂ ਮੁੜ ਤਹਿਆਂ ਲਾਉਣ ਲੱਗ ਜਾਂਦੇ ਸਨ। ਇਸ ਤਰ੍ਹਾਂ ਉਹ ਬੀਤੇ ਜ਼ਮਾਨੇ ਨੂੰ ਮੁੜ ਸੱਜਰਾ ਕਰ ਲੈਂਦੇ ਸਨ । ਮੈਂ ਵੀ ਪਿਤਾ ਜੀ ਵਾਂਗ ਇੱਕਲ ਤੋਂ ਬਚਣ ਲਈ ਪੁਰਾਣੀਆਂ ਚਿੱਠੀਆਂ ਤੇ ਪੁਰਣੀਆਂ ਪੱਤ੍ਰਿਕਾਵਾਂ ਖੋਲ੍ਹ ਕੇ ਬਹਿ ਜਾਂਦਾ ਸਾਂ । ਆਉਣ ਵਾਲੇ ਸਮੇਂ ਦੀ ਖ਼ਬਰ ਨਹੀਂ ਸੀ, ਆਏ ਹੋਏ ਸਮੇਂ ਤੋਂ ਡਰ ਲੱਗਦਾ ਸੀ । ਇਸ ਲਈ ਬੀਤੇ ਸਮੇਂ ਨਾਲ ਗੱਲਾਂ ਕਰਨ ਤੋਂ ਸਿਵਾ ਚਾਰਾ ਹੀ ਕੀ ਸੀ । ਮੈਨੂੰ ਇਹ ਪਤਾ ਹੀ ਨਹੀਂ ਸੀ ਕਿ ਵਰਤਮਾਨ ਦਾ ਮੁਕਾਬਲਾ ਕਰਨ ਲਈ ਅਤੇ ਬੀਤੇ ਸਮੇਂ ਤੋਂ ਛੁਟਕਾਰਾ ਪਾਉਣ ਲਈ ਇਹ ਟੋਕਰੀ ਕਿੰਨੇ ਕੰਮ ਦੀ ਚੀਜ਼ ਹੋ ਸਕਦੀ ਹੈ । ਇਸ ਦੇ ਆਉਣ ਤੋਂ ਬਾਅਦ ਮੇਰਾ ਜਨਮ ਦਿਨ ਨਵੇਂ ਜਨਮ ਦੇ ਬਰਾਬਰ ਹੋ ਗਿਆ ਹੈ । ਇਕ ਨਵੀਂ ਜਾਣਕਾਰੀ ਨੇ ਜਨਮ ਲਿਆ ਹੈ ਅਤੇ ਨਵੀਂ ਜਾਣਕਾਰੀ ਦੀ ਮਾਂ ਇਹ ਰੱਦੀ ਦੀ ਟੋਕਰੀ ਹੈ । ਸਾਰੀਆਂ ਪੁਰਾਣੀਆਂ ਚਿੱਠੀਆਂ ਪੜ੍ਹਨ ਤੋਂ ਬਾਅਦ ਇਸ ਸਿੱਟੇ ਤੇ ਪਹੁੰਚਿਆ ਕਿ ਇਨ੍ਹਾਂ ਵਿੱਚੋਂ ਇਕ ਵੀ ਰੱਖਣਯੋਗ ਨਹੀਂ ਹੈ, ਪੁਰਾਣੇ ਲੇਖਾਂ ਨੂੰ ਦੁਬਾਰਾ ਪੜ੍ਹਨ ਤੋਂ ਬਾਅਦ ਇਹੋ ਮਹਿਸੂਸ ਹੋਇਆ ਕਿ ਇਨ੍ਹਾਂ ਵਿੱਚੋਂ ਇਕ ਵੀ ਛਪਣ ਦੇ ਲਾਇਕ ਨਹੀਂ ਹੈ ਅਤੇ ਪੁਰਾਣੇ ਇਸ਼ਤਿਹਾਰਾਂ ਤੇ ਝਾਤੀ ਮਾਰਿਆਂ ਇਹ ਹੀ ਪਤਾ ਲੱਗਾ ਕਿ ਇਨ੍ਹਾਂ ਵਿੱਚੋਂ ਇਕ ਵੀ ਕਿਸੇ ਕੰਮ ਦਾ ਨਹੀਂ। ਇਸੇ ਕਸੌਟੀ ਤੇ ਪੁਰਾਣੇ ਵਿਚਾਰਾਂ ਨੂੰ ਪਰਖਦਿਆਂ ਇਹ ਹੀ ਪਤਾ ਲੱਗਾ ਇਨ੍ਹਾਂ ਵਿੱਚੋਂ ਇਕ ਵੀ ਰੱਖਣਯੋਗ ਨਹੀਂ । ਇਸ ਤਰ੍ਹਾਂ ਮੇਰੇ ਸੰਗ੍ਰਿਹ ਵਿਚ ਘਾਟ ਆਉਣ ਲੱਗੀ । ਇਸ ਤੋਂ ਪੂਰੀ ਮੁਕਤੀ ਹਾਸਲ ਕਰਨਾ ਤਾਂ ਅਸੰਭਵ ਜਾਪਦਾ ਹੈ । ਕਾਰਨ ਇਹ ਕਿ ਟੋਕਰੀ-ਛੋਟੀ ਹੈ ਤੇ ਹੇਠੋਂ ਟੁੱਟ ਗਈ ਹੈ। ਹੁਣ ਤਾਂ ਮੈਂ ਇਸ ਦਾ ਇੰਨਾ ਧੰਨਵਾਦੀ ਹਾਂ ਕਿ ਇਸ ਨੂੰ ਛੱਡਣ ਨੂੰ ਜੀਅ ਨਹੀਂ ਕਰਦਾ।

ਇਸ ਟੋਕਰੀ ਤੋਂ ਬਿਨਾਂ ਜੀਣਾ ਵੀ ਮੁਸ਼ਕਲ ਹੋ ਗਿਆ ਹੈ । ਚਿੱਠੀਆਂ ਦਾ ਆਉਣਾ ਕਿਵੇਂ ਬੰਦ ਕੀਤਾ ਜਾ ਸਕਦਾ ਹੈ? ਇਨ੍ਹਾਂ ਦਾ ਉਤਰ ਨਾ ਦੇਣਾ ਵੀ ਵੱਡੇ ਆਦਮੀਆਂ ਨੂੰ ਹੀ

ਸ਼ੋਭਦਾ ਹੈ । ਪੱਤ੍ਰਿਕਾਵਾਂ ਦਾ ਛਪਣਾ ਤੇ ਭੇਜਣਾ ਵੀ ਕਿਵੇਂ ਰੋਕਿਆ ਜਾ ਸਕਦਾ ਹੈ ? ਅਤੇ ਇਸ਼ਤਿਹਾਰਾਂ ਦੀ ਤਾਂ ਗੱਲ ਹੀ ਆਪਣੀ ਹੈ, ਇਹ ਯੁੱਗ ਹੀ ਇਨ੍ਹਾਂ ਦਾ ਹੈ। ਹਰ ਰੋਜ਼ ਡਾਕ ਦੀ ਉਡੀਕ ਰਹਿੰਦੀ ਹੈ। ਕਿਸੇ ਦਿਨ ਦੇ ਦੋ ਤਿੰਨ ਤਿੰਨ ਵਾਰ ਆਪਣਾ ਲੈਟਰ-ਬਾੱਕਸ ਖੋਲ੍ਹਣਾ ਪੈਂਦਾ ਹੈ। ਲੈਟਰ-ਬਾੱਕਸ ਟੋਕਰੀ ਤੋਂ ਵੱਡਾ ਹੈ। ਐਤਵਾਰ ਨੂੰ ਵੀ ਡਾਕ ਦੀ ਥਾਂ ਡਾਕੀਏ ਆਉਣ ਦੀ ਆਸ ਹੁੰਦੀ ਹੈ, ਪਰ ਦੇਸ਼ ਦੀ ਆਜ਼ਾਦੀ ਨੇ ਐਤਵਾਰ ਨੂੰ ਡਾਕੀਏ ਨੂੰ ਛੁੱਟੀ ਦੇ ਕੇ ਡਾਕ-ਪ੍ਰਾਪਤ ਕਰਨ ਵਾਲੇ ਦਾ ਦਿਨ ਖਾਲੀ ਕਰ ਦਿੱਤਾ ਹੈ। ਐਤਵਾਰ ਨੂੰ ਜਾਂ ਕਿਸੇ ਹੋਰ ਦਿਨ ਜਦੋਂ ਡਾਕ ਨਹੀਂ ਆਉਂਦੀ ਤਾਂ ਉਸ ਪਾਗਲ ਵਾਂਗ ਮਹਿਸੂਸ ਹੋਣ ਲੱਗ ਪੈਂਦਾ ਹੈ ਜਿਸ ਨੂੰ ਪਿੰਡ ਦੇ ਜਵਾਕ ਗਾਲ੍ਹਾਂ ਨਹੀਂ ਕੱਢਦੇ ਅਤੇ ਉਹ ਸਮਝਦਾ ਹੈ ਕਿ ਸਾਰੇ ਮਰ ਚੁੱਕੇ ਹਨ। ਇਸ ਤਰ੍ਹਾਂ ਜੇ ਡਾਕ ਆਉਂਦੀ ਹੈ ਤਾਂ ਵੀ ਭੈੜਾ, ਜੇ ਨਹੀਂ ਆਉਂਦੀ ਤਾਂ ਇਸ ਤੋਂ ਵੀ ਭੈੜਾ । ਡਾਕ ਨਾ ਆਏ ਤਾਂ ਖਾਲ੍ਹੀ ਟੋਕਰੀ ਬੁਰੀ ਤਰ੍ਹਾਂ ਆਪਣਾ ਮੂੰਹ ਅੱਡੀ ਰਖਦੀ ਹੈ ਅਤੇ ਜੇ ਡਾਕ ਬਹੁਤੀ ਆਵੇ ਤਾਂ ਬਹੁਤਾ ਖਾ ਕੇ ਇਸ ਦਾ ਹਾਜ਼ਮਾ ਵਿਗੜ ਜਾਂਦਾ ਹੈ । ਮੇਰੇ ਇਕ ਦੋਸਤ ਨੂੰ ਸ਼ਾਮ ਵੇਲੇ ਦਰਬਾਰ ਲਗਾਉਣ ਦੀ ਆਦਤ ਹੈ । ਜੇ ਬਹੁਤੇ ਲੋਕ ਮਿਲਣ ਆ ਜਾਣ ਤਾਂ ਇਨ੍ਹਾਂ ਦੀ ਬੇਚੈਨੀ ਵੱਧ ਜਾਂਦੀ ਹੈ ਅਤੇ ਜੇ ਕਿਸੇ ਦਿਨ ਕੋਈ ਵੀ ਨਾ ਆਵੇ ਤਾਂ ਕਿਸੇ ਨੂੰ ਬੁਲਾਉਣ ਭੇਜ ਦਿੰਦੇ ਹਨ । ਇਹੋ ਹਾਲ ਮੇਰਾ ਤੇ ਮੇਰੀ ਟੋਕਰੀ ਦਾ ਹੈ । ਹਾਲਤ ਇਹ ਹੈ ਕਿ ਮਿਲ ਜਾਏ ਤਾਂ ਪਛਤਾਉ, ਨਾ ਮਿਲੇ ਤਾਂ ਵੀ ਪਛਤਾਉ ।

ਇਸ ਟੋਕਰੀ ਦਾ ਮੈਂ ਇਸ ਲਈ ਵੀ ਧੰਨਵਾਦੀ ਹਾਂ ਕਿ ਇਸ ਨੇ ਮੈਨੂੰ ਲੋਕਾਂ ਦੀਆਂ ਕੌੜੀਆਂ ਗੱਲਾਂ ਯਾਦ ਰੱਖਣ ਤੋਂ ਬਚਾਇਆ ਹੈ । ਇਨ੍ਹਾਂ ਦੇ ਉਲ੍ਹਾਂਭਿਆਂ ਨੂੰ ਸੰਭਾਲ ਕੇ ਰੱਖਣ ਤੋਂ ਛੁਟਕਾਰਾ ਦਿਵਾਇਆ ਹੈ, ਆਪਣੇ ਲੇਖਾਂ ਤੇ ਖਿਝਣ ਤੋਂ ਛੁੱਟੀ ਦਿੱਤੀ ਹੈ । ਇਸ ਨੇ ਮੈਨੂੰ ਇਹ ਸਿੱਖਿਆ ਦਿੱਤੀ ਹੈ ਕਿ ਜ਼ਿੰਦਗੀ ਵਿਚ ਬਹੁਤ ਕੁਝ ਰੱਦੀ ਹੁੰਦਾ ਹੈ ਜਿਸ ਨੂੰ ਸੁਟਿਆ ਜਾ ਸਕਦਾ ਹੈ, ਜਿਸ ਨੂੰ ਜਲਾਇਆ ਜਾ ਸਕਦਾ ਹੈ । ਇਕ ਪੁਰਾਣੀ ਗੱਲ ਚੇਤੇ ਆ ਰਹੀ ਹੈ। ਇਕ ਵਾਰ ਯੂਨੀਵਰਸਿਟੀਆਂ ਵਿਚ ਖੋਜ ਦੇ ਮਿਆਰਾਂ ਨੂੰ ਪਰਖਦੇ ਹੋਏ ਇਕ ਸੋਚਵਾਨ ਨੇ ਇਹ ਕਹਿਣ ਦਾ ਹੌਸਲਾ ਕੀਤਾ ਸੀ ਕਿ ਜੇ ਇਸ ਸਾਰੀ ਖੋਜ ਨੂੰ ਰੱਦੀ ਦੀ ਟੋਕਰੀ ਦੇ ਹਵਾਲੇ ਕਰ ਦਿਤਾ ਜਾਵੇ ਤਾਂ ਨੁਕਸਾਨ ਘੱਟ, ਲਾਭ ਵੱਧ ਹੋਵੇਗਾ। ਇਸੇ ਤਰ੍ਹਾਂ ਹਿੰਦੀ ਵਿਚ ਹੋ ਰਹੀ ਖੋਜ ਦੇ ਬਾਰੇ ਇਕ ਆਲੋਚਕ ਨੇ ਇਹ ਕਹਿਣ ਦੀ ਗੁਸਤਾਖੀ ਕੀਤੀ ਸੀ ਕਿ ਜੇ ਨਕਲ ਇਕ ਪੁਸਤਕ ਵਿੱਚੋਂ ਮਾਰੀ ਜਾਵੇ ਤਾਂ ਸਾਹਿਤਕ ਚੋਰੀ ਦਾ ਇਲਜ਼ਾਮ ਲਾਇਆ ਜਾਂਦਾ ਹੈ ਅਤੇ ਜੇ ਵੀਹ ਪੁਸਤਕਾਂ ਦੀ ਨਕਲ ਮਾਰੀ ਜਾਵੇ ਤਾਂ ਡਾਕਟਰ ਦੀ ਡਿਗਰੀ ਮਿਲ ਜਾਂਦੀ ਹੈ । ਇਸ ਖ਼ਿਆਲ ਨਾਲ ਸਹਿਮਤ ਹੋਣਾ ਮੇਰੇ ਲਈ ਇਸ ਲਈ ਕਠਿਨ ਹੈ ਕਿ ਇਹ ਪਾਪ ਮੈਂ ਵੀ ਕਰਦਾ ਹਾਂ । ਅਜਿਹਾ ਹੋਣ ਦਾ ਮੂਲ ਕਾਰਨ ਦਰਅਸਲ ਰੱਦੀ ਦੀ ਟੋਕਰੀ ਦਾ ਨਾ ਹੋਣਾ ਹੈ ।

ਇਹ ਟੋਕਰੀ ਹੀ ਦੁੱਧ-ਪਾਣੀ ਦੀ ਪਰਖ ਦਾ ਕੰਮ ਕਰ ਸਕਦੀ ਹੈ । ਇਕ ਹੋਣਹਾਰ ਸਾਹਿਤਕਾਰ ਨਾਲ ਮੇਰੀ ਗੱਲਬਾਤ ਹੈ ਜਿਸ ਨੇ ਪਿਛਲੇ ਦਸਾਂ ਵਰ੍ਹਿਆਂ ਦੀਆਂ ਆਪਣੀਆਂ ਲਿਖੀਆਂ ਕਾਤਰਾਂ ਨੂੰ ਸੰਭਾਲਿਆ ਹੋਇਆ ਹੈ । ਇਨ੍ਹਾਂ ਦੇ ਆਧਾਰ ਤੇ ਹੀ ਉਹ ਮੌਲਿਕ ਲੇਖਕ ਬਣਨਾ ਸੋਚਦਾ ਰਹਿੰਦਾ ਹੈ । ਉਸ ਦਾ ਵਿਸ਼ਵਾਸ਼ ਵੀ ਮੇਰੇ ਵਾਂਗ ਡੋਲਣ ਵਾਲਾ ਨਹੀਂ । ਜੇ ਉਸ ਕੋਲ ਇਹ ਟੋਕਰੀ ਹੁੰਦੀ ਤਾਂ ਸ਼ਾਇਦ ਉਸ ਦਾ ਵਿਸ਼ਵਾਸ ਇਨ੍ਹਾਂ ਪੱਕਾ ਨਾ ਹੁੰਦਾ । ਟੋਕਰੀ ਆਉਣ ਨਾਲ ਮੇਰਾ ਵਿਸ਼ਵਾਸ ਤਾਂ ਟੁੱਟਦਾ ਹੀ ਗਿਆ ਹੈ ਪਰ ਫਿਰ ਵੀ ਮੈਂ ਟੋਕਰੀ ਦਾ ਧੰਨਵਾਦੀ ਹਾਂ । ਆਪਣੇ ਧੰਨਵਾਦ ਨੂੰ ਇਸ ਤਰ੍ਹਾਂ ਪ੍ਰਗਟਾ ਕੇ ਮੈਂ ਇਸ ਲੇਖ ਨੂੰ ਵੀ ਇਸੇ ਟੋਕਰੀ ਦੇ ਹਵਾਲੇ ਕਰ ਦਿੱਤਾ ਹੈ । ਇਨ੍ਹਾਂ ਸਫ਼ਿਆਂ ਨੂੰ ਪਾੜਨਾ ਮੈਂ ਭੁੱਲ ਗਿਆ ਸਾਂ । ਮੇਰੇ ਨੌਕਰ ਨੇ ਅੰਗੀਠੀ ਬਾਲਣ ਲਈ ਇਨ੍ਹਾਂ ਸਾਬਤੇ ਕਾਗਜ਼ਾਂ ਨੂੰ ਅੱਡ ਕਰ ਲਿਆ ਹੈ ਤੇ ਟੋਕਰੀ ਖਾਲੀ ਕਰ ਦਿੱਤੀ ਹੈ । ਜਦੋਂ ਇਨ੍ਹਾਂ ਸਫ਼ਿਆਂ ਨੂੰ ਮੁੜ ਪੜ੍ਹਿਆ ਤਾਂ ਇਉਂ ਲਗਿਆ ਇਹ ਇੰਨੇ ਭੈੜੇ ਨਹੀਂ ਹਨ ਜਿੰਨੇ ਮੈਂ ਸਮਝਦਾ ਸੀ ਜਾਂ ਤੁਸੀਂ ਸਮਝਦੇ ਹੋ ।

********

# ਸੱਟ ਪੀਣ ਤੇ

ਮੈਂ ਬਚਪਨ ਵਿਚ ਸੁਣਿਆ ਹੋਇਆ ਸੀ ਕਿ ਮੰਗਲ ਅਤੇ ਸ਼ਨਿਚਰ ਭਾਰੇ ਹੁੰਦੇ ਹਨ, ਇਹ ਅਸ਼ੁਭ ਹੁੰਦੇ ਹਨ ਅਤੇ ਬਾਕੀ ਦੇ ਸਾਰੇ ਦਿਨ ਚੰਗੇ ਹੁੰਦੇ ਹਨ। ਇਸ ਲਈ ਮੈਂ ਮੰਗਲ ਅਤੇ ਸ਼ਨੀ ਤੋਂ ਡਰਦਾ ਹੀ ਰਿਹਾ ਹਾਂ, ਪਰ ਹੁਣ ਮੈਂ ਸੋਮਵਾਰ ਤੋਂ ਵੀ ਡਰਨ ਲੱਗ ਪਿਆ ਹਾਂ । ਇਸ ਦਾ ਕਾਰਣ ਇਹ ਹੈ ਕਿ ਇਸ ਦਿਨ ਮੇਰੇ ਘਟਨਾਹੀਨ ਜੀਵਨ ਵਿਚ ਇਕ ਅਜਿਹੀ ਘਟਨਾ ਹੋਈ ਸੀ ਕਿ ਮੈਂ ਤਕਰੀਬਨ ਤਕਰੀਬਨ ਮੌਤ ਦੇ ਮੂੰਹ ਵਿਚ ਚਲਾ ਗਿਆ ਸਾਂ । ਇਹ ਤਾਂ ਮੈਂ ਜਾਣਦਾ ਹਾਂ ਕਿ ਮੇਰਾ ਅੰਤ ਮੌਤ ਹੈ, ਪਰ ਅਜੇ ਕੁਝ ਜ਼ਿੰਦਗੀ ਬਾਕੀ ਸੀ, ਇਸ ਲਈ ਬਚ ਗਿਆ। ਉਸ ਦਿਨ ਬੜੇ ਆਰਾਮ ਨਾਲ ਅਤੇ ਬੜੇ ਵਿਸ਼ਵਾਸ ਨਾਲ ਸਕੂਟਰ ਤੇ ਜਾ ਰਿਹਾ ਸਾਂ, ਪਰ ਕਾਲਜ ਦੇ ਸਾਹਮਣੇ ਇਕਦਮ ਅਚਾਨਕ ਜ਼ਮੀਨ ਤੇ ਡਿੱਗ ਪਿਆ । ਕਾਲਜ ਵੀ ਮੁੰਡਿਆਂ ਦਾ ਸੀ, ਕੁੜੀਆਂ ਦਾ ਨਹੀਂ, ਸਕੂਟਰ ਵੀ ਹੌਲੀ ਸੀ, ਤੇਜ਼ ਨਹੀਂ । ਅਜੇ ਤੱਕ ਮੈਨੂੰ ਸਮਝ ਨਹੀਂ ਆਈ ਕਿ ਮੈਂ ਡਿੱਗਿਆ ਕਿਵੇਂ ਸੀ, ਪਰ ਪੁੱਛਣ ਵਾਲੇ ਜਾਂ ਹਮਦਰਦੀ ਦਰਸਾਉਣ ਵਾਲੇ ਭਲਾ ਇਸ ਜੁਆਬ ਨਾਲ ਕਿਵੇਂ ਸੰਤੁਸ਼ਟ ਹੋ ਸਕਦੇ ਸਨ । ਇਸ ਲਈ ਮੈਨੂੰ ਇਸ ਘਟਨਾ ਦੇ ਬਾਰੇ ਇਕ ਤੋਂ ਬਾਅਦ ਦੂਜੀ ਕਹਾਣੀ ਘੜਨੀ ਪਈ ਤਾਂ ਜੋ ਉਨ੍ਹਾਂ ਦੀ ਪੂਰੀ ਤਸੱਲੀ ਹੋ ਸਕੇ । ਜੇ ਇਸ ਜਾਤੀ ਜਿਹੀ ਘਟਨਾ ਦੀ ਸਚਾਈ ਤੱਕ ਪਹੁੰਚਣਾ ਇੰਨਾ ਔਖਾ ਸੀ ਤਾਂ ਹੋਰਨਾਂ ਬਾਰੇ ਸਚਾਈ ਤੱਕ ਪਹੁੰਚਣਾ ਕਿੰਨਾ ਮੁਸ਼ਕਿਲ ਹੋ ਸਕਦਾ ਹੈ, ਇਸ ਦਾ ਮੈਨੂੰ ਕਾਫ਼ੀ ਅਨੁਭਵ ਹੋ ਗਿਆ ਹੈ । ਇਸ ਲਈ ਹੁਣ ਅਫ਼ਵਾਹਾਂ ਵਿਚ ਮੇਰਾ ਭਰੋਸਾ ਨਹੀਂ ਰਿਹਾ ਹੈ, ਮੈਂ ਇਨ੍ਹਾਂ ਨੂੰ ਫ਼ਜ਼ੂਲ ਸਮਝਦਾ ਹਾਂ ।

ਮੈਂ ਸੱਟ ਪੀਣ ਦੀ ਗੱਲ ਜਾਣ ਬੁੱਝ ਕੇ ਕੀਤੀ ਹੈ । ਆਮ ਤੌਰ ਤੇ ਸੱਟ ਲੱਗਦੀ ਹੈ, ਕਦੇ ਕਦੇ ਸੱਟ ਖਾਣੀ ਵੀ ਪੈਂਦੀ ਹੈ, ਪਰ ਮੈਨੂੰ ਤਾਂ ਸੱਟ ਪੀਣੀ ਪਈ ਸੀ । ਜਦੋਂ ਮੈਨੂੰ ਹਸਪਤਾਲ ਲਿਆਂਦਾ ਗਿਆ ਤਾਂ ਮੈਂ ਦਰਦ ਪੀ ਰਿਹਾ ਸਾਂ । ਸੱਟ ਤਾਜ਼ਾ ਸੀ ਇਸ ਲਈ ਮੈਂ ਹਾਏ ਹਾਏ ਨਹੀਂ ਕਰ ਰਿਹਾ ਸਾਂ। ਇਕ ਵਾਕਿਫ਼ਕਾਰ ਡਾਕਟਰ ਨੇ ਜਦੋਂ ਮੈਨੂੰ ਲਹੂ-ਲੁਹਾਨ ਵੇਖਿਆ ਤਾਂ ਉਹ ਮੈਨੂੰ ਕਿਸੇ ਨਾ ਕਿਸੇ ਤਰ੍ਹਾਂ ਆਪਰੇਸ਼ਨ ਦੀ ਮੇਜ਼ ਤੇ ਲੈ ਆਇਆ। ਮੇਰੇ ਮੂੰਹ ਤੇ ਤੇਜ਼ ਰੋਸ਼ਨੀ ਪੈ ਰਹੀ ਸੀ ਤੇ ਮੇਰੀਆਂ ਅੱਖਾਂ ਬੰਦ ਸਨ। ਉਸ ਵੇਲੇ ਇਹ ਕਹਿਣਾ ਮੁਸ਼ਕਿਲ ਸੀ ਕਿ ਅੱਖਾਂ ਸਦਾ ਲਈ ਬੰਦ ਹੋ ਗਈਆਂ ਸਨ ਜਾਂ ਥੋੜ੍ਹੀ ਦੇਰ ਲਈ ਹੀ। ਮੇਰੇ ਕੰਨ ਜ਼ਰੂਰ ਖੁਲ੍ਹੇ ਸਨ । ਇਸ ਲਈ ਮੈਂ ਇਕ ਆਦਮੀ ਅਤੇ ਇਕ ਔਰਤ ਦੀ ਆਪਸੀ ਗੱਲ ਸੁਣ ਰਿਹਾ

ਸਾਂ। ਮੈਂ ਅੰਦਾਜ਼ਾ ਲਾਇਆ ਕਿ ਇਨ੍ਹਾਂ ਵਿੱਚੋਂ ਇਕ ਡਾਕਟਰ ਹੈ ਤੇ ਦੂਜੀ ਨਰਸ । ਉਹ ਮੇਰੇ ਜ਼ਖਮਾਂ ਨੂੰ ਸੀਊਣ ਦੀ ਗੱਲ ਕਰ ਰਹੇ ਸਨ । ਟਾਂਕੇ ਲਾਉਣ ਲਈ ਜ਼ਖ਼ਮੀ ਚਿਹਰੇ ਦੇ ਮਾਸ ਨੂੰ ਸੁੰਨ ਕੀਤਾ ਜਾਵੇ ਜਾਂ ਨਹੀਂ। ਮੇਰੇ ਮੂੰਹੋਂ ਨਿਕਲਿਆ ਕਿ ਮੈਂ ਟਾਂਕਿਆਂ ਦੇ ਦੁਖ ਨੂੰ ਅਨੁਭਵ ਕਰਨਾ ਚਾਹੁੰਦਾ ਹਾਂ । ਮੈਨੂੰ ਇਹ ਅਹਿਸਾਸ ਜ਼ਰੂਰ ਸੀ ਕਿ ਇਸ ਤਰ੍ਹਾਂ ਦੇ ਮੌਕੇ ਜ਼ਿੰਦਗੀ ਵਿਚ ਬਹੁਤ ਘੱਟ ਮਿਲਦੇ ਹਨ । ਦਰਦ ਦੀ ਕਲਪਨਾ ਦਾ ਅਹਿਸਾਸ ਤਾਂ ਹੋ ਸਕਦਾ ਹੈ ਪਰ ਅਸਲੀ ਦਰਦ ਦਾ ਅਨੁਭਵ ਕਦੇ ਕਦੇ ਹੀ ਹੁੰਦਾ ਹੈ। ਇਸ ਲਈ ਇਹ ਮੌਕਾ ਹੱਥੋਂ ਗਵਾਉਣਾ ਸ਼ਾਇਦ ਸਦਾ ਲਈ ਖੋਹਣ ਦੇ ਬਰਾਬਰ ਹੋਵੇ। ਇਹੋ ਕਾਰਣ ਹੈ ਕਿ ਮੈਂ ਸੱਟ ਪੀਣ ਦੀ ਗੱਲ ਕੀਤੀ ਹੈ । ਅਖੌਤ ਗ਼ਲਤ ਹੋ ਸਕਦੀ ਹੈ ਪਰ ਗੱਲ ਠੀਕ ਹੈ । ਬਿਆਨ ਬਨਾਉਟੀ ਹੋ ਸਕਦਾ ਹੈ ਪਰ ਤਜਰਬਾ ਸੱਚਾ ਸੀ । ਹਰ ਟਾਂਕਾ ਦਰਦ ਦੀ ਇਕ ਰੌ ਸੀ ਜਿਹੜੀ ਪੈਰ ਤੋਂ ਸਿਰ ਤੱਕ ਚਲਦੀ ਸੀ ਤੇ ਮੈਂ ਸੱਟ ਨੂੰ ਘੁੱਟ ਘੁੱਟ ਕਰ ਕੇ ਪੀ ਰਿਹਾ ਸੀ । ਡਾਕਟਰ ਦਾ ਮੈਂ ਦਿਲੋਂ ਸ਼ੁਕਰੀਆ ਵੀ ਅਦਾ ਕਰ ਰਿਹਾ ਸਾਂ ਜਿਸ ਨੇ ਮੇਰੀ ਇੱਛਾ ਨੂੰ ਠੁਕਰਾਇਆ ਨਹੀਂ ਸੀ । ਅੱਜ ਵੀ ਮੈਂ ਉਸ ਦਾ ਧੰਨਵਾਦੀ ਹਾਂ । ਉਸ ਨੇ ਮੈਨੂੰ ਸੱਟ ਪੀਣ ਦਾ ਮੌਕਾ ਦਿਤਾ ਸੀ । ਅੱਜ ਵੀ ਜਦੋਂ ਆਪਣੇ ਚਿਹਰੇ ਤੇ ਦਾਗ ਵੇਖਦਾ ਹਾਂ ਤਾਂ ਪੁਰਾਣੀ ਗੱਲ ਤਾਜ਼ਾ ਹੋ ਜਾਂਦੀ ਹੈ ਅਤੇ ਦਾਗ਼ ਤੋਂ ਕਿਸ ਦੀ ਜ਼ਿੰਦਗੀ ਬਚੀ ਹੈ । ਹਰ ਬੰਦੇ ਦੇ ਜਾਂ ਦਾਗ਼ ਅੰਦਰ ਹੈ ਜਾਂ ਬਾਹਰ । ਮੇਰੇ, ਇਹ ਮੂੰਹ ਤੇ ਲਗਿਆ ਹੋਇਆ ਹੈ ਤਾਂ ਜੋ ਸਾਰੇ ਇਸ ਨੂੰ ਵੇਖ ਲੈਣ ।

ਇਸ ਤਰ੍ਹਾਂ ਸੱਟ ਪੀਣ ਦਾ ਤਜਰਬਾ ਜਦੋਂ ਤਾਜ਼ਾ ਹੋ ਜਾਂਦਾ ਹੈ ਤਾਂ ਹਸਪਤਾਲ ਦਾ ਨਜ਼ਾਰਾ ਵੀ ਸਜੀਵ ਹੋ ਜਾਂਦਾ ਹੈ । ਇੰਨੇ ਨੂੰ ਜ਼ਖ਼ਮ ਸੀਤੇ ਗਏ ਸਨ । ਜਦੋਂ ਮੈਨੂੰ ਕਮਰੇ ਵਿਚ ਲਿਆਂਦਾ ਗਿਆ ਤਾਂ ਮੇਰੇ ਵਿਦਿਆਰਥੀਆਂ ਦੀ ਭੀੜ ਮੇਰੀ ਉਡੀਕ ਕਰ ਰਹੀ ਸੀ । ਸਕੂਟਰ ਤੋਂ ਡਿੱਗਣ ਦੀ ਖ਼ਬਰ ਇਨ੍ਹਾਂ ਤੱਕ ਪਹੁੰਚ ਚੁਕੀ ਸੀ । ਆਪਣੀ ਜਿਗਿਆਸਾ ਨੂੰ ਸ਼ਾਂਤ ਕਰਨ ਲਈ, ਮੇਰੇ ਨਾਲ ਹਮਦਰਦੀ ਜ਼ਾਹਰ ਕਰਨ ਲਈ, ਕੁਝ ਕੁ ਆਪਣੀ ਹਾਜ਼ਰੀ ਲਗਵਾਉਣ ਲਈ ਅਤੇ ਕੁਝ ਸ਼ਾਇਦ ਬੋਰ ਹੋਣ ਤੋਂ ਥੋੜ੍ਹੀ ਦੇਰ ਬਚਣ ਲਈ ਮੇਰੇ ਕਮਰੇ ਵਿਚ ਆ ਜਮ੍ਹਾਂ ਹੋਏ । ਮੂੰਹੋਂ ਖੋਲ੍ਹਣਾ ਇਸ ਕਰਕੇ ਮਨ੍ਹਾਂ ਸੀ ਕਿਉਂਕਿ ਟਾਂਕੇ ਟੁੱਟਣ ਦਾ ਡਰ ਸੀ । ਇਕ ਵੱਡੇ ਰਾਜਨੀਤੀ ਦੇ ਨੇਤਾ ਜਾਂ ਇਕ ਜ਼ਖ਼ਮੀ ਪਰ ਜੇਤੂ ਕਮਾਂਡਰ ਵਾਂਗ ਮੈਂ ਹੱਥ ਜੋੜ ਕੇ ਸਾਰਿਆਂ ਦਾ ਧੰਨਵਾਦ ਕੀਤਾ । ਮੈਂ ਆਪਣੇ ਆਪ ਨੂੰ ਜੇਤੂ ਇਸ ਲਈ ਅਨੁਭਵ ਕਰ ਰਿਹਾ ਸਾਂ ਕਿ ਦੋਨੋਂ ਅੱਖਾਂ ਸਾਬਤ ਸਨ ਅਤੇ ਮਰਨ ਤੋਂ ਬਚ ਗਿਆ ਸਾਂ । ਪਰ ਨਰਸ ਮੈਨੂੰ ਘੂਰ ਘੂਰ ਕੇ ਵੇਖ ਰਹੀ ਸੀ । ਇਹ ਭੀੜ ਹਸਪਤਾਲ ਦੇ ਨਿਯਮਾਂ ਦੇ ਵਿਰੁਧ ਸੀ ਅਤੇ ਮੇਰੀ ਸਿਹਤ ਲਈ ਹਾਨੀਕਾਰਕ ਸੀ । ਇਸ ਵਿਚ ਮੇਰਾ ਬਿਲਕੁਲ ਵੀ ਕਸੂਰ ਨਹੀਂ ਸੀ, ਪਰ ਮੈਂ ਬੇਬਸ ਸੀ । ਮੈਂ ਤਾਂ ਖੁਦ ਭੀੜ ਤੋਂ ਡਰਦਾ ਸਾਂ । ਭੀੜ ਵਿਚ ਤਾਂ ਨੇਤਾ ਹੀ ਪਲਦੇ ਹਨ । ਮੈਂ ਤਾਂ ਗਿਣੇ-ਚੁਣੇ ਬੰਦਿਆਂ ਨਾਲ ਸਾਂਝ ਪਾ ਕੇ ਸੰਤੋਖ ਕਰ ਲੈਂਦਾ ਹਾਂ । ਬਹੁਤਿਆਂ ਨਾਲ ਓਪਰਾ ਜਿਹਾ ਸਬੰਧ ਕਾਇਮ ਕਰਨਾ ਮੈਨੂੰ ਇੰਨਾ ਚੰਗਾ ਨਹੀਂ ਲੱਗਦਾ ਜਿੰਨਾ ਇੱਕ ਨਾਲ ਡੂੰਘਾ ਰਿਸ਼ਤਾ ਕਾਇਮ ਕਰਨਾ । ਭੀੜ

ਵਿਚ ਤਾਂ ਮੈਂ ਹੋਰ ਵੀ 'ਕੱਲਾ 'ਕੱਲਾ ਮਹਿਸੂਸ ਕਰਨ ਲੱਗ ਪੈਂਦਾ ਹਾਂ । ਇਸ ਲਈ ਕਿ ਮੈਂ ਇੱਕ ਅੱਧੇ ਨੂੰ ਹੀ ਪਿਆਰ ਦੇ ਸਕਦਾ ਹਾਂ, ਭੀੜ ਨੂੰ ਨਹੀਂ। ਇਹ ਮੇਰੀ ਕਮਜ਼ੋਰੀ ਹੈ, ਜਿਸ ਨਾਲ ਮੈਂ ਅਸੰਤੁਸ਼ਟ ਵੀ ਨਹੀਂ । ਗਿਣੇ-ਚੁਣੇ ਬੰਦਿਆਂ ਨਾਲ ਮੈਨੂੰ ਅਪਣੱਤ ਦਾ ਅਹਿਸਾਸ ਹੁੰਦਾ ਹੈ। ਅੱਜ ਦੀਆਂ ਭੀੜਾਂ ਵਿਚ ਇਸ ਤਰ੍ਹਾਂ ਦਾ ਅਹਿਸਾਸ ਵੀ ਫਿੱਕਾ ਪੈ ਰਿਹਾ ਹੈ ਅਤੇ ਅੱਜ ਇਸ ਦਾ ਅਹਿਸਾਸ ਮਾਤਰ ਹੀ ਜੀਉਣ ਲਈ ਕਾਫ਼ੀ ਹੈ । ਹਸਪਤਾਲ ਦਾ ਕਮਰਾ ਇਸ ਅਪਣੱਤ ਤੋਂ ਖਾਲੀ ਹੁੰਦਾ ਹੈ । ਜੇ ਇਸ ਵਿਚ ਬਹੁਤੀ ਦੇਰ ਰਿਹਾ ਜਾਵੇ ਤਾਂ ਇਹ ਆਪਣਾ ਵੀ ਬਣ ਸਕਦਾ ਹੈ ਪਰ ਮੈਂ ਅਜੇ ਇਸ ਨੂੰ ਆਪਣਾ ਨਹੀਂ ਬਣਾਉਣਾ ਚਾਹੁੰਦਾ ਸਾਂ । ਇਸ ਲਈ ਆਪਣੇ ਕਮਰੇ ਵਿਚ ਜਾਣ ਲਈ ਮੈਂ ਤੜਫਣ ਲੱਗ ਪਿਆ । ਇਸ ਦੀ ਇਕ ਇਕ ਨੁਕਰ ਤੋਂ ਮੈਂ ਵਾਕਿਫ਼ ਹਾਂ । ਓਪਰੇ ਕਮਰੇ 'ਚੋਂ ਨਿਕਲਣਾ ਮੇਰੇ ਵਸ ਦੀ ਗੱਲ ਨਹੀਂ ਸੀ । ਇਸ ਲਈ ਮੈਂ ਵਾਕਫ਼ ਡਾਕਟਰ ਦੀ ਖੁਸ਼ਾਮਦ ਕੀਤੀ ਅਤੇ ਮੈਨੂੰ ਉਸੇ ਦਿਨ ਹੀ ਛੁੱਟੀ ਵੀ ਮਿਲ ਗਈ। ਅੱਜ ਜਿਹੜੀ ਖੁਸ਼ਾਮਦ ਹੈ ਉਹ ਪਹਿਲਾਂ ਭਗਤੀ ਹੁੰਦੀ ਸੀ । ਮੇਰੀ ਅਤੇ ਭਗਤ ਦੀ ਸਾਧਨਾ ਵਿਚ ਬਹੁਤਾ ਫਰਕ ਨਹੀਂ ਸੀ । ਮੈਂ ਵੀ ਤਾਂ ਸੱਟ ਨੂੰ ਪੀਤਾ ਸੀ । ਇਹ ਛੁੱਟੀ ਸ਼ਾਇਦ ਸੱਟ ਨੂੰ ਪੀਣ ਦਾ ਸਿੱਟਾ ਸੀ । ਜੇ ਮੈਂ ਸੱਟ ਨੂੰ ਕੇਵਲ ਖਾਂਦਾ ਹੁੰਦਾ ਤਾਂ ਇਸ ਦਾ ਕਲ੍ਹ ਸ਼ਾਇਦ ਮੁਕਤੀ ਨਾ ਹੁੰਦੀ । ਆਪਣੇ ਕਮਰੇ ਵਿਚ ਪਹੁੰਚ ਕੇ ਮੈਨੂੰ ਸੁਖ ਦਾ ਸਾਹ ਆਇਆ ਅਤੇ ਇਸ ਦੇ ਆਪਣੇਪਨ ਨੇ ਮੇਰੇ ਦਰਦ ਨੂੰ ਦੂਰ ਕਰਨਾ ਸ਼ੁਰੂ ਕਰ ਦਿਤਾ ।

ਹੁਣ ਆਪਣੇ ਮਕਾਨ ਵਿਚ ਮੈਂ ਸੀ, ਮੇਰਾ ਨੌਕਰ ਅਤੇ ਮੇਰਾ ਕਮਰਾ । ਮੇਰੀ ਦੇਖਭਾਲ ਲਈ ਉਸ ਰਾਤ ਮੇਰਾ ਨਿੱਕਾ ਭਰਾ ਨਾਲ ਦੇ ਕਮਰੇ ਵਿਚ ਸੁੱਤਾ ਪਿਆ ਸੀ । ਜਿਸ ਨੂੰ ਸਵੇਰੇ ਉੱਠ ਕੇ ਮੈਂ ਜਗਾਇਆ । ਪੜ੍ਹਾਉਣ ਵਾਲੇ ਦੀ ਜ਼ਿੰਦਗੀ ਸਿਰਫ਼ ਉਸ ਤੋਂ ਪੜ੍ਹਨ ਵਾਲਿਆਂ ਤੱਕ ਸੀਮਤ ਨਹੀਂ ਹੁੰਦੀ, ਉਹ ਉਨ੍ਹਾਂ ਦੇ ਪਰਿਵਾਰਾਂ ਅਤੇ ਮਿੱਤਰਾਂ ਨਾਲ ਵੀ ਜੁੜਿਆ ਹੁੰਦਾ ਹੈ। ਇਹ ਪੜ੍ਹਾਉਣ ਵਾਲੇ ਦੀ ਖੁਸ਼ਕਿਸਮਤੀ ਵੀ ਹੈ ਤੇ ਬਦਕਿਸਮਤੀ ਵੀ । ਉਹ ਸਮਾਜ ਨਾਲ ਇੰਨਾ ਬੰਨ੍ਹਿਆ ਹੋਇਆ ਹੁੰਦਾ ਹੈ ਕਿ ਕਦੇ ਕਦੇ ਚਾਹੁੰਦਾ ਹੋਇਆ ਵੀ ਵੱਖ ਨਹੀਂ ਹੋ ਸਕਦਾ। ਉਸ ਦੀ ਜਾਤੀ ਜ਼ਿੰਦਗੀ ਅਕਸਰ ਸਿਫਰ ਹੋ ਜਾਂਦੀ ਹੈ । ਸਵੇਰ ਹੁੰਦੇ ਹੀ ਰਾਜ਼ੀ ਖੁਸ਼ੀ ਦੀ ਖ਼ਬਰ ਪ੍ਰਾਪਤ ਕਰਨ ਵਾਲਿਆਂ ਦੀ ਭੀੜ ਲੱਗ ਗਈ । ਇਨ੍ਹਾਂ ਵਿਚ ਇਕ ਖੋਜਣ ਆਪਣਾ ਥੀਸਿਸ ਵਿਖਾਉਣ ਬਹੁਤ ਦੂਰ ਤੋਂ ਆ ਧਮਕੀ । ਉਹ ਦੁਬਾਰਾ ਨਹੀਂ ਸੀ ਆ ਸਕਦੀ। ਇਸ ਲਈ ਉਹ ਡੱਟ ਗਈ। ਮੈਂ ਛੁੱਟੀ ਤੇ ਸੀ ਵੀ, ਤੇ ਨਹੀਂ ਵੀ । ਜਦੋਂ ਤੱਕ ਬਕਾਇਦਾ ਪੜ੍ਹਾਉਣ ਨਹੀਂ ਗਿਆ ਉਦੋਂ ਤੱਕ ਬਕਾਇਦਾ ਉਸ ਦਾ ਕੰਮ ਕਰਦਾ ਰਿਹਾ । ਇਸ ਤਰ੍ਹਾਂ ਆਪਣੀ ਸੱਟ ਨੂੰ ਭੁਲਾਉਂਦਾ ਰਿਹਾ । ਪਰ ਮੂੰਹ ਤੇ ਬੰਨੀ ਪੱਟੀ ਨੂੰ ਕਿਵੇਂ ਭੁਲਾ ਸਕਦਾ ਸੀ। ਹਰ ਦੂਜਾ ਵਿਅਕਤੀ ਇਸ ਦਾ ਕਾਰਨ ਜਾਣਨਾ ਚਾਹੁੰਦਾ ਸੀ ਅਤੇ ਕਾਰਣ ਮੈਨੂੰ ਪਤਾ ਨਹੀਂ ਸੀ। ਇਸ ਲਈ ਕਦੇ ਟਰੱਕ ਵਾਲਿਆਂ ਨੂੰ ਕਸੂਰਵਾਰ ਠਹਿਰਾਉਂਦਾ, ਕਦੇ ਪੈਦਲ ਟੁਰਨ

ਵਾਲਿਆਂ ਨੂੰ ਤੇ ਕਦੇ ਆਪਣੇ ਸਕੂਟਰ ਦੀਆਂ ਢਿੱਲੀਆਂ ਬ੍ਰੇਕਾਂ ਨੂੰ। ਜਦੋਂ ਮੈਨੂੰ ਇਹ ਸੁਝਿਆ ਕਿ ਸਾਈਕਲ ਤੇ ਚੜ੍ਹੀ ਕੁੜੀ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਹੀ ਇਹ ਦੁਰਘਟਨਾ ਹੋਈ ਹੈ ਤਾਂ ਸੁਣਨ ਵਾਲਿਆਂ ਦੀ ਤਸੱਲੀ ਵੀ ਹੁੰਦੀ ਸੀ ਤੇ ਨਹੀਂ ਵੀ। ਮੇਰਾ ਸੰਤੋਖ ਸ਼ਾਇਰ ਦੀਆਂ ਇਨ੍ਹਾਂ ਸੱਤਰਾਂ ਨਾਲ ਵੀ ਪੂਰਾ ਨਹੀਂ ਹੋ ਸਕਿਆ :-

*ਦਰਦ ਸੇ ਵਾਕਿਫ਼ ਨਾ ਥੇ, ਗ਼ਮ ਸੇ ਸ਼ਨਾਸਾਈ ਨ ਥੀ ।*

*ਵੋ ਭੀ ਕਿਆ ਦਿਨ ਥੇ, ਤਬੀਅਤ ਜਬ ਕਹੀਂ ਆਈ ਨ ਥੀ ।*

*ਚੋਟ ਵੋ ਖਾਈ ਅਬ ਕਿ ਜੋ ਕਭੀ ਖਾਈ ਨ ਥੀ ।*

ਇਸ ਦਾ ਕਾਰਣ ਇਹ ਸੀ ਕਿ ਸੱਟ ਖਾਧੀ ਨਹੀਂ ਸੀ, ਉਸ ਨੂੰ ਪੀਤਾ ਸੀ ।

********

# ਪੁਰਾਣੀਆਂ ਚਿੱਠੀਆਂ

ਜੇ ਬਰਸਾਤ ਦੀ ਕਿਸੇ ਲੰਬੀ ਅਤੇ ਉਦਾਸ ਸ਼ਾਮ ਨੂੰ ਬਾਹਰ ਨਿਕਲਣਾ ਔਖਾ ਹੋ ਜਾਵੇ ਅਤੇ ਨਾ ਹੀ ਬਾਹਰੋਂ ਕਿਸੇ ਦੇ ਆ ਟਪਕਣ ਦੀ ਆਸ ਬਾਕੀ ਹੋਵੇ ਤਾਂ ਸ਼ਾਮ ਭਾਰ ਬਣ ਜਾਂਦੀ ਹੈ। ਇਕ ਭਰੇ ਪਰਿਵਾਰ ਵਿਚ ਅਜਿਹਾ ਵੇਲਾ ਕੱਟਣ ਦੇ ਕਈ ਤਰੀਕੇ ਲੱਭ ਸਕਦੇ ਹਨ। ਜੇ ਖਾਣਾ-ਪੀਣਾ ਅੱਜਕਲ੍ਹ ਮਹਿੰਗਾ ਹੋ ਰਿਹਾ ਹੈ ਤਾਂ ਗੱਲਬਾਤ ਕਰਨ ਜਾਂ ਤਾਸ਼ ਖੇਡਣ ਵਿਚ ਮੁੱਲ ਨਹੀਂ ਲੱਗਦਾ। ਮੇਰੇ ਪਿਤਾ ਜੀ ਇਸ ਤਰ੍ਹਾਂ ਦੀ ਸ਼ਾਮ ਨੂੰ ਘਰ ਦੇ ਟਰੰਕਾਂ ਨੂੰ ਖੋਲ੍ਹ ਬੈਠਦੇ ਸਨ ਅਤੇ ਪੁਰਾਣੀਆਂ ਚੀਜ਼ਾਂ ਨੂੰ ਨਵੀਂ ਤਰਤੀਬ ਦੇ ਕੇ ਸਮਾਂ ਕੱਟ ਲੈਂਦੇ ਸਨ। ਮੇਰੇ ਕੋਲ ਪੁਰਾਣੀਆਂ ਚੀਜ਼ਾਂ ਦੀ ਘਾਟ ਤਾਂ ਹੋ ਸਕਦੀ ਹੈ ਪਰ ਪੁਰਾਣੇ ਕਾਗਜ਼ਾਂ ਦੀ ਨਹੀਂ ਜਿੰਨਾ ਨੂੰ ਨਵੀਂ ਤਰਤੀਬ ਦਿੱਤੀ ਜਾ ਸਕਦੀ ਹੈ। ਇਕ ਵਾਰ ਪੁਰਾਣੇ ਕਾਗਜ਼ਾਂ ਨੂੰ ਉਲਟਦੇ ਪਲਟਦੇ ਪੁਰਾਣੀਆਂ ਚਿੱਠੀਆਂ ਦਾ ਇਕ ਬੰਡਲ ਹੱਥ ਲੱਗ ਗਿਆ। ਇਸ ਨੂੰ ਵੇਖ ਕੇ ਮੇਰਾ ਹੈਰਾਨ ਹੋਣਾ ਸੁਭਾਵਿਕ ਹੀ ਸੀ। ਆਮ ਤੌਰ ਤੇ ਜਵਾਬ ਦਿੰਦੇ ਹੀ ਖ਼ਤਾਂ ਨੂੰ ਪਾੜਨ ਦੀ ਆਦਤ ਮੈਂ ਪਾ ਰੱਖੀ ਹੈ ਤਾਂ ਜੋ ਜ਼ਿੰਦਗੀ ਹੋਰ ਭਾਰੀ ਨਾ ਹੋ ਜਾਵੇ ਅਤੇ ਰਹਿਣ ਦੀ ਇਹ ਛੋਟੀ ਜਿਹੀ ਥਾਂ ਹੋਰ ਛੋਟੀ ਨਾ ਹੋ ਜਾਵੇ। ਇਨ੍ਹਾਂ ਖ਼ਤਾਂ ਦੇ ਆਧਾਰ ਤੇ ਨਾ ਤਾਂ ਮੈਂ ਆਪਣੀ ਕਹਾਣੀ ਲਿਖਣੀ ਹੈ ਤੇ ਨਾ ਹੀ ਕਿਸੇ ਹੋਰ ਨੇ ਮੇਰੀ ਜੀਵਨੀ ਲਿਖਣੀ ਹੈ। ਇਨ੍ਹਾਂ ਦੇ ਆਧਾਰ ਤੇ ਨਾ ਹੀ ਮੈਂ ਸਾਹਿਤਕਾਰਾਂ ਵਿਚ ਆਪਣਾ ਨਾ ਲਿਖਵਾਉਣਾ ਹੈ ਜਿਸ ਦੀ ਤਿਆਰੀ ਹੋਣਹਾਰ ਲੇਖਕ ਪਹਿਲਾਂ ਤੋਂ ਹੀ ਕਰਦੇ ਹਨ। ਉਹ ਆਪਣੀਆਂ ਚਿੱਠੀਆਂ ਦੀ ਨਕਲ ਵੀ ਸੰਭਾਲ ਕੇ ਰਖਦੇ ਹਨ। ਮੈਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਪੁਰਾਣੀਆਂ ਚਿੱਠੀਆਂ ਦਾ ਬੰਡਲ ਰੱਦੀ ਦੀ ਟੋਕਰੀ ਵਿਚ ਜਾਣੋ ਕਿਸ ਤਰ੍ਹਾਂ ਬਚ ਗਿਆ। ਇਸ ਲਈ ਹਰੇਕ ਭੁਰ ਭੁਰੇ ਖ਼ਤ ਉਤੇ ਸਰਸਰੀ ਨਜ਼ਰ ਪਾਉਣੀ ਜ਼ਰੂਰੀ ਹੋ ਗਈ।

ਇਨ੍ਹਾਂ ਖ਼ਤਾਂ ਨੂੰ ਵੇਖਣ ਵਿਚ ਮੈਂ ਇੰਨਾ ਰੁੱਝ ਗਿਆ, ਮਨ ਬੀਤੇ ਸਮੇਂ ਵਿਚ ਇੰਨਾ ਡੁਬ ਗਿਆ ਕਿ ਬਰਸਾਤ ਦੀ ਸ਼ਾਮ ਦਾ ਪਤਾ ਹੀ ਨਾ ਰਿਹਾ। ਜਦੋਂ ਇਕ ਵਾਰ ਬੀਤੇ ਦਿਨ ਜ਼ਿੰਦਗੀ ਨੂੰ ਕਾਬੂ ਕਰ ਲੈਂਦੇ ਹਨ ਤਾਂ ਇਸ ਕੈਦ ਵਿੱਚੋਂ ਨਿਕਲਣਾ ਔਖਾ ਹੋ ਜਾਂਦਾ ਹੈ ਅਤੇ ਖਾਸ ਤੌਰ ਤੇ ਭਾਰਤੀ ਜ਼ਿੰਦਗੀ ਤੇ ਜਦੋਂ ਬੀਤੇ ਦਿਨ ਛਾਂ ਜਾਂਦੇ ਹਨ ਤਾਂ ਹਰ ਸੰਕਟ ਵਿਚ ਇਨ੍ਹਾਂ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਬੰਡਲ ਵਿਚ ਭਾਨਮਤੀ ਦੇ ਪਟਾਰੇ ਵਾਂਗ ਹਰ ਤਰ੍ਹਾਂ ਦੇ ਖ਼ਤ ਸਨ— ਕੁਝ ਛੋਟੇ ਅਤੇ ਕੁਝ ਵੱਡੇ, ਕੁਝ ਚਿੱਟੇ ਕਾਗ਼ਜ਼ਾਂ ਤੇ ਲਿਖੇ, ਤੇ ਕੁਝ ਰੰਗਦਾਰ ਕਾਗ਼ਜ਼ਾਂ ਤੇ, ਕੁਝ ਟਾਈਪ ਕੀਤੇ ਹੋਏ ਅਤੇ ਕੁਝ ਹੱਥ ਦੇ ਲਿਖੇ, ਕੁਝ ਪੋਸਟ ਕਾਰਡ ਤੋਂ ਕੁਝ ਲਿਫ਼ਾਫੇ ਜਿਨ੍ਹਾਂ ਦਾ ਮਜ਼ਮੂਨ ਬਾਹਰੋਂ ਹੀ ਭਾਂਪਿਆ ਜਾਂਦਾ ਸੀ। ਇਨ੍ਹਾਂ ਵਿਚ ਕੁਝ ਦੋਸਤਾਂ ਦੇ ਤਕਾਜ਼ੇ ਸਨ ਅਤੇ

ਕੁਝ ਗ਼ੈਰ-ਦੋਸਤਾਂ ਦੀਆਂ ਖਰੀਆਂ-ਖੋਟੀਆਂ ਗੱਲਾਂ, ਕੁਝ ਗਿਲੇ ਸਨ, ਕੁਝ ਸ਼ਿਕਾਇਤਾਂ ਸਨ, ਕੁਝ ਵਾਕਿਫ਼ਕਾਰਾਂ ਦੀਆਂ ਫਰਮਾਇਸ਼ਾਂ ਅਤੇ ਕੁਝ ਵੱਡਿਆਂ ਦੀਆਂ ਸਲਾਹਾਂ, ਕੁਝ ਨੌਕਰੀ ਹਾਸਲ ਕਰਨ ਦੀਆਂ ਚਿੱਠੀਆਂ ਸਨ ਅਤੇ ਕੁਝ ਨੌਕਰੀ ਛੁੱਟਣ ਦੀਆਂ। ਇਸ ਬੰਡਲ ਦਾ ਵੱਡਾ ਭਾਗ ਨਵੇਂ ਸਾਲਾਂ ਅਤੇ ਦੀਵਾਲੀਆਂ ਦੀਆਂ ਵਧਾਈਆਂ ਨਾਲ ਭਰਿਆ ਹੋਇਆ ਸੀ ਜਿਨ੍ਹਾਂ ਨੂੰ ਹਰ ਸਾਲ ਦੁਹਰਾਇਆ ਜਾਂਦਾ ਹੈ । ਲੜਕਿਆਂ ਨੇ ਸਸਤਾ ਹੀ ਕੰਮ ਕਰ ਲਿਆ ਸੀ ਪਰ ਲੜਕੀਆਂ ਨੇ ਮਹਿੰਗੇ ਕਾਰਡ ਭੇਜੇ ਸਨ । ਜੇ ਕਾਰਡ ਮਹਿੰਗਾ ਹੋਵੇ ਤਾਂ ਮੁਬਾਰਕ ਵੱਧ ਵਜ਼ਨਦਾਰ ਹੁੰਦੀ ਹੈ ਅਤੇ ਨਾਂ ਅਤੇ ਪਤਾ ਜੇ ਢੰਗ ਨਾਲ ਲਿਖਿਆ ਹੋਵੇ ਤਾਂ ਪਿਆਰ-ਪ੍ਰਸ਼ੰਸਾ ਦਾ ਸੂਚਕ ਹੁੰਦਾ ਹੈ। ਮੈਨੂੰ ਇਹ ਵੀ ਮਹਿਸੂਸ ਹੋਇਆ ਕਿ ਹਰ ਸਾਲ ਇਨ੍ਹਾਂ ਦੀ ਸੰਖਿਆ ਵਧਦੀ ਰਹੀ ਹੈ । ਇਕ ਵੱਡੇ ਲਿਫ਼ਾਫ਼ੇ ਵਿਚ ਥੋੜ੍ਹੇ ਜਿਨੇ ਪੱਤਰ ਸਨ । ਇਨ੍ਹਾਂ ਨੂੰ ਅੱਡ ਕਰਕੇ ਰੱਖਣ ਦਾ ਕਾਰਣ ਪਹਿਲਾਂ ਤਾਂ ਸਮਝ ਵਿਚ ਨਹੀਂ ਆਇਆ ਪਰ ਬਾਅਦ ਵਿਚ ਪਤਾ ਚਲ ਗਿਆ ਕਿ ਇਨ੍ਹਾਂ ਵਿਚ ਅਪਣੱਤ ਦੀ ਸੁਗੰਧ ਹੈ । ਇਕ ਨੇ ਲਿਖਿਆ ਸੀ- "ਤੁਸੀਂ ਉਸ ਨੂੰ ਜਾਣਦੇ ਹੋ ਜਿਸ ਨਾਲ ਮੈਂ ਵਿਆਹ ਕਰਨਾ ਚਾਹੁੰਦਾ ਹਾਂ, ਉਸ ਦੀ ਮਾਂ ਵਲੋਂ ਹਾਂ ਚਾਹੀਦੀ ਹੈ ਤੇ ਤੁਸੀਂ ਇਹ ਕੰਮ ਕਰਵਾ ਸਕਦੇ ਹੋ", ਇਕ ਹੋਰ ਦਾ ਕਹਿਣਾ ਸੀ, 'ਮੇਰੇ ਮਾਂ-ਬਾਪ ਨੇ ਮੇਰੀ ਮੰਗਣੀ ਮੇਰੀ ਮਰਜ਼ੀ ਦੇ ਖ਼ਿਲਾਫ਼ ਕਰ ਦਿੱਤੀ ਹੈ, ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਨੂੰ ਤੁੜਵਾ ਸਕਦੇ ਹੋ ਇਕ ਤੀਜੇ ਨੇ ਪਤਨੀ ਤੋਂ ਤਲਾਕ ਲੈਣ ਲਈ ਮੇਰੀ ਗਵਾਹੀ ਦੀ ਮੰਗ ਕੀਤੀ ਸੀ । ਇਹ ਉਹ ਮਿੱਤਰ ਸੀ ਜਿਸ ਦੇ ਵਿਆਹ ਵੇਲੇ ਮੈਂ ਗਵਾਹੀ ਵਜੋਂ ਦਸਖ਼ਤ ਕੀਤੇ ਸਨ ਅਤੇ ਪਤਨੀ ਨੂੰ ਲੈ ਕੇ ਉਹ ਮੋਰ ਵਾਂਗ ਕਚਹਿਰੀ ਤੋਂ ਟੁਰ ਗਿਆ ਸੀ । ਇਨ੍ਹਾਂ ਚਿੱਠੀਆਂ ਵਿਚ ਦੋਸਤਾਂ ਵਲੋਂ ਉਧਾਰ ਮੰਗਿਆ ਗਿਆ ਸੀ। ਇਨ੍ਹਾਂ ਚਿੱਠੀਆਂ ਤੇ ਜੇ ਰਸੀਦੀ ਟਿਕਟ ਵੀ ਲੱਗੀ ਹੁੰਦੀ ਤਾਂ ਵੀ ਇਨ੍ਹਾਂ ਨੂੰ ਸੰਭਾਲ ਕੇ ਰੱਖਣਾ ਫਜ਼ੂਲ ਸੀ । ਉਧਾਰ ਮੋੜਨ ਦਾ ਕਾਨੂੰਨ ਅਨੁਸਾਰ ਵੀ ਸਮਾਂ ਲੰਘ ਚੁੱਕਾ ਸੀ। ਇਨ੍ਹਾਂ ਨੂੰ ਸੰਭਾਲ ਕੇ ਰੱਖਣਾ ਉਨ੍ਹਾਂ ਛੋਟੇ ਹੋ ਗਏ ਬੂਟਾਂ ਜਾਂ ਕੋਟਾਂ ਵਾਂਗ ਸੀ ਜਿਨ੍ਹਾਂ ਨੂੰ ਪਹਿਨਣ ਵਾਲਾ ਮੇਰਾ ਛੋਟਾ ਭਰਾ ਸੀ ਜਿਹੜਾ ਹੁਣ ਵੱਡਾ ਹੋ ਚੁਕਾ ਹੈ । ਉਸ ਦਾ ਗਿਲਾ ਹੁਣ ਤੱਕ ਕਾਇਮ ਹੈ ਕਿ ਉਸ ਨੂੰ ਨਾ ਬਚਪਨ ਵਿਚ ਤੇ ਨਾ ਹੀ ਜਵਾਨੀ ਵਿਚ, ਨਾ ਤਾਂ ਨਵਾਂ ਕੋਟ ਮਿਲਿਆ ਹੈ ਤੇ ਨਾ ਹੀ ਨਵਾਂ ਬੂਟ । ਮੈਨੂੰ ਉਹ ਇਹ ਕਹਿ ਕੇ ਇਸ ਦਾ ਦੋਸ਼ ਦਿੰਦਾ ਹੈ ਕਿ ਮੈਂ ਉਸ ਤੋਂ ਪਹਿਲਾਂ ਕਿਉਂ ਪੈਦਾ ਹੋਇਆ । ਉਹ ਇਹ ਗੱਲ ਭੁਲ ਜਾਂਦਾ ਹੈ ਕਿ ਘਰ ਦੇ ਸਾਧਨ ਵੀ ਸੀਮਤ ਸਨ । ਇਸ ਤਰ੍ਹਾਂ ਦੇ ਅਪਣੱਤ ਦੇ ਖ਼ਤਾਂ ਨੂੰ ਵੇਖ ਕੇ ਮੈਨੂੰ ਇਹ ਵਹਿਮ ਜਿਹਾ ਹੋਣ ਲੱਗਾ ਕਿ ਮੈਂ ਵੀ ਵਿਸ਼ਵਾਸ ਦਾ ਪਾਤਰ ਬਣ ਸਕਦਾ ਹਾਂ, ਮੈਂ ਵੀ ਰਾਜ਼ ਦੀ ਗੱਲ ਢਿੱਡ ਵਿਚ ਸੰਭਾਲ ਸਕਦਾ ਹਾਂ। ਪਰ ਇਹ ਵਹਿਮ ਬਹੁਤ ਦੇਰ ਤੱਕ ਕਾਇਮ ਨ ਰਹਿ ਸਕਿਆ। ਅਗਲੀ ਚਿੱਠੀ ਵਿਚ ਮੇਰੇ ਇਕ ਮਿੱਤਰ ਨੇ ਮੇਰੇ ਤੇ ਇਹ ਦੋਸ਼ ਲਾਇਆ ਹੋਇਆ ਸੀ ਕਿ ਮੈਂ ਉਸ ਦੇ ਭੇਦ ਨੂੰ ਖੋਲ੍ਹ ਦਿੱਤਾ ਹੈ । ਉਸ ਦੇ ਇਸ਼ਕ ਦੀ ਗੱਲ ਮੁਸ਼ਕ ਵਾਂਗ

ਫੈਲ ਗਈ ਹੈ ਅਤੇ ਲੜਕੀ ਨੇ ਸਮਾਜ ਦੇ ਡਰ ਕਾਰਣ ਨਾ ਕਰ ਦਿੱਤੀ ਹੈ । ਮੈਂ ਉਸ ਦੇ ਵਿਸ਼ਵਾਸ ਦਾ ਪਾਤਰ ਨਹੀਂ ਰਿਹਾ। ਉਸ ਦਾ ਇਸ਼ਕ ਵੀ ਮਿਰਜ਼ਾ ਗ਼ਾਲਿਬ ਦੇ ਅੰਦਾਜ਼ ਵਿਚ ਮੈਨੂੰ ਦਿਮਾਗ਼ ਦਾ ਖਲਲ ਹੀ ਜਾਪਿਆ । ਇਸ ਬੰਡਲ ਵਿਚ ਕੁਝ ਕੁ ਖ਼ਤ ਵੱਡੇ ਵੱਡੇ ਬੰਦਿਆਂ ਦੇ ਵੀ ਸਨ । ਇਨ੍ਹਾਂ ਨੂੰ ਸੰਭਾਲਣ ਦਾ ਕਾਰਣ ਇਹ ਸੀ ਕਿ ਇਨ੍ਹਾਂ ਨੂੰ ਵਿਖਾਉਣ ਨਾਲ ਹੀ ਸ਼ਾਇਦ ਆਦਮੀ ਵੱਡਾ ਬਣ ਸਕਦਾ ਹੈ । ਇਹ ਕੀ ਪਤਾ ਸੀ ਕਿ ਵੱਡਾ ਬਣਨਾ ਤਾਂ ਤਾਰਿਆਂ ਦੀ ਖੇਡ ਹੈ । ਇਕ ਵੱਡੇ ਆਦਮੀ ਨੇ ਇੱਥੋਂ ਤੱਕ ਲਿਖ ਦਿੱਤਾ ਸੀ,—"ਮੈਨੂੰ ਇਹ ਪਤਾ ਨਹੀਂ ਸੀ ਕਿ ਵਿਪੱਤੀ ਵਿਚ ਤੂੰ ਮੇਰੀ ਸੰਪਤੀ ਵੀ ਬਣ ਸਕਦਾ ਹੈ ।" ਇਸ ਵਿਚ ਨਾ ਤਾਂ ਉਕਤੀ ਦਾ ਚਮਤਕਾਰ ਸੀ ਤੇ ਨਾ ਹੀ ਵਾਕ ਦੀ ਬਣਤਰ ਦਾ । ਇਸ ਨੂੰ ਪੜ੍ਹ ਕੇ ਅਜੇ ਸੁਖ ਦਾ ਸਾਹ ਵੀ ਨਹੀਂ ਲਿਆ ਸੀ ਕਿ ਅਗਲੇ ਬੇਨਾਮ ਪੱਤਰ ਨੇ ਸਾਹ ਨੂੰ ਵਿਚੇ ਹੀ ਰੋਕ ਦਿਤਾ । ਇਸ ਵਿਚ ਮੇਰੇ ਤੇ ਬਦਚਲਨ ਹੋਣ ਦਾ ਇਲਜ਼ਾਮ ਲਾਇਆ ਹੋਇਆ ਸੀ ।

ਇਨ੍ਹਾਂ ਰਲਵੇਂ-ਮਿਲਵੇਂ ਖਤਾਂ ਨੂੰ ਪੜ੍ਹ ਕੇ ਮੈਨੂੰ ਇਹ ਸ਼ੱਕ ਹੋਣ ਲੱਗਿਆ ਕਿ ਕੀ ਕਿਸੇ ਦੇ ਬਾਰੇ ਸੱਚੀਂ ਗੱਲ ਦਾ ਪਤਾ ਲੱਗ ਵੀ ਸਕਦਾ ਹੈ ਜਾਂ ਨਹੀਂ । ਆਪਣੇ ਬਾਰੇ ਵਿਚ ਹੀ ਜੇ ਖ਼ਿਆਲ ਇੰਨੇ ਗ਼ਲਤ ਹੋ ਸਕਦੇ ਹਨ ਤਾਂ ਹੋਰਨਾਂ ਦੇ ਬਾਰੇ ਇਨ੍ਹਾਂ ਦਾ ਸਹੀ ਹੋਣਾ ਕਿੰਨਾ ਮੁਸ਼ਕਿਲ ਹੈ । ਜੇ ਗਿਰਜਾ ਕੁਮਾਰ ਮਾਥੁਰ ਵਾਂਗ ਮੈਂ ਵੀ ਕਵੀ ਹੁੰਦਾ ਤਾਂ ਮੈਂ ਵੀ “ਖ਼ਤ" ਨਾਮ ਦੀ ਬੜੀ ਲੰਬੀ ਰਚਨਾ ਕਰ ਸਕਦਾ ਸੀ । ਮੈਂ ਵੀ ਇਸ ਨੂੰ ਨਵੇਂ ਜ਼ਮਾਨੇ ਦੇ ਮੇਘਦੂਤ ਜਾਂ ਦਮਿਅੰਤੀ ਮਿਲਨ ਨੂੰ ਨੇੜੇ ਲਿਆਉਣ ਦਾ ਜੇ ਹੰਸ ਨਾ ਬਣ ਸਕਦਾ ਤਾਂ ਕਾਂ ਬਣਨ ਦਾ ਹੌਸਲਾ ਜ਼ਰੂਰ ਕਰ ਲੈਂਦਾ ਜਿਹੜਾ ਪੁਰਾਣੇ ਸਮੇਂ ਵਿਚ ਵੀ ਬਨ੍ਹੇਰੇ ਤੇ ਬੈਠਾ ਕਾਂ ਕਾਂ ਕਰ ਕੇ ਪਰਾਹੁਣੇ ਦੇ ਆਉਣ ਦਾ ਸਮਾਚਾਰ ਦਿੰਦਾ ਸੀ । ਮੇਰੇ ਲਈ ਇਹ ਖ਼ਤ ਜੇ ਨਵਾਂ ਚਾਨਣ ਲਿਆਉਣ ਵਾਲੇ ਜਾਂ ਸਾਬਤ ਜ਼ਿੰਦਗੀ ਦਾ ਸ਼ੀਸ਼ਾ ਬਣਨ ਦਾ ਸਾਧਨ ਨਹੀਂ ਰਹੇ ਤਾਂ ਬੋਰ ਕਰਨ ਦਾ ਸਾਧਨ ਜ਼ਰੂਰ ਸਨ । ਇਨ੍ਹਾਂ ਵਿਚ ਰੋਜ਼ ਦੀ ਜ਼ਿੰਦਗੀ ਸੀ ਜਿਹੜੀ ਇਸ ਦੀ ਫ਼ਜ਼ੂਲੀਅਤ ਨੂੰ ਸਾਬਤ ਕਰਦੀ ਸੀ । ਅੱਜ ਵੀ ਇਸੇ ਤਰ੍ਹਾਂ ਦੇ ਖ਼ਤ ਆਉਂਦੇ ਰਹਿੰਦੇ ਹਨ । ਹਰ ਖ਼ਤ ਦਾ ਜੁਆਬ ਦੇਣਾ ਲਾਜ਼ਮੀ ਹੈ ਤਾਂ ਜੋ ਮੈਨੂੰ ਵੱਡਾ ਹੋਣ ਦਾ ਵਹਿਮ ਨਾ ਹੋ ਜਾਵੇ । ਇਨ੍ਹਾਂ ਵਿਚ ਕਦੇ ਕਦੇ ਚੈਕ ਵੀ ਹੁੰਦਾ ਹੈ, ਇਸ ਦਾ ਪਤਾ ਮੈਨੂੰ ਲਿਫ਼ਾਫਾ ਵੇਖ ਕੇ ਹੀ ਲੱਗ ਜਾਂਦਾ ਹੈ।

ਅੱਜ ਦੇ ਤੇ ਪੁਰਾਣੇ ਖ਼ਤਾਂ ਵਿਚ ਫ਼ਰਕ ਵੀ ਆ ਗਿਆ ਹੈ । ਹੁਣ ਖ਼ਤ ਛੋਟੇ ਹੁੰਦੇ ਜਾ ਰਹੇ ਹਨ। ਇਨ੍ਹਾਂ ਵਿਚ ਹੁਣ ਹਰ ਤਰ੍ਹਾਂ ਦੇ ਹਾਲ-ਚਾਲ ਨਹੀਂ ਹੁੰਦੇ, ਆਂਢ-ਗੁਆਂਢ ਦੇ ਕਿੱਸੇ ਨਹੀਂ ਹੁੰਦੇ, ਮੌਸਮ ਦਾ ਹਾਲ ਨਹੀਂ ਹੁੰਦਾ, ਦੁੱਖ-ਸੁੱਖ ਦੀ ਗੱਲ ਦਾ ਵੀ ਵੇਰਵਾ ਨਹੀਂ ਹੁੰਦਾ, ਸਵੇਰ ਤੋਂ ਲੈ ਕੇ ਸ਼ਾਮ ਤੱਕ ਦੀ ਜ਼ਿੰਦਗੀ ਦੀ ਕਹਾਣੀ ਵੀ ਨਹੀਂ ਹੁੰਦੀ, ਇਧਰ-ਉਧਰ ਦੀ ਮੰਗਣੀ-ਵਿਆਹ ਦੀ ਗੱਲ ਵੀ ਨਹੀਂ ਹੁੰਦੀ— ਅਰਥਾਤ ਇਨ੍ਹਾਂ ਵਿਚ ਅਪਣੱਤ ਦੀ ਘਾਟ ਹੁੰਦੀ ਹੈ। ਜੇ ਕਿਧਰੋਂ ਲੰਬੀ ਚਿੱਠੀ ਆ ਜਾਂਦੀ ਹੈ ਤਾਂ ਇਸ ਵਿਚ ਰਾਜਨੀਤਕ ਜਾਂ ਸਾਹਿਤਕ ਬਹਿਸ

ਹੁੰਦੀ ਹੈ, ਕਿਸੇ ਨੂੰ ਢਾਹੁਣ-ਚੁੱਕਣ ਦੀ ਗੱਲ ਹੁੰਦੀ ਹੈ, ਤਿਕੜਮ ਦੀ ਬੂ ਤੇ ਨਿੰਦਾ ਦਾ ਰਸ ਹੁੰਦਾ ਹੈ। ਇਸ ਨੂੰ ਪੜ੍ਹ ਕੇ ਜੀਅ ਵਿਚ ਆਉਂਦਾ ਹੈ ਕਿ ਤੂੰ ਭੀ ਬਦਲ ਫਲਕ ਜ਼ਮਾਨਾ ਬਦਲ ਗਿਆ ਹੈ, ਮਸ਼ੀਨ ਦਾ ਯੁੱਗ ਆ ਗਿਆ ਹੈ। ਹੁਣ ਪੱਤਰ ਲਿਖਣ ਲਈ ਪੱਤਰ ਨਹੀਂ ਲਿਖਿਆ ਜਾਂਦਾ, ਇਸ ਕਲਾ ਦਾ ਲੋਪ ਹੋ ਗਿਆ ਹੈ। ਮੇਰੇ ਨੌਕਰ ਨੂੰ ਜਦੋਂ ਘਰੋਂ ਖ਼ਤ ਆਉਂਦਾ ਹੈ ਤਾਂ ਇਸ ਨੂੰ ਪੜ੍ਹ ਕੇ ਪੁਰਾਣਾ ਯੁੱਗ ਬੀਤ ਗਿਆ ਮਾਲੂਮ ਨਹੀਂ ਹੁੰਦਾ। ਇਸ ਵਿਚ ਕਦੇ ਬਲਦ ਦੇ ਅਚਾਨਕ ਮਰ ਜਾਣ ਦੀ ਖ਼ਬਰ ਹੁੰਦੀ ਹੈ, ਕਦੇ ਪਿੰਡ ਦੇ ਕਿਸੇ ਬੰਦੇ ਦੇ ਚਲ ਵਸਣ ਦਾ ਸਮਾਚਾਰ ਹੁੰਦਾ ਹੈ ਤੇ ਕਦੇ ਸੰਤਾਨ ਦੇ ਪੈਦਾ ਹੋਣ ਦਾ। ਪਰ ਸ਼ਹਿਰ ਵਿਚ ਜੇ ਗਵਾਂਢੀ ਵੀ ਮਰ ਜਾਵੇ ਤਾਂ ਖ਼ਤ ਲਿਖਣ ਤੇ ਇਸ ਦਾ ਕੋਈ ਅਸਰ ਨਹੀਂ ਪੈਂਦਾ, ਇਹ ਗੱਲ ਚਿੱਠੀ ਵਿਚ ਲਿਖਣੀ ਜ਼ਰੂਰੀ ਨਹੀਂ ਜਾਪਦੀ। ਇਸ ਦੇ ਅਸਰ ਹੇਠਾਂ ਮੈਂ ਕਦੇ ਕਦੇ ਸੋਚਣ ਲੱਗ ਜਾਂਦਾ ਹਾਂ ਕਿ ਮੇਰੇ ਬਾਅਦ ਮੇਰਾ ਲੈਟਰ ਬਾਕਸ ਕੌਣ ਖੋਲ੍ਹੇਗਾ। ਜੇ ਇਹ ਖੁਲ੍ਹ ਵੀ ਗਿਆ ਤਾਂ ਹਰ ਖ਼ਤ ਦਾ ਜਵਾਬ ਕੌਣ ਦੇਵੇਗਾ। ਜਿਹੜੀ ਆਦਤ ਮੈਂ ਪਾਈ ਹੋਈ ਹੈ। ਇਹ ਸੋਚਣੀ ਵੀ ਉਸੇ ਤਰ੍ਹਾਂ ਅਸੰਗਤ ਹੈ ਜਿਸ ਤਰ੍ਹਾਂ ਦੀ ਉਹ ਸੀ ਕਿ ਗਾਂਧੀ ਜੀ ਦੇ ਮਰਨ ਤੋਂ ਬਾਅਦ ਦੇਸ਼ ਕਿਸ ਦਿਸ਼ਾ ਵਿਚ ਜਾਵੇਗਾ। ਇਸ ਲਈ ਮੈਂ ਪੁਰਾਣੀਆਂ ਚਿੱਠੀਆਂ ਅੱਗ ਦੇ ਹਵਾਲੇ ਕਰ ਦਿੱਤੀਆਂ ਹਨ।

********

# ’ਕੱਲਾ ਜੀਵਨ

‘ਕੱਲਾ ਜੀਵਨ ਇੰਨਾ ਅਧੂਰਾ ਅਤੇ ਖ਼ਾਲੀ ਖ਼ਾਲੀ ਸਮਝਿਆ ਤੇ ਮੰਨਿਆ ਜਾਂਦਾ ਹੈ ਕਿ ਇਸ ਤੋਂ ਅੱਕ ਕੇ ਬ੍ਰਹਮਾ ਨੇ ਆਪਣਾ ਜੀਅ ਲਾਉਣ ਲਈ ਸ੍ਰਿਸ਼ਟੀ ਦੀ ਰਚਨਾ ਕਰ ਦਿੱਤੀ ਸੀ ਅਤੇ ਉਸ ਦੀ ਇੱਛਾ ਹੋਈ ਸੀ—ਏਕੋ ਅਹਮ ਬਹੁ ਸਿਆਮ। ਇਸ ਤੋਂ ਇਨਸਾਨੀ ਜ਼ਿੰਦਗੀ ਦੇ ਕੱਲੇਪਨ ਦੀ ਹਾਲਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਸ ਸ੍ਰਿਸ਼ਟੀ ਦੀ ਰਚਨਾ ਤੇ ਇਕ ਵਾਰ ਤਾਂ ਬ੍ਰਹਮ ਨੂੰ ਸੰਤੋਖ ਹੋਇਆ ਹੋਵੇਗਾ ਜਦੋਂ ਉਸ ਨੇ ਇਹ ਅਨੁਭਵ ਕੀਤਾ ਹੋਵੇਗਾ ਕਿ ਸ੍ਰਿਸ਼ਟੀ ਮੇਰੀ ਹੈ। ਇਸ ਨਾਲ ਉਸ ਦੇ ਅਹਿਮ ਦਾ ਵਿਸਥਾਰ ਹੋਇਆ ਹੋਵੇਗਾ। ਇਕ ਭਰਪੂਰ ਜੀਵਨ ਵਿਚ ਮਿੱਠਾ ਮਿੱਠਾ ਖਿੱਝ-ਖਿੱਝਾ ਹੁੰਦਾ ਹੈ, ਤੰਗੀ-ਤੁਰਸ਼ੀ ਹੁੰਦੀ ਹੈ। ਜਿਹੜੀ ਉਸ ਨੂੰ ਰਸੀਲਾ ਬਣਾਈ ਰੱਖਦੀ ਹੈ। ਇਸ ਤੋਂ ਉਲਟ 'ਕੱਲਾ ਜੀਵਨ ਇਕ ਪੱਧਰੇ ਮੈਦਾਨ ਵਾਂਗ ਹੈ ਜਿਸ ਵਿਚ ਟੁਰਨ ਨਾਲ ਥਕਾਵਟ ਵੱਧ ਹੁੰਦੀ ਹੈ, ਇਸ ਵਿਚ ਨਾ ਉੱਤੇ ਚੜ੍ਹਨਾ ਹੁੰਦਾ ਹੈ, ਨਾ ਥੱਲੇ ਉਤਰਨਾ ਹੁੰਦਾ ਹੈ ਜਿਸ ਨਾਲ ਥਕਾਵਟ ਘੱਟ ਹੁੰਦੀ ਹੈ ਅਤੇ ਜ਼ਿੰਦਗੀ ਟੁਰਨ ਵਿਚ ਹੈ, ਪਹੁੰਚਣ ਵਿਚ ਨਹੀਂ ਪਹੁੰਚਣਾ ਤਾਂ ਮੌਤ ਹੈ। ਭਰਪੂਰ ਜੀਵਨ ਦੀ ਗੱਲ ਕਰਨ ਵਿਚ ਮਾਣ ਮਹਿਸੂਸ ਹੁੰਦਾ ਹੈ ਜਿਸ ਨੂੰ ਵਾਰ ਵਾਰ ਦੁਹਰਾਇਆ ਜਾ ਸਕਦਾ ਹੈ, ਪਰ 'ਕੱਲੇ ਜਿਹੇ ਜੀਵਨ ਦੀ ਕਹਾਣੀ ਦੱਸੀ ਨਹੀਂ ਜਾ ਸਕਦੀ ਅਤੇ ਜੇ ਦੱਸੀ ਵੀ ਜਾਵੇ ਤਾਂ ਕੇਵਲ ਆਪਣੇ ਆਪ ਨੂੰ ਇੱਕ ਬਾਪ ਹੀ ਬੜੇ ਮਾਣ ਨਾਲ ਕਹਿ ਸਕਦਾ ਹੈ ਕਿ ਮੇਰਾ ਛੋਟਾ ਪੁੱਤਰ ਇੰਨਾ ਹੋਣਹਾਰ ਹੈ ਕਿ ਉਸ ਲਈ ਹੀ ਬਿਰਵੇ ਕੇ ਹੋਤ ਚੀਕਨੇ ਪਾਤ ਵਾਲਾ ਮੁਹਾਵਰਾ ਬਣਾਇਆ ਗਿਆ ਹੈ, ਇਕ ਪਤੀ ਹੀ ਇਹ ਕਹਿਣ ਦਾ ਹੌਸਲਾ ਕਰ ਸਕਦਾ ਹੈ ਕਿ ਮੇਰੀ ਪਤਨੀ ਤਾਂ ਦੇਵੀ ਹੈ ਜਿਸ ਨਾਲ ਅਗਲੇ ਜੀਵਨ ਵਿਚ ਵੀ ਵਿਆਹ ਕਰਨ ਨੂੰ ਜੀਅ ਚਾਹੁੰਦਾ ਹੈ ਅਤੇ ਇਸੇ ਲਈ ਹੀ ਜਨਮ-ਜਨਮਾਂਤਰਾਂ ਦਾ ਸਿਧਾਂਤ ਘੜਿਆ ਗਿਆ ਹੈ। ਇਹ ਇਕ ਪੂਰੇ ਜੀਵਨ ਦੀ ਅਧੂਰੀ ਝਾਕੀ ਹੈ ਜਿਸ ਨੂੰ ਕਈ ਵਾਰ ਵਿਖਾਇਆ ਜਾ ਸਕਦਾ ਹੈ। ਇੱਕ ਅਧੂਰੇ ਜੀਵਨ ਦੀ ਪੂਰੀ ਝਾਕੀ ਵਿਖਾਉਣ ਵਿਚ ਕਿੰਨੀ ਪੀੜਾ ਲੁੱਕੀ ਹੋਈ ਹੈ, ਇਸ ਦੀ ਕੇਵਲ ਕਲਪਨਾ ਹੀ ਕੀਤੀ ਜਾ ਸਕਦੀ ਹੈ।

ਇਸ ਲਈ ਮੈਂ ਆਪਣੇ ਕੱਲੇ ਜੀਵਨ ਦੀ ਗੱਲ ਕਰਨ ਤੋਂ ਕਤਰਾਉਂਦਾ ਹਾਂ ਅਤੇ ਕਦੇ ਕਦੇ ਜੇ ਉਹ ਮੇਰੇ ਮੂੰਹੋਂ ਨਿਕਲ ਵੀ ਜਾਂਦੀ ਹੈ ਤਾਂ ਮੈਨੂੰ ਦਇਆ ਦਾ ਪਾਤਰ ਹੀ ਬਣਨਾ ਪੈਂਦਾ ਹੈ ਜਿਸ ਨਾਲ ਮੈਨੂੰ ਚਿੜ੍ਹ ਹੈ। ਮੈਂ ਸਮਾਜ ਵਲੋਂ ਨਫ਼ਰਤ ਤਾਂ ਸਹਿ ਸਕਦਾ ਹਾਂ ਪਰ ਉਸ ਦੀ

ਦਇਆ ਨਹੀਂ ਸਹਿ ਸਕਦਾ । ਦਇਆ ਦਾ ਦਾਨ ਮੇਰੀ ਹਉਮੈਂ ਨੂੰ ਸੱਟ ਮਾਰਦਾ ਹੈ । ਇਹ ਸੱਚ ਹੈ ਕਿ ਮੈਨੂੰ ਦਿਆਲੂ ਦਿਲ ਮਿਲਿਆ ਹੈ ਪਰ ਮੇਰੀ ਹਉਮੈਂ ਉਸ ਤੋਂ ਵੱਡੀ ਹੈ । ਆਪਣੀ ਹਉਮੈ ਨੂੰ ਮਾਰਨਾ ਪਾਪ ਹੈ ਅਤੇ ਕਿਸੇ ਹੋਰ ਦੇ ਅਹੰ ਨੂੰ ਪਾਲਣਾ ਪੁੰਨ ਹੈ । ਇਸ ਹਉਮੈ ਦੇ ਸਹਾਰੇ ਤਾਂ ਜੀਵਨ ਚਲਦਾ ਹੈ । ਮੈਂ ਇਹ ਜਾਣਦਾ ਹਾਂ ਕਿ 'ਕੱਲਾ ਜੀਵਨ ਅਸਮਾਜਿਕ ਹੈ, ਅਸਮਾਨ ਅਤੇ ਅਸਾਧਾਰਣ ਹੈ, ਇਹ ਮੇਰੇ ਉਤੇ ਥੋਪਿਆ ਗਿਆ ਹੈ । ਇਹ ਕਿਸ ਨੇ ਥੋਪਿਆ ਹੈ—ਇਸ ਦਾ ਅੰਦਾਜ਼ਾ ਤੁਸੀਂ ਆਪ ਹੀ ਲਗਾ ਸਕਦੇ ਹੋ । ਮੈਂ ਜੋ ਵੀ ਕਹਾਂਗਾ ਉਹ ਸੱਚ ਅਤੇ ਨੀਰਸ ਹੋਵੇਗਾ ਅਤੇ ਤੁਹਾਡਾ ਅਟਕਲਪਚੂ ਸੱਚ ਵੀ ਰਸੀਲਾ ਹੋ ਸਕਦਾ ਹੈ । ਹੁਣ ਜੇ 'ਕੱਲੇ ਜੀਵਨ ਦਾ ਭਾਰ ਮੋਢਿਆਂ ’ਤੇ ਪੈ ਹੀ ਗਿਆ ਹੈ ਤਾਂ ਇਸ ਨੂੰ ਚੁੱਕਣਾ ਹੀ ਪੈਂਦਾ ਹੈ । ਵਿਆਹਿਆ ਜੀਵਨ ਇਸ ਲਈ ਭਾਰ ਨਹੀਂ ਬਣਦਾ ਕਿਉਂਕਿ ਉਹ ਆਪ ਮੋਢਿਆਂ ਤੇ ਰੱਖਿਆ ਜਾਂਦਾ ਹੈ । ਇਸ ਵਿਚ ਕਿਸੇ ਸ਼ਿਕਵੇ ਜਾਂ ਸ਼ਿਕਾਇਤ ਦੀ ਗੁੰਜਾਇਸ਼ ਨਹੀਂ ਹੁੰਦੀ। ਵਿਆਹਿਆ ਜੀਵਨ ਮਨ ਆਸਰੇ ਹੁੰਦਾ ਹੈ ਅਤੇ ਕੱਲਾ ਜੀਵਨ ਪਰ-ਆਸਰੇ, ਮਨ-ਆਸਰੇ ਜ਼ਿੰਦਗੀ ਦੀ ਗੱਲ ਡੰਕੇ ਦੀ ਚੋਟ ਨਾਲ ਕਹੀ ਜਾ ਸਕਦੀ ਹੈ ਪਰ, ਪਰ-ਆਸਰੇ ਜੀਵਨ ਦਾ ਰਾਜ਼ ਖੁੱਲ੍ਹਣ ਵਿਚ ਹੀ ਨਹੀਂ ਆਉਂਦਾ । ਇਸ ਸਬੰਧ ਵਿਚ ਜਿੰਨੇ ਮੂੰਹ ਹੁੰਦੇ ਹਨ ਉੱਨੀਆਂ ਗੱਲਾਂ । ਮੇਰੇ ਲਈ ਹਰ ਵਾਕਿਫ਼ਕਾਰ ਦਾ ਚਿਹਰਾ ਪ੍ਰਸ਼ਨ-ਚਿੰਨ੍ਹ ਬਣ ਕੇ ਆਉਂਦਾ ਹੈ । ਹਰ ਨਾ-ਵਾਕਿਫਕਾਰ ਦੀਆਂ ਅੱਖਾਂ ਚੋਂ ਪੁੱਛ-ਗਿੱਛ ਤੇ ਜਿਗਿਆਸਾ ਟਪਕਦੀ ਹੁੰਦੀ ਹੈ । ਵਾਕਿਫ਼ਕਾਰ ਹੋਵੇ ਜਾਂ ਨਾ-ਵਾਕਿਫਕਾਰ, ਕਿਸੇ ਨੂੰ ਵੀ ਵਿਸ਼ਵਾਸ ਨਹੀਂ ਆਉਂਦਾ ਕਿ ਜੀਵਨ 'ਕੱਲਾ ਵੀ ਹੋ ਸਕਦਾ ਹੈ ਜਿਸ ਦੀ ਕਹਾਣੀ ਕਹਿਣ ਵਿਚ ਸੰਕੋਚ ਹੀ ਨਹੀਂ ਲਾਚਾਰੀ ਵੀ ਹੋ ਸਕਦੀ ਹੈ । ਕਦੇ ਕਦੇ ਇਸ ਗੱਲ ਨਾਲ ਥੋੜ੍ਹਾ ਜਿੰਨਾ ਸੰਤੋਖ ਮਿਲ ਜਾਂਦਾ ਹੈ ਕਿ ਵਿੱਚੋਂ ਵਿੱਚੋਂ ਸਾਰਿਆਂ ਦਾ ਜੀਵਨ ਕਲਮ-ਕੱਲਾ ਹੈ । ਸਾਥੀ-ਸੰਗੀ ਕਿਸੇ ਖ਼ਾਸ ਹੱਦ ਤੱਕ ਹੀ ਰਹਿੰਦੇ ਹਨ, ਉਸ ਤੋਂ ਅੱਗੇ ਬੰਦਾ 'ਕੱਲਾ ਹੀ ਹੁੰਦਾ ਹੈ। ਗੁਰੂ ਦੇਵ ਦਾ “ਕੱਲਾ-ਚੱਲੋ” ਵਾਲਾ ਵਾਕ ਮਨ ਨੂੰ ਧੀਰਜ ਦਿੰਦਾ ਹੈ। ਜੇ ਦਰਅਸਲ 'ਕੱਲੇ ਹੀ ਟੁਰਨਾ ਹੈ ਤਾਂ ਰਸਤੇ ਦੀ ਸਮੱਗਰੀ ਕਿਸ ਲਈ 'ਕੱਠੀ ਕੀਤੀ ਜਾਂਦੀ ਹੈ । ਇਹ ਰਸਤੇ ਦੀ ਸਮੱਗਰੀ ਮਨ ਨੂੰ ਧੋਖਾ ਦੇਣ ਲਈ ਠੀਕ ਹੈ ਪਰ ‘ਕੱਲੇ ਜੀਵਨ ਦੀ ਉਦਾਸੀ ਮਿਟਾਉਣ ਦੇ ਯੋਗ ਨਹੀਂ ਹੁੰਦੀ । ਜੀਵਨ ਦਾ 'ਕੱਲਾਪਨ ਅਤੇ ਇਸ ਦੀ ਉਦਾਸੀ ਵੱਢਣ ਨੂੰ ਆਉਂਦੇ ਹਨ । ਜਦੋਂ ਮੈਂ ਵੇਖਦਾ ਹਾਂ ਕਿ ਭਰੇ-ਪੂਰੇ ਜੀਵਨ ਵਾਲੇ ਵੀ ਖਾਲੀਪਨ ਨੂੰ ਭਰਨ ਲਈ ਮੇਰੇ ਘਰ ਡੇਰਾ ਲਾ ਲੈਂਦੇ ਹਨ ਤਾਂ ਉਨ੍ਹਾਂ ਤੋਂ ਪੁੱਛਣ ਨੂੰ ਜੀਅ ਤਾਂ ਕਰਦਾ ਹੈ ਕਿ ਤੁਸੀਂ ਪਰਮ ਹੰਸਾਂ ਦੀ ਸਭਾ ਵਿਚ ਕਿਉਂ ਆ ਵੜੇ ਹੋ, ਪਰ ਪੁੱਛਣ ਦਾ ਹੌਂਸਲਾ ਇਸ ਲਈ

ਨਹੀਂ ਕਰ ਸਕਦਾ ਕਿ ਉਹ ਕਹਿ ਦੇਣਗੇ ਕਿ ਤੇਰੀ ਉਦਾਸੀ ਦੂਰ ਕਰਨ ਆਉਂਦੇ ਹਾਂ । ਤਾਂ ਫ਼ਿਰ ਮੈਨੂੰ ਸ਼੍ਰਿਸ਼ਟਾਚਾਰ ਦੇ ਨਾਤੇ ਚੁੱਪ ਰਹਿਣਾ ਪਏਗਾ।

'ਕੱਲਾ ਜੀਵਨ ਅਨੁਭਵ ਕਰਨ ਦੀ ਚੀਜ਼ ਹੈ, ਬਹਿਸ ਦੀ ਨਹੀਂ, ਕਰਨੀ ਦੀ ਗੱਲ ਹੈ, ਕਥਨੀ ਦੀ ਨਹੀਂ । ਕਲਮ-ਕੱਲਾ ਬੰਦਾ ਕਬੀਰ ਦੇ ਗੂੰਗੇ ਵਾਂਗ ਗੁੜ ਦੀ ਮਿਠਾਸ ਤਾਂ ਨਹੀਂ, ਕਰੇਲੇ ਦੀ ਕੁੜੱਤਣ ਦੱਸਣ ਵਿਚ ਅਸਮਰੱਥ ਹੈ । ਉਸ ਦੀ ਹਾਲਤ ਨੂੰ ਜ਼ਖ਼ਮੀ ਹੀ ਜਾਣ ਸਕਦਾ ਹੈ ਜਾਂ ਉਸ ਨੂੰ ਮੀਰਾ ਜਾਣਦੀ ਸੀ । ਮੀਰਾ ਨੇ ਤਾਂ ਗਿਰਧਰ ਨੂੰ ਆਪਣੇ ਹਿਰਦੇ ਦਾ ਹਾਰ ਮੰਨ ਕੇ ਚਿਰ ਸੁਹਾਗਣ ਦੀ ਸਥਿਤੀ ਪ੍ਰਾਪਤ ਕਰ ਲਈ ਸੀ, ਪਰ 'ਕੱਲੇ ਜੀਵਨ ਵਿਚ ਕ੍ਰਿਸ਼ਨ ਨੂੰ ਰਾਧਾ ਨਹੀਂ ਮਿਲ ਸਕਦੀ, ਰਤਨ ਸੇਨ ਨੂੰ ਪਦਮਾਵਤੀ ਹਾਸਲ ਨਹੀਂ ਹੋ ਸਕਦੀ, ਐਡਵਰਡ ਅੱਠ ਨੂੰ ਮਿਸੇਜ਼ ਸਿਮਸਨ ਨਹੀਂ ਮਿਲ ਸਕਦੀ । ਇਸ ਵਿਚ ਨਾਂ ਤਾਂ ਉਰਮਲਾ ਲਛਮਣ ਦੀ ਯਾਦ ਦੇ ਸਹਾਰੇ ਜੀ ਸਕਦੀ ਹੈ ਤੇ ਨਾ ਹੀ ਯਸ਼ੋਧਰਾ ਤਥਾਗਤ ਦਾ ਨਾਂ ਲੈ ਕੇ ਜੀਊਂਦੀ ਰਹਿ ਸਕਦੀ ਹੈ । 'ਕੱਲੇ ਜੀਵਨ ਵਿਚ ਅਦਵੈਤ ਦੀ ਹਾਲਤ ਹੁੰਦੀ ਹੈ, ਦਵੈਤ ਦੀ ਨਹੀਂ ਇਕ ਦੀ ਕਹਾਣੀ ਹੁੰਦੀ ਹੈ, ਦੋ ਦੀ ਨਹੀਂ ਅਤੇ ਦੋ ਦੀ ਕਹਾਣੀ ਤਾਂ ਇੱਕ ਦੂਜੇ ਰਾਹੀਂ ਅੱਧੀ-ਪਚੱਧੀ ਕਹੀ ਵੀ ਜਾ ਸਕਦੀ ਹੈ । ਇਕ ਦੀ ਹਾਣੀ ਆਪਣੇ ਆਪ ਨੂੰ ਦੱਸੀ ਜਾ ਸਕਦੀ ਹੈ ਦੂਜੇ ਨੂੰ ਨਹੀਂ। ਇਕ ਤਰ੍ਹਾਂ ਵੇਖਦਿਆਂ 'ਕੱਲਾ ਜੀਵਨ ਖਾਲੀ ਹੀ ਹੁੰਦਾ ਹੈ, ਪਰ ਦੂਜੀ ਤਰ੍ਹਾਂ ਵੇਖਦਿਆਂ ਇਹ ਰਹੱਸ ਭਰਪੂਰ ਵੀ ਹੋ ਸਕਦਾ ਹੈ । ਇਸ ਭੇਦ ਨੂੰ ਬਣਾਈ ਰੱਖਣਾ ਹੀ ਉਚਿਤ ਜਾਪਦਾ ਹੈ ਤਾਂ ਜੋ ਅੱਡਰੇ ਤੋਂ ਅੱਡਰੇ ਵਿਅਕਤੀ ਦੀ ਉਤਸੁਕਤਾ ਬਣੀ ਰਹੇ ਅਤੇ ਜਿਗਿਆਸਾ ਡੂੰਘੀ ਹੁੰਦੀ ਰਹੇ, ਚਾਹੇ ਵਿਚ ਸਾਰ ਕੁਝ ਵੀ ਨਾ ਹੋਵੇ । ਜੇ ਇਕ ਵਾਰ ਬਦਨਾਮ ਹੀ ਹੋ ਚੁੱਕੇ ਹਾਂ ਤਾਂ ਬਦਨਾਮੀ ਤੋਂ ਮੂੰਹ ਕਿਉਂ ਛੁਪਾਇਆ ਜਾਵੇ । ਬਦ ਤੋਂ ਬਦਨਾਮ ਬੁਰਾ ਹੁੰਦਾ ਹੈ, ਪਰ ਨਿੰਦਾ ਵਿਚ ਜਿਹੜਾ ਰਸ ਹੈ ਉਸ ਦੀ ਬਰਾਬਰੀ ਕਿਸੇ ਦੀ ਪ੍ਰਸੰਸਾ ਨਹੀਂ ਕਰ ਸਕਦੀ । ਨਿੰਦਾ ਦਾ ਭਾਵ ਸਥਾਈ ਹੁੰਦਾ ਹੈ ਅਤੇ ਇਸ ਰਸ ਦੀ ਪ੍ਰਾਪਤੀ ਲਈ ਕਦੇ ਕਦੇ ਸੰਚਾਰੀ ਭਾਵ ਦਾ ਸਹਾਰਾ ਵੀ ਲੈਣਾ ਪੈਂਦਾ ਹੈ । ਇਸ ਤੋਂ ਇਲਾਵਾ ਲੋਕਾਂ ਦੀ ਜਿਗਿਆਸਾ ਅਤੇ ਉਤਕਸੁਤਾ ਨੂੰ ਬਣਿਆ ਰੱਖਣ ਨਾਲ ਜੀਵਨ ਦਾ ਮਹੱਤਵ ਵੀ ਬਣਿਆ ਰਹਿੰਦਾ ਹੈ । ਇਨ੍ਹਾਂ ਦੇ ਘਟਣ ਨਾਲ ਉਦਾਸੀ ਦੇ ਵੱਧਣ ਦਾ ਡਰ ਪੈਦਾ ਹੋ ਜਾਂਦਾ ਹੈ ਅਤੇ ਉਦਾਸੀ ਦਾ ਭਾਵ ਅੱਜ ਦੇ ਜੀਵਨ ਲਈ ਸਭ ਤੋਂ ਵੱਡੀ ਸਮੱਸਿਆ ਹੈ। ਇਸ ਲਈ ਬਦ ਨਹੀਂ ਤਾਂ ਬਦਨਾਮ ਹੋਣ ਵਿਚ ਕੁਝ ਤਾਂ ਹਾਸਲ ਹੁੰਦਾ ਹੀ ਹੈ । ਵਿਆਹਿਆ ਜੀਵਨ ਬਦ ਹੈ ਅਤੇ 'ਕੱਲਾ ਜੀਵਨ ਬਦਨਾਮ । ਇੰਨਾ ਕੁਝ ਕਹਿ ਕੇ ਵੀ 'ਕੱਲੇ ਜੀਵਨ ਦੀ ਕਹਾਣੀ ਅਣਕਹੀ ਰਹਿ ਗਈ ਹੈ ਅਤੇ ਇਸ ਦੇ ਕਾਰਣ ਹੋਰ ਵੀ ਹੋ ਸਕਦੇ ਹਨ । ਇਕ ਤਾਂ ਇਹ ਕਹਾਣੀ ਦੱਸਣ ਨੂੰ ਜੀ ਨਹੀਂ ਕਰਦਾ, ਦੂਜੇ ਭਾਸ਼ਾ ਦੀ ਸ਼ਕਤੀ

ਸੀਮਤ ਹੈ, ਤੀਜੇ ਇਸ ਨੂੰ ਸੁਣਨ ਵਾਲਾ ਵੀ ਕੋਈ ਨਹੀਂ ਹੁੰਦਾ। ਜੇ ਇਸ ਨੂੰ ਕਿਸੇ ਨੇ ਪੜ੍ਹਿਆ ਹੈ ਤਾਂ ਉਸ ਨੇ ਗ਼ਲਤੀ ਕੀਤੀ ਹੈ, ਜੇ ਪੜ੍ਹਨ ਵਿਚ ਗ਼ਲਤੀ ਨਹੀਂ ਕੀਤੀ ਤਾਂ ਗ਼ਲਤੀ ਸੁਣਨ ਵਿਚ ਜ਼ਰੂਰ ਕੀਤੀ ਹੈ। ਇਸ ਜੀਵਨ ਦੀ ਆਪਣੀ ਪੀੜ ਹੈ ਜਿਸ ਨੂੰ ਪਹਿਚਾਨਣ ਲਈ ਕਲਪਨਾ ਦੀ ਲੋੜ ਹੈ ਅਤੇ ਜਿਸ ਨੂੰ ਸੁਣਨ ਲਈ ਸਹਿਣ ਸ਼ਕਤੀ ਦੀ ਲੋੜ ਹੈ। ਮੈਨੂੰ ਤਾਂ ਇਹ ਜਾਣ ਕੇ ਹੈਰਾਨੀ ਹੁੰਦੀ ਹੈ ਕਿ ਉਸ ਵਿਚ ਇਹ ਦੋਨੋਂ ਗੁਣ ਹਾਜ਼ਰ ਹਨ। ਇਸ ਲਈ ਉਹ ਮੇਰੀ ਹਮਦਰਦੀ ਦਾ ਹੱਕਦਾਰ ਹੈ।

********

## ਅਫ਼ਸੋਸ ਨਹੀਂ

ਨਾ ਵਿਆਹੇ ਜਾਣ ਤੇ ਅਫਸੋਸ ਪ੍ਰਗਟ ਕਰਨਾ ਉਨਾ ਹੀ ਫ਼ਜ਼ੂਲ ਹੈ ਜਿੰਨਾ ਜੀਣ ਤੇ ਅਫਸੋਸ ਕਰਨਾ । ਹੁਣ ਹੀਰਾ ਜਨਮ ਤਾਂ ਮਿਲ ਗਿਆ ਹੈ, ਇਸ ਨੂੰ ਹਰ ਰੰਗ ਵਿਚ ਸਵੇਰ ਹੋਣ ਤੱਕ ਤਾਂ ਜਿਊਂਦਾ ਰੱਖਣਾ ਹੀ ਹੈ । ਅਫ਼ਸੋਸ ਕਰਨ ਨਾਲ ਬਣਦਾ ਕੁਝ ਨਹੀਂ ਵਿਗੜ ਜ਼ਰੂਰ ਜਾਂਦਾ ਹੈ, ਜੇ ਮੈਂ ਅਫ਼ਸੋਸ ਕਰਨ ਲੱਗਦਾ ਹਾਂ ਤਾਂ ਦਇਆ ਦਾ ਪਾਤਰ ਬਣਦਾ ਹਾਂ । ਮੈਨੂੰ ਇਹ ਸੁਣ ਕੇ ਖੁਸ਼ੀ ਹੁੰਦੀ ਹੈ ਕਿ ਮੈਂ ਵਿਚਾਰਾ ਕੱਲਾ ਰਹਿ ਗਿਆ ਹਾਂ, ਮੈਨੂੰ ਖਾਣ-ਪੀਣ ਨੂੰ ਕੁਝ ਮਿਲਦਾ ਹੈ ਜਾਂ ਨਹੀਂ । ਮੇਰੇ ਬਾਰੇ ਇਹ ਕਿਹਾ ਜਾਂਦਾ ਹੈ ਕਿ ਜਦੋਂ ਮੈਂ ਬੀਮਾਰ ਪੈ ਜਾਂਦਾ ਹਾਂ ਤਾਂ ਮੇਰੀ ਦੇਖਭਾਲ ਕੌਣ ਕਰਦਾ ਹੋਣਾ ? ਅਤੇ ਜਦੋਂ ਮੈਂ ਮਰਾਂਗਾ ਤਾਂ ਮੇਰੀ ਚਿਤਾ ਨੂੰ ਲਾਂਬੂ ਕੌਣ ਲਾਵੇਗਾ । ਮੈਨੂੰ ਆਪਣੀ ਚਿਤਾ ਦੀ ਚਿੰਤਾ ਨਹੀਂ ਹੁੰਦੀ ਜਿੰਨੀ ਦਇਆ ਦਾ ਦਾਨ ਕਰਨ ਵਾਲਿਆਂ ਨੂੰ ਹੋ ਸਕਦੀ ਹੈ । ਜਦੋਂ ਮੈਂ ਨਾ ਵਿਆਹੇ ਜਾਣ ਤੇ ਅਫ਼ਸੋਸ ਜ਼ਾਹਰ ਨਹੀਂ ਕਰਦਾ ਤਾਂ ਮੇਰੇ ਵਾਕਿਫਕਾਰਾਂ ਨੂੰ ਥੋੜ੍ਹੀ ਜਿਹੀ ਤਾਂ ਹੈਰਾਨੀ ਹੁੰਦੀ ਹੈ ਪਰ ਬਹੁਤੀ ਅੱਗ ਹੀ ਲੱਗਦੀ ਹੈ— ਹੈਰਾਨੀ ਇਸ ਲਈ ਕਿ ਮੇਰੇ ਨਾ ਵਿਆਹੇ ਜਾਣ ਦਾ ਕਾਰਣ ਕੀ ਹੋ ਸਕਦਾ ਹੈ ਅੱਗ ਇਸ ਦੀ ਕਿ ਮੈਂ ਫਸਿਆ ਕਿਉਂ ਨਹੀਂ । ਮੈਨੂੰ ਆਪ ਹੀ ਪਤਾ ਨਹੀਂ ਕਿ ਮੇਰਾ ਵਿਆਹ ਕਿਉਂ ਨਹੀਂ ਹੋਇਆ ? ਪਰ ਇਹ ਮੈਂ ਜਾਣਦਾ ਹਾਂ ਕਿ ਵਿਆਹ ਕਰਨਾ ਵੀ ਇਕ ਆਦਤ ਹੈ। ਮੈਂ ਇਸ ਆਦਤ ਦਾ ਸ਼ਿਕਾਰ ਕਿਉਂ ਨਹੀਂ ਹੋਇਆ, ਇਹ ਗੱਲ ਮੈਨੂੰ ਵੀ ਹੈਰਾਨ ਕਰਦੀ ਹੈ । ਮੈਂ ਗ਼ੈਰ ਮਾਮੂਲੀ ਆਦਮੀ ਨਹੀਂ, ਨਾ ਹੀ ਜੀਨੀਅਸ ਹਾਂ ਜਿਹੜਾ ਜਾਣ-ਬੁੱਝ ਕੇ ਵਿਆਹ ਨਹੀਂ ਕਰਾਉਂਦਾ। ਨਾ ਵਿਆਹੇ ਜਾਣ ਦਾ ਇਕ ਸਬਬ ਥੋੜ੍ਹਾ ਜਿੰਨਾ ਸਮਝ ਵਿਚ ਆਉਂਦਾ ਹੈ। ਉਹ ਇਹ ਹੈ ਕਿ ਸਾਡੇ ਸਮਾਜ ਵਿਚ ਸੰਤਾਨ ਦਾ ਵਿਆਹ ਮਾਪੇ ਹੀ ਕਰਦੇ ਹਨ । ਮੈਂ ਸ਼ਾਇਦ ਵਿਆਹ ਆਪ ਕਰਾਉਣਾ ਚਾਹਿਆ ਸੀ ਜਿਹੜਾ ਨਹੀਂ ਹੋ ਸਕਿਆ । ਜਾਂ ਮੇਰੀ ਛੋਟੀ ਉਮਰ ਵਿਚ ਮਾਂ ਦਾ ਮਰ ਜਾਣਾ ਇਸ ਦਾ ਕਾਰਣ ਹੋ ਸਕਦਾ ਹੈ । ਇਨ੍ਹਾਂ ਕਾਰਨਾਂ ਨਾਲ ਇਸ ਰਹੱਸ ਦੀ ਗੰਢ ਕਿਵੇਂ ਖੁਲ੍ਹ ਸਕਦੀ ਹੈ । ਮੈਨੂੰ ਇਸ ਹਾਲਤ ਤੇ ਕਦੇ ਅਫ਼ਸੋਸ ਨਹੀਂ ਹੋਇਆ ਪਰ ਮੇਰੇ ਆਂਢੀ-ਗੁਆਂਢੀ ਜ਼ਰੂਰ ਤਰਸ ਖਾਂਦੇ ਹਨ । ਪਰ ਮੇਰਾ ਚੁਪ ਰਹਿਣਾ ਮੈਨੂੰ ਦਇਆ ਦਾ ਪਾਤਰ ਬਣਨ ਤੋਂ ਬਚਾਉਂਦਾ ਹੈ। ਇਸ ਚੁੱਪ ਨੇ ਮੇਰੇ ਅਹੰ ਨੂੰ ਕਾਇਮ ਰੱਖਿਆ ਹੈ ਅਤੇ ਮੈਨੂੰ ਬ੍ਰਹਮਾ ਵਾਂਗ ਇਕ ਤੋਂ ਅਨੇਕ ਨਹੀਂ ਹੋਣ ਦਿਤਾ। ਹੁਣ ਤਾਂ ਬ੍ਰਹਮਾ ਨੂੰ ਇੰਨੀ ਆਬਾਦੀ ਵੇਖ ਕੇ ਪਛਤਾਵਾ ਹੀ ਹੁੰਦਾ ਹੋਣਾ, ਪਰ ਮੈਂ ਇਸ ਪਛਤਾਵੇ ਤੋਂ ਬਚ ਨਿਕਲਿਆ ਹਾਂ ।

ਮੇਰੇ ਆਪਣੇ ਪਰਾਏ ਸਾਰੇ ਹੀ ਮੇਰੀ ਅਣਵਿਆਹੀ ਹਾਲਤ ਤੇ ਇਸ ਲਈ ਹੈਰਾਨ ਹੁੰਦੇ ਹਨ ਕਿ ਉਹ ਪਤੀ ਬਣਨ ਦੇ ਸਾਰੇ ਗੁਣ-ਦੋਸ਼ ਮੇਰੇ ਵਿਚ ਵੇਖਦੇ ਹਨ। ਉਹ ਜਦੋਂ ਮੇਰੇ ਰਹਿਣ-ਸਹਿਣ ਅਤੇ ਖਾਣ-ਪੀਣ ਨੂੰ ਵੇਖਦੇ ਹਨ ਤਾਂ ਮੇਰੇ 'ਕੱਲੇਪਨ ਤੇ ਖਿੱਝਦੇ ਹਨ ਅਤੇ ਖਿੱਝ ਵਿਚ ਆ ਕੇ ਉਹ ਮੇਰੇ ਮਕਾਨ ਨੂੰ ਘਰ ਕਹਿਣ ਤੋਂ ਪਰਹੇਜ਼ ਕਰਦੇ ਹਨ । ਇਕ ਵਾਰ ਇਕ ਨਾ-ਵਾਕਿਫ਼ਕਾਰ ਨੇ ਮੇਰੇ ਘਰ ਦਾ ਪਤਾ ਪੁੱਛਿਆ ਸੀ ਪਰ ਬਾਅਦ ਵਿਚ ਉਸ ਨੂੰ ਇਸ ਗੱਲ ਦਾ ਪਛਤਾਵਾ ਹੀ ਰਿਹਾ। ਮੈਨੂੰ ਉਸ ਦੇ ਪਛਤਾਵੇ ਤੇ ਅਫਸੋਸ ਨਹੀਂ ਹੈ । ਜੇ ਮੈਂ ਵਿਆਹਿਆ ਹੁੰਦਾ ਤਾਂ ਸ਼ਾਇਦ ਮੇਰਾ ਇਹ ਮਕਾਨ ਨਾ ਹੁੰਦਾ ਜਿਸ ਵਿਚ ਮੈਨੂੰ ਘਰ ਵਰਗਾ ਸੁਖ ਮਿਲਦਾ ਹੈ। ਇਕ ਨਵੀਂ ਵਿਆਹੀ ਵਾਂਗ ਮੈਂ ਇਸ ਦੀ ਸੰਭਾਲ ਕਰਦਾ ਹਾਂ । ਮੈਨੂੰ ਆਪਣੇ ਫੁੱਲ ਬੂਟਿਆਂ ਨਾਲ ਉਨਾ ਹੀ ਮੋਹ ਹੈ ਜਿੰਨਾ ਕਿਸੇ ਪਿਤਾ ਨੂੰ ਸੰਤਾਨ ਨਾਲ ਹੋ ਸਕਦਾ ਹੈ । ਜਦੋਂ ਬਾਹਰੋਂ ਆਉਂਦਾ ਹਾਂ ਤਾਂ ਇਕ ਇਕ ਨੂੰ ਆਵਾਜ਼ ਮਾਰ ਕੇ ਬੁਲਾਉਂਦਾ ਹਾਂ । ਇਨ੍ਹਾਂ ਦੀਆਂ ਲੋੜਾਂ ਨੂੰ ਬਿਨਾਂ ਪੁੱਛੇ ਹੀ ਪੂਰਾ ਕਰਦਾ ਹਾਂ । ਇਸ ਤਰ੍ਹਾਂ ਇਨ੍ਹਾਂ ਦੇ ਪਾਲਨ-ਪੋਸ਼ਣ ਨਾਲ ਜ਼ਿੰਦਗੀ ਦੇ ਖਾਲੀਪਨ ਨੂੰ ਭਰਦਾ, ਖਾਲੀ ਕਰਦਾ, ਰਹਿੰਦਾ ਹਾਂ । ਪਰ ਹਰ ਰੁਝੇਵਾਂ ਮੈਨੂੰ ਇਕੱਲਾ ਹੀ ਛੱਡ ਦੇਂਦਾ ਹੈ । ਇਸ ਦਾ ਵੀ ਮੈਨੂੰ ਅਫਸੋਸ ਨਹੀਂ ਹੈ ।

ਅਣਵਿਆਹਿਆ ਰਹਿ ਜਾਣ ਤੇ ਇਸ ਲਈ ਮੈਨੂੰ ਅਫਸੋਸ ਨਹੀਂ ਕਿ ਮੈਨੂੰ ਨਾਰੀ ਨਾਲ ਸਨੇਹ ਹੈ, ਨਫ਼ਰਤ ਨਹੀਂ । ਹਰ ਨਵੀਂ ਜੋੜੀ ਨੂੰ ਜਦੋਂ ਭੁਲੇਖੇ ਵਿਚ ਪੈਂਦਾ ਵੇਖਦਾ ਹਾਂ ਤਾਂ ਦਿਲ ਨੂੰ ਤਸੱਲੀ ਹੁੰਦੀ ਹੈ । ਭੁਲੇਖੇ ਵਿਚ ਆਪਣੇ ਆਪ ਨੂੰ ਕੌਣ ਨਹੀਂ ਪਾਉਣਾ ਚਾਹੁੰਦਾ। ਆਤਮ ਗਿਆਨ ਦੀ ਗੱਲ ਤਾਂ ਸਾਰੇ ਕਰਦੇ ਆਏ ਹਨ, ਪਰ ਆਤਮ-ਭੁੱਲਣ ਦੀ ਗੱਲ ਵਿਰਲਾ ਹੀ ਕਰ ਸਕਦਾ ਹੈ । ਇਕ ਅਣਵਿਆਹੇ ਦੀ ਹਾਲਤ ਆਤਮ ਗਿਆਨੀ ਦੀ ਹੈ ਅਤੇ ਇਕ ਨਵੇਂ ਵਿਆਹੇ ਦੀ ਆਤਮ-ਭੁਲੱਕੜ ਦੀ । ਇਹ ਹੋਰ ਗੱਲ ਹੈ ਕਿ ਵਿਆਹ ਦੇ ਪੰਜ ਸਾਲ ਬਾਅਦ ਆਪਣੇ ਆਪ ਨੂੰ ਸੁਖੀ ਦਸਣਾ ਬੜੇ ਹੌਸਲੇ ਦਾ ਕੰਮ ਹੈ । ਜੀਵਨ ਦੇ ਕੁਝ ਖਿਣ ਹੀ ਮਹੱਤਤਾ ਦੇ ਹੁੰਦੇ ਹਨ, ਬਾਕੀ ਤਾਂ ਖਿੰਡੇ-ਪੁੰਡੇ ਖਿਣਾਂ ਨੂੰ ਸਕਾਰਥਾ ਬਣਾਉਣ ਦੇ ਕੰਮ ਆਉਂਦੇ ਹਨ। ਆਪਣੀ ਇਸ ਹਾਲਤ ਤੇ ਇਸ ਲਈ ਵੀ ਅਫਸੋਸ ਨਹੀਂ ਕਿ ਮਾਂ ਬਣਨ ਤੇ ਪਤਨੀ ਆਪਣੀ ਸੰਤਾਨ ਦੇ ਇੰਨੀ ਨੇੜੇ ਹੋ ਜਾਂਦੀ ਹੈ ਜਿੰਨੀ ਆਪਣੇ ਪਤੀ ਤੋਂ ਦੂਰ । ਪੁਰਸ਼ ਉਸ ਲਈ ਕੇਂਦਰ ਤੋਂ ਨਿਕਲ ਕੇ ਘੇਰੇ ਤੇ ਪੁੱਜ ਜਾਂਦਾ ਹੈ, ਕਮਰੇ 'ਚੋਂ ਨਿਕਲ ਕੇ ਵਰਾਂਡੇ ਵਿਚ ਜਾ ਖੜਾ ਹੁੰਦਾ ਹੈ ਅਤੇ ਬਾਬਾ ਬਣਨ ਤੇ ਤਾਂ ਉਸ ਦੀ ਮੰਜੀ ਬਾਹਰ ਰੁੱਖ ਹੇਠਾਂ ਜਾਂ ਡਠਦੀ ਹੈ । ਮੈਨੂੰ ਇਹ ਸੰਤੋਖ ਹੈ ਕਿ ਮੈਂ ਅਜੇ ਵੀ ਉਸ ਵਿਚਲੇ ਕਮਰੇ ਵਿਚ ਸੌਂਦਾ ਹਾਂ ਜਿਸ ਵਿਚ ਪਹਿਲਾਂ ਤੋਂ ਸੌਂਦਾ ਆਇਆ ਹਾਂ । ਇਸ ਹਾਲਤ ਦੇ ਹੁੰਦਿਆਂ ਅਫਸੋਸ ਕਿਵੇਂ ਹੋ ਸਕਦਾ ਹੈ ।

ਮੈਨੂੰ ਇਸ ਗੱਲ ਦਾ ਵੀ ਅਫਸੋਸ ਨਹੀਂ ਕਿ ਮੇਰਾ ਜੀਵਨ ਸਦਾ ਲੜਕੇ-ਲੜਕੀਆਂ ਨਾਲ ਘਿਰਿਆ ਰਿਹਾ ਹੈ ਅਤੇ ਇਨ੍ਹਾਂ ਦੀ ਸ਼ਖ਼ਸ਼ੀਅਤ ਮੈਨੂੰ ਸੰਤੋਖ ਦਿੰਦੀ ਰਹੀ ਹੈ । ਹਰ ਵਰ੍ਹੇ

ਕੁਝ ਚਿਹਰੇ ਵਾਕਫ਼ ਬਣ ਕੇ ਨਾਵਾਕਿਫ ਹੁੰਦੇ ਜਾਂਦੇ ਹਨ । ਸੰਤਾਨ ਸ਼ਾਇਦ ਮਾਂ-ਬਾਪ ਦੀ ਗੱਲ ਕਰਨ ਤੋਂ ਕਤਰਾਉਂਦੀ ਹੋਵੇ, ਦੋਸਤ ਸ਼ਾਇਦ ਆਪਣੇ ਦੋਸਤਾਂ ਦੇ ਸਾਹਮਣੇ ਦਿਲ ਦੀ ਗੰਢ ਨਾ ਖੋਲ੍ਹ ਸਕਣ, ਪਰ ਮੇਰਾ ਤਜਰਬਾ ਇਸ ਦੇ ਉਲਟ ਰਿਹਾ ਹੈ । ਸ਼ੁਭ ਚਿੰਤਕ ਅਤੇ ਸਲਾਹਕਾਰ ਦੇ ਨਾਤੇ ਮੇਰੇ ਨਾਲ ਸਾਰੇ ਹੀ ਖੁੱਲ੍ਹ ਕੇ ਸ਼ਾਇਦ ਇਸ ਲਈ ਗੱਲ ਕਰ ਲੈਂਦੇ ਹਨ ਕਿਉਂਕਿ ਮੈਂ ਇਕ ਦਾ ਰਾਜ ਦੂਜੇ ਤੱਕ ਅਪੜਨ ਨਹੀਂ ਦੇਂਦਾ । ਇਸ ਭਰੋਸੇ ਤੋਂ ਮੈਨੂੰ ਤਾਕਤ ਮਿਲਦੀ ਰਹੀ ਹੈ ਅਤੇ ਆਪਣੇ ਅਣਵਿਆਹੇ ਹੋਣ ਤੇ ਮੈਨੂੰ ਅਫਸੋਸ ਕਰਨ ਦਾ ਮੌਕਾ ਹੀ ਨਹੀਂ ਮਿਲਿਆ। ਇਹ ਇਕ ਵਹਿਮ ਵੀ ਹੋ ਸਕਦਾ ਹੈ ਪਰ ਵਹਿਮਾਂ ਦੇ ਸਹਾਰੇ ਕੌਣ ਨਹੀਂ ਜਿਊਂਦਾ। ਇਹ ਮੇਰੀ ਜ਼ਿੰਦਗੀ ਦੀ ਹਾਰ ਵੀ ਹੋ ਸਕਦੀ ਹੈ ਪਰ ਹਾਰ ਦੇ ਸ਼ੀਸ਼ੇ ਵਿਚ ਕਿਸ ਨੇ ਆਪਣਾ ਮੂੰਹ ਨਹੀਂ ਤੱਕਿਆ । ਗ਼ਾਲਿਬ ਨੇ ਠੀਕ ਹੀ ਕਿਹਾ ਸੀ—'ਮੈਂ ਆਪਨੀ ਸ਼ਿਕਸਤ ਕੀ ਆਵਾਜ਼" । ਇਸ ਸ਼ਾਇਰ ਦੀ ਆਵਾਜ਼ ਨੂੰ ਜਦੋਂ ਸੁਣਦਾ ਹਾਂ ਤਾਂ ਦਿਲ ਨੂੰ ਤਸੱਲੀ ਹੁੰਦੀ ਹੈ ਅਤੇ ਗ਼ਾਲਿਬ ਤਾਂ ਵਿਹਾਇਆ ਹੋਇਆ ਸੀ । ਵਿਆਹੀ ਜ਼ਿੰਦਗੀ ਵਿਚ ਦੁੱਖ ਅਤੇ ਸੰਤਾਪ ਹੀ ਆਨੰਦ ਨੂੰ ਨਿੱਤ ਨਵਾਂ ਬਣਾਉਂਦੇ ਹਨ, ਬਸੰਤ ਅਤੇ ਪੱਤਝੜ ਇਕ ਦੂਜੇ ਦੇ ਗਲੇ ਵਿਚ ਬਾਹਾਂ ਪਾਉਂਦੇ ਰਹਿੰਦੇ ਹਨ ਅਤੇ ਅਣ-ਵਿਆਹੇ ਜੀਵਨ ਵਿਚ 'ਕੱਲੇਪਨ ਦਾ ਅਹਿਸਾਸ ਹੀ ਇਹ ਗੱਲ ਸਾਮ੍ਹਣੇ ਲਿਆਉਂਦਾ ਹੈ । ਇਸ ਹਾਲਤ ਦਾ ਮੁਕਾਬਲਾ ਕਰਨ ਨੂੰ ਹੀ ਤਾਂ ਜ਼ਿੰਦਗੀ ਕਿਹਾ ਗਿਆ ਹੈ । ਇਸ ਵਿਚ ਤਕਲੀਫ ਤਾਂ ਹੁੰਦੀ ਹੈ ਪਰ ਤਬੀਅਤ ਸਾਨ ਤੇ ਚੜ੍ਹ ਜਾਂਦੀ ਹੈ । ਇਸ ਲਈ ਅਫ਼ਸੋਸ ਕਰਨਾ ਸ਼ੋਭਦਾ ਨਹੀਂ ।

ਮੈਨੂੰ ਆਪਣੀ ਹਾਲਤ ਉਤੇ ਅਫਸੋਸ ਉਦੋਂ ਹੁੰਦਾ ਹੈ ਜਦੋਂ ਮੈਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਵੇਖਿਆ ਜਾਂਦਾ ਹੈ । ਇਕ ਵਿਅਕਤੀ ਦੇ ਨਾਤੇ ਸਮਾਜਕ ਸਬੰਧਾਂ ਦੇ ਆਧਾਰ ਤੇ ਜਦੋਂ ਮੈਨੂੰ ਸੰਬੋਧਿਤ ਕੀਤਾ ਜਾਂਦਾ ਹੈ ਤਾਂ ਇੰਨਾ ਅਫਸੋਸ ਨਹੀਂ ਹੁੰਦਾ ਜਿੰਨੀ ਖਿੱਝ ਆਉਂਦੀ ਹੈ। ਇਸ ਪਾਸੇ ਅੰਕਲ ਇਕ ਨਵਾਂ ਰਿਸ਼ਤਾ ਹੈ ਜਿਹੜਾ ਆਧੁਨਿਕ ਜੀਵਨ ਵਿਚ ਸਭ ਤੋਂ ਵੱਧ ਸਲਾਹਿਆ ਜਾਂਦਾ ਹੈ । ਅੱਜ ਦੇ ਸਾਰਹੀਨ ਜੀਵਨ ਵਿਚ ਰਿਸ਼ਤੇ ਵੀ ਉਸੇ ਢਾਂਚੇ ਵਿਚ ਢਲ ਰਹੇ ਹਨ । ਹੁਣ ਵੀ ਜੇ ਅਣਵਿਆਹੇ ਰਹਿਣ ਉਤੇ ਅਫ਼ਸੋਸ ਕਰਨਾ ਬਾਕੀ ਹੈ ਤਾਂ ਇਸ ਦਾ ਮੈਨੂੰ ਅਫ਼ਸੋਸ ਨਹੀਂ ਹੈ । ਨਿੱਕੀਆਂ ਨਿੱਕੀਆਂ ਭੁੱਲਾਂ ਤੇ ਤਾਂ ਅਫ਼ਸੋਸ ਕੀਤਾ ਜਾ ਸਕਦਾ ਹੈ, ਪਰ ਕਿਸੇ ਵੱਡੀ ਗ਼ਲਤੀ ਦਾ ਸਾਰਿਆਂ ਦੇ ਸਾਮ੍ਹਣੇ ਅਫਸੋਸ ਕਰਨਾ ਆਪਣੇ ਅਹੰ ਨੂੰ ਸੱਟ ਮਾਰਨਾ ਹੀ ਹੈ। ਇਹ ਹੌਸਲਾ ਮਹਾਤਮਾ ਗਾਂਧੀ ਵਿਚ ਸੀ ਜਦੋਂ ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਉਨ੍ਹਾਂ ਨੇ ਆਪਣੀ ਗ਼ਲਤੀ ਦਾ ਮੁਕਾਬਲਾ ਹਿਮਾਲੀਆ ਪਹਾੜ ਨਾਲ ਕੀਤਾ ਸੀ ਅਤੇ ਅਸਹਿਯੋਗ ਅੰਦੋਲਨ ਰੋਕ ਦਿਤਾ ਸੀ। ਮੈਂ ਤਾਂ ਸਾਧਾਰਣ ਬੰਦੇ ਦੇ ਨਾਤੇ ਗ਼ਲਤੀਆਂ ਦਾ ਪੁਤਲਾ ਹਾਂ ਜਿਨ੍ਹਾਂ ਨੂੰ ਮੰਨਣ ਦਾ ਮੇਰੇ ਵਿਚ ਹੌਸਲਾ ਨਹੀਂ ਹੈ । ਆਪਣੇ ਛੋਟੇ ਜਿਹੇ ਅਹੰ ਦੀ ਕਮਜ਼ੋਰ ਤਾਕਤ ਤੇ ਹੀ ਅਜੇ ਤੱਕ ਜਿਉਂਦਾ ਰਿਹਾ ਹਾਂ । ਹੁਣ ਕਲਮਾ ਪੜ੍ਹਨ ਨਾਲ ਮੁਸਲਮਾਨ

ਕਿਵੇਂ ਬਣਿਆ ਜਾ ਸਕਦਾ ਹੈ। ਵਿਆਹ ਵਾਲਾ ਬੰਦਾ ਕਿਵੇਂ ਬਣ ਸਕਦਾ ਹਾਂ, ਕਾਫ਼ਿਰ ਹੋਣ ਦੀ ਹਾਲਤ ਤੇ ਅਫਸੋਸ ਕਿਸ ਤਰ੍ਹਾਂ ਜ਼ਾਹਰ ਕਰ ਸਕਦਾ ਹਾਂ। ਹੁਣ ਤਾਂ ਅਣਵਿਆਹਿਆ ਰਹਿਣ ਦੀ ਆਦਤ ਪੈ ਚੁਕੀ ਹੈ ਅਤੇ ਆਦਤ ਬੁਰੀ ਬਲਾ ਹੁੰਦੀ ਹੈ। ਇਸ ਤੋਂ ਛੁਟਕਾਰਾ ਹਾਸਲ ਕਰਨਾ ਬੜਾ ਮੁਸ਼ਕਲ ਹੈ। ਇਸ ਲਈ ਅਣਵਿਆਹਿਆ ਰਹਿਣ ਦਾ ਮੈਨੂੰ ਬਿਲਕੁਲ ਅਫ਼ਸੋਸ ਨਹੀਂ ਹੈ। ਜੇ ਹੈ ਵੀ ਤਾਂ ਇਸ ਦਾ ਜ਼ਿਕਰ ਕਰਨਾ ਬੇਕਾਰ ਹੈ।

********

# ਭਵਿੱਖ ਬਾਣੀ

ਆਉਣ ਵਾਲੇ ਦਿਨਾਂ ਬਾਰੇ ਕੌਣ ਨਹੀਂ ਜਾਣਨਾ ਚਾਹੁੰਦਾ ? ਇਸ ਦਾ ਸ਼ਾਇਦ ਇਹ ਕਾਰਣ ਹੈ ਕਿ ਬੀਤੀ ਜ਼ਿੰਦਗੀ ਨੂੰ ਮੁੜ ਜਿਊਣ ਦਾ ਸਾਰਿਆਂ ਦਾ ਜੀਅ ਕਰਦਾ ਹੈ, ਪਰ ਇਹ ਹੋ ਨਹੀਂ ਸਕਦਾ । ਇਕ ਵਾਰ ਜਿਹੜਾ ਬੀਤ ਜਾਂਦਾ ਹੈ, ਉਹ ਸਦਾ ਲਈ ਬੀਤ ਜਾਂਦਾ ਹੈ । ਉਸ ਨੂੰ ਮੁੜ ਨਹੀਂ ਲਿਆਂਦਾ ਜਾ ਸਕਦਾ । ਅੱਜ ਨੂੰ ਪਕੜ ਕੇ ਰੱਖਣਾ ਜਾਂ ਇਸ ਦਾ ਮੁਕਾਬਲਾ ਕਰਨਾ ਵੀ ਬੜਾ ਮੁਸ਼ਕਿਲ ਹੈ । ਇਸੇ ਲਈ ਮਨ ਕਦੇ ਕਦੇ ਗੁਜ਼ਰ ਚੁੱਕੇ ਕਲ੍ਹ ਦੀਆਂ ਗੱਲਾਂ ਕਰਨ ਲੱਗ ਜਾਂਦਾ ਹੈ ਤੇ ਕਦੇ ਆਉਣ ਵਾਲੇ ਕੱਲ੍ਹ ਦੇ ਸੁਫਨੇ ਲੈਣ ਲੱਗ ਜਾਂਦਾ ਹੈ । ਬੀਤ ਚੁੱਕੇ ਸਮੇਂ ਵਿਚ ਕੀਤੀਆਂ ਗ਼ਲਤੀਆਂ ਨੂੰ ਹੁਣ ਠੀਕ ਨਹੀਂ ਕੀਤਾ ਜਾ ਸਕਦਾ ਅਤੇ ਭਵਿੱਖ ਦੇ ਸੁਫਨਿਆਂ ਨੂੰ ਸਾਕਾਰ ਕਰਨਾ ਕਠਿਨ ਹੈ । ਆਧੁਨਿਕਤਾ ਦਾ ਤਕਾਜ਼ਾ ਤਾਂ ਅੱਜ ਅੱਗੇ ਮੱਥਾ ਟੇਕਣ ਵਿਚ ਹੈ ਪਰ ਮਨ ਪੁਰਾਣਾ ਪਾਪੀ ਹੈ ਜਿਹੜਾ ਕਦੇ ਅੱਗੇ ਨੂੰ ਦੌੜਦਾ ਹੈ ਤੇ ਕਦੇ ਪਿੱਛੇ ਨੂੰ । ਭਗਵਾਨ ਨੇ ਵੀ ਇਸ ਨੂੰ ਚੰਚਲ ਕਿਹਾ ਹੈ । ਇਹ ਗੀਤਾ ਦੇ ਪਾਠ ਕਰਨ ਨਾਲ ਵੀ ਕਾਬੂ ਨਹੀਂ ਆਉਂਦਾ । ਇਸ ਲਈ ਆਉਣ ਵਾਲੇ ਦਿਨਾਂ ਦੇ ਬਾਰੇ ਵਿਚ ਕੁਝ ਜਾਣਨਾ ਚਾਹੁੰਦਾ ਹਾਂ ਤਾਂ ਜੋ ਬੀਤ ਚੁੱਕੀਆਂ ਗ਼ਲਤੀਆਂ ਤੋਂ ਬਚ ਸਕਾਂ । ਝੂਠੀ ਭਵਿੱਖਬਾਣੀ ਵੀ ਮਨ ਨੂੰ ਚੰਗੀ ਲੱਗਦੀ ਹੈ । ਇਸ ਲਈ ਕਦੇ ਜੋਤਿਸ਼ ਦਾ ਸਹਾਰਾ ਲੈਂਦਾ ਹਾਂ ਤੇ ਕਦੇ ਹੱਥ ਦੀਆਂ ਰੇਖਾਵਾਂ ਦਾ। ਫੁੱਟਪਾਥ ਤੇ ਬੈਠੇ ਉਸ ਆਦਮੀ ਨਾਲ ਵੀ ਗੱਲ ਕਰ ਲੈਂਦਾ ਹਾਂ ਜਿਹੜਾ ਚਿੜੀਆਂ ਰਾਹੀਂ ਭਵਿੱਖ ਦੀਆਂ ਗੱਲਾਂ ਦੱਸਦਾ ਹੈ । ਚਿੜੀਆਂ ਵੀ ਉਸੇ ਸੌਖ ਨਾਲ ਆਪਣੀਆਂ ਚੁੰਝਾਂ ਜਨਮ ਕੁੰਡਲੀ ਦੇ ਘਰਾਂ ਵਿਚ ਰੱਖ ਦਿੰਦੀਆਂ ਹਨ, ਜਿਸ ਸੌਖ ਨਾਲ ਜਾਂ ਜਿਸ ਦਿਵਦ੍ਰਿਸ਼ਟੀ ਨਾਲ ਪੁਰਾਣੇ ਜੋਤਸ਼ੀ ਤਾਰਿਆਂ ਦੇ ਖੇਡ ਨੂੰ ਸਮਝ ਲੈਂਦੇ ਸਨ । ਇਸ ਤਰ੍ਹਾਂ ਭਵਿੱਖ ਨੂੰ ਜਾਣਨ ਦੀ ਇੱਛਾ ਮੈਨੂੰ ਇੰਨਾ ਘੇਰ ਲੈਂਦੀ ਹੈ ਕਿ ਹਰ ਹੀਲਾ ਕਰਨ ਤੋਂ ਮੈਨੂੰ ਸੰਕੋਚ ਨਹੀਂ ਹੁੰਦਾ ।

ਜਿੱਥੋਂ ਤੱਕ ਫਲਿਤ ਜੋਤਸ਼ ਦਾ ਸਬੰਧ ਹੈ ਇਸ ਦਾ ਵਿਸਥਾਰ 5 ਲੱਖ ਸ਼ਲੋਕਾਂ ਵਿਚ ਦੱਸਿਆ ਜਾਂਦਾ ਹੈ । ਇਹ ਵਿਸਥਾਰ ਚਾਰ ਮਹਾਂਭਾਰਤਾਂ ਦੇ ਬਰਾਬਰ ਬੈਠਦਾ ਹੈ । ਇੰਨੇ ਵੱਡੇ ਸਾਗਰ ਨੂੰ ਗਾਗਰ ਵਿਚ ਬੰਦ ਕਰਨਾ ਅਸੰਭਵ ਹੈ । ਮੇਰੀ ਜਨਮ ਕੁੰਡਲੀ ਜਦੋਂ ਪਾਕਿਸਤਾਨ ਵਿਚ ਰਹਿ ਗਈ ਤਾਂ ਹਿੰਦੁਸਤਾਨ ਵਿਚ ਆਪਣੀ ਯਾਦ ਦਾ ਸਹਾਰਾ ਲੈ ਕੇ ਮੈਂ ਨਵੀਂ ਜਨਮ ਕੁੰਡਲੀ ਬਣਵਾ ਲਈ । ਜੇ ਹੁਣ ਗੱਲਾਂ ਇਸ ਨਵੀਂ ਕੁੰਡਲੀ ਦੇ ਮੁਤਾਬਕ ਨਹੀਂ ਵਾਪਰਦੀਆਂ ਤਾਂ ਕਸੂਰ ਭਵਿੱਖਬਾਣੀ ਦਾ ਨਹੀਂ, ਮੇਰੀ ਜਮਨ ਕੁੰਡਲੀ ਦਾ ਹੀ ਹੋ ਸਕਦਾ ਹੈ । ਲਗਨ ਵਿਚ ਜੇ ਇਕ ਅੰਸ਼ ਦਾ ਵੀ ਫਰਕ ਪੈ ਜਾਵੇ ਤਾਂ ਗੱਲ ਵਿਗੜ ਜਾਂਦੀ ਹੈ । ਮੇਰੇ ਪੱਤਰੇ ਵਿਚ ਦੋ

ਵਿਆਹ ਲਿਖੇ ਹੋਏ ਹਨ ਪਰ ਹੋਇਆ ਇਕ ਵੀ ਨਹੀਂ । ਸਾਰਿਆਂ ਤੋਂ ਪੁੱਛਣ ਤੇ ਜਵਾਬ ਇੱਕੋ ਹੀ ਮਿਲਦਾ ਹੈ। ਕਿ ਹੁਣ ਤੱਕ ਵਿਆਹ ਨਾ ਹੋਣ ਦਾ ਕਾਰਣ ਹੈ ਸ਼ਨੀ ਦਾ ਇਕ ਘਰ ਵਿਚ ਜੰਮ ਕੇ ਬਹਿ ਜਾਣਾ। ਇਸ ਦੀ ਚਾਲ ਇੰਨੀ ਮੱਠੀ ਹੁੰਦੀ ਹੈ ਕਿ ਮੇਰੇ ਵਿਆਹ ਦੀ ਸੰਭਾਵਨਾ ਅਗਲੇ ਜਨਮ ਤੱਕ ਤਾਂ ਦਿਸਦੀ ਨਹੀਂ । ਇਸ ਲਈ ਸਾਰਿਆਂ ਦਾ ਪੱਕਾ ਵਿਸ਼ਵਾਸ ਭਵਿੱਖਬਾਣੀ ਵਿਚ ਮੇਰੀ ਆਸਥਾ ਨੂੰ ਹੋਰ ਡੂੰਘੇਰਾ ਕਰਦਾ ਹੈ। ਜੇ ਇਹ ਸੁਆਲ ਪੁੱਛਦਾ ਹਾਂ ਕਿ ਇੱਕੋ ਸਮੇਂ ਦੋ ਵਿਆਹ ਹਿੰਦੁਸਤਾਨੀ ਕਾਨੂੰਨ ਦੇ ਖਿਲਾਫ਼ ਹਨ ਤਾਂ ਉਤਰ ਦਿੱਤਾ ਜਾਂਦਾ ਹੈ ਕਿ ਇਕ ਵਿਆਹ ਜਾਂ ਤਾਂ ਗੁਪਤ ਹੋ ਸਕਦਾ ਹੈ ਜਾਂ ਅਗਲਾ ਜਨਮ ਉਸ ਦੇਸ਼ ਵਿਚ ਹੋ ਸਕਦਾ ਹੈ ਜਿੱਥੇ ਇਸ ਦੀ ਮਨਾਹੀ ਨਹੀਂ । ਇਸ ਨਾਲ ਇਹ ਵੀ ਜੋੜ ਦਿੱਤਾ ਜਾਂਦਾ ਹੈ ਕਿ ਫਲਤ ਜੋਤਿਸ਼ ਦੇਸ਼ ਅਤੇ ਕਾਲ ਦੇ ਅਨੁਸਾਰ ਬਦਲਦਾ ਰਹਿੰਦਾ ਹੈ । 'ਜਾਤਕਾਭਰਣ' ਨਾਂ ਦੇ ਗਰੰਥ ਵਿਚ ਵਾਰ ਵਾਰ ਦੋ ਵਿਆਹਾਂ ਦਾ ਜ਼ਿਕਰ ਆਉਂਦਾ ਹੈ । ਇਸ ਦਾ ਕਾਰਣ ਸ਼ਾਇਦ ਇਹ ਹੈ ਕਿ ਮੱਧ ਕਾਲ ਵਿਚ ਦੋ ਵਿਆਹਾਂ ਦਾ ਆਮ ਰਿਵਾਜ ਸੀ । ਅੱਜ ਜੇ ਇਹ ਨਹੀਂ ਰਿਹਾ ਤਾਂ ਜਾਤਕਾਭਰਣ ਦੇ ਸ਼ਲੋਕਾਂ ਦੀ ਨਵੀਂ ਵਿਆਖਿਆ ਹੋ ਸਕਦੀ ਹੈ । ਇਸ ਤਰ੍ਹਾਂ ਜੋਤਿਸ਼ ਦੇ ਲਚਕਦਾਰ ਹੋਣ ਵਿਚ ਮੇਰੀ ਆਸਥਾ ਹੋਰ ਵੀ ਡੂੰਘੀ ਹੋ ਜਾਂਦੀ ਹੈ । ਮੈਂ ਨਿਰਾਲੇ ਵਾਂਗ ਵਿਦਰੋਹੀ ਨਹੀਂ ਹਾਂ । ਉਨ੍ਹਾਂ ਆਪਣੀ ਕੁੰਡਲੀ ਪਾੜ ਕੇ ਸਰੋਜ ਨੂੰ ਖੇਡਣ ਲਈ ਦੇ ਦਿੱਤੀ ਸੀ । ਉਸ ਵਿਚ ਦੋ ਵਿਆਹ ਲਿਖੇ ਹੋਏ ਸਨ; ਪਰ ਨਿਰਾਲਾ ਦੂਜਾ ਵਿਆਹ ਨਹੀਂ ਕਰਾਉਣਾ ਚਾਹੁੰਦੇ ਸਨ । ਉਹ ਭਵਿੱਖਬਾਣੀ ਨੂੰ ਝੁਠਲਾਉਣਾ ਚਾਹੁੰਦੇ ਸੀ । ਮੈਂ ਤਾਂ ਦੂਜੀ ਜਨਮ ਕੁੰਡਲੀ ਤਿਆਰ ਕਰਵਾਈ ਹੋਈ ਹੈ । ਚਾਹੇ ਉਹ ਨਕਲੀ ਹੀ ਹੋਵੇ । ਭਾਰਤੀ ਨੇ ਵੀ ਆਪਣੇ ਦ੍ਰਿਸ਼-ਕਾਵਿ 'ਅੰਧਾ-ਯੁੱਗ' ਵਿਚ ਉਸ ਬੁੱਢੇ ਮੰਗਤੇ ਨੂੰ ਮਰਵਾ ਦਿਤਾ ਸੀ ਜਿਸ ਨੇ ਇਹ ਕਿਹਾ ਸੀ ਕਿ ਕੌਰਵਾਂ ਦੀ ਜਿੱਤ ਹੋਵੇਗੀ । ਬੁੱਢਾ ਮੰਗਤਾ ਗ਼ਲਤ ਸਿੱਧ ਹੋਇਆ ਅਤੇ ਭਵਿੱਖ ਝੂਠਾ ਪੈ ਗਿਆ। ਕਵੀ ਅਤੇ ਜੋਤਸ਼ੀ ਕੋਲ ਦਿੱਵ-ਦ੍ਰਿਸ਼ਟੀ ਹੁੰਦੀ ਹੈ ਜਿਹੜੀ ਬੀਤੇ ਸਮੇਂ ਅਤੇ ਆਉਣ ਵਾਲੇ ਸਮੇਂ ਦੋਵਾਂ ਨੂੰ ਵੇਖ ਸਕਦੀ ਹੈ । ਇਸ ਲਈ ਜੋਤਿਸ਼ ਅਤੇ ਕਵਿਤਾ ਦਾ ਆਧਾਰ ਦਿੱਵ-ਦ੍ਰਿਸ਼ਟੀ ਹੈ । ਅੱਜ ਦਾ ਵਿਗਿਆਨ ਜੇ ਇਹ ਗੱਲ ਨਹੀਂ ਮੰਨਦਾ ਤਾਂ ਇਹ ਇਸ ਦੀ ਸੀਮਾ ਹੈ ।

ਇਸ ਤਰ੍ਹਾਂ ਭਵਿੱਖਬਾਣੀ ਦੇ ਅਨੇਕਾਂ ਚਮਤਕਾਰ ਸੁਣਨ ਨੂੰ ਬਹੁਤੇ ਮਿਲੇ ਹਨ ਪਰ ਵੇਖਣ ਵਿਚ ਘੱਟ । ਇਹ ਕਹਿਣਾ ਕਠਿਨ ਹੈ ਕਿ ਅੱਖ ਦਾ ਸੱਚ ਵੱਡਾ ਹੁੰਦਾ ਹੈ ਜਾਂ ਕੰਨ ਦਾ । ਮੇਰੇ ਸੁਣਨ ਵਿਚ ਆਇਆ ਹੈ ਕਿ ਜੇ ਕਿਸੇ ਦੀ ਸਹੀ ਜਨਮ ਕੁੰਡਲੀ ਮਿਲ ਜਾਵੇ ਤਾਂ ਇਸ ਦੇ ਆਧਾਰ ਤੇ ਪੂਰੇ ਪਿਛੋਕੜ ਦੇ ਦਰਸ਼ਨ ਕੀਤੇ ਜਾ ਸਕਦੇ ਹਨ, ਕੇਵਲ ਉਸੇ ਦੇ ਨਹੀਂ ਸਗੋਂ ਉਸ ਦੇ ਰਿਸ਼ਤੇਦਾਰਾਂ, ਦੋਸਤਾਂ ਆਦਿ ਦੀ ਵੀ ਪੁਰਾਣੀ ਜ਼ਿੰਦਗੀ ਸਾਹਮਣੇ ਆ ਜਾਂਦੀ ਹੈ । ਇਹ ਜਾਣਕਾਰੀ ਕੇਵਲ ਇਕ ਜਨਮ ਤੱਕ ਸੀਮਤ ਨਹੀਂ ਹੁੰਦੀ, ਜਨਮ ਜਨਮਾਂਤਰਾਂ ਤੱਕ ਚਲਦੀ ਹੈ। ਇਸ ਲਈ ਇਸ ਸਿੱਧਾਂਤ ਵਿਚ ਵਿਸ਼ਵਾਸ ਰੱਖਣਾ ਜ਼ਰੂਰੀ ਹੋ ਜਾਂਦਾ ਹੈ । ਆਤਮਾ ਦੇ

ਅਮਰ ਹੋਣ ਵਿਚ ਵੀ ਆਸਥਾ ਰੱਖਣੀ ਪੈਂਦੀ ਹੈ । ਜੇ ਆਧੁਨਿਕਤਾ ਇਸ ਨੂੰ ਨਹੀਂ ਮੰਨਦੀ ਤਾਂ ਆਉਣ ਵਾਲਾ ਗਿਆਨ ਇਸ ਨੂੰ ਜ਼ਰੂਰ ਮੰਨੇਗਾ । ਇਸ ਤਰ੍ਹਾਂ ਮੱਧ ਕਾਲ ਅਤੇ ਆਧੁਨਿਕਤਾ ਵਿਚਲੀ ਟੱਕਰ ਦਾ ਕੀ ਸਿੱਟਾ ਹੋਵੇਗਾ—ਇਸ ਬਾਰੇ ਨਿਸ਼ਚਿਤ ਫੈਸਲਾ ਦੇਣਾ ਮੇਰੇ ਲਈ ਮੁਸ਼ਕਿਲ ਹੈ । ਹਾਂ ਇੰਨਾ ਕਹਿਣ ਦਾ ਹੌਸਲਾ ਕਰ ਸਕਦਾ ਹਾਂ ਕਿ ਮਨ ਪਰਚਾਵੇ ਲਈ ਜੋਤਿਸ਼ ਬੜੇ ਕੰਮ ਦੀ ਚੀਜ਼ ਹੈ। ਅੱਜ ਦਾ ਮਨੋਵਿਗਿਆਨ ਜਾਂ ਕਥਾ-ਸਾਹਿਤ ਵੀ ਇੰਨੇ ਚਰਿੱਤਰਾਂ ਦਾ ਵਿਸ਼ਲੇਸ਼ਣ ਨਹੀਂ ਕਰ ਸਕਿਆ ਜਿੰਨਾ ਜਤਕਾਭਰਣ ਵਿਚ ਮਿਲਦਾ ਹੈ । ਹਰ ਵਿਅਕਤੀ ਦੇ ਚਰਿੱਤਰ ਦੀਆਂ ਮੋਟੀਆਂ ਮੋਟੀਆਂ ਲਕੀਰਾਂ ਦਾ ਸੰਕੇਤ ਦਿੱਤਾ ਗਿਆ ਹੈ । ਇੰਨੇ ਬੰਦਿਆਂ ਦੇ ਚਰਿੱਤਰ ਦੇ ਬਾਰੇ ਇੰਨੀਆਂ ਲਕੀਰਾਂ ਦਾ ਸੰਕੇਤ ਦੇਣਾ ਮੇਰੀ ਸੀਮਤ ਅਕਲ ਨੂੰ ਤਾਂ ਚੱਕਰ ਵਿਚ ਪਾ ਦਿੰਦਾ ਹੈ । ਕਿਸੇ ਬੰਦੇ ਦੇ ਜਨਮ ਵੇਲੇ ਜੇ ਸ਼ਨੀ ਮੰਗਲ ਨੂੰ ਵੇਖਦਾ ਹੈ ਤਾਂ ਉਹ ਖਾਸ ਕਿਸਮ ਦਾ ਬਣ ਜਾਂਦਾ ਹੈ ਅਤੇ ਜੇ ਬੁੱਧ ਵੇਖਦਾ ਹੈ ਤਾਂ ਉਹ ਹੋਰ ਤਰ੍ਹਾਂ ਦਾ ਬਣ ਜਾਂਦਾ ਹੈ ਅਤੇ ਜੇ ਉਸ ਨੂੰ ਬ੍ਰਹਿਸਪਤੀ ਵੇਖਦਾ ਹੈ ਤਾਂ ਉਹ ਕਿਸੇ ਹੋਰ ਢਾਂਚੇ ਵਿਚ ਢਲ ਜਾਂਦਾ ਹੈ । ਕਦੇ ਪਖੰਡ ਕਰਨ ਵਿਚ ਉਹ ਹੁਸ਼ਿਆਰ ਹੈ ਤਾਂ ਕਦੇ ਨਾਰੀ ਦਾ ਮਨਮੋਹਣ ਵਿਚ, ਕਦੇ ਪੈਸਾ ਇਕੱਠਾ ਕਰਨ ਵਿਚ, ਕਦੇ ਪੈਸਾ ਹੱਥੋਂ ਗਵਾਉਣ ਵਿਚ । ਇਸ ਤਰ੍ਹਾਂ ਮਨੁੱਖ ਦਾ ਵਿਅਕਤਿਤਵ ਤਾਰਿਆਂ ਦੀ ਖੇਡ ’ਤੇ ਨਿਰਭਰ ਹੈ। ਇਹ ਤਾਂ ਇਕ ਰਾਸ਼ੀ ਦੀ ਗੱਲ ਹੈ । ਰਾਸ਼ੀਆਂ ਤਾਂ ਬਾਰ੍ਹਾਂ ਹਨ । ਹੁਣ ਤੁਸੀਂ ਅਨੁਮਾਨ ਲਾਉ ! ਬੰਦਿਆਂ ਦੀਆਂ ਕਿਸਮਾਂ ਕਿੰਨੀਆਂ ਹੋ ਸਕਦੀਆਂ ਹਨ । ਇਨ੍ਹਾਂ ਕਿਸਮਾਂ ਦਾ ਅੰਦਾਜ਼ਾ ਲਾਉਣ ਦੀ ਮੈਂ ਕੋਸ਼ਿਸ਼ ਕੀਤੀ ਹੈ ਪਰ ਮੇਰੀ ਨਿੱਕੀ ਜਿੰਨੀ ਅਕਲ ਤੋਂ ਇਹ ਗੱਲ ਪਰ੍ਹੇ ਹੈ । ਇਕ ਇਕ ਸ਼ਲੋਕ ਦੀ ਰਚਨਾ ਵਿਚ ਦਿੱਵ ਦ੍ਰਿਸ਼ਟੀ ਤੋਂ ਕੰਮ ਲਿਆ ਹੈ ਜਾਂ 'ਕੱਠੇ ਹੋ ਗਏ ਤਜਰਬੇ ਨੂੰ ਆਧਾਰ ਬਣਾਇਆ ਗਿਆ ਹੈ । ਜਦੋਂ ਤੱਕ ਵਿਗਿਆਨ ਨੂੰ ਇਹ ਦਿਵ-ਦ੍ਰਿਸ਼ਟੀ ਪ੍ਰਾਪਤ ਨਹੀਂ ਹੁੰਦੀ ਉਦੋਂ ਤੱਕ ਇਸ ਬਾਰੇ ਕੋਈ ਪੱਕੀ ਰਾਏ ਦੇਣੀ ਖ਼ਤਰੇ ਤੋਂ ਖ਼ਾਲੀ ਨਹੀਂ ਅਤੇ ਖ਼ਤਰਾ ਮੁੱਲ ਲੈਣਾ ਨਿਰਾਲੇ ਵਰਗੇ ਕਵੀਆਂ ਨੂੰ ਹੀ ਸ਼ੋਭਦਾ ਹੈ ।

ਮੇਰੇ ਵੇਖਣ ਵਿਚ ਆਇਆ ਹੈ ਕਿ ਵੱਡਾ ਆਦਮੀ ਜਾਂ ਵੱਡਾ ਬਣਨ ਦੀ ਆਸ ਰੱਖਣ ਵਾਲਾ ਆਦਮੀ ਜੋਤਿਸ਼ ਵਿਚ ਬੜਾ ਡੂੰਘਾ ਵਿਸ਼ਵਾਸ ਰੱਖਦਾ ਹੈ। ਰਾਜਨੀਤੀ ਨਾਲ ਸਬੰਧ ਰੱਖਣ ਵਾਲੇ ਇਕ ਘੁਮੱਕੜ ਬੰਦੇ ਨੂੰ ਜਾਣਦਾ ਹਾਂ ਜਿਹੜਾ ਹਰ ਨਵੀਂ ਥਾਂ ਤੇ, ਪਹਿਲਾਂ ਉਸ ਸ਼ਹਿਰ ਜਾਂ ਪਿੰਡ ਦੇ ਜੋਤਸ਼ੀ ਦੀ ਭਾਲ ਕਰਦਾ ਹੈ ਫਿਰ ਬਿਸਤਰਾ ਖੋਲ੍ਹਦਾ ਹੈ। ਅਜੇ ਤੱਕ ਮੈਨੂੰ ਇਹ ਨਹੀਂ ਪਤਾ ਲੱਗਾ ਕਿ ਅਜਿਹਾ ਕਰਨਾ ਮਨ-ਪ੍ਰਚਾਵੇ ਦੀ ਗੱਲ ਹੈ ਜਾਂ ਤਰੱਕੀ ਦਾ ਸਾਧਨ ਹੈ । ਆਪਣੀ ਜਨਮ ਕੁੰਡਲੀ ਉਹ ਸੂਟਕੇਸ ਵਿਚ ਲਈ ਫਿਰਦਾ ਹੁੰਦਾ ਹੈ ਅਤੇ ਜੇ ਕਦੇ ਭੁਲੇਖੇ ਇਸ ਨੂੰ ਘਰ ਭੁੱਲ ਜਾਵੇ ਤਾਂ ਜੇਬ ਵਿੱਚੋਂ ਇਸ ਦੀ ਨਕਲ ਕੱਢ ਲੈਂਦਾ ਹੈ। ਇਸ ਤਰ੍ਹਾਂ ਆਉਣ ਵਾਲੇ ਦਿਨਾਂ ਬਾਰੇ ਪੁੱਛ-ਗਿਛ ਕਰਨ ਵਿਚ ਉਹ ਇੰਨਾ ਕੁਝ ਜਾਂਦਾ ਹੈ ਕਿ ਚਾਹ ਦਾ

ਪਿਆਲਾ ਪਿਆ ਪਿਆ ਠੰਡਾ ਹੋ ਜਾਂਦਾ ਹੈ। ਅਜੇ ਤੱਕ ਰਾਜਨੀਤੀ ਵਿਚ ਅਜਿਹਾ ਕਰਨਾ ਉਸ ਦੀ ਤਰੱਕੀ ਦਾ ਰਸਤਾ ਨਹੀਂ ਬਣ ਸਕਿਆ। ਉਸ ਦੀ ਪੱਤਰੀ ਵਿਚ ਮੰਤਰੀ ਬਣਨਾ ਲਿਖਿਆ ਹੋਇਆ ਹੈ । ਉਸ ਦਾ ਕਹਿਣਾ ਹੈ ਕਿ ਹਰ ਵਜ਼ੀਰ ਆਪਣੀ ਪਦਵੀ ਨੂੰ ਕਾਇਮ ਰੱਖਣ ਲਈ ਜਾਂ ਵਜ਼ਾਰਤ ਹਾਸਲ ਕਰਨ ਲਈ ਜੋਤਿਸ਼ ਦਾ ਸਹਾਰਾ ਲੈਂਦਾ ਹੈ। ਮੱਧਕਾਲ ਵਿਚ ਹਰ ਰਾਜੇ ਦੇ ਦਰਬਾਰ ਵਿਚ ਰਾਜ ਜੋਤਸ਼ੀ ਹੁੰਦਾ ਸੀ। ਹੁਣ ਵੀ ਹਰ ਪਿੰਡ ਵਿਚ ਆਪੋ ਆਪਣਾ ਜੋਤਸ਼ੀ ਹੁੰਦਾ ਹੈ ਜਿਹੜਾ ਪਿੰਡ ਦੀ ਜ਼ਿੰਦਗੀ ਨੂੰ ਸੋਧ ਦਿੰਦਾ ਹੈ। ਮੌਸਮ ਦੇ ਬਾਰੇ ਵਿਚ ਇਹ ਵੇਖਿਆ ਗਿਆ ਹੈ ਕਿ ਜੋਤਿਸ਼ ਦੇ ਆਧਾਰ ਤੇ ਕੀਤੀ ਭਵਿੱਖਬਾਣੀ ਮੌਸਮ ਦੇ ਸਰਕਾਰੀ ਐਲਾਨ ਨਾਲੋਂ ਵੱਧ ਠੀਕ ਹੁੰਦੀ ਹੈ। ਮੈਂ ਇਹ ਵੀ ਸੁਣਿਆ ਹੋਇਆ ਹੈ ਕਿ ਕੀੜੀਆਂ ਨੂੰ ਮੀਂਹ ਦੇ ਆਉਣ ਦੀ ਖਬਰ ਸਭ ਤੋਂ ਪਹਿਲਾਂ ਮਿਲਦੀ ਹੈ। ਹੁਣ ਅਸਲੀ 'ਭਰਿਗੂ ਸੰਘਤਾ' ਤਾਂ ਅਲੋਪ ਹੋ ਚੁੱਕੀਆਂ ਹਨ। ਉਸ ਦੇ ਬਚੇ-ਖੁੱਚੇ ਸਫ਼ਿਆਂ ਨਾਲ ਗੁਜ਼ਾਰਾ ਚਲਾਇਆ ਜਾ ਰਿਹਾ ਹੈ। ਅੱਜ ਦੇ ਰਿਸ਼ੀਆਂ ਕੋਲ ਉਹ ਦਿਵ-ਦ੍ਰਿਸ਼ਟੀ ਵੀ ਨਹੀਂ ਹੈ ਜਿਸ ਦੀ ਮਦਦ ਨਾਲ ਨਵੀਂ ਭਰਿਗੂ ਸੰਘਤਾ ਬਣਾਈ ਜਾ ਸਕਦੀ। ਇਸ ਲਈ ਅੱਖ ਦੀ ਸੱਚਾਈ ਦੀ ਥਾਂ ਕੰਨ ਦੀ ਸੱਚਾਈ ਦਾ ਸਹਾਰਾ ਲੈਣਾ ਪੈ ਰਿਹਾ ਹੈ। ਆਸ ਕੀਤੀ ਜਾਂਦੀ ਹੈ ਕਿ ਜਿਸ ਦਿਨ ਜੋਤਿਸ਼ ਦਾ ਤਜਰਬਾ ਸਾਇੰਸ ਨੇ ਕਰਨਾ ਸ਼ੁਰੂ ਕਰ ਦਿਤਾ, ਉਸ ਦਿਨ ਇਹ ਜ਼ਰੂਰ ਚਮਕੇਗਾ। ਅਜੇ ਤੱਕ ਭਵਿੱਖ ਬਾਣੀ ਦਾ ਭਵਿੱਖ ਰਹੱਸ ਦੇ ਪਰਦੇ ਵਿਚ ਲੁਕਿਆ ਹੈ । ਉਸ ਦਿਨ ਦੀ ਉਡੀਕ ਕੀਤੀ ਜਾਂਦੀ ਹੈ ਕਿ ਕਦੋਂ ਇਹ ਪਰਦਾ ਉਠੇ ਅਤੇ ਪਤਾ ਲੱਗੇ ਕਿ ਜਨਮ ਕੁੰਡਲੀ ਦੇ ਅਨੁਸਾਰ ਮੇਰੇ ਦੋ ਵਿਆਹ ਇਸ ਜਨਮ ਵਿਚ ਹੁੰਦੇ ਹਨ ਜਾਂ ਅਗਲੇ ਤੋਂ ਅਗਲੇ ਜਨਮ ਵਿਚ ।......

********

# ਖਰੀਆਂ ਖਰੀਆਂ ਸੁਣਾਉਣ ਤੇ

ਅੱਜ ਖਰੀਆਂ ਖਰੀਆਂ ਸੁਣਨਾ ਜੇ ਇੰਨਾ ਔਖਾ ਹੋ ਗਿਆ ਹੈ ਤਾਂ ਫੇਰ ਖਰੀਆਂ ਖਰੀਆਂ ਸੁਣਾਉਣਾ ਕਿੰਨਾ ਔਖਾ ਹੋ ਸਕਦਾ ਹੈ- ਇਸ ਦਾ ਕੇਵਲ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ । ਇਸ ਚੌਦਾਂ ਕੈਰਟ ਦੇ ਯੁੱਗ ਵਿਚ ਸਾਰੀਆਂ ਚੀਜ਼ਾਂ ਵਿਚ ਮਿਲਾਵਟ ਹੀ ਮਿਲਾਵਟ ਹੈ । ਉਹ ਚਾਹੇ ਘਿਓ ਹੋਵੇ ਚਾਹੇ ਤੇਲ, ਕੱਪੜਾ ਹੋਵੇ ਜਾਂ ਗਹਿਣਾ, ਆਟਾ ਹੋਵੇ ਜਾਂ ਚੌਲ, ਮਿਰਚ ਹੋਵੇ ਜਾਂ ਮਸਾਲਾ । ਇੱਥੋਂ ਤੱਕ ਕਿ ਜਾਨਵਰ ਅਤੇ ਇਨਸਾਨ ਵੀ ਅਸਲੀ ਜਾਂ ਖਰਾ ਨਹੀਂ ਰਿਹਾ। ਕੌਣ ਨਹੀਂ ਚਾਹੁੰਦਾ ਕਿ ਸਿੱਧੀ ਤੇ ਸਾਫ਼ ਗੱਲ ਕਹਿ ਕੇ ਦਿਲ ਦਾ ਭਾਰ ਹੌਲਾ ਕੀਤਾ ਜਾਵੇ । ਸੁਣਾਉਣਾ ਤਾਂ ਸਾਰੇ ਚਾਹੁੰਦੇ ਹਨ ਪਰ ਸੁਣਨਾ ਕੋਈ ਵਿਰਲਾ ਹੀ ਪਸੰਦ ਕਰਦਾ ਹੈ । ਇਸ ਲਈ ਖਰੀਆਂ ਖਰੀਆਂ ਸੁਣਾਉਣ ਲਈ ਮੈਨੂੰ ਕੌੜੀ ਤੋਂ ਕੌੜੀ ਗੱਲ ਸੁਣਨ ਦੀ ਆਦਤ ਪਾਉਣੀ ਪਈ ਹੈ । ਇਸ ਤੋਂ ਬਿਨਾਂ ਸੁਣਾਉਣ ਦਾ ਹੱਕ ਕਿਵੇਂ ਮਿਲ ਸਕਦਾ ਹੈ, ਹਲਕੇ ਹੋਣ ਦਾ ਮੌਕਾ ਕਿਵੇਂ ਹੱਥ ਆ ਸਕਦਾ ਹੈ । ਜੇ ਮੈਥੋਂ ਮੰਗਿਆ ਜਾਂਦਾ ਹੈ ਤਾਂ ਇਹ ਕਹਿਣਾ ਵਧੇਰੇ ਠੀਕ ਹੈ ਕਿ ਮੈਂ ਦੇਣਾ ਨਹੀਂ ਚਾਹੁੰਦਾ । ਜੇ ਮੈਂ ਇਧਰ ਉਧਰ ਦੇ ਬਹਾਨੇ ਬਣਾਉਂਦਾ ਹਾਂ ਤਾਂ ਗੱਲ ਇੰਨੀ ਉਲਝ ਜਾਂਦੀ ਹੈ ਕਿ ਇਸ ਵਿੱਚੋਂ ਨਿਕਲਣਾ ਔਖਾ ਹੋ ਜਾਂਦਾ ਹੈ। ਜੇ ਮੈਂ ਕਿਸੇ ਦਾ ਕੰਮ ਨਹੀਂ ਕਰ ਸਕਦਾ ਜਾਂ ਕਰਨਾ ਨਹੀਂ ਚਾਹੁੰਦਾ ਹਾਂ ਤਾਂ ਸਾਫ਼ ਸਾਫ਼ ਕਿਉਂ ਨਾ ਕਹਿ ਦਿੱਤਾ ਜਾਵੇ । ਲਾਰੇ ਲਾਉਣ ਨਾਲ ਝੂਠੀ ਜਿਹੀ ਆਸ ਬੱਝ ਜਾਂਦੀ ਹੈ । ਦੁਚਿੱਤੀ ਵਿਚ ਪਏ ਰਹਿਣ ਨਾਲ ਜਾਂ ਕਿਸੇ ਨੂੰ ਪਾਉਣ ਨਾਲ ਮਨ ਨੂੰ ਤਕਲੀਫ਼ ਹੁੰਦੀ ਹੈ । ਇਸ ਦਾ ਭਾਰ ਹੌਲੀ ਹੌਲੀ ਇੰਨਾ ਵੱਧ ਜਾਂਦਾ ਹੈ ਕਿ ਇਸ ਨੂੰ ਚੁਕਣਾ ਔਖਾ ਹੋ ਜਾਂਦਾ ਹੈ । ਇਸ ਲਈ ਖਰੀਆਂ ਖਰੀਆਂ ਸੁਣਾਉਣਾ ਮਨ ਦੀ ਲਾਚਾਰੀ ਨਹੀਂ, ਤਨ ਦੀ ਵੀ ਬੇਬਸੀ ਹੈ ।

ਮੇਰੇ ਕੁਝ ਕੁ ਦੋਸਤ ਹਨ, ਜਿਹੜੇ ਇਸ ਨੂੰ ਭੈੜਾ ਸਮਝਦੇ ਹਨ । ਇਨ੍ਹਾਂ ਦਾ ਕਹਿਣਾ ਹੈ ਕਿ ਇਸ ਤੋਂ ਹੰਕਾਰ ਦੀ ਬੂ ਆਉਂਦੀ ਹੈ, ਘਮੰਡ ਛਲਕਦਾ ਹੈ, ਕਠੋਰਤਾ ਦਾ ਭੁਲੇਖਾ ਪੈਂਦਾ ਹੈ । ਇਨ੍ਹਾਂ ਦਾ ਕਹਿਣਾ ਹੈ ਕਿ ਮਿੱਠਾ ਬੋਲਣਾ ਸੱਚ ਬੋਲਣ ਤੋਂ ਚੰਗਾ ਹੈ । ਕੁਝ ਅਜਿਹੇ ਵੀ ਹਨ ਜਿਹੜੇ ਸੱਚ ਅਤੇ ਝੂਠ ਵਿਚ ਫਰਕ ਵੇਖਣ ਨੂੰ ਚੰਗਾ ਨਹੀਂ ਸਮਝਦੇ । ਸੱਚ ਕੀ ਹੈ ? ਝੂਠ ਕੀ ਹੈ? ਇਸ ਤਰ੍ਹਾਂ ਦੇ ਫ਼ਲਸਫ਼ੇ ਦੀਆਂ ਦਲੀਲਾਂ ਦੇ ਕੇ ਮੈਨੂੰ ਚੱਕਰ ਵਿਚ ਪਾ ਦਿੰਦੇ ਹਨ । ਮੈਂ ਵੀ ਇਨ੍ਹਾਂ ਦੀ ਹਾਂ ਵਿਚ ਹਾਂ ਮਿਲਾ ਦਿੰਦਾ ਹਾਂ ਕਿਉਂਕਿ ਸੱਚ ਸਥਾਈ ਨਹੀਂ ਹੈ, ਟਿਕਾਊ ਨਹੀਂ ਹੈ ਯੁੱਗ ਯੁੱਗ ਵਿਚ ਬਦਲਦਾ ਰਿਹਾ ਹੈ ਅਤੇ ਅੱਜ ਵੀ ਬਦਲ ਰਿਹਾ ਹੈ । ਮੈਂ ਇਹ ਜਾਣਦਾ

ਹਾਂ ਕਿ ਕਿਹੜਾ ਮਤਲਬੀ ਨਹੀਂ ਹੈ, ਕਿਹੜਾ ਆਪਣੀ ਅਕਲ ਨੂੰ ਘਟੀਆ ਸਮਝਦਾ ਹੈ, ਕਿਹੜਾ ਤਰੱਕੀ ਦਾ ਚਾਹਵਾਨ ਨਹੀਂ, ਕਿਸ ਵਿਚ ਹੰਕਾਰ ਨਹੀਂ ਹੈ ? ਸਵਾਲ ਇਨ੍ਹਾਂ ਦੇ ਹੋਣ ਦਾ ਨਹੀਂ ਕੇਵਲ ਇਨ੍ਹਾਂ ਦੀ ਮਿਕਦਾਰ ਦਾ ਹੈ । ਇਸ ਲਈ ਖਰੀਆਂ ਖਰੀਆਂ ਸੁਣ ਕੇ ਕਿਸੇ ਦੇ ਕੋਮਲ ਮਨ ਨੂੰ ਠੇਸ ਲਗਾਉਣਾ ਚੰਗਾ ਨਹੀਂ ਪਰ ਬਾਅਦ ਵਿਚ ਨਿਰਾਸ਼ਾ ਦੀ ਸੱਟ ਬਹੁਤ ਸਖ਼ਤ ਸਾਬਤ ਹੁੰਦੀ ਹੈ । ਬੱਚੇ ਨੂੰ ਤਾਂ ਵਰਲਾਉਣਾ ਹੀ ਪੈਂਦਾ ਹੈ । ਜੇ ਵੱਡੇ ਹੋ ਕੇ ਵੀ ਬੱਚਾ ਹੀ ਬਣਿਆ ਰਹਿਣਾ ਹੈ ਤਾਂ ਗੱਲ ਵੱਖਰੀ ਹੈ । ਮੈਂ ਵੀ ਬਚਪਨੇ ਦਾ ਸ਼ਿਕਾਰ ਰਿਹਾ ਹਾਂ । ਜੇ ਮੈਨੂੰ ਕੋਈ ਖਰੀਆਂ ਖਰੀਆਂ ਸੁਣਾ ਦਿੰਦਾ ਸੀ ਤਾਂ ਮੈਨੂੰ ਸਾਰੀ ਰਾਤ ਨੀਂਦਰ ਨਹੀਂ ਸੀ ਆਉਂਦੀ । ਜੇ ਕੋਈ ਮੇਰਾ ਕੰਮ ਨਹੀਂ ਸੀ ਕਰਦਾ ਤਾਂ ਉਸ ਨੂੰ ਬੁਰਾ ਭਲਾ ਕਹਿਣਾ ਜ਼ਰੂਰੀ ਹੋ ਜਾਂਦਾ ਸੀ । ਜੇ ਮੈਨੂੰ ਉਧਾਰ ਦੇਣ ਤੋਂ ਕੋਈ ਸਾਫ਼ ਨਾਂਹ ਕਰ ਦਿੰਦਾ ਸੀ ਤਾਂ ਮੈਂ ਗਾਲ੍ਹਾਂ ਤਕ ਤੇ ਉਤਰ ਆਉਂਦਾ ਸਾਂ । ਇਹ ਮੇਰੇ ਬਚਪਨੇ ਦਾ ਸਿੱਟਾ ਸੀ । ਹੁਣ ਮੈਂ ਆਪਣੀਆਂ ਕਮਜ਼ੋਰੀਆਂ ਤੋਂ ਜਾਣੂ ਹੋ ਗਿਆ ਹਾਂ । ਹੋਰਨਾਂ ਦੀਆਂ ਮਜ਼ਬੂਰੀਆਂ ਦਾ ਮੈਨੂੰ ਅਹਿਸਾਸ ਹੋ ਗਿਆ ਹੈ । ਇਹ ਆਤਮ ਗਿਆਨ ਨਹੀਂ ਜਿਸ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ । ਮੁਕਤੀ ਵਿਚ ਮੇਰਾ ਵਿਸ਼ਵਾਸ ਵੀ ਨਹੀਂ ਹੈ । ਮੈਂ ਭਗਤ ਵੀ ਨਹੀ ਹਾਂ ਜਿਹੜਾ ਆਪਣੇ ਆਪ ਨੂੰ ਘਟੀਆ ਤੇ ਨੀਚ ਤੱਕ ਕਹਿਣ ਦਾ ਹੌਸਲਾ ਰੱਖਦਾ ਹੈ । ਆਪਣੀਆਂ ਕਮਜ਼ੋਰੀਆਂ ਨੂੰ ਇਨਸਾਨੀ ਕਹਿ ਕੇ ਟਾਲ ਦਿੰਦਾ ਹਾਂ ਅਤੇ ਖਰੀਆਂ ਖਰੀਆਂ ਸੁਣਨ ਅਤੇ ਸੁਣਾਉਣ ਨੂੰ ਤਿਆਰ ਰਹਿੰਦਾ ਹਾਂ ।

ਇਹ ਸਾਰਾ ਕੁਝ ਹੋਣ ਤੋਂ ਵੀ ਐਨ ਮੌਕੇ ਤੇ ਖ਼ਰੀਆਂ ਖ਼ਰੀਆਂ ਸੁਣਾ ਨਹੀਂ ਸਕਦਾ। ਇਕ ਦੀਆਂ ਮੰਗਦੀਆਂ ਅੱਖਾਂ ਵੇਖ ਕੇ ਚੁੱਪ ਹੋ ਜਾਂਦਾ ਹੈ, ਦੂਜੇ ਦੀ ਬੇਬਸੀ ਵੇਖ ਕੇ ਬੋਲਦਾ ਨਹੀਂ । ਇਕ ਬੋਲਦਾ ਨਹੀਂ; ਤੀਜੇ ਦੇ ਹੱਠ ਤੋਂ ਘਬਰਾ ਕੇ ਖ਼ਰੀਆਂ ਖ਼ਰੀਆਂ ਸੁਣਾਉਣ ਤੋਂ ਰਹਿ ਜਾਂਦਾ ਹਾਂ । ਗੱਲਾਂ ਪਈਆਂ ਦੀਆਂ ਪਈਆਂ ਰਹਿ ਜਾਂਦੀਆਂ ਹਨ ਅਤੇ ਹਾਲਾਤ ਹੋਰ ਵੀ ਵਿਗੜ ਜਾਂਦੇ ਹਨ। ਹਾਂ ਦੀ ਭਾਸ਼ਾ ਤਾਂ ਸਾਰਿਆਂ ਨੂੰ ਪਸੰਦ ਹੈ ਪਰ ਨਾ ਦੀ ਗੱਲ ਸਾਰਿਆਂ ਨੂੰ ਚੁਭਦੀ ਹੈ । ਇਸ ਤਰ੍ਹਾਂ ਹਾਂ-ਨਾ ਦੇ ਕਈ ਮੌਕੇ ਆਉਂਦੇ ਹਨ ਪਰ ਮੈਥੋਂ ਹੁੰਦਾ ਕੁਝ ਵੀ ਨਹੀਂ । “ਹਾਂ ਕਰ ਜਾਂ ਨਾ ਕਰ ਜਾ" ਵਾਲੀ ਗੱਲ ਫਿਲਮਾਂ ਦੇ ਗੀਤਾਂ ਵਿਚ ਸੰਭਵ ਹੋ ਸਕਦੀ ਹੈ ਇਸ ਤਰ੍ਹਾਂ ਚੁੱਪ ਰਹਿਣ ਨਾਲ ਪਰੇਸ਼ਾਨੀ ਇੰਨੀ ਵੱਧ ਜਾਂਦੀ ਹੈ ਕਿ ਖਰੀਆਂ ਖਰੀਆਂ ਸੁਣਾਉਣ ਨੂੰ ਜੀਅ ਕਰਨ ਲੱਗ ਪੈਂਦਾ ਹੈ । ਲੋਕ ਮੇਰੀ ਚੁੱਪ ਨੂੰ ਨਹੀਂ ਸਮਝਦੇ । ਮੈਂ ਆਪ ਇਸ ਨੂੰ ਨਹੀਂ ਸਮਝਦਾ । ਕੁਝ ਲੋਕਾਂ ਨੇ ਖਰੀਆਂ ਖਰੀਆਂ ਸੁਣਾਉਣ ਦੀ ਥਾਂ ਇਕ ਅਜਿਹੀ ਲੋਲੋ-ਪੋਪੋ ਦੀ ਭਾਸ਼ਾ ਬਣਾਈ ਹੋਈ ਹੈ, ਅਜਿਹੇ ਗੋਲ-ਮੋਲ ਮੁਹਾਵਰੇ ਘੜੇ ਹੋਏ ਹਨ ਕਿ ਸਾਰੇ ਹੀ ਇਨ੍ਹਾਂ ਦੇ ਘਰੋਂ ਖੁਸ਼ ਪਰਤਦੇ ਹਨ । ਇਸ ਭਾਸ਼ਾ ਨੂੰ 'ਲਸਟਮ-ਪਸਟਮ' ਦਾ ਨਾਂ ਦਿੱਤਾ ਜਾ ਸਕਦਾ ਹੈ । ਇਸ ਦਾ ਆਪਣਾ ਹੀ ਵਿਆਕਰਣ ਹੈ। ਇਸ ਨਵੀਂ ਭਾਸ਼ਾ ਨੂੰ ਸਿਖਣਾ ਮੇਰੇ ਲਈ ਬੜਾ ਔਖਾ ਹੈ। ਭਾਸ਼ਾ ਵਿਗਿਆਨ ਵਿਚ ਮੇਰੀ ਦਿਲਚਸਪੀ ਵੀ ਨਹੀਂ ਹੈ । ਸੁਭਾਅ ਪੱਕ ਗਿਆ ਹੈ । ਇਸ

ਨੂੰ ਬਦਲਨਾ ਬੜਾ ਔਖਾ ਹੈ । ਬਹੁਤ ਦੇਰ ਚੁੱਪ ਰਹਿਣ ਨਾਲ ਮਨ ਉਤੇ ਭਾਰ ਪੈਂਦਾ ਹੈ । ਇਸ ਲਈ ਖਰੀਆਂ ਖਰੀਆਂ ਸੁਣਾਉਣ ਨੂੰ ਜੀਅ ਕਰਦਾ ਹੈ । ਇਸ ਤਰ੍ਹਾਂ ਜ਼ਿੰਦਗੀ ਸੌਖੀ ਹੋ ਗਈ ਜਾਪਦੀ ਹੈ । ਮੈਂ ਇਕ ਬਾਬਾ ਜੀ ਨੂੰ ਜਾਣਦਾ ਹਾਂ ਜਿਹੜੇ ਸਾਰੀ ਜ਼ਿੰਦਗੀ ਇਕ ਸ਼ਬਦ ਵੀ ਨਹੀਂ ਬੋਲੇ, ਲਿਖ ਕੇ ਹੀ ਗੱਲ ਕਰਦੇ ਰਹੇ ਹਨ। ਇੰਨੀ ਸਖ਼ਤ ਘਾਲਣਾ ਮੇਰੇ ਵੱਸ ਦੀ ਨਹੀਂ। ਮੈਂ ਬਾਬਾ ਵੀ ਬਣਨਾ ਨਹੀਂ ਚਾਹੁੰਦਾ । ਮੈਂ ਕਵੀ ਵੀ ਨਹੀਂ ਹਾਂ। ਜਿਹੜਾ ਲਕਸ਼ਣਾ-ਵਿਅੰਜਨਾ ਵਿਚ ਗੱਲ ਕਰ ਸਕਦਾ ਹੈ । ਮੈਂ ਤਾਂ ਆਪਣੀ ਵਾਰਤਕ ਭਰੀ ਜ਼ਿੰਦਗੀ ਵਿਚ ਅਭਿਧਾ ਹੀ ਸਿਖ ਸਕਿਆ ਹਾਂ ।

ਇਸ ਤਰ੍ਹਾਂ ਖਰੀਆਂ ਖਰੀਆਂ ਗੱਲਾਂ ਕਰਨ ਨਾਲ ਕੰਮ ਘੱਟ ਗਿਆ ਹੈ । ਪਰ ਨੁਕਸਾਨ ਵੱਧ ਗਿਆ ਹੈ । ਮੈਂ ਕਿਸੇ ਧੜੇ ਦਾ ਮੈਂਬਰ ਨਹੀਂ ਬਣ ਸਕਿਆ। ਅੱਜਕਲ੍ਹ ਦੇ ਜ਼ਮਾਨੇ ਵਿਚ ਲੀਡਰੀ ਕਰਨ ਲਈ ਆਪਣਾ ਧੜਾ ਬਣਾਉਣਾ ਬੜਾ ਜ਼ਰੂਰੀ ਹੈ, ਮੈਂ ਜਦੋਂ ਵੀ ਹਾਂ ਵਿਚ ਹਾਂ ਰਲਾਉਣ ਵਾਲਿਆਂ ਦਾ ਗੁਟ ਬਣਾਉਣ ਦਾ ਯਤਨ ਕੀਤਾ ਹੈ ਤਾਂ ਕੇਵਲ ਅਸਫਲਤਾ ਦਾ ਹੀ ਮੂੰਹ ਵੇਖਣਾ ਪਿਆ। ਕੁਝ ਹੀ ਦਿਨਾਂ ਮਗਰੋਂ ਉਹ ਮੈਥੋਂ ਵੱਖ ਹੋਣ ਲੱਗਦੇ ਹਨ। ਇਸ ਨਾਲ ਮੈਨੂੰ ਖੁਸ਼ੀ ਵੀ ਹੁੰਦੀ ਹੈ। ਅਜਿਹਾ ਕਰਨ ਦਾ ਹੱਕ ਜਿੰਨਾ ਮੇਰਾ ਹੈ ਉੱਨਾ ਹੀ ਉਨ੍ਹਾਂ ਦਾ ਹੈ । ਇਸ ਤਰ੍ਹਾਂ ਹੋਣ ਨਾਲ ਮੈਂ ਵਾਰ ਵਾਰ 'ਕੱਲਾ ਹੀ ਰਹਿ ਜਾਂਦਾ ਹਾਂ । ਜੇ ਇਹੋ ਹੀ ਮੇਰੀ ਕਿਸਮਤ ਹੈ ਤਾਂ ਲੀਡਰੀ ਤੋਂ ਛੁੱਟੀ ਲੈਣ ਤੋਂ ਸਿਵਾ ਹੋਰ ਕੋਈ ਚਾਰਾ ਹੀ ਨਹੀਂ ਹੈ । ਇਸ ਨੁਕਸਾਨ ਨੂੰ ਸਹਿਣ ਦੀ ਆਦਤ ਪਾਉਣੀ ਪਈ ਹੈ । ਇਸ ਦਾ ਥੋੜ੍ਹਾ ਜਿੰਨਾ ਲਾਭ ਵੀ ਹੋਇਆ ਹੈ । ਜਦੋਂ ਮੈਨੂੰ ਇਹ ਸ਼ੱਕ ਹੋਣ ਲੱਗਦਾ ਹੈ ਕਿ ਮੇਰੀ ਗੱਲ ਮੰਨੀ ਜਾਣ ਲੱਗ ਪਈ ਹੈ ਤਾਂ ਉਸ ਤੇ ਪ੍ਰਸ਼ਨ-ਚਿੰਨ੍ਹ ਲਗਾਉਣਾ ਜ਼ਰੂਰੀ ਹੋ ਜਾਂਦਾ ਹੈ । ਮੈਂ ਆਪਣੇ ਆਪ ਨੂੰ ਖ਼ਰੀਆਂ ਖ਼ਰੀਆਂ ਸੁਣਾਉਣ ਲੱਗ ਪੈਂਦਾ ਹਾਂ, ਆਪਣੀ ਗੱਲ ਨੂੰ ਫਿਰ ਤੋਲਣ ਲੱਗ ਪੈਂਦਾ ਹਾਂ । ਇਸ ਦਾ ਸਿੱਟਾ ਇਹ ਹੋਇਆ ਹੈ ਕਿ ਮੈਨੂੰ ਆਪਣੀਆਂ ਪੁਰਾਣੀਆਂ ਧਾਰਨਾਵਾਂ ਦਾ ਖੰਡਨ ਕਰਨਾ ਪਿਆ ਹੈ । ਇਸ ਦਾ ਮੈਨੂੰ ਅਫ਼ਸੋਸ ਵੀ ਨਹੀਂ ਹੈ । ਆਇਆ ਰਾਮ ਗਿਆ ਰਾਮ ਦੇ ਯੁੱਗ ਵਿਚ ਜੇ ਆਗੂ ਨੂੰ ਆਪਣਾ ਦਲ ਬਦਲਣ ਦਾ ਅਧਿਕਾਰ ਹੈ ਤਾਂ ਕੀ ਮੈਨੂੰ ਆਪਣਾ ਵਿਚਾਰ ਬਦਲਣ ਦਾ ਅਧਿਕਾਰ ਨਹੀਂ ਹੈ ? ਹਰ ਵਾਕਿਫ ਬੰਦੇ ਜਾਂ ਨਾਵਾਕਿਫ਼ ਲੇਖਕ ਦੇ ਬਾਰੇ ਵਿਚ ਸੋਚਣ ਨਾਲ ਉਸ ਦੇ ਨਵੇਂ ਪੱਖ ਦਾ ਹੀ ਪਤਾ ਲੱਗਦਾ ਹੈ । ਇਹ ਨਵਾਂਪਨ ਹੀ ਜੀਵਨ ਦੀਆਂ ਮਨਹੂਸ ਘੜੀਆਂ ਨੂੰ ਘੱਟ ਕਰਦਾ ਹੈ। ਇਸ ਤਰ੍ਹਾਂ ਬਿਲਕੁਲ ਪੱਧਰੀ ਗੱਲ ਕਰਨ ਦਾ ਸਭ ਤੋਂ ਵੱਡਾ ਨੁਕਸਾਨ ਜਿਹੜਾ ਮੈਨੂੰ ਹੋਇਆ ਹੈ ਉਹ ਇਹ ਹੈ ਕਿ ਲੇਖਕ ਆਪਣੀਆਂ ਕਿਰਤਾਂ ਬਾਰੇ ਮੇਰੀ ਰਾਏ ਜਾਣਨਾ ਚਾਹੁੰਦੇ ਹਨ । ਜੇ ਸਹੀ ਰਾਏ ਦਿੰਦਾ ਹਾਂ ਤਾਂ ਉਹ ਅੱਖਰਦੀ ਹੈ ਜੇ ਨਹੀਂ ਦਿੰਦਾ ਤਾਂ ਘਮੰਡੀ ਦਾ ਦੋਸ਼ ਮੇਰੇ ਤੇ ਲਾਇਆ ਜਾਂਦਾ ਹੈ । ਇਹ ਦੁਚਿੱਤੀ ਦੀ ਹਾਲਤ ਮੈਨੂੰ ਪਰੇਸ਼ਾਨ ਕਰਦੀ ਹੈ । ਇਸ ਤਰ੍ਹਾਂ ਵਿਰੋਧੀਆਂ ਦਾ ਧੜਾ ਜ਼ੋਰ ਫੜਦਾ ਜਾ ਰਿਹਾ ਹੈ । ਮੇਰੀ ਨਿੱਕੀ ਜਿਹੀ ਜਾਨ ਇਨ੍ਹਾਂ ਤੋਂ

ਡਰਨ ਲੱਗ ਪਈ ਹੈ। ਬਹੁਮਤ ਤੋਂ ਡਰਨਾ ਕੁਦਰਤੀ ਗੱਲ ਹੈ, ਖਰੀਆਂ ਖਰੀਆਂ ਸੁਣਾਉਣ ਤੋਂ ਬਚਣਾ ਸੌਖਾ ਵੀ ਹੈ । ਜੇ ਸਾਰਾ ਕੁਝ ਹੀ ਮਿਲਾਵਟ ਨਾਲ ਘਿਰਿਆ ਹੋਇਆ ਹੋਵੇ ਤਾਂ ਸਾਫ਼-ਸਾਫ਼ ਕਹਿਣਾ ਖ਼ਤਰੇ ਤੋਂ ਖਾਲੀ ਨਹੀਂ ਤੇ ਹਰ ਵਾਰ ਖਤਰਾ ਮੁੱਲ ਲੈਣਾ ਸ਼ੋਭਾ ਵੀ ਨਹੀਂ ਦਿੰਦਾ। ਮੈਂ ਕਿਹੜਾ ਸੁਧਾਰ ਦਾ ਠੇਕਾ ਲਿਆ ਹੋਇਆ ਹੈ । ਮੈਂ ਤਾਂ ਹਰ ਛੋਟੇ-ਵੱਡੇ ਅੰਤ ਲਈ ਆਪਣੇ ਆਪ ਨੂੰ ਤਿਆਰ ਕਰਨਾ ਹੈ, ਪਰ ਕਦੇ ਕਦੇ ਪੁਰਾਣੀ ਆਦਤ ਤੋਂ ਮਜਬੂਰ ਹੋ ਕੇ ਖਰੀਆਂ ਖਰੀਆਂ ਸੁਣਾਉਣ ਨੂੰ ਜੀਅ ਚਾਹੁੰਦਾ ਹੈ ਅਤੇ ਇਹ ਇਸੇ ਦਾ ਹੀ ਸਿੱਟਾ ਹੈ ।

********

# ਹਮਦਰਦੀ ਵਿਖਾਉਣ ਤੇ

ਹਮਦਰਦੀ ਹਾਸਲ ਕਰਨਾ ਤਾਂ ਸਾਰੇ ਜਾਣਦੇ ਹਨ ਪਰ ਹਮਦਰਦੀ ਵਿਖਾਉਣਾ ਬਹੁਤ ਘੱਟ । ਮੈਂ ਹਮਦਰਦੀ ਵਿਖਾਉਣ ਤੋਂ ਇਸ ਲਈ ਕਤਰਾਉਂਦਾ ਹਾਂ ਕਿ ਅਜਿਹਾ ਕਰਨ ਨਾਲ ਮਨ ਨੂੰ ਸੰਤੋਖ ਅਤੇ ਅਹੰ ਨੂੰ ਵਿਸਥਾਰ ਮਿਲਦਾ ਹੈ । ਕਦੇ ਕਦੇ ਹਮਦਰਦੀ ਵਿਖਾ ਕੇ ਮੈਨੂੰ ਪਛਤਾਵਾ ਲੱਗਿਆ ਹੈ, ਨੁਕਸਾਨ ਵੀ ਹੋਇਆ ਹੈ। ਅਜਿਹੀ ਹਾਲਤ ਵਿਚ ਮੈਂ ਵੀ ਫ਼ੈਸਲਾ ਕੀਤਾ ਹੈ ਕਿ ਹੁਣ ਹਮਦਰਦੀ ਵਿਖਾਉਣ ਦੀ ਗ਼ਲਤੀ ਨਹੀਂ ਕਰਾਂਗਾ ਪਰ ਪੱਕੇ ਫ਼ੈਸਲੇ ਦਾ ਬੰਨ੍ਹ ਸਦਾ ਟੁੱਟਿਆ ਹੀ ਹੈ। ਜਦੋਂ ਕਿਤੇ ਕਿਸੇ ਨੂੰ ਮਹਾਂ-ਸੰਕਟ ਵਿਚ ਵੇਖਦਾ ਹਾਂ, ਉਸ ਦੀ ਸਹਾਇਤਾ ਲਈ ਤਿਆਰ ਹੋ ਜਾਂਦਾ ਹਾਂ । 'ਕੱਲਾ ਹੋਣ ਦੇ ਕਾਰਣ ਮੇਰੇ ਦੋਸਤਾਂ ਦਾ ਵਹਿਮ ਅਜੇ ਤੱਕ ਬਣਿਆ ਹੋਇਆ ਹੈ ਕਿ ਮੈਂ ਲਛਮੀ ਨਾਲ ਬੜਾ ਡੂੰਘਾ ਰਿਸ਼ਤਾ ਜੋੜਿਆ ਹੋਇਆ ਹੈ। ਇਕ ਵਾਰ ਇਕ ਦੋਸਤ ਨੇ ਰਾਤ ਨੂੰ ਦਰਵਾਜ਼ਾ ਖੜਕਾਇਆ । ਉਸ ਦੇ ਅੰਦਰ ਆਉਣ ਤੇ ਉਸ ਦੇ ਚਿਹਰੇ ਤੇ ਘਾਟ ਦੀਆਂ ਲਕੀਰਾਂ ਨੂੰ ਮੈਂ ਇਕਦਮ ਪਛਾਣ ਲਿਆ । ਮੈਨੂੰ ਇਹ ਕੌੜਾ ਤਜਰਬਾ ਹੈ ਕਿ ਅੱਜ ਦੇ ਯੁੱਗ ਵਿਚ ਕਿਸੇ ਨੂੰ ਦਿਤਾ ਉਧਾਰ ਗੰਗਾ ਵਿਚ ਪਈਆਂ ਹੱਡੀਆਂ ਵਾਂਗ ਕਦੇ ਮੁੜ ਕੇ ਨਹੀਂ ਆਇਆ । ਅੱਜਕੱਲ੍ਹ ਤਕਰੀਬਨ ਸਾਰੇ ਹੀ ਚਾਰ ਵਾਕ ਮਤ ਦੇ ਪੈਰੋਕਾਰ ਬਣ ਗਏ ਹਨ ਜੋ ਉਧਾਰ ਲੈ ਕੇ ਵੀ ਘਿਓ ਪੀਂਦੇ ਹਨ । ਮੇਰੇ ਦੋਸਤ ਨੇ ਕੇਵਲ ਚਾਰ ਸੌ ਮੰਗਣ ਦਾ ਹੌਸਲਾ ਕੀਤਾ ਅਤੇ ਬਿਨਾਂ ਪੁਛੇ ਚਾਰ ਮਹੀਨਿਆਂ ਵਿਚ ਵਾਪਸ ਕਰਨ ਦਾ ਵੀ ਵਾਅਦਾ ਕੀਤਾ । ਅੱਜ ਪੂਰੇ ਚਾਰ ਸਾਲ ਬੀਤ ਚੁੱਕੇ ਹਨ ਤੇ ਉਹ ਸ਼ਹਿਰ ਛੱਡ ਕੇ ਹੀ ਚਲਾ ਗਿਆ ਹੈ । ਮੈਨੂੰ ਡਿਕਨਸ਼ ਦੇ ਉਸ ਪਾਤਰ ਦੀ ਵੀ ਯਾਦ ਆਉਂਦੀ ਹੈ ਜਿਹੜਾ ਹਰ ਘਰ 'ਚੋਂ ਉਧਾਰ ਲੈ ਕੇ ਆਖਿਰ ਸ਼ਹਿਰ ਛੱਡਣ ਤੇ ਮਜਬੂਰ ਹੋ ਗਿਆ ਸੀ । ਇਸ ਤਰ੍ਹਾਂ ਹਮਦਰਦੀ ਵਿਖਾ ਕੇ ਕਾਫ਼ੀ ਭਾਰੀ ਰਕਮ ਤੋਂ ਹੱਥ ਧੋਣੇ ਪਏ ਹਨ ਅਤੇ ਆਪਣੇ ਦੋਸਤਾਂ ਤੋਂ ਵੀ ਮਹਿਰੂਮ ਰਹਿਣਾ ਪਿਆ ਹੈ; ਮਾਇਆ ਵੀ ਗਈ ਤੇ ਰਾਮ ਵੀ ।

ਇਕ ਹੋਰ ਜਾਤ ਨਾਲ ਹਮਦਰਦੀ ਵਿਖਾਉਣੀ ਪੱਲੇ ਪਈ ਹੈ । ਇਸ ਜਾਤ ਦਾ ਨਾਂ ਜੇ ਕਿਸੇ ਸਰਕਾਰੀ ਸੂਚੀ ਵਿਚ ਨਾ ਮਿਲੇ ਤਾਂ ਸਾਹਿਤ ਦੀ ਸੂਚੀ ਵਿਚ ਜ਼ਰੂਰ ਮਿਲ ਜਾਵੇਗਾ । ਇਸ ਨੂੰ ਬੋਰ ਨਾਂ ਦੀ ਜ਼ਾਤ ਜਾਂ ਬੋਰ ਕਰਨ ਵਾਲਿਆਂ ਦੀ ਜ਼ਾਤ ਕਿਹਾ ਜਾਂਦਾ ਹੈ । ਇਸ ਦਾ ਵਿਕਾਸ ਬੜੀ ਤੇਜ਼ੀ ਨਾਲ ਹੋ ਰਿਹਾ ਹੈ, ਖਾਸ ਕਰਕੇ ਸ਼ਹਿਰਾਂ ਵਿਚ । ਇਸ ਜ਼ਾਤ ਦੇ ਲੋਕ ਮੌਤ ਜਾਂ ਗਾਹਕ ਵਾਂਗ ਕਿਸੇ ਵੀ ਵੇਲੇ ਆ ਟਪਕਦੇ ਹਨ । ਤੁਸੀਂ ਸੌਂ ਰਹੇ ਹੋਵੋ ਜਾਂ ਰੋਟੀ ਖਾ ਰਹੇ ਹੋਵੋ, ਇਸ਼ਨਾਨ ਕਰ ਰਹੇ ਹੋਵੇ ਜਾਂ ਕੱਪੜੇ ਬਦਲ ਰਹੇ ਹੋਵੋ, ਪੜ੍ਹ ਰਹੇ ਹੋਵੋ ਜਾਂ ਲਿਖ ਰਹੇ

ਹੋਵੋ, ਕਿਸੇ ਨਾਲ ਗੱਲ ਕਰ ਰਹੇ ਹੋਵੋ ਜਾਂ ਆਪਣੀ ਹੀ ਸੋਚ ਵਿਚ ਡੁੱਬੇ ਹੋਏ ਹੋਵੋ, ਕਿਸੇ ਨੂੰ ਚੇਤੇ ਕਰ ਰਹੇ ਹੋਵੋ ਜਾਂ ਭੁਲਾ ਰਹੇ ਹੋਵੋ, ਬੋਰ ਤੁਹਾਥੋਂ ਹਮਦਰਦੀ ਹਾਸਲ ਕਰਨ ਲਈ ਸਹਿਜੇ ਹੀ ਪਹੁੰਚ ਜਾਂਦੇ ਹਨ । ਹੁਣ ਦੁਬਾਰਾ ਚਾਹ ਬਣਾਉਣ ਤੋਂ ਸਿਵਾ ਚਾਰਾ ਹੀ ਕਿਹੜਾ ਰਹਿ ਜਾਂਦਾ ਹੈ । ਉਸ ਲਈ ਚਾਹ ਦਾ ਨਵਾਂ ਸੈੱਟ ਕੱਢਣਾ ਬੜਾ ਜ਼ਰੂਰੀ ਹੈ, ਕਿਸੇ ਤੋਂ ਚੀਨੀ ਮੰਗ ਕੇ ਲਿਆਉਣੀ ਬੜੀ ਜ਼ਰੂਰੀ ਹੈ । ਇਹ ਗੱਲ ਕਰਨਾ ਜਾਣਦਾ ਹੈ, ਸੁਣਨਾ ਨਹੀਂ, ਉਹ ਆਪਣੀ ਹੀ ਸੋਚ ਦਾ ਹੈ ਦੂਜੇ ਦੀ ਨਹੀਂ । ਕਈ ਵਾਰ ਮਨ ਵਿਚ ਆਇਆ ਹੈ ਕਿ ਹੁਣ ਤੱਕ ਬੋਰਾਂ ਨੂੰ ਹਮਦਰਦੀ ਵਿਖਾ ਕੇ ਜ਼ਿੰਦਗੀ ਬਰਬਾਦ ਕੀਤੀ ਹੈ ਅੱਗੇ ਨੂੰ ਅਜਿਹਾ ਨਹੀਂ ਕਰਨਾ; ਪਰ ਸੰਜਮ ਦਾ ਬੰਧ ਟੁੱਟ ਜਾਂਦਾ ਹੈ । ਕਦੇ ਕਦੇ ਇਹ ਸੋਚਣ ਲੱਗ ਜਾਂਦਾ ਹਾਂ ਕਿ ਮਰਨ ਲਈ ਹੀ ਅਸੀਂ ਸਾਰੇ ਜਿਊਂਦੇ ਹਾਂ । ਇਸ ਲਈ ਪਛਤਾਵਾ ਕਿਉਂ । ਚਿੜ ਕਿਉਂ ? ਹਮਦਰਦੀ ਹਾਸਲ ਕਰਕੇ ਬੋਰ ਆਪਣੀਆਂ ਗੱਲਾਂ ਵਿਚ ਬੁਰੀ ਤਰ੍ਹਾਂ ਉਲਝਾ ਲੈਂਦਾ ਹੈ । ਉਨ੍ਹਾਂ ਵਿੱਚੋਂ ਕੁਝ ਸੁਣੀਆਂ ਜਾਂਦੀਆਂ ਹਨ ਕੁਝ ਨਹੀਂ ਵੀ । ਉਸ ਦੀ ਹਾਂ ਵਿਚ ਹਾਂ ਰਲਾਉਣਾ ਇਸ ਲਈ ਵੀ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਤੋਂ ਬਿਨਾਂ ਹਮਦਰਦੀ ਕਿਵੇਂ ਵਿਖਾਈ ਜਾਵੇ ।

ਜੇ ਬੋਰ ਜ਼ਾਤ ਨੂੰ ਹਮਦਰਦੀ ਤੋਂ ਵਾਂਜਿਆ ਨਹੀਂ ਕੀਤਾ ਜਾ ਸਕਦਾ ਤਾਂ ਔਰਤ ਜ਼ਾਤ ਨੂੰ ਕਿਵੇਂ ਇਸ ਤੋਂ ਵੰਚਿਤ ਕੀਤਾ ਜਾ ਸਕਦਾ ਹੈ ਜਿਹੜੀ ਸੁਭਾਅ ਤੋਂ ਹੀ ਕੋਮਲ ਅਤੇ ਦਿਆਲੂ ਹੈ । ਇਸ ਜ਼ਾਤ ਦਾ ਇਹ ਜਨਮ ਤੋਂ ਅਧਿਕਾਰ ਰਿਹਾ ਹੈ । ਇਹ ਕੇਵਲ ਹਮਦਰਦੀ ਹੀ ਹਾਸਲ ਕਰਨਾ ਨਹੀਂ ਚਾਹੁੰਦੀ ਸਗੋਂ ਆਪਣੇ ਆਪ ਨੂੰ ਮਹਿਸੂਸ ਕਰਾਉਣਾ ਮੰਗਦੀ ਹੈ । ਇਕ ਵਾਰ ਜੇ ਇਸ ਨੂੰ ਹਮਦਰਦੀ ਹਾਸਲ ਕਰਨ ਦੀ ਆਦਤ ਪੈ ਜਾਵੇ ਤਾਂ ਇਸ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ । ਮੇਰੇ ਲਈ ਹਮਦਰਦੀ ਵਿਖਾਉਣਾ ਤੇ ਔਰਤ ਜ਼ਾਤ ਲਈ ਇਸ ਨੂੰ ਹਾਸਲ ਕਰਨਾ ਆਦਤ ਬਣ ਜਾਂਦੀ ਹੈ । "ਅਵਲੋਂ ਨਸਾਨੀ ਅਬ ਨ ਨਸੈਹੋਂ" ਵਾਲੀ ਗੱਲ ਫਿੱਕੀ ਪੈ ਜਾਂਦੀ ਹੈ । ਇਸ ਬੰਧਨ ਤੋਂ ਛੁਟਕਾਰਾ ਪਾਉਣ ਦਾ ਜਿੰਨਾ ਯਤਨ ਕਰਦਾ ਹਾਂ, ਉੱਨਾ ਹੀ ਇਸ ਵਿਚ ਜਕੜਿਆ ਜਾਂਦਾ ਹਾਂ । ਇਸ ਨਾਲ ਜਿਹੜਾ ਨੁਕਸਾਨ ਹੁੰਦਾ ਹੈ, ਉਸ ਨੂੰ ਲਾਭ ਸਮਝਣਾ ਪੈਂਦਾ ਹੈ । ਜੇਬ ਤਾਂ ਖ਼ਾਲੀ ਹੁੰਦੀ ਹੀ ਹੈ, ਜ਼ਿੰਦਗੀ ਵੀ ਖ਼ਾਲੀ ਹੋਣ ਲੱਗ ਪੈਂਦੀ ਹੈ । ਸਾਰੀ ਸਾਧਨਾ ਧਰੀ ਧਰਾਈ ਰਹਿ ਜਾਂਦੀ ਹੈ । ਨਾਰੀ ਦੇ ਕੰਮ ਇੰਨੇ ਵੱਧ ਜਾਂਦੇ ਹਨ ਕਿ ਆਪਣੇ ਛੁੱਟ ਜਾਂਦੇ ਹਨ । ਜੇ ਉਸ ਨੂੰ ਗਹਿਣਿਆਂ ਦਾ ਸ਼ੌਕ ਹੈ ਤਾਂ ਗਹਿਣੇ ਘੜਾਅ ਕੇ ਹੀ ਹਮਦਰਦੀ ਜ਼ਾਹਰ ਕੀਤੀ ਜਾ ਸਕਦੀ ਹੈ । ਜੇ ਉਸ ਨੂੰ ਕੱਪੜਿਆਂ ਦਾ ਸ਼ੌਕ ਹੈ ਤਾਂ ਇਨ੍ਹਾਂ ਨੂੰ ਲਿਆਉਣ - ਵਿਚ ਹੀ ਰੁੱਝੇ ਰਹਿਣਾ ਪੈਂਦਾ ਹੈ । ਜੇ ਉਸ ਨੂੰ ਸੈਰ ਦਾ ਸ਼ੌਕ ਹੈ ਤਾਂ ਉਹ 'ਕੱਲੀ ਕਿਵੇਂ ਜਾ ਸਕਦੀ ਹੈ । ਹਾਂ ਉਸ ਲਈ ਕਿਤਾਬਾਂ ਨਹੀਂ ਲਿਆਉਣੀਆਂ ਪੈਂਦੀਆਂ ਪਰ ਕਿਤਾਬਾਂ

ਲਈ ਪੈਸਾ ਹੀ ਨਹੀਂ ਬਚਦਾ ਅਤੇ ਮੇਰੇ ਲਈ ਨਾਰੀ ਸਿਰਫ਼ ਨਾਰੀ ਹੈ ਪਤਨੀ ਨਹੀਂ । ਇਸ ਲਈ ਹਮਦਰਦੀ ਦੇ ਬੂਹੇ ਇਕਦਮ ਖੁੱਲ੍ਹ ਜਾਂਦੇ ਹਨ।

ਇਕ ਹੋਰ ਜ਼ਾਤ ਨੂੰ ਹਮਦਰਦੀ ਵਿਖਾ ਕੇ ਮੈਨੂੰ ਭਾਰੀ ਨੁਕਸਾਨ ਸਹਿਣਾ ਪਿਆ ਹੈ । ਇਹ ਜ਼ਾਤ ਪਰੀਖਿਆ ਵਿਚ ਬੈਠਣ ਵਾਲੇ ਸਟੂਡੈਂਟਸ ਦੀ ਹੈ ਜਿਹੜੇ ਆਪਣੇ ਨੰਬਰ ਵਧਵਾਉਣ ਲਈ ਆ ਟਪਕਦੀ ਹੈ । ਇਸ ਬਾਰੇ ਇਕ ਪੁਰਾਣੀ ਘਟਨਾ ਚੇਤੇ ਆ ਰਹੀ ਹੈ । ਇਕ ਵਾਰ ਇਕ ਲੜਕੀ ਨੇ ਮੈਨੂੰ ਇੱਥੋਂ ਤੱਕ ਧਮਕੀ ਦਿੱਤੀ ਸੀ ਕਿ ਜੇ ਮੈਂ ਉਸ ਨੂੰ ਪਾਸ ਨਹੀਂ ਕਰਦਾ ਤਾਂ ਉਹ ਦਰਿਆ ਵਿਚ ਛਾਲ ਮਾਰ ਦੇਵੇਗੀ । ਮੈਂ ਇੰਨਾ ਡਰ ਗਿਆ ਕਿ ਝੱਟ ਹਮਦਰਦੀ ਵਿਖਾਉਣ ਦਾ ਵਾਅਦਾ ਕਰ ਦਿਤਾ। ਉਹ ਬਿਨਾਂ ਹੀ ਮਦਦ ਤੋਂ ਪਾਸ ਸੀ, ਪਰ ਇਕ ਮਹੀਨੇ ਬਾਅਦ ਮੇਰੀ ਪੁੱਛ-ਗਿੱਛ ਸ਼ੁਰੂ ਹੋ ਗਈ । ਉਸ ਕੁੜੀ ਨੇ ਆਪਣੀਆਂ ਸਹੇਲੀਆਂ ਨੂੰ ਸ਼ੇਖੀ ਵਿਚ ਆ ਕੇ ਇਹ ਕਹਿ ਦਿੱਤਾ ਕਿ ਉਹ ਮੇਰੀ ਹਮਦਰਦੀ ਕਰਕੇ ਪਾਸ ਹੋਈ ਹੈ । ਉਸੇ ਦੀ ਸਹੇਲੀ ਨੇ ਮੇਰੀ ਸ਼ਿਕਾਇਤ ਗੁਮਨਾਮ ਲਿਖ ਕੇ ਭੇਜ ਦਿਤੀ ਸੀ । ਉਦੋਂ ਤੋਂ ਕੰਨਾਂ ਨੂੰ ਹੱਥ ਲਾਇਆ ਅਤੇ ਫੈਸਲਾ ਕੀਤਾ ਕਿ ਇਨ੍ਹਾਂ ਨਾਲ ਹਮਦਰਦੀ ਨਹੀਂ ਕਰਨੀ । ਹੁਣ ਵੀ ਕਦੇ ਕਦਾਈ ਸਟੂਡੈਂਟਸ ਆ ਟਪਕਦੇ ਹਨ ਅਤੇ ਇਹੋ ਦਲੀਲ ਦਿੰਦੇ ਹਨ ਕਿ ਬਾਕੀ ਦੇ ਸਾਰੇ ਪਰੀਖਕ ਹਮਦਰਦੀ ਵਿਖਾਉਂਦੇ ਹਨ, ਮੈਂ ਕਿਉਂ ਸਖ਼ਤ ਹੋ ਗਿਆ ਹਾਂ । ਮੈਂ ਇਕ ਹੀ ਉੱਤਰ ਦਿੰਦਾ ਹਾਂ ਕਿ ਇਸ ਤਰ੍ਹਾਂ ਦੀ ਹਮਦਰਦੀ ਵਿਖਾਉਣ ਨਾਲ ਮੇਰੀ ਨੌਕਰੀ ਦੇ ਛੁਟਣ ਦਾ ਡਰ ਹੈ ਮੈਂ ਡਰਪੋਕ ਆਦਮੀ ਹਾਂ । ਉਹ ਮੇਰੀ ਗੱਲ ਮੰਨਦੇ ਤਾਂ ਨਹੀ, ਪਰ ਨਿਰਾਸ਼ ਹੋ ਕੇ ਚਲੇ ਜ਼ਰੂਰ ਜਾਂਦੇ ਹਨ।

ਇਕ ਆਲੋਚਕ ਦੇ ਤੌਰ ਤੇ ਸਾਹਿਤਕਾਰਾਂ ਨਾਲ ਵੀ ਹਮਦਰਦੀ ਜ਼ਾਹਰ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ । ਇਨ੍ਹਾਂ ਨੂੰ ਸਹਿ-ਅਨੁਭਵ ਤਾਂ ਹੋ ਸਕਦਾ ਹੈ, ਪਰ ਹਮਦਰਦੀ ਨਹੀਂ । ਇਸ ਦਾ ਕਾਰਣ ਇਹ ਹੈ ਕਿ ਹਮਦਰਦੀ ਦਾ ਮਤਲਬ ਇਨ੍ਹਾਂ ਦੀਆਂ ਕਿਰਤਾਂ ਨੂੰ ਚੁੱਕਣਾ ਸਮਝਿਆ ਜਾ ਸਕਦਾ ਹੈ । ਆਪਣੀਆਂ ਰਚਨਾਵਾਂ ਨਾਲ ਇਨ੍ਹਾਂ ਦਾ ਮੋਹ ਮਾਂ ਵਰਗਾ ਹੁੰਦਾ ਹੈ। ਜਿਹੜੀ ਆਪਣੀ ਬਦ-ਸੂਰਤ ਸੰਤਾਨ ਨੂੰ ਖੂਬਸੂਰਤ ਕਹਿੰਦੀ ਹੈ । ਕਾਣੀ ਨੂੰ ਰਾਣੀ ਸੱਦਦੀ ਹੈ। ਜੇ ਗੁਆਂਢੀ ਉਸ ਦੀ ਸੰਤਾਨ ਤੇ ਕੋਈ ਇਲਜ਼ਾਮ ਲਾਵੇ ਤਾਂ ਉਹ ਉਸ ਨਾਲ ਲੜਾਈ ਮੁੱਲ ਲੈਣ ਲਈ ਤਿਆਰ ਹੋ ਜਾਂਦੀ ਹੈ । ਸਾਹਿਤਕਾਰਾਂ ਦੀ ਇਹ ਧਾਰਨਾ ਹੈ ਕਿ ਉਨ੍ਹਾਂ ਦੇ ਕਾਤਲ ਆਲੋਚਕ ਹੁੰਦੇ ਹਨ, ਉਨ੍ਹਾਂ ਦੀਆਂ ਕਿਰਤਾਂ ਨਹੀਂ । ਆਲੋਚਕ ਇਨ੍ਹਾਂ ਦੀਆਂ ਕਿਰਤਾਂ ਦੇ ਦੋਸ਼ ਦੱਸਦਾ ਹੈ, ਤਾਂ ਦੋਸ਼ ਉਸੇ ਦਾ ਹੀ ਹੈ । ਇਨ੍ਹਾਂ ਦੀਆਂ ਲਿਖਤਾਂ ਦਾ ਮੁੱਖ-ਬੰਦ ਲਿਖਣ ਦੇ ਮੈਨੂੰ ਬਹੁਤ ਘੱਟ ਮੌਕੇ ਮਿਲੇ ਹਨ। ਇਹ ਇਸ ਲਈ ਕਿ ਮੇਰਾ ਨਾਂ ਅਜੇ ਵਿਕਦਾ ਨਹੀਂ । ਪਰ ਜਦੋਂ ਕਦੇ ਮੈਨੂੰ ਮੁਖ-ਬੰਦ ਲਿਖਣਾ ਪਿਆ ਹੈ ਤਾਂ ਗੱਲ ਗੋਲਮੋਲ ਇਸ ਲਈ ਕਰ ਜਾਂਦਾ ਹਾਂ ਕਿ ਹਮਦਰਦੀ ਵੀ ਵਿਖਾ ਸਕਾਂ ਤੇ ਨਿਰਪੱਖ ਵੀ ਰਹਿ ਸਕਾਂ। ਇਸ ਦਾ ਇਕ ਵਾਰ ਨੁਕਸਾਨ ਵੀ

ਹੋਇਆ ਹੈ। ਇਕ ਲੇਖਕ ਜੀ ਆਪਣੀ ਮੋਟੀ ਸਾਰੀ ਪੁਸਤਕ ਸਬੰਧੀ ਮੇਰੀ ਰਾਏ ਲੈਣ ਲਈ ਸਰਦੀਆਂ ਦੇ ਮੌਸਮ ਵਿਚ ਰਾਤ ਦੇ ਨੌ ਵਜੇ ਆ ਟਪਕੇ ਅਤੇ ਵਰਾਂਡੇ ਵਿਚ ਮੇਰੀ ਉਡੀਕ ਕਰਨ ਲੱਗੇ । ਮੈਂ ਜਦੋਂ ਦਸ ਵਜੇ ਵਾਪਸ ਆਇਆ ਤਾਂ ਉਨ੍ਹਾਂ ਨੂੰ ਇਸ ਹਾਲਤ ਵਿਚ ਵੇਖ ਕੇ ਮੈਨੂੰ ਤਰਸ ਆ ਗਿਆ। ਉਹ ਆਪ ਹੀ ਮੇਰੇ ਵਲੋਂ ਰਾਏ ਲਿਖ ਕੇ ਲਿਆਏ ਸਨ। ਤਾਂ ਜੋ ਮੈਨੂੰ ਤਕਲੀਫ਼ ਨਾ ਕਰਨੀ ਪਵੇ । ਉਨ੍ਹਾਂ ਉਸੇ ਰਾਤ ਉਸ ਨੂੰ ਛਪਵਾਉਣਾ ਵੀ ਸੀ। ਮੈਂ ਥੋੜ੍ਹਾ ਝਿਜਕਿਆ ਅਤੇ ਪੁਸਤਕ ਵੇਖਣ ਤੋਂ ਬਾਅਦ ਰਾਏ ਦੇਣ ਤੇ ਜ਼ੋਰ ਦਿਤਾ । ਪਰ ਉਹ ਕਦੋਂ ਮੰਨਣ ਵਾਲੇ ਸਨ । ਕਹਿਣ ਲੱਗੇ ਅੱਜਕਲ੍ਹ ਪੁਸਤਕ ਪੜ੍ਹ ਕੇ ਕੌਣ ਰਾਏ ਦਿੰਦਾ ਹੈ । ਮੈਂ ਉਨ੍ਹਾਂ ਨਾਲ ਸਹਿਮਤ ਹੋ ਗਿਆ। ਮੇਰੇ ਦਿਲ ਵਿਚ ਹਮਦਰਦੀ ਵੀ ਠਾਠਾਂ ਮਾਰ ਰਹੀ ਸੀ । ਮੈਨੂੰ ਇਕ ਗੱਲ ਪਤੇ ਦੀ ਸੁੱਝੀ । ਝੱਟ ਲਿਖੀ ਹੋਈ ਰਾਏ ਦੇ ਅੱਗੇ ਇਹ ਜੋੜ ਦਿਤਾ-'ਲੇਖਕ ਦੇ ਮਤਾਨੁਸਾਰ" ਅਤੇ ਹੇਠਾਂ ਆਪਣੇ ਦਸਤਖ਼ਤ ਕਰ ਦਿਤੇ । ਅਗਲੇ ਦਿਨ ਵੇਖਿਆ "ਲੇਖਕ ਦੇ ਮਤਾਨੁਸਾਰ" ਹੈ ਹੀ ਨਹੀਂ ਤੇ ਰਾਏ ਮੇਰੇ ਨਾਂ ਨਾਲ ਜੁੜੀ ਪਈ ਹੈ । ਹਮਦਰਦੀ ਵਿਖਾਉਣ ਦਾ ਨਤੀਜਾ ਹੁਣ ਤੱਕ ਭੁਗਤ ਰਿਹਾ ਹਾਂ । ਮੇਰੇ ਦਸਤਖ਼ਤ ਮੇਰੀ ਹੀ ਲਿਪੀ ਵਿਚ ਛਪੇ ਹੋਏ ਹਨ। ਇਨਕਾਰ ਵੀ ਕਿਵੇਂ ਕਰ ਸਕਦਾ ਹਾਂ, ਉਦੋਂ ਤੋਂ ਸਾਹਿਤਕਾਰਾਂ ਨਾਲ ਵੀ ਹਮਦਰਦੀ ਵਿਖਾਉਣ ਤੋਂ ਪਰਹੇਜ਼ ਕਰਦਾ ਹਾਂ । ਇਹ ਵੀ ਜਾਣਦਾ ਹਾਂ ਕਿ ਇਨ੍ਹਾਂ ਪਰਹੇਜਾਂ ਨਾਲ ਆਪਣੀ ਮਾਨਵਤਾ ਗਵਾ ਬੈਠਾ ਹਾਂ । ਹੁਣ ਇਸ ਤਰ੍ਹਾਂ ਦੀ ਆਲੋਚਨਾ ਕੇਵਲ ਰੇਡੀਓ ਤੋਂ ਕਰਦਾ ਹਾਂ ਜਿਹੜੀ ਸੁਣਨ ਤੋਂ ਬਾਅਦ ਹਵਾ ਵਿਚ ਉਡ ਜਾਂਦੀ ਹੈ ਅਤੇ ਉਸ ਦਾ ਸਬੂਤ ਹੀ ਨਹੀਂ ਰਹਿੰਦਾ ।

********

# ਬੀਮਾਰ ਪੈਣ ਤੇ

ਮੈਂ ਸੱਚਮੁੱਚ ਮਰਨ ਤੋਂ ਇੰਨਾ ਨਹੀਂ ਡਰਦਾ ਜਿੰਨਾ ਬੀਮਾਰ ਪੈਣ ਤੋਂ ਘਬਰਾਉਂਦਾ ਹਾਂ। ਇਸ ਦਾ ਇਕ ਕਾਰਣ ਤਾਂ ਇਹ ਹੈ ਕਿ ਮੌਤ ਇਕ ਵਾਰ ਆਉਂਦੀ ਹੈ ਅਤੇ ਬੀਮਾਰੀ ਵਾਰ ਵਾਰ ਅਤੇ ਵਾਰ ਵਾਰ ਮੈਨੂੰ ਉਪਦੇਸ਼ ਸੁਣਨੇ ਪੈਂਦੇ ਹਨ, ਸਾਰਿਆਂ ਦੀ ਨਸੀਹਤ ਨੂੰ ਸਹਿਣਾ ਪੈਂਦਾ ਹੈ । ਬੀਮਾਰ ਪੈਣ ਦਾ ਮਤਲਬ ਹੈ ਬਿਸਤਰੇ ਤੇ ਪੈਣ ਲਈ ਮਜ਼ਬੂਰ ਹੋ ਜਾਣਾ । ਮੈਨੂੰ ਘਰ ਵਿਚ ਬੀਮਾਰ ਪੈਣ ਦੀ ਥਾਂ ਹਸਪਤਾਲ ਵਿਚ ਦਾਖਲ ਹੋਣਾ ਚੰਗਾ ਲੱਗਦਾ ਹੈ ਪਰ ਮੇਰੀ ਸੁਣਦਾ ਕੌਣ ਹੈ । ਇਸ ਨਾਲ ਮੇਰੇ ਦੋਸਤਾਂ ਦੇ ਜਜ਼ਬੇ ਨੂੰ ਸੱਟ ਵਜਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਘਰ ਵਿੱਚ 'ਕੱਲਾ ਹੋ ਕੇ ਵੀ ਮੈਂ ਅਨਾਥ ਨਹੀਂ ਹਾਂ। ਉਨ੍ਹਾਂ ਦੇ ਦਿਲ ਵਿਚ ਹਮਦਰਦੀ ਦਾ ਹੜ੍ਹ ਆ ਜਾਂਦਾ ਹੈ ਜਿਸ ਲਈ ਵਿਚਾਰਾ ਗ਼ਾਲਿਬ ਆਪਣੀ ਸ਼ਾਇਰੀ ਵਿਚ ਵੀ ਤਰਸਦਾ ਰਿਹਾ। ਹੁਣ ਸੇਵਾ ਕਰਨ ਵਾਲਿਆਂ ਦੀ ਭੀੜ ਲੱਗਣੀ ਸ਼ੁਰੂ ਹੋ ਜਾਂਦੀ ਹੈ । ਮੇਰੇ ਸਟੂਡੈਂਟਸ ਮੇਰੀ ਬੀਮਾਰੀ ਵਿਚ ਆਪਣੀ ਹਾਜ਼ਰੀ ਲਵਾਉਣੀ ਨਹੀਂ ਭੁਲਦੇ । ਗਵਾਂਢੀ ਵੀ ਸ੍ਰਿਸ਼ਟਾਚਾਰ ਦਾ ਪਾਲਨ ਕਰਨਾ ਜ਼ਰੂਰੀ ਸਮਝਦੇ ਹਨ, ਵਾਕਿਫ਼ਕਾਰਾਂ ਨੂੰ ਵਕਤਕਟੀ ਦਾ ਮੌਕਾ ਮਿਲ ਜਾਂਦਾ ਹੈ । ਕੁਝ ਨਾਵਾਕਿਫ਼ਕਾਰਾਂ ਨਾਲ ਵੀ ਵਾਕਫ਼ੀਅਤ ਹੋਣੀ ਸ਼ੁਰੂ ਹੋ ਜਾਂਦੀ ਹੈ । ਇਨ੍ਹਾਂ ਸਾਰਿਆਂ ਨੂੰ ਆਪਣੀ ਬੀਮਾਰੀ ਦਾ ਇਤਿਹਾਸ ਦਸਣਾ ਪੈਂਦਾ ਹੈ ।

ਅਤੇ ਇਸ ਤੋਂ ਬਾਅਦ ਮੇਰੇ ਖਾਣ ਪੀਣ ਦੇ ਬਾਰੇ ਉਪਦੇਸ਼ ਸ਼ੁਰੂ ਹੋ ਜਾਂਦੇ ਹਨ। ਇਕ ਦੋਸਤ ਤਾਂ ਮੈਨੂੰ ਰੋਜ਼ ਸੈਰ ਕਰਨ ਦੀ ਸਲਾਹ ਦੇ ਕੇ ਸੰਤੋਖ ਕਰ ਲੈਂਦੇ ਹਨ। ਇਨਾਂ ਦਾ ਵਿਚਾਰ ਹੈ ਕਿ ਸਾਰੇ ਰੋਗਾਂ ਦਾ ਕਾਰਣ ਪੇਟ ਦੀ ਖ਼ਰਾਬੀ ਹੈ ਅਤੇ ਸੈਰ ਇਸ ਦਾ ਅਸਲੀ ਇਲਾਜ ਹੈ ਅਤੇ ਇਕ ਮੇਰੇ ਮੂੰਹ ਦੀ ਪਲੱਤਣ ਨੂੰ ਵੇਖ ਕੇ ਮੈਨੂੰ ਕਾਲੇ ਛੋਲਿਆਂ ਦਾ ਰਸਾ ਪੀਣ ਅਤੇ ਰੋਜ਼ ਪਾਲਕ ਦਾ ਸਾਗ ਖਾਣ ਦੀ ਸਲਾਹ ਦੇਂਦੇ ਹਨ । ਜ਼ੋਰ 'ਰੋਜ਼' ਤੇ ਦਿੱਤਾ ਜਾਂਦਾ ਹੈ । ਇਕ ਤੀਜੇ ਮਿੱਤਰ ਹਨ ਜਿਹੜੇ ਮੇਰੀ ਨਬਜ਼ ਤੇ ਹੱਥ ਰੱਖ ਕੇ ਅਤੇ ਮੇਰੀ ਉਮਰ ਦਾ ਅੰਦਾਜ਼ਾ ਲਾ ਕੇ ਮੈਨੂੰ ਕਦੇ ਕਦੇ ਵਰਤ ਰੱਖਣ ਦੀ ਸਲਾਹ ਦਿੰਦੇ ਹਨ । ਅਜਿਹਾ ਕਰਨ ਲਈ ਉਹ ਮਹਾਤਮਾ ਗਾਂਧੀ ਦਾ ਹਵਾਲਾ ਦਿੰਦੇ ਹਨ ਅਤੇ ਦੇਸ਼ ਵਿਚ ਅੰਨ ਦੀ ਕਮੀ ਵਲ ਮੇਰਾ ਧਿਆਨ ਦਿਵਾਉਂਦੇ ਹਨ । ਉਪਦੇਸ਼ਕ ਹੋਰ ਵੀ ਹਨ ਜਿਨ੍ਹਾਂ ਵਿੱਚੋਂ ਇਕ ਤਾਂ ਕੇਵਲ ਫਲਾਹਾਰ ਦੀ ਗੱਲ ਕਰਦੇ ਹੋਏ ਮੇਰੀ ਖ਼ਾਲੀ ਜੇਬ ਨੂੰ ਭੁੱਲ ਜਾਂਦੇ ਹਨ ਅਤੇ ਦੂਜੇ ਜਿਹੜੇ ਇਹ ਗੱਲ ਨਹੀਂ ਭੁਲਦੇ, ਸਵੇਰੇ ਸ਼ਾਮ ਮੈਨੂੰ ਅਦਰਕ ਚਿੱਥਣ ਦੀ ਸਲਾਹ ਦਿੰਦੇ ਹਨ । ਉਹ ਸਮਝਦੇ ਹਨ ਕਿ ਮੈਨੂੰ ਵਾਤ ਦੀ ਬੀਮਾਰੀ ਹੈ। ਇਸ ਤਰ੍ਹਾਂ ਖਾਣ-ਪੀਣ ਦੇ ਉਪਦੇਸ਼ਾਂ ਦਾ ਇਕ ਸੰਗ੍ਰਹਿ ਤਿਆਰ ਹੋ ਜਾਂਦਾ ਹੈ । ਮੇਰੇ ਇਕ ਦੋਸਤ ਨੇ ਮੇਰੇ ਮੰਜੇ ਦੇ ਠੀਕ ਸਾਮ੍ਹਣੇ ਇਕ ਕੈਲੰਡਰ ਵੀ ਲਟਕਾ ਦਿਤਾ ਹੈ ਜਿਸ ਉਤੇ ਸਿਹਤ

ਦੇ ਦਸ ਨਿਯਮ ਛਪੇ ਹੋਏ ਹਨ—ਪਹਿਲਾ ਨਿਯਮ ਸਰਦੀਆਂ ਵਿਚ ਠੰਡੇ ਪਾਣੀ ਨਾਲ ਅਤੇ ਗਰਮੀਆਂ ਵਿਚ ਗਰਮ ਪਾਣੀ ਨਾਲ ਇਸ਼ਨਾਨ ਕਰਨ ਦਾ ਹੈ, ਦੂਜਾ ਸਵੇਰੇ ਉਠਣ ਦਾ ਹੈ, ਤੀਜਾ ਚਾਹ ਦੀ ਥਾਂ ਦੁੱਧ ਪੀਣ ਦਾ ਹੈ ਜਿਹੜਾ ਅਕਸਰ ਮਿਲਦਾ ਨਹੀਂ, ਚੌਥਾ ਦੇਸੀ ਘਿਓ ਦੇ ਇਸਤੇਮਾਲ ਦਾ ਹੈ, ਜਿਸ ਵਿਚ ਮਿਲਾਵਟ ਹੁੰਦੀ ਹੈ, ਪੰਜਵਾਂ ਬੁਰਸ਼ ਦੀ ਥਾਂ ਦਾਤਨ ਕਰਨ ਦਾ ਹੈ । ਜੇ ਮੈਂ ਇਨ੍ਹਾਂ ਸਾਰਿਆਂ ਦਾ ਪਾਲਨ ਕਰਨਾ ਹੈ ਤਾਂ ਮੈਨੂੰ ਸ਼ਹਿਰ ਛੱਡ ਕੇ ਪਿੰਡ ਜਾਣਾ ਪਵੇਗਾ ਅਤੇ ਨੌਕਰੀ ਤੋਂ ਅਸਤੀਫ਼ਾ ਦੇਣਾ ਪਏਗਾ । ਇਸ ਦਾ ਕਾਰਣ ਇਹ ਹੈ ਕਿ ਅੱਖਾਂ ਵਾਂਗ ਸਿਹਤ ਵੀ ਭਗਵਾਨ ਦਾ ਵਰਦਾਨ ਹੈ। ਬਾਬਾ! ਇਸ ਲਈ ਸਭ ਕੁਝ ਕਰਨਾ ਪੈਂਦਾ ਹੈ ।

ਇਨ੍ਹਾਂ ਉਪਦੇਸ਼ਾਂ ਦੇ ਸਿਲਸਿਲੇ ਤੋਂ ਬਾਅਦ ਮੇਰੀ ਮੇਜ਼ ਉਤੇ ਦਵਾਈਆਂ ਦੀਆਂ ਲਾਈਨਾਂ ਲੱਗ ਜਾਂਦੀਆਂ ਹਨ ਅਤੇ ਦਵਾਈਆਂ ਵੀ ਹਰ ਤਰ੍ਹਾਂ ਦੀਆਂ ਹਨ—ਹਕੀਮੀ, ਵੈਦਕ, ਅੰਗ੍ਰੇਜ਼ੀ ਆਦਿ ਤੋਂ ਲੈ ਕੇ ਹੋਮਿਓਪੈਥੀ ਤਕ । ਇਸ ਦਾ ਕਾਰਣ ਇਹ ਦਸਿਆ ਗਿਆ ਹੈ ਕਿ ਦਵਾਈ ਉਸੇ ਨੂੰ ਕਹਿੰਦੇ ਹਨ ਜਿਹੜੀ ਲੱਗ ਜਾਵੇ । ਹਕੀਮ, ਵੈਦ ਜਾਂ ਡਾਕਟਰ ਉਸੇ ਦਾ ਨਾਂ ਹੈ ਜਿਸ ਦੇ ਹੱਥ ਸ਼ਫ਼ਾ ਹੈ। ਇਸ ਲਈ ਕਦੇ ਕਦੇ ਨੀਮ ਹਕੀਮ, ਹਕੀਮ ਨਾਲੋਂ ਚੰਗਾ ਸਮਝਿਆ ਗਿਆ ਹੈ, ਇਸ ਵਿਚ ਚਾਹੇ ਜਾਨ ਦਾ ਖ਼ਤਰਾ ਹੀ ਕਿਉਂ ਨਾ ਹੋਵੇ । ਮੇਰੇ ਪਿੰਡ ਵਿਚ ਡਾਕਟਰ ਦੀ ਵੀ ਇੰਨੀ ਠੁੱਕ ਨਹੀਂ ਸੀ ਜਿੰਨੀ ਇਕ ਕੰਪਾਊਡਰ ਦੀ, ਨਰਸ ਦਾ ਇੰਨਾ ਮਾਣ ਨਹੀਂ ਸੀ ਜਿੰਨਾ ਇਕ ਤਜਰਬੇਕਾਰ ਦਾਈ ਦਾ । ਮੈਨੂੰ ਵਾਰ ਵਾਰ ਏਹ ਉਪਦੇਸ਼ ਦਿਤਾ ਜਾਂਦਾ ਹੈ ਕਿ ਬੀਮਾਰੀ ਦੇ ਮੁਆਮਲੇ ਵਿਚ ਅਸਲੀ ਚੀਜ਼ ਤਾਂ ਤਜਰਬਾ ਹੁੰਦਾ ਹੈ, ਨਾ ਹਕੀਮ ਦੀ ਤੇ ਨਾ ਡਾਕਟਰ ਦੀ ਲਿਆਕਤ। ਕਿਤਾਬੀ ਲਿਆਕਤ ਨਾਲ ਕੁਝ ਨਹੀਂ ਬਣਦਾ । ਮੇਰੀ ਮੇਜ਼ ਤੇ ਹਰ ਤਰ੍ਹਾਂ ਦੀਆਂ ਸ਼ੀਸ਼ੀਆਂ ਸੱਜੀਆਂ ਹੋਈਆਂ ਹਨ ਅਤੇ ਮੇਰੀ ਬੀਮਾਰੀ ਇਕ ਪ੍ਰਯੋਗਸ਼ਾਲਾ ਬਣ ਗਈ ਹੈ । ਹੋਮਿਓਪੈਥੀ ਦੀ ਨਿੱਕੀ ਜਿਹੀ ਗੋਲੀ ਨਾਲ ਪਾਨ ਖਾਣ ਅਤੇ ਚਾਹ ਪੀਣ ਦੀ ਮਨਾਹੀ ਹੈ, ਵੈਦਿਕ ਦਵਾਈ ਨਾਲ ਮਿਰਚ ਦਾ ਨਿਸ਼ੇਧ ਹੈ । ਮੈਨੂੰ ਬੜੀ ਹੈਰਾਨੀ ਹੁੰਦੀ ਹੈ ਜਦੋਂ ਮੈਨੂੰ ਉਪਦੇਸ਼ ਦਿਤਾ ਜਾਂਦਾ ਹੈ ਕਿ ਗੋਲੀ ਜਿੰਨੀ ਨਿੱਕੀ ਹੋਵੇਗੀ ਅਸਰ ਉਨਾ ਹੀ ਵੱਧ ਹੋਵੇਗਾ। ਛੋਟੀ ਗੋਲੀ ਵਿਚ ਸ਼ਕਤੀ ਵੱਧ ਹੁੰਦੀ ਹੈ। ਇਸ ਤਰ੍ਹਾਂ ਸਵੇਰ ਨੂੰ ਹੋਮਿਓਪੈਥੀ ਦਾ ਇਲਾਜ, ਦੁਪਹਿਰ ਨੂੰ ਵੈਦਿਕ, ਸ਼ਾਮ ਨੂੰ ਹਕੀਮੀ ਅਤੇ ਰਾਤ ਨੂੰ ਅੰਗ੍ਰੇਜ਼ੀ ਇਲਾਜ ਹੋ ਰਿਹਾ ਹੈ। ਮੇਰੀ ਬੀਮਾਰ ਜਾਨ ਬਿਸਤਰੇ ਤੇ ਨਹੀਂ, ਦੁਚਿੱਤੀ ਵਿਚ ਫਸੀ ਪਈ ਹੈ । ਖਾਣ ਤੇ ਬੰਦਸ਼ ਹੈ, ਉਠਣ ਤੇ ਬੰਦਸ਼ ਹੈ, ਪੜ੍ਹਨ ਤੇ ਬੰਧਨ ਹੈ ਤੇ ਜੀਭ ਨੂੰ ਤਾਲਾ ਲੱਗਿਆ ਹੋਇਆ ਹੈ । ਮੇਰੇ ਲਈ ਸਭ ਤਰ੍ਹਾਂ ਦਾ ਆਰਾਮ ਜ਼ਰੂਰੀ ਸਮਝਿਆ ਗਿਆ ਹੈ। ਮੈਂ ਤਾਂ ਉਪਦੇਸ਼ਾਂ ਦੀ ਦੁਨੀਆ ਵਿਚ ਸਾਹ ਲੈ

ਰਿਹਾ ਹਾਂ। ਜੇ ਅਜੇ ਬੀਮਾਰੀ ਤੋਂ ਮੁਕਤੀ ਮਿਲਣ ਵਿਚ ਦੇਰ ਹੈ ਤਾਂ ਘੱਟੋ ਘੱਟ ਉਪਦੇਸ਼ਾਂ ਤੋਂ ਤਾਂ ਛੁਟਕਾਰਾ ਮਿਲ ਜਾਣਾ ਚਾਹੀਦਾ ਹੈ । ਇਸ ਤਰ੍ਹਾਂ ਸ਼ਾਇਦ ਅੱਧਾ ਰੋਗ ਮਿਟ ਜਾਵੇ । ਮੈਨੂੰ ਇਕ ਦੋਸਤ ਦਾ ਚੇਤਾ ਆ ਰਿਹਾ ਹੈ । ਜਿਸ ਨੂੰ ਖਾਣ-ਪੀਣ ਦਾ ਬੜਾ ਸ਼ੌਕ ਹੈ । ਇਕ ਵਾਰ ਜਦੋਂ ਉਹ ਬੀਮਾਰੀ ਤੋਂ ਬਾਅਦ ਉਠੇ ਤਾਂ ਲੋਕਾਂ ਦੇ ਉਪਦੇਸ਼ਾਂ ਦੇ ਕਾਰਣ ਬਹੁਤ ਕਮਜ਼ੋਰ ਹੋ ਗਏ ਸਨ । ਆਖਿਰ ਉਨ੍ਹਾਂ ਸੋਚਿਆ ਇਕ ਦਿਨ ਮਰਨਾ ਹੀ ਹੈ ਤਾਂ ਭੁੱਖਾ ਕਿਉਂ ਮਰਿਆ ਜਾਵੇ । ਇਕਦਮ ਖਾਣਾ ਪੀਣਾ ਸ਼ੁਰੂ ਕਰ ਦਿੱਤਾ ਅਤੇ ਉਹ ਤਕੜੇ ਹੋ ਗਏ । ਮੇਰੇ ਵਿਚ ਇੰਨਾ ਹੌਂਸਲਾ ਨਹੀਂ ਹੈ ਅਤੇ ਫਿਰ ਮੈਂ ਕਹਿੰਦਾ ਹਾਂ ਕਿ ਮੈਂ ਮਰਨ ਤੋਂ ਡਰਦਾ ਨਹੀਂ ਹਾਂ । ਅਜਬ ਦੁਬਿਧਾ ਹੈ ਜੀਵਨ ਦੀ ।

ਇਕ ਵਾਰ ਬਿਸਤਰੇ ਤੇ ਪਿਆ ਪਿਆ ਇੰਨਾ ਤੰਗ ਆ ਗਿਆ ਕਿ ਉੱਠ ਕੇ ਖੁਲ੍ਹੀ ਧੁੱਪ ਅਤੇ ਹਵਾ ਵਿਚ ਚਲਾ ਗਿਆ। ਮੇਰੇ ਨੌਕਰ ਨੇ ਮੇਰੀ ਇਹ ਚੋਰੀ ਫੜ ਲਈ। ਉਹ ਵੀ ਇਹ ਵੇਖ ਕੇ ਉਪਦੇਸ਼ ਦੇਣ ਲੱਗ ਪਿਆ ਕਿ ਡਾਕਟਰ ਸਾਹਿਬ ਨੇ ਬਾਹਰ ਜਾਣ ਤੋਂ ਮਨ੍ਹਾਂ ਕੀਤਾ ਹੋਇਆ ਹੈ । ਇਸ ਲਈ ਸਾਰਿਆਂ ਦੇ ਉਪਦੇਸ਼ਾਂ ਨੂੰ ਉਸੇ ਤਰ੍ਹਾਂ ਸੁਣਨਾ ਪੈਂਦਾ ਹੈ ਜਿਸ ਤਰ੍ਹਾਂ ਆਤਮਾ ਦੇ ਰੋਗੀ ਨੂੰ ਭਗਵਾਨ ਦੇ ਉਪਦੇਸ਼ ਸੁਣਨੇ ਪੈਂਦੇ ਹਨ । ਆਤਮਿਕ ਉਪਦੇਸ਼ਾਂ ਦੇ ਤਾਂ ਬੜੇ ਬੜੇ ਗ੍ਰੰਥ ਹਨ ਪਰ ਮੇਰੇ ਲਈ ਉਪਦੇਸ਼ਾਂ ਦਾ ਸੰਗ੍ਰਹਿ ਅਜੇ ਨਿੱਕਾ ਹੀ ਹੈ ਜਿਹੜਾ ਸਹਿਜੇ ਸਹਿਜੇ ਵੱਡਾ ਹੋ ਰਿਹਾ ਹੈ । ਹੁਣ ਹਾਲਤ ਇੰਨੀ ਨਾਜ਼ੁਕ ਹੋ ਚੁੱਕੀ ਹੈ ਕਿ ਨੌਕਰ ਤੱਕ ਨੇ ਉਪਦੇਸ਼ ਦੇਣ ਦੀ ਕਲਾ ਸਿਖ ਲਈ ਹੈ । ਅਕਸਰ ਇਹ ਕਿਹਾ ਜਾਂਦਾ ਹੈ ਕਿ ਪਰਾਧੀਨ ਨੂੰ ਸੁਫਨੇ ਵਿਚ ਵੀ ਸੁਖ ਨਹੀਂ ਮਿਲਦਾ, ਪਰ ਮੇਰਾ ਤਜਰਬਾ ਇਹ ਹੈ ਕਿ ਪਰਾਧੀਨਤਾ ਨਾਲੋਂ ਉਪਦੇਸ਼ ਹਾਸਲ ਕਰਨ ਦੀ ਹਾਲਤ ਹੋਰ ਵੀ ਖ਼ਰਾਬ ਹੈ । ਇਸ ਦੇ ਦੇਣ ਵਿਚ ਤਾਂ ਸੁੱਖ ਹੈ। ਪਰ ਹਾਸਲ ਕਰਨ ਵਿੱਚ ਦੁੱਖ ਹੀ ਦੁੱਖ ਹੈ । ਆਪਣੇ ਨੂੰ ਸੁੱਖ ਅਤੇ ਹੋਰਨਾਂ ਨੂੰ ਦੁੱਖ ਦੇਣਾ ਸਾਰਿਆਂ ਨੂੰ ਆਉਂਦਾ ਹੈ ਤੁਲਸੀਦਾਸ ਦੀ ਕੌਣ ਸੁਣਦਾ ਹੈ ।

ਇਸ ਤਰ੍ਹਾਂ ਬੀਮਾਰ ਪੈਣ ਨਾਲ ਅਤੇ ਹੋਰਨਾਂ ਦੇ ਉਪਦੇਸ਼ ਸੁਣਨ ਨਾਲ ਸਰੀਰਕ ਅਤੇ ਮਾਨਸਿਕ ਤਕਲੀਫ ਤਾਂ ਹੋਈ ਹੈ, ਪਰ ਇਸ ਦਾ ਮੈਨੂੰ ਲਾਭ ਵੀ ਹੋਇਆ ਹੈ । ਇਕ ਇਹ ਕਿ ਮੈਨੂੰ ਇੰਨੀਆਂ ਦਵਾਈਆਂ ਦੇ ਨਾਂ ਅਤੇ ਪਰਿਣਾਮ ਯਾਦ ਹੋ ਗਏ ਹਨ ਕਿ ਮੈਂ ਅੱਧਾ ਡਾਕਟਰ ਸਮਝਿਆ ਜਾਣ ਲੱਗ ਪਿਆ ਹਾਂ । ਇਸ ਦਾ ਨਤੀਜਾ ਵੀ ਭੁਗਤ ਚੁੱਕਾ ਹਾਂ । ਇਕ ਵਾਰ ਅੱਧੀ ਰਾਤ ਨੂੰ ਜ਼ੋਰ ਨਾਲ ਵਜਦੀ ਘੰਟੀ ਨੇ ਮੈਨੂੰ ਜਗਾ ਦਿਤਾ। ਇਕ ਅਧੇੜ ਉਮਰ ਦੀ ਔਰਤ ਆਪਣੀ ਲੜਕੀ ਦੇ ਇਲਾਜ ਲਈ ਮੈਨੂੰ ਜਾਣ ਲਈ ਮਜਬੂਰ ਕਰਨ ਲਗੀ । ਮੈਂ ਬਹੁਤ ਕਿਹਾ ਕਿ ਮੈਂ ਕਿਤਾਬੀ ਡਾਕਟਰ ਹਾਂ, ਪਰ ਉਹ ਮੂੰਹ ਮੰਗੀ ਫੀਸ ਦੇਣ ਦੀ ਗੱਲ ਕਰਨ ਲੱਗੀ । ਮੈਂ ਜਾ ਕੇ ਵੇਖਿਆ ਕਿ ਲੜਕੀ ਦੀ ਹਾਲਤ ਬਹੁਤ ਖ਼ਰਾਬ ਸੀ । ਹੋਰ ਤਾਂ ਮੈਂ ਕੀ ਕਰ ਸਕਦਾ ਸੀ, ਮੈਂ ਉਸ ਨੂੰ ਨਿੰਬੂ-ਪਾਣੀ ਦੇਣ ਦੀ ਸਲਾਹ ਦੇ ਕੇ ਮੁੜ ਆਇਆ । ਸਵੇਰੇ ਉਠਦੇ ਹੀ ਉਸ

ਔਰਤ ਨੇ ਬੜੀ ਖੁਸ਼ੀ ਨਾਲ ਮੈਨੂੰ ਦਸਿਆ ਕਿ ਲੜਕੀ ਠੀਕ ਹੋ ਗਈ ਹੈ। ਉਸ ਦਿਨ ਤੋਂ ਮੇਰੇ ਡਾਕਟਰ ਹੋਣ ਦੀ ਸ਼ੋਹਰਤ ਫੈਲ ਗਈ ਹੈ । ਕੀ ਖਾਣਾ ਚਾਹੀਦਾ ਹੈ ਤੇ ਕੀ ਪੀਣਾ ਚਾਹੀਦਾ ਹੈ—ਇਸ ਬਾਰੇ ਵਿਚ ਵੀ ਮੇਰੀ ਠੁੱਕ ਬਝ ਗਈ ਹੈ । ਹੁਣ ਮੈਂ ਉਪਦੇਸ਼ ਦੇਣ ਵਿਚ ਮਾਹਰ ਹੋ ਗਿਆ ਹਾਂ ਤਾਂ ਜੋ ਤੁਹਾਨੂੰ ਯਕੀਨ ਹੋ ਸਕੇ ਕਿ ਮੈਂ ਵਾਸਤਵ ਵਿਚ ਬੀਮਾਰ ਪੈ ਗਿਆ ਸੀ । ਜੇ ਮੈਂ ਸੱਚ ਬੋਲਦਾ ਕਿ ਮੈਂ ਬਿਸਤਰੇ ਤੇ ਕਦੇ ਨਹੀਂ ਪਿਆ ਤਾਂ ਤੁਸੀਂ ਮੇਰਾ ਇਹ ਉਪਦੇਸ਼ ਕਦੇ ਨਾ ਸੁਣਦੇ । ਉਪਦੇਸ਼ ਦੇਣ ਲਈ ਝੂਠ ਬੋਲਣ ਦੀ ਕਲਾ ਸਿਖਣੀ ਪੈਂਦੀ ਹੈ ।

********

# ਮਿੱਤਰਾਂ ਦੀਆਂ ਸਲਾਹਾਂ

ਹਰ ਇਨਸਾਨ ਵਾਂਗ ਮੇਰੀ ਜ਼ਿੰਦਗੀ ਵਿਚ ਵੀ ਦੋਸਤਾਂ ਦੀ ਘਾਟ ਤਾਂ ਹੋ ਸਕਦੀ ਹੈ ਪਰ ਸਲਾਹਕਾਰ ਦੋਸਤਾਂ ਦੀ ਨਹੀਂ । ਇਨ੍ਹਾਂ ਦੇ ਕੀਮਤੀ ਮਸ਼ਵਰੇ ਨਾਲ ਜ਼ਿੰਦਗੀ ਬਾਹਰ ਤੋਂ ਤਾਂ ਭਰੀ ਰਹਿੰਦੀ ਹੈ ਪਰ ਅੰਦਰੋਂ ਖਾਲੀ ਰਹਿ ਜਾਂਦੀ ਹੈ । ਮੇਰੇ ਦੋਸਤ ਮੈਨੂੰ ਆਪਣੇ ਆਪ ਤੋਂ ਸਲਾਹ ਲੈਣ ਦਾ ਮੌਕਾ ਹੀ ਨਹੀਂ ਦਿੰਦੇ । ਜੇ ਇਨ੍ਹਾਂ ਦੀ ਨਹੀਂ ਸੁਣਦਾ ਤਾਂ ਦੋਸਤੀ ਤੋਂ ਹੱਥ ਧੋਣੇ ਪੈਂਦੇ ਹਨ । ਇਸ ਲਈ ਮੇਰੀ ਜ਼ਿੰਦਗੀ ਇਨ੍ਹਾਂ ਦੀਆਂ ਸਲਾਹਾਂ ਦੇ ਢਾਂਚੇ ਵਿਚ ਢਲਦੀ ਆ ਰਹੀ ਹੈ । ਇਕ ਦੋਸਤ ਮੈਨੂੰ ਹਮੇਸ਼ਾ ਹੁਸ਼ਿਆਰ ਰਹਿਣ ਦੀ ਸਲਾਹ ਦੇਂਦੇ ਹਨ। ਜੇ ਮੈਂ ਗੱਡੀ ਚਲਾਉਣ ਲੱਗਦਾ ਹਾਂ ਤਾਂ ਕਹਿੰਦੇ ਹਨ ਬਚਾਓ ਵਿਚ ਹੀ ਬਚਾਓ ਹੈ । ਇਕ ਹੋਰ ਗੱਲ ਹੈ ਕਿ ਸਾਵਧਾਨੀ ਦੇ ਕਾਰਣ ਹੀ ਮੈਂ ਇਕ ਵਾਰ ਬੁਰੀ ਤਰ੍ਹਾਂ ਸਕੂਟਰ ਤੋਂ ਡਿੱਗ ਪਿਆ ਸਾਂ । ਇਸ ਦੇ ਬਾਵਜੂਦ ਵੀ ਉਹ ਇਹ ਕਹਿਣ ਤੋਂ ਪਰਹੇਜ਼ ਨਹੀਂ ਕਰਦੇ ਕਿ ਜੇ ਮੈਂ ਬੇਧਿਆਨਾ ਹੁੰਦਾ ਤਾਂ ਮੌਤ ਦੇ ਮੂੰਹ ਵਿਚ ਚੱਲੇ ਜਾਂਦਾ। ਇਨ੍ਹਾਂ ਹਮੇਸ਼ਾ ਇਹ ਸਲਾਹ ਦਿੱਤੀ ਹੈ ਕਿ ਜ਼ਿੰਦਗੀ ਵਿਚ ਤੇਜ਼ ਭੱਜਣ ਨਾਲ ਮੂੰਹ ਦੀ ਖਾਣੀ ਪੈਂਦੀ ਹੈ । ਸਾਵਧਾਨੀ ਦੇ ਕਾਰਣ ਹੀ ਮੈਂ ਅੱਜ ਤਕ ਜਿਊਂਦਾ ਹਾਂ। ਕੀ ਹੋਇਆ ਜੇ ਸਕੂਟਰ ਤੋਂ ਡਿੱਗ ਕੇ ਮੂੰਹ ਤੇ ਦੋ ਚਾਰ ਪੱਕੇ ਦਾਗ਼ ਪੈ ਗਏ ਹਨ । ਇਸੇ ਤਰ੍ਹਾਂ ਉਹ ਹਮੇਸ਼ਾ ਖੱਬੇ ਹੱਥ ਟੁਰਨ ਦੀ ਸਲਾਹ ਦਿੰਦੇ ਹਨ । ਇਸ ਕਰਕੇ ਪੈਦਲ ਟੁਰਦਾ ਵੀ ਦੋ ਚਾਰ ਵਾਰ ਹੋਰਨਾਂ ਨਾਲ ਜਾ ਟਕਰਾਇਆ ਹਾਂ । ਸਾਰੇ ਲੋਕੀ ਸਾਵਧਾਨੀ ਦੀ ਪਰਵਾਹ ਨਹੀਂ ਕਰਦੇ । ਕੁਝ ਮਨ ਮੁਖੀਏ ਤਾਂ ਠੀਕ ਸੜਕ ਦੇ ਵਿਚਾਲੇ ਟੁਰਦੇ ਹਨ । ਇਨ੍ਹਾਂ ਦਾ ਕਹਿਣਾ ਨਹੀਂ, ਤਕਾਜ਼ਾ ਹੈ ਕਿ ਸੜਕਾਂ ਆਦਮੀਆਂ ਦੇ ਟੁਰਨ ਲਈ ਬਣੀਆਂ ਹਨ, ਮੋਟਰਾਂ ਲਈ ਨਹੀਂ। ਮੇਰੇ ਦੋਸਤ ਤਾਂ ਇਹ ਸਲਾਹ ਦੇਣੋਂ ਵੀ ਬਾਜ਼ ਨਹੀਂ ਆਉਂਦੇ ਕਿ ਸੜਕਾਂ ਤੇ ਭਟਕਣ ਨਾਲੋਂ ਘਰ ਵਿਚ ਬੈਠਣਾ ਚੰਗਾ ਹੈ । ਇਸ ਨਾਲ ਜਾਨ ਨੂੰ ਕੋਈ ਖ਼ਤਰਾ ਨਹੀਂ । ਇਹ ਗੱਲ ਉਨ੍ਹਾਂ ਦੀ ਸਮਝ ਤੋਂ ਬਾਹਰ ਹੈ ਕਿ ਘਰ ਤੋਂ ਬਾਹਰ ਇੰਨੀ ਭੀੜ ਕਿਉਂ ਹੈ, ਲੋਕ ਕਿਉਂ ਬਿਨਾਂ ਕਿਸੇ ਕੰਮ ਦੇ ਇਧਰ ਉਧਰ ਭਟਕਦੇ ਰਹਿੰਦੇ ਹਨ । ਮੇਰੇ ਦੋਸਤ ਦੀ ਨੇਕ ਸਲਾਹ ਇਹ ਹੈ ਕਿ ਲੋਕਾਂ ਨੂੰ ਮਿਲਣਾ ਵੀ ਫਜ਼ੂਲ ਹੈ । ਜੇ ਜ਼ਿੰਦਗ਼ੀ ਵਿਚ ਅਕੇਵਾਂ ਹੈ ਤਾਂ ਘਰ ਬੈਠ ਕੇ ਇਸ ਦਾ ਟਾਕਰਾ ਕਰਨਾ ਚਾਹੀਦਾ ਹੈ । ਇਸ ਦਾ ਟਾਕਰਾ ਕਰਨ ਤੋਂ ਸਿਵਾ ਜ਼ਿੰਦਗੀ ਵਿਚ ਹੋਰ ਕੋਈ ਵੱਡਾ ਕੰਮ ਹੀ ਨਹੀਂ । ਬਾਹਰ ਅਚਾਨਕ ਮਰਨ ਨਾਲੋਂ ਘਰ ਵਿਚ ਘੁਲ ਘੁਲ ਕੇ ਮਰਨ ਨੂੰ ਉਹ ਚੰਗਾ ਸਮਝਦੇ ਹਨ । ਇੰਨੇ ਪੱਕੇ ਦੋਸਤ ਦੀ ਸਲਾਹ ਜੇ ਮੈਂ ਨਹੀਂ ਮੰਨਦਾ ਤਾਂ ਮੇਰੇ ਹੀ ਭਾਗ ਮਾੜੇ ਹਨ । ਇਸ ਲਈ ਸਾਰੇ ਕੰਮ ਸਾਵਧਾਨੀ ਨਾਲ ਕਰਨ ਦੀ ਕੋਸ਼ਿਸ਼ ਵਿਚ ਲੱਗਿਆ ਰਹਿੰਦਾ ਹਾਂ । ਭਾਗ ਮਾੜੇ ਹਨ । ਧਨ ਕਮਾਉਣਾ ਹੈ ਤਾਂ ਸਾਵਧਾਨੀ ਨਾਲ, ਖਰਚ ਕਰਨਾ ਹੈ

ਤਾਂ ਵਧੇਰੇ ਸਾਵਧਾਨੀ ਨਾਲ । ਇੱਥੋਂ ਤੱਕ ਕਿ ਹਜਾਮਤ ਵੀ ਬੜੀ ਸਾਵਧਾਨੀ ਨਾਲ ਬਣਾਉਂਦਾ ਹਾਂ ਤਾਂ ਜੋ ਗੱਲਾਂ ਤੇ ਟੱਕ ਨਾ ਲੱਗ ਜਾਵੇ । ਅਜੇ ਤੱਕ ਮੇਰੇ ਦੋਸਤ ਨੇ ਸੰਤਾਨ ਪੈਦਾ ਕਰਨ ਦੇ ਬਾਰੇ ਸਾਵਧਾਨੀ ਵਰਤਣ ਦੀ ਸਲਾਹ ਨਹੀਂ ਦਿਤੀ । ਅਜਿਹਾ ਕਰਨ ਲਈ ਨਾ ਤਾਂ ਉਸ ਦਾ ਕੋਈ ਤਜ਼ਰਬਾ ਹੈ ਤਾਂ ਨਾ ਹੀ ਮੇਰਾ । ਉਹ ਤਜਰਬੇ ਦੇ ਆਧਾਰ ਤੇ ਸਲਾਹ ਦੇਣ ਦੇ ਹੱਕ ਵਿਚ ਹਨ । ਇਸ ਮਾਮਲੇ ਵਿਚ ਉਹ ਚੁਪ ਰਹਿਣਾ ਚੰਗਾ ਸਮਝਦੇ ਹਨ ।

ਇਕ ਹੋਰ ਸਲਾਹਕਾਰ ਦੋਸਤ ਹਰ ਗੱਲ ਵਿਚ ਸੰਜਮ ਵਰਤਣ ਦਾ ਸੰਕੇਤ ਕਰਦੇ ਹਨ । ਇਹ ਇਸ ਲਈ ਕਿ ਲੰਬੀਆਂ ਚੌੜੀਆਂ ਹਿੱਕਣ ਦਾ ਜ਼ਮਾਨਾ ਗੁਜ਼ਰ ਚੁੱਕਾ ਹੈ; ਕਿਸੇ ਕੋਲ ਹੁਣ ਫੁਰਸਤ ਹੀ ਨਹੀਂ ਹੈ । ਇਹ ਤਾਂ ਇਸ਼ਾਰਿਆਂ ਦੇ ਦਿਨ ਹਨ । ਉਹ ਤਾਂ ਬਹਿਸ ਕਰਨਾ ਵੀ ਫ਼ਜ਼ੂਲ ਸਮਝਦੇ ਹਨ, ਇਹ ਤਾਂ ਪਾਣੀ ਰਿੜਕਣ ਵਰਗੀ ਗੱਲ ਹੈ । ਉਨ੍ਹਾਂ ਦਾ ਕਹਿਣਾ ਹੈ ਕਿ ਹਰ ਮਨੁੱਖ ਦੇ ਆਪੋ ਆਪਣੇ ਵਹਿਮ ਹੁੰਦੇ ਹਨ । ਉਹ ਆਪਣੇ ਵਹਿਮਾਂ ਨੂੰ ਵਿਚਾਰ ਸਮਝਦੇ ਹਨ । ਇਹ ਇਸ ਕਰਕੇ ਕਿ ਵਹਿਮਾਂ ਨੂੰ ਭੈੜਾ ਮੰਨਿਆ ਜਾਂਦਾ ਹੈ ਤੇ ਵਿਚਾਰਾਂ ਨੂੰ ਭਲਾ । ਅਸਲ ਵਿਚ ਮਨੁੱਖ ਆਪਣੇ ਵਹਿਮਾਂ ਨਾਲ ਚਿਪਕਿਆ ਰਹਿੰਦਾ ਹੈ ਅਤੇ ਕਹਿੰਦਾ ਇਹ ਹੈ ਕਿ ਮੈਂ ਆਪਣੇ ਵਿਚਾਰਾਂ ਤੇ ਡੱਟਿਆ ਹੋਇਆ ਹਾਂ । ਕਿਸੇ ਨਾਲ ਬਹਿਸ ਕਰਨਾ ਉਸ ਦੇ ਵਹਿਮਾਂ ਨੂੰ ਤੋੜਨਾ ਹੈ ਜਾਂ ਆਪਣੇ ਵਹਿਮਾਂ ਨੂੰ ਤੁੜਵਾਉਣਾ । ਇਨ੍ਹਾਂ ਦੇ ਟੁੱਟਣ ਨਾਲ ਮਨ ਨੂੰ ਡਾਢੀ ਸੱਟ ਵੱਜਦੀ ਹੈ । ਮੇਰੇ ਮਿੱਤਰ ਦੀ ਨੇਕ ਸਲਾਹ ਇਹ ਹੈ ਕਿ ਸੰਜਮ ਤੋਂ ਕੰਮ ਲੈ ਕੇ ਸਾਰਿਆਂ ਨਾਲ ਸਹਿਮਤ ਹੋਣਾ ਚੰਗਾ ਰਹਿੰਦਾ ਹੈ । ਇਸ ਨਾਲ ਜੇ ਕੁਝ ਬਣਦਾ ਨਹੀਂ ਤਾਂ ਵਿਗੜਦਾ ਵੀ ਨਹੀਂ। ਉਹ ਵੀ ਠੀਕ ਹੈ, ਤੂੰ ਵੀ ਠੀਕ ਹੈਂ ਅਤੇ ਮੈਂ ਤਾਂ ਹਮੇਸ਼ਾ ਹੀ ਠੀਕ ਹੁੰਦਾ ਹਾਂ । ਜੇ ਮੈਂ ਆਪਣੇ ਦੋਸਤ ਤੋਂ ਪੁੱਛਦਾ ਹਾਂ ਕਿ ਇਹ ਕਿਵੇਂ ਹੋ ਸਕਦਾ ਹੈ ਤਾਂ ਇਨ੍ਹਾਂ ਦਾ ਜੁਆਬ ਬੜਾ ਸਾਦਾ ਅਤੇ ਗੰਭੀਰ ਹੁੰਦਾ ਹੈ । ਸੱਚ ਦੇ ਬਾਰੇ ਆਖਰੀ ਗੱਲ ਕੌਣ ਕਰ ਸਕਦਾ ਹੈ ? ਇਸ ਦੇ ਨਾਲ ਉਹ ਇਹ ਵੀ ਜੋੜ ਦਿੰਦੇ ਹਨ ਜ਼ਿੰਦਗੀ ਵਿਚ ਸਭ ਕੁਝ ਚਲਦਾ ਹੈ- ਖੋਟਾ ਵੀ, ਖਰਾ ਵੀ । ਸੰਜਮ ਨਾਲ ਮਨੁੱਖ ਗੋਲਮੋਲ ਬਣਿਆ ਰਹਿੰਦਾ ਹੈ, ਤਿੱਖੇ ਕੰਡਿਆਂ ਨਾਲ ਤਾਂ ਰਗੜ ਹੀ ਪੈਦਾ ਹੁੰਦੀ ਹੈ। ਅਸਹਿਮਤ ਹੋਣ ਨਾਲ ਸਾਰੇ ਨਾਰਾਜ਼ ਹੋ ਜਾਂਦੇ ਹਨ । ਸਹਿਮਤ ਹੋਣ ਨਾਲ ਸਿਰਫ਼ ਆਪਣੇ ਆਪ ਨਾਲ ਅਸਹਿਮਤ ਹੋਣਾ ਹੁੰਦਾ ਹੈ ਜਿਹੜੀ ਮਾੜੀ ਗੱਲ ਨਹੀਂ ਅਤੇ ਇਸ ਦਾ ਨਾਂ ਸੰਜਮ ਹੈ ਤਪ ਅਤੇ ਤਿਆਗ ਹੈ। ਇਨ੍ਹਾਂ ਦੀ ਸਲਾਹ ਦੇ ਅੱਗੇ ਹਥਿਆਰ ਸੁੱਟਣੇ ਹੀ ਪੈਂਦੇ ਹਨ । ਇਸ ਨੂੰ ਭੁੱਲ ਕੇ ਕਦੇ ਕਦੇ ਮੈਂ ਆਪੇ ਤੋਂ ਬਾਹਰ ਹੋ ਜਾਂਦਾ ਹਾਂ ਜਿਸ ਦਾ ਬਾਅਦ ਵਿਚ ਪਛਤਾਵਾ ਲੱਗਦਾ ਹੈ। ਮੇਰੇ ਦੋਸਤ ਸੰਜਮ ਰਾਹੀਂ ਮੁਸ਼ਕਿਲ ਨੂੰ ਆਸਾਨ ਬਣਾ ਲੈਂਦੇ ਹਨ ਪਰ ਮੈਂ ਹਾਂ ਕਿ ਆਸਾਨ ਨੂੰ ਵੀ ਮੁਸ਼ਕਿਲ ਬਣਾ ਲੈਂਦਾ ਹਾਂ ਅਤੇ ਕਦੇ ਕਦੇ ਅਸੰਭਵ ਵੀ । ਇਨ੍ਹਾਂ ਦੇ ਸਬੰਧ ਬਣਦੇ ਜਾਂਦੇ ਹਨ ਅਤੇ ਮੇਰੇ ਵਿਗੜਦੇ ਜਾਂਦੇ ਹਨ ।

ਮੈਂ ਪੂਰੀ ਤਰ੍ਹਾਂ ਇਨ੍ਹਾਂ ਦੀ ਸਲਾਹ ਦੇ ਅੱਗੇ ਗੋਡੇ ਟੇਕ ਦੇਂਦਾ ਜੇ ਇਕ ਹੋਰ ਸਲਾਹਕਾਰ ਦੋਸਤ ਮੈਨੂੰ ਹਰ ਬੰਦੇ ਨਾਲ ਝਗੜਾ ਮੁੱਲ ਲੈਣ ਦਾ ਮਸ਼ਵਰਾ ਨਾ ਦਿੰਦੇ ਰਹਿੰਦੇ। ਉਹ ਜਿੱਥੇ ਵੀ ਹੁੰਦੇ ਹਨ ਜਾਂ ਜਾਂਦੇ ਹਨ ਆਪਣੇ ਗੁਆਂਢ ਨੂੰ ਦੋ ਧੜਿਆਂ ਵਿਚ ਵੰਡ ਲੈਂਦੇ ਹਨ, ਇਕ ਹੱਕ ਵਿਚ ਦੂਜਾ ਵਿਰੋਧੀ। ਜੇ ਇਕੱਲੇ ਹੀ ਜੰਗਲ ਵਿਚ ਰਹਿਣਾ ਪੈ ਜਾਵੇ ਤਾਂ ਉਹ ਰੁੱਖਾਂ ਨੂੰ ਦੋ ਧੜਿਆਂ ਵਿਚ ਵੰਡਣ ਦੀ ਸਲਾਹ ਦਿੰਦੇ ਹਨ। ਦੁਸ਼ਮਣੀ ਦੀ ਗ਼ੈਰ ਹਾਜ਼ਰੀ ਵਿਚ ਦੋਸਤੀ ਦੀ ਅਹਿਮੀਅਤ ਘੱਟ ਜਾਂਦੀ ਹੈ। ਜੇ ਮੈਂ ਇਨ੍ਹਾਂ ਨੂੰ ਪੁੱਛ ਬੈਠਾਂ ਕਿ ਸਾਰਿਆਂ ਨਾਲ ਲੜਦੇ ਰਹਿਣਾ ਘਾਟੇ ਦਾ ਸੌਦਾ ਹੈ ਤਾਂ ਇਸ ਦਾ ਜਵਾਬ ਝੱਟ ਮਿਲ ਜਾਂਦਾ ਹੈ ਕਿ ਜ਼ਿੰਦਗੀ ਵੀ ਤਾਂ ਘਾਟੇ ਦਾ ਸੌਦਾ ਹੈ। ਇਨਸਾਨ, ਇਸ ਦੇ ਵਰਦਾਨ ਦੀ ਹੀ ਸਜ਼ਾ ਭੁਗਤ ਰਿਹਾ ਹੈ। ਉਹ ਸਾਰਿਆਂ ਨੂੰ ਖਰੀਆਂ ਖਰੀਆਂ ਸੁਣਾਉਣ ਦੀ ਸਲਾਹ ਦਿੰਦੇ ਹਨ। ਇਸ ਤਰ੍ਹਾਂ ਹਰ ਸਲਾਹਕਾਰ ਦੋਸਤ ਵਾਂਗ ਇਨ੍ਹਾਂ ਕੋਲ ਵੀ ਆਪਣਾ ਨੁਸਖਾ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਖਰੀਆਂ ਸੁਣਾਉਣ ਨਾਲ ਆਪਣੇ ਮਨ ਦਾ ਭਾਰ ਤਾਂ ਘੱਟ ਜਾਂਦਾ ਹੈ। ਉਹ ਭੁੱਲ ਜਾਂਦੇ ਹਨ ਕਿ ਇਸ ਤਰ੍ਹਾਂ ਕਰਨ ਨਾਲ ਦੂਜੇ ਦੇ ਮਨ ਦਾ ਭਾਰ ਤਾਂ ਵੱਧ ਜਾਂਦਾ ਹੈ। ਸੰਜਮ ਦੀ ਸਲਾਹ ਦਾ ਮੇਰੇ ਤੇ ਬਹੁਤਾ ਅਸਰ ਨਹੀਂ ਪਿਆ ਜਿੰਨਾ ਅਸੰਜਮ ਦੇ ਮਸ਼ਵਰੇ ਦਾ। ਜੇ ਸਲਾਹ ਦੇਣ ਵਾਲੇ ਦੋਸਤ ਦੋ-ਚਾਰ ਹੀ ਹੋਣ ਤਾਂ ਆਦਮੀ ਸੋਚ ਵੀ ਸਕਦਾ ਹੈ। ਲੇਕਿਨ ਜੇ ਇਨ੍ਹਾਂ ਦੀ ਸੰਖਿਆ ਵੱਡੀ ਹੋਵੇ ਤਾਂ ਆਦਮੀ ਸੋਚ ਵਿਚ ਪੈ ਜਾਂਦਾ ਹੈ।

ਆਮ ਤੌਰ ’ਤੇ ਇਕ ਵਾਰ ਜੇ ਕਿਸੇ ਨੂੰ ਸਲਾਹ ਦੇਣ ਦੀ ਆਦਤ ਪੈ ਜਾਂਦੀ ਹੈ ਤਾਂ ਇਹ ਛੁੱਟਣ ਵਿਚ ਨਹੀਂ ਆਉਂਦੀ। ਮੇਰੇ ਇਕ ਦੋਸਤ ਨੇ ਸਲਾਹ ਦੇਣ ਨੂੰ ਆਪਣਾ ਪੇਸ਼ਾ ਹੀ ਬਣਾ ਲਿਆ ਹੈ। ਉਹ ਜਿੱਥੇ ਜਾਂਦੇ ਹਨ ਸਲਾਹ ਦੇਣ ਦੀ ਖੋਜ ਸ਼ੁਰੂ ਕਰ ਦਿੰਦੇ ਹਨ। ਮੌਕਾ ਮਿਲਦੇ ਹੀ ਸਲਾਹਾਂ ਦਾ ਮੀਂਹ ਵਰ੍ਹਾ ਦਿੰਦੇ ਹਨ। ਜੇ ਕਿਸੇ ਦੇ ਘਰ ਲੜਕੀ ਜਵਾਨ ਹੋ ਗਈ ਹੋਵੇ ਤਾਂ ਝੱਟ ਉਸ ਦਾ ਵਿਆਹ ਕਰਨ ਦੀ ਸਲਾਹ ਦਿੰਦੇ ਹਨ, ਜੇ ਕਿਸੇ ਦਾ ਮੁੰਡਾ ਪੜ੍ਹਿਆ ਲਿਖਿਆ ਹੋਵੇ ਤਾਂ ਉਸ ਲਈ ਨੌਕਰੀ ਲੱਭਣ ਦੀ ਸਲਾਹ ਦਿੰਦੇ ਹਨ। ਇਨ੍ਹਾਂ ਦਾ ਸ਼ਾਇਦ ਇਹ ਵਿਸ਼ਵਾਸ ਹੈ ਕਿ ਮਾਪਿਆਂ ਨੂੰ ਆਪਣੀ ਸੰਤਾਨ ਦੀ ਇੰਨੀ ਚਿੰਤਾ ਨਹੀਂ ਹੁੰਦੀ ਜਿੰਨੀ ਦੋਸਤਾਂ ਨੂੰ। ਜੇ ਸ਼ਾਮ ਨੂੰ ਮੈਂ ਘਰ ਤੋਂ ਬਾਹਰ ਨਹੀਂ ਜਾਂਦਾ ਤਾਂ ਲੋਕ ਮੈਨੂੰ ਸੈਰ ਕਰਨ ਦੀ ਸਲਾਹ ਦੇਣ ਲੱਗ ਜਾਂਦੇ ਹਨ। ਉਹ ਗੱਲਾਂ ਗੱਲਾਂ ਵਿਚ ਪਤਾ ਲਾ ਲੈਂਦੇ ਹਨ ਕਿ ਕਿਸ ਨੂੰ ਵਾਤ ਹੈ, ਕਿਸ ਨੂੰ ਪਿੱਤ ਹੈ ਤੇ ਕਿਸ ਨੂੰ ਕੱਫ ਹੈ। ਮੇਰੇ ਸਲਾਹਕਾਰ ਦੋਸਤ ਨੇ ਜ਼ਿੰਦਗੀ ਦੇ ਹਰ ਪੱਖ ਵਿਚ ਥੋੜ੍ਹੀ ਬਹੁਤ ਪੜ੍ਹਾਈ ਕੀਤੀ ਹੋਈ ਹੈ ਅਤੇ ਹਰ ਮਸਲੇ ਤੇ ਸਲਾਹ ਦੇਣ ਦੇ ਕਾਬਲ ਆਪਣੇ ਆਪ ਨੂੰ ਬਣਾਇਆ ਹੋਇਆ ਹੈ। ਇਸ ਲਈ ਉਨ੍ਹਾਂ ਦੀ ਸਲਾਹ ਬਿਨਾਂ ਮੰਗੇ, ਬਿਨਾ ਇੱਛਾ ਕੀਤੇ ਮਿਲ ਜਾਂਦੀ ਹੈ। ਇਸ ਦਾ ਮੁੱਲ ਵੀ ਕੁਝ ਨਹੀਂ ਹੁੰਦਾ। ਇਕ ਨੇਕ ਡਾਕਟਰ ਵਾਂਗ ਉਹ ਆਪਣੇ ਮਰੀਜ਼ਾਂ ਦਾ ਪਿੱਛਾ ਕਰਦੇ ਹਨ। ਇਸ ਤਰ੍ਹਾਂ ਉਨ੍ਹਾਂ ਦਾ ਸਿਹਤਮੰਦ ਹੋਣਾ ਵੀ ਮੁਸ਼ਕਿਲ

ਹੋ ਜਾਂਦਾ ਹੈ। ਇਕ ਸਲਾਹ ਤੋਂ ਬਾਅਦ ਦੂਜੀ, ਤੀਜੀ ਦੀ ਭੀੜ ਲੱਗ ਜਾਂਦੀ ਹੈ । ਬਿੱਲੀ ਵਾਂਗ ਸ਼ਾਮ ਤੱਕ ਸੱਤਾਂ ਘਰਾਂ ਵਿਚ ਹੋ ਆਉਂਦੇ ਹਨ । ਜੇ ਇਸ ਤਰ੍ਹਾਂ ਨਾ ਕਰਨ ਤਾਂ ਰਾਤ ਨੂੰ ਉਨ੍ਹਾਂ ਨੂੰ ਨੀਂਦ ਨਹੀਂ ਆਉਂਦੀ । ਇਨ੍ਹਾਂ ਦਾ ਸਾਰੇ ਘਰਾਂ ਵਿਚ ਉਸੇ ਤਰ੍ਹਾਂ ਦਾ ਆਦਰ ਹੁੰਦਾ ਹੈ ਜਿਸ ਤਰ੍ਹਾਂ ਪੁਰਾਣੇ ਜ਼ਮਾਨੇ ਵਿਚ ਉਸ ਲਾਗੀ ਦਾ ਜਿਹੜਾ ਲੜਕੇ ਲੜਕੀਆਂ ਦੇ ਰਿਸ਼ਤੇ ਕਰਵਾਉਂਦਾ ਸੀ । ਜੇ ਸੋਨੇ ਦਾ ਘੜਾ ਜ਼ਹਿਰ ਨਾਲ ਵੀ ਭਰਿਆ ਹੋਇਆ ਹੋਵੇ, ਇਸ ਦਾ ਕੌਣ ਨਿਰਾਦਰ ਕਰਦਾ ਹੈ । ਸੋਨੇ ਦੇ ਘੜੇ 'ਚੋਂ ਜ਼ਹਿਰ ਵੀ ਪੀਣੀ ਪੈਂਦੀ ਹੈ ।

********

# ਡਾਇਰੀ ਦੀ ਗੱਲ

ਇਹ ਉਹ ਡਾਇਰੀ ਨਹੀਂ ਜਿਸ ਨੂੰ ਨਿੱਜੀ ਜੀਵਨ ਦੀ ਡਾਇਰੀ ਕਹਿੰਦੇ ਹਨ, ਜਿਸ ਵਿਚ ਜਾਤੀ ਤਜ਼ਰਬਿਆਂ ਜਾਂ ਭੇਤ ਦੀਆਂ ਗੱਲਾਂ ਲਿਖੀਆਂ ਜਾਂਦੀਆਂ ਹਨ ਤਾਂ ਜੋ ਬਾਅਦ ਵਿਚ ਆਤਮ-ਕਥਾ ਲਿਖਦੇ ਸਮੇਂ ਇਨ੍ਹਾਂ ਦੀ ਵਰਤੋਂ ਕੀਤੀ ਜਾ ਸਕੇ । ਇਕ ਵਾਰ ਅਜਿਹੀ ਡਾਇਰੀ ਲਿਖਣ ਦਾ ਵੀ ਫੈਸਲਾ ਕੀਤਾ ਸੀ ਪਰ ਇਕ ਹੀ ਵਰ੍ਹੇ ਪਿੱਛੋਂ ਜਦੋਂ ਇਸ ਨੂੰ ਪੜ੍ਹਿਆ ਤਾਂ ਸਾਰਾ ਕੁਝ ਇੰਨਾ ਰਸਹੀਨ ਜਾਪਿਆ ਕਿ ਇਸ ਨੂੰ ਪਾੜ ਕੇ ਅੱਗ ਦੇ ਹਵਾਲੇ ਕੀਤਾ । ਨਾ ਹੀ ਮੇਰੇ ਕੋਲ ਆਤਮ ਸੀ ਤੇ ਨਾ ਹੀ ਮੇਰੇ ਜੀਵਨ ਵਿਚ ਕਥਾ ਸੀ। ਇਸ ਲਈ ਆਤਮ ਕਥਾ ਲਿਖਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਸੀ । ਇਸ ਵੇਲੇ ਡਾਇਰੀ ਤੋਂ ਮੇਰੀ ਮੁਰਾਦ ਉਸ ਨੋਟ-ਬੁਕ ਤੋਂ ਹੈ ਜਿਸ ਨੂੰ ਦੈਨਿਕ ਡਾਇਰੀ ਦਾ ਨਾਂ ਦਿਤਾ ਜਾਂਦਾ ਹੈ, ਜਿਸ ਵਿਚ ਕਿੱਥੇ ਜਾਣਾ ਹੈ, ਕਿਸ ਨੂੰ ਮਿਲਣਾ ਹੈ, ਕੀ ਪੜ੍ਹਨਾ ਹੈ, ਕਿਹੜੇ ਕਿਹੜੇ ਕੰਮ ਕਰਨੇ ਹਨ ਆਦਿ ਲਿਖ ਕੇ ਰੱਖਿਆ ਜਾਂਦਾ ਹੈ ਤਾਂ ਜੋ ਸਾਰਾ ਕੁਝ ਭੁੱਲ ਨਾ ਜਾਵਾਂ ਤੇ ਡਾਇਰੀ ਪਈ ਦੀ ਪਈ ਨਾ ਰਹਿ ਜਾਵੇ । ਇਸ ਨੂੰ ਇਸ ਲਈ ਵੀ ਲਿਖਦਾ ਹਾਂ ਕਿ ਘਰ ਵਿਚ ਮੈਂ ਇਕੱਲਾ ਹੀ ਹਾਂ, ਨੌਕਰ ਹੈ ਤਾਂ ਸਹੀ ਪਰ ਹੈ ਅਨਪੜ੍ਹ । ਹੋਰ ਕੋਈ ਚੇਤਾ ਕਰਾਉਣ ਵਾਲਾ ਹੈ ਨਹੀਂ । ਇਕ ਹੋਰ ਵੀ ਕਾਰਨ ਡਾਇਰੀ ਲਿਖਣ ਦਾ ਹੈ। ਮੇਰੇ ਵਿਚ ਆਪਣੇ ਵਾਇਦੇ ਨੂੰ ਪੂਰਾ ਕਰਨ ਦਾ ਸੰਸਕਾਰ ਲੋੜ ਤੋਂ ਰਤਾ ਵੱਧ ਹੈ। ਇਹ ਮੇਰੀ ਪੱਕੀ ਆਦਤ ਬਣ ਚੁੱਕੀ ਹੈ । ਮੈਂ ਇਹ ਜਾਣਦਾ ਹਾਂ ਕਿ ਅੱਜ ਦੇ ਯੁੱਗ ਵਿਚ ਰਘੁਕੂਲ ਰੀਤ ਦਾ ਪਾਲਣ ਕਰਨ ਦੀ ਧਾਰਣਾ ਫਿੱਕੀ ਪੈ ਚੁੱਕੀ ਹੈ । ਇਸ ਨੂੰ ਲੀਹ ਵੀ ਕਿਹਾ ਜਾਂਦਾ ਹੈ ਅਤੇ ਲੀਹਵਾਦ ਅਤੇ ਆਧੁਨਿਕਤਾ ਵਿਚ ਵਿਰੋਧ ਹੈ । ਮੈਨੂੰ ਆਧੁਨਿਕ ਬਣਨ ਦੀ ਉਨੀ ਹੀ ਲਗਨ ਹੈ ਜਿੰਨੀ ਵਾਇਦਾ ਪੂਰਾ ਕਰਨ ਦੀ । ਆਪਣੇ ਪੁਰਾਣੇ ਸੰਸਕਾਰ ਦਾ ਸ਼ਿਕਾਰ ਹੋਣ ਦੇ ਕਾਰਣ ਡਾਇਰੀ ਰੱਖਣ ਵਿਚ ਭਰੋਸਾ ਕਰਦਾ ਆਇਆ ਹਾਂ ਤਾਂ ਜੋ ਨਾ ਕਿਸੇ ਨੂੰ ਸ਼ਿਕਾਇਤ ਹੋਵੇ ਨਾ ਮੈਨੂੰ ਗਿਲਾ । ਇਸ ਲਈ ਸਾਰਾ ਕੁਝ ਜੋ ਮੈਂ ਰੋਜ਼ ਕਰਨਾ ਹੁੰਦਾ ਹੈ, ਨੋਟ ਬੁਕ ਵਿਚ ਲਿਖ ਲੈਂਦਾ ਹਾਂ । ਇਸ ਦੇ ਮੁੱਖ-ਪੰਨੇ ਤੇ ਲਿਖਿਆ ਹੋਇਆ ਹੈ— "ਇਹ ਹੀਰਾ ਜਨਮ ਹੈ, ਇਸ ਨੂੰ ਗਵਾਉਣਾ ਨਹੀਂ ਹੈ" ਸਾਡੇ ਸੰਤ ਵੀ ਇਹੋ ਹੀ ਸਿੱਖਿਆ ਦਿੰਦੇ ਰਹੇ ਹਨ ਕਿ ਮਨੁੱਖ ਜਨਮ ਵਾਰ ਵਾਰ ਨਹੀਂ ਮਿਲਦਾ । ਜੇ ਡਾਇਰੀ ਰੱਖਣ ਨਾਲ ਜੀਵਨ ਨੂੰ ਅਨਮੋਲ ਬਣਾਇਆ ਜਾ ਸਕਦਾ ਹੈ, ਇਸ ਨੂੰ ਗਵਾਚਣ ਤੋਂ ਬਚਾਇਆ ਜਾ ਸਕਦਾ ਹੈ ਤਾਂ ਇਹ ਕੰਮ ਬਹੁਤਾ ਔਖਾ ਨਹੀਂ । ਸੰਤਾਂ ਨੇ ਇੰਨੀ ਤਪੱਸਿਆ ਕਰਕੇ ਜ਼ਿੰਦਗੀ ਨੂੰ ਸਫਲ ਬਣਾਇਆ ਸੀ । ਮੈਂ ਤਾਂ ਕੇਵਲ ਡਾਇਰੀ ਹੀ ਲਿਖਣੀ ਹੈ ।

ਜਦੋਂ ਮੈਂ ਵਧੀਆ ਡਾਇਰੀ ਮੁੱਲ ਲੈਣ ਦੇ ਕਾਬਲ ਨਹੀਂ ਸੀ ਤਾਂ ਕੋਰੇ ਕਾਗਜ਼ਾਂ ਨੂੰ ਸੀ ਕੇ ਹੀ ਮੈਂ ਨੋਟ ਬੁੱਕ ਦਾ ਕੰਮ ਲੈਣ ਦੀ ਕੋਸ਼ਿਸ਼ ਕਰਦਾ ਹੁੰਦਾ ਸੀ । ਮੈਨੂੰ ਯਾਦ ਹੈ ਕਿ ਇਸ ਵਿਚ 'ਮੈਂ ਇਸ ਤਰ੍ਹਾਂ ਦੀਆਂ ਗੱਲਾਂ ਲਿਖਦਾ ਹੁੰਦਾ ਸਾਂ-ਸਵੇਰ ਵੇਲੇ ਦੁੱਧ ਨਾਲ ਇਕ ਸੇਬ ਖਾਣਾ ਹੈ, ਕਿਸੇ ਦੇ ਵਿਆਹ ਜਾਣਾ ਹੈ, ਅੱਜ ਕਿਸੇ ਆਗੂ ਦਾ ਲੈਕਚਰ ਸੁਣਨ ਜਾਣਾ ਹੈ, ਅੱਜ ਚਾਹ ਦਾ ਸੱਦਾ ਹੈ। ਅੱਜ ਕਿਸੇ ਨੂੰ ਚਿੱਠੀ ਲਿਖਣੀ ਹੈ । ਅੱਜ ਘਰ ਵਾਲਿਆਂ ਨੂੰ ਪੈਸੇ ਭੇਜਣੇ ਹਨ, ਅੱਜ ਕਿਸੇ ਦੀ ਖੁਸ਼ਾਮਦ ਕਰਨ ਜਾਣਾ ਹੈ । ਸਵੇਰੇ ਉਠ ਕੇ ਡਾਇਰੀ ਦਾ ਪਾਠ ਉਸੇ ਲਗਨ ਨਾਲ ਕਰਦਾ ਸੀ ਜਿਸ ਸਤਿਕਾਰ ਨਾਲ ਇਕ ਬੁੱਢੀ ਹਨੂਮਾਨ ਚਾਲੀਸੇ ਦਾ ਕਰਦੀ ਹੈ ਜਾਂ ਸਵੇਰੇ ਸੈਰ ਕਰਨ ਵਾਲਾ ਗੀਤਾ ਦਾ ਕਰਦਾ ਹੈ । ਪਰ ਹੁੰਦਾ ਕੀ ਸੀ ? ਠੀਕ ਵਕਤ ਤੇ ਪ੍ਰਾਹੁਣਾ ਆ ਟਪਕਦਾ ਸੀ—ਉਹ ਜਿਸ ਦੇ ਆਉਣ ਦਾ ਪਹਿਲਾਂ ਪਤਾ ਹੀ ਨਾ ਹੋਵੇ । ਪ੍ਰਾਹੁਣੇ ਦੀ ਸੇਵਾ ਵਿਚ ਲੱਗਣਾ ਹੀ ਪੈਂਦਾ ਸੀ ? ਇਹ ਵੀ ਪੁਰਾਣਾ ਸੰਸਕਾਰ ਹੈ ਜਿਹੜਾ ਆਧੁਨਿਕਤਾ ਦਾ ਵਿਰੋਧੀ ਹੈ । ਪੂਰਾ ਸਿਉਂ ਅੱਧਾ ਰਹਿ ਜਾਂਦਾ ਸੀ, ਸਾਰੇ ਕੰਮ ਅੱਧੇ ਰਹਿ ਜਾਂਦੇ ਸਨ ਅਤੇ ਡਾਇਰੀ ਪਈ ਦੀ ਪਈ ਰਹਿ ਜਾਂਦੀ ਸੀ । ਸਿੱਟਾ : ਸਾਰਿਆਂ ਦੇ ਗਿਲੇ, ਆਪਣੇ ਆਪ ਨਾਲ ਗੁੱਸਾ, ਇਸ ਹੀਰੇ ਜਨਮ ਨੂੰ ਗਵਾਉਣ ਦਾ ਕੌੜਾ ਤਜਰਬਾ। ਇਹ ਉਨ੍ਹਾਂ ਦਿਨ੍ਹਾਂ ਦੀ ਗੱਲ ਹੈ ਜਦੋਂ ਜ਼ਿੰਦਗੀ ਵਿਚ ਰੁਝੇਵਾ ਨਹੀਂ ਸੀ, ਨੋਟ-ਬੁੱਕ ਦੇ ਸਫ਼ੇ ਖਾਲ੍ਹੀ ਰਹਿ ਜਾਂਦੇ ਸੀ ।

ਇਸ ਤੋਂ ਬਾਅਦ ਹਾਲਾਤ ਨੇ ਪਾਸਾ ਪਲਟਿਆ ਅਤੇ ਮੈਨੂੰ ਕਿਸੇ ਕਾਰਨ ਵਧੀਆ ਵਧੀਆ ਡਾਇਰੀਆਂ ਮੁਫ਼ਤ ਮਿਲਣ ਲੱਗੀਆਂ । ਮੈਨੂੰ ਜਾਪਿਆ ਕਿ ਹੁਣ ਵਧੀਆ ਡਾਇਰੀ ਦੇ ਸਹਾਰੇ ਆਪਣੀ ਜ਼ਿੰਦਗੀ ਨੂੰ ਸੰਗਠਿਤ ਕਰਨਾ ਵਧੇਰੇ ਸੰਭਵ ਹੋਵੇਗਾ। ਇਹ ਗੱਲ ਮੈਨੂੰ ਕੁਝ ਲੇਖਕਾਂ ਤੋਂ ਪਤਾ ਲੱਗੀ ਸੀ, ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੱਕ ਕਲਮ ਅਤੇ ਕਾਗਜ਼ ਵਧੀਆ ਨਾ ਹੋਣ ਰਚਨਾ ਵੀ ਵਧੀਆ ਨਹੀਂ ਹੋ ਸਕਦੀ । ਮੈਂ ਪੈੱਨ ਵੀ ਮਹਿੰਗਾ ਖ਼ਰੀਦ ਲਿਆ। ਇਸ ਤੋਂ ਇਲਾਵਾ ਵੱਡੇ ਆਦਮੀਆਂ ਦੀਆਂ ਜੀਵਨੀਆਂ ਵਿਚ ਵੀ ਇਹ ਪੜ੍ਹਿਆ ਸੀ; ਉਹ ਵੀ ਡਾਇਰੀ ਰੱਖਦੇ ਸਨ ਅਤੇ ਡਾਇਰੀ ਅਨੁਸਾਰ ਚੱਲਣਾ ਹੀ ਉਨ੍ਹਾਂ ਦੀ ਮਹਾਨਤਾ ਦਾ ਰਹੱਸ ਸੀ । ਮੇਰਾ ਆਤਮ-ਵਿਸ਼ਵਾਸ ਡੂੰਘਾ ਹੋਣ ਲੱਗਿਆ । ਮੈਂ ਵੀ ਡਾਇਰੀ ਲਿਖਣ ਦੇ ਆਧਾਰ ਤੇ ਉਨ੍ਹਾਂ ਦੀ ਕਤਾਰ ਵਿਚ ਖੜ੍ਹਾ ਹੋਣ ਲਈ ਲਲਚਾ ਗਿਆ । ਇਸ ਲਈ ਮੈਂ ਪੱਕਾ ਫੈਸਲਾ ਕੀਤਾ ਕਿ ਜੇ ਘਟੀਆ ਨੋਟ-ਬੁੱਕ ਦੇ ਅਨੁਸ਼ਾਸਨ ਵਿਚ ਮੈਂ ਨਹੀਂ ਰਹਿ ਸਕਿਆ ਤਾਂ ਹੁਣ ਵਧੀਆ ਡਾਇਰੀ ਦੇ ਸਾਂਚੇ ਵਿਚ ਜ਼ਿੰਦਗੀ ਨੂੰ ਢਾਲਣ ਦਾ ਜ਼ਰੂਰ ਯਤਨ ਕਰਾਂਗਾ । ਪਰ ਹੋਣੀ ਵਿਚ ਵੱਡਾ ਬਣਨਾ ਲਿਖਿਆ ਹੀ ਨਹੀਂ ਸੀ ਅਤੇ ਹੋਣੀ ਦੀ ਡਾਇਰੀ ਮੇਰੀ ਡਾਇਰੀ ਨਾਲੋਂ ਵਧੇਰੇ ਵਧੀਆ ਨਿਕਲੀ। ਹਰ ਰੋਜ਼ ਇਸ ਦਾ ਪਾਠ ਕਰਨ ਲੱਗਾ-ਅੱਜ ਕੀ ਪੜ੍ਹਾਉਣਾ

ਹੈ, ਅੱਜ ਕਿਸ ਨੇ ਆਉਣਾ ਹੈ, ਅੱਜ ਕਿਸ ਗੋਸ਼ਟੀ ਵਿਚ ਸਭਾਪਤੀ ਦੀ ਕੁਰਸੀ ਤੇ ਬਹਿਣਾ ਹੈ। ਕੁਝ ਚਿਰ ਤੱਕ ਇਹ ਪਾਠ ਚੱਲਦਾ ਰਿਹਾ ਅਤੇ ਮੈਂ ਮਸ਼ੀਨ ਵਾਂਗ ਕੰਮ ਕਰਦਾ ਰਿਹਾ। ਇਕ ਦਿਨ ਨੌਕਰ ਨੇ ਮੇਰੇ ਕਮਰੇ ਦੀ ਝਾੜ ਪੂੰਝ ਕੀਤੀ । ਉਸ ਤੋਂ ਬਾਅਦ ਡਾਇਰੀ ਮੇਰੇ ਹੱਥ ਨਹੀਂ ਆਈ । ਇਸ ਦਾ ਸਿੱਟਾ ਇਹ ਹੋਇਆ ਕਿ ਪੜ੍ਹਾਉਣ ਲਈ ਗਲਤ ਕਿਤਾਬਾਂ ਲੈ ਗਿਆ, ਗੋਸ਼ਟੀ ਵਿਚ ਸਮੇਂ ਤੇ ਨਾ ਪੁਜਣ ਕਰਕੇ ਕਿਸੇ ਹੋਰ ਨੂੰ ਸਭਾਪਤੀ ਦੀ ਕੁਰਸੀ 'ਤੇ ਬੈਠੇ ਵੇਖਿਆ, ਰਾਤ ਨੂੰ ਸੱਦੇ ਗਏ ਦੋਸਤ ਖਾਣਾ ਖਾਣ ਲਈ ਆ ਪਹੁੰਚੇ ਅਤੇ ਨੌਕਰ ਹੈਰਾਨ ਹੋ ਕੇ ਮੇਰੇ ਮੂੰਹ ਵਲ ਤੱਕਣ ਲੱਗਾ, ਮੇਰੇ ਕੋਟ ਦਾ ਬਟਨ ਕਈ ਦਿਨ ਟੁੱਟਿਆ ਰਿਹਾ । ਮੇਰੇ ਮਨ ਨੇ ਬਗਾਵਤ ਕਰ ਦਿੱਤੀ। ਡਾਇਰੀ ਦੀ ਗੁਲਾਮੀ ਕੀ ਮੇਰੇ ਸੁਤੰਤਰ ਸੁਭਾਅ ਦੇ ਅਨੁਕੂਲ ਹੈ ? ਇਸੇ ਤਰ੍ਹਾਂ ਇਕ ਦਿਨ ਜਦੋਂ ਮੈਂ ਇਸ ਦੀ ਗੁਲਾਮੀ ਵਿਚ ਬੁਰੀ ਤਰ੍ਹਾਂ ਜਕੜਿਆ ਹੋਇਆ ਸੀ ਤਾਂ ਸ਼ਾਮ ਨੂੰ ਮੈਂ ਸ਼ਿਮਲਾ ਦੇ ਰੇਡੀਓ ਸਟੇਸ਼ਨ ਤੋਂ ਬੋਲਣਾ ਸੀ । ਉਸ ਵੇਲੇ ਮੈਂ ਮਾਲ ਰੋਡ ਤੇ ਚਹਿਲ ਕਦਮੀਂ ਕਰ ਰਿਹਾ ਸਾਂ ਤੇ ਰੌਣਕ ਵੇਖ ਰਿਹਾ ਸਾਂ । ਸਵੇਰੇ ਮੈਂ ਡਾਇਰੀ ਦਾ ਪਾਠ ਵੀ ਕਰ ਲਿਆ ਸੀ। ਇਕਦਮ ਬਿਜਲੀ ਦੇ ਕਰੰਟ ਵਾਂਗ ਮੈਨੂੰ ਝਟਕਾ ਜਿਹਾ ਲੱਗਾ ਤੇ ਚੇਤਾ ਆਇਆ ਕਿ ਸ਼ਾਮ ਨੂੰ ਇਕ ਟਾਕ ਵੀ ਦੇਣੀ ਹੈ । ਘੜੀ ਵੇਖੀ ਤੇ ਮਾਲ ਰੋਡ ਤੇ ਇਸ ਤਰ੍ਹਾਂ ਦੌੜਨਾ ਸ਼ੁਰੂ ਕਰ ਦਿੱਤਾ ਜਿਵੇਂ ਪਿਛੇ ਪਾਗਲ ਕੁੱਤਾ ਲੱਗਿਆ ਹੋਇਆ ਹੋਵੇ । ਮੇਰਾ ਜਲੂਸ ਨਿਕਲ ਰਿਹਾ ਸੀ । ਇਸ ਦੀ ਪਰਵਾਹ ਨਾ ਕਰਦਾ ਹੋਇਆ ਜਦੋਂ ਮੈਂ ਸਾਹੋ-ਸਾਹ ਹੋਇਆ ਸਟੂਡਿਓ ਵਿਚ ਅਪੜਿਆ ਤਾਂ ਪਤਾ ਲੱਗਾ ਕਿ ਉਨ੍ਹਾਂ ਫ਼ਿਲਮੀ ਗੀਤ ਸੁਣਾਉਣ ਦੀ ਤਿਆਰੀ ਕਰ ਲਈ ਹੈ ਪਰ ਸੁਣਨ ਵਾਲਿਆਂ ਦੀ ਕਿਸਮਤ ਵਿਚ ਗੀਤ ਨਹੀਂ ਸਨ । ਸਾਹ ਅਜੇ ਚੜ੍ਹਿਆ ਹੋਇਆ ਸੀ । ਇਸੇ ਹਾਲਤ ਵਿਚ ਮੈਨੂੰ ਬੋਲਣਾ ਪਿਆ। ਇਹ ਡਾਇਰੀ ਰੱਖਣ ਅਤੇ ਉਸ ਦਾ ਪਾਠ ਕਰਨ ਦਾ ਸਿੱਟਾ ਨਿਕਲਿਆ। ਇਸ ਤਰ੍ਹਾਂ ਉਹ ਪਈ ਦੀ ਪਈ ਰਹਿ ਜਾਂਦੀ । ਮੈਂ ਫੈਸਲਾ ਕੀਤਾ ਕਿ ਇਸ ਨੂੰ ਤਲਾਕ ਦੇਣਾ ਹੀ ਚੰਗਾ ਹੈ । ਇਸ ਦੀ ਥਾਂ ਮੈਂ ਕੈਲੰਡਰ ਤੋਂ ਡਾਇਰੀ ਦਾ ਕੰਮ ਲੈਣ ਦਾ ਫੈਸਲਾ ਕੀਤਾ। ਰੋਜ਼ ਰੋਜ਼ ਡਾਇਰੀ ਦਾ ਪਾਠ ਕਰਦੇ ਕਰਦੇ ਮੈਂ ਅੱਕ ਗਿਆ ਸਾਂ । ਮੈਂ ਲਾਲ ਪੈਨਸਿਲ ਨਾਲ ਮੋਟੇ ਅੱਖਰਾਂ ਵਿਚ ਕੈਲੰਡਰ ਉਤੇ ਹੀ ਨੋਟ ਕਰਨਾ ਸ਼ੁਰੂ ਕਰ ਦਿਤਾ। ਸਵੇਰੇ ਉਠ ਕੇ ਡਰਦਾ ਡਰਦਾ ਕੈਲੰਡਰ ਤੇ ਝਾਤੀ ਮਾਰਦਾ ਸਾਂ । ਅੱਖਰ ਵੱਡੇ ਵੱਡੇ ਹੋ ਕੇ ਮੈਨੂੰ ਡਰਾਉਂਦੇ ਸਨ । ਅੱਜ ਇਕ ਲੇਖ ਪੂਰਾ ਕਰਨਾ ਹੈ, ਅੱਜ ਇਕ ਮਰੀਜ਼ ਨੂੰ ਵੇਖਣ ਜਾਣਾ ਹੈ, ਅੱਜ ਕਿਸੇ ਦੇ ਅਫਸੋਸ ਕਰਨ ਜਾਣਾ ਹੈ, ਅੱਜ ਸਕੂਟਰ ਦੀ ਫੀਸ ਦੇਣੀ ਹੈ, ਅੱਜ ਲਾਇਬ੍ਰੇਰੀ ਵਿਚ ਕਿਤਾਬਾਂ ਵਾਪਸ ਕਰਨ ਦੀ ਆਖ਼ਰੀ ਤਰੀਕ ਹੈ। ਇਨ੍ਹਾਂ ਵਿੱਚੋਂ ਅੱਧੇ ਕੰਮ ਹੁੰਦੇ ਸਨ ਅੱਧੇ ਰਹਿ ਜਾਂਦੇ ਸਨ ।

ਇਸ ਤਰ੍ਹਾਂ ਰੋਜ਼ਾਨਾ ਡਾਇਰੀ ਵਾਲਾ ਅਨੁਸ਼ਾਸਨ ਮੇਰੇ ਲਈ ਭੂਤ ਬਣ ਗਿਆ । ਇਸ ਤੋਂ ਚੰਗੀ ਤਾਂ ਉਹ ਹਾਲਤ ਸੀ ਜਦੋਂ ਕੁਝ ਵੀ ਚੇਤੇ ਨਾ ਰਹਿੰਦਾ ਹੋਵੇ । ਡਾਇਰੀ ਮੇਰੇ

ਲਈ ਵਰਦਾਨ ਦੀ ਥਾਂ ਸਰਾਪ ਬਣ ਗਈ। ਡਾਇਰੀ ਦੀ ਸਹਾਇਤਾ ਨਾਲ ਮੇਰਾ ਰੁਝੇਵਾਂ ਘਟਣ ਦੀ ਥਾਂ ਹੋਰ ਵਧਣ ਲੱਗਾ। ਸਹਿਜੇ ਸਹਿਜੇ ਮੈਂ ਸਰਲਤਾ ਗਵਾ ਬੈਠਾ ਅਤੇ ਮਸ਼ੀਨ ਬਣਨ ਲੱਗਾ । ਇੰਨੀ ਨਿਸ਼ਕਪਟ ਲਗਨ ਅਤੇ ਇੰਨੇ ਪੱਕੇ ਨਿਸ਼ਚੇ ਨਾਲ ਡਾਇਰੀ ਰੱਖਣਾ ਫਜ਼ੂਲ ਨਜ਼ਰ ਆਉਣ ਲੱਗਾ। ਅਸਲ ਵਿਚ ਡਾਇਰੀ ਰੱਖਣਾ ਅਤੇ ਹਰ ਚਿੱਠੀ ਦਾ ਜਵਾਬ ਦੇਣਾ ਮਹਾਨ ਵਿਅਕਤੀਆਂ ਨੂੰ ਹੀ ਸ਼ੋਭਾ ਦਿੰਦਾ ਹੈ । ਅੱਜ ਦੇ ਯੁੱਗ ਵਿਚ ਮੇਰੇ ਜਿਹੇ ਛੋਟੇ ਆਦਮੀ ਲਈ ਹਰ ਵਚਨ ਦਾ ਪਾਲਨ ਕਰਨਾ ਵੀ ਔਖਾ ਹੋ ਰਿਹਾ ਹੈ । ਇਸ ਕੌੜੇ ਤਜਰਬੇ ਤੋਂ ਬਾਅਦ ਮੈਨੂੰ ਵਿਸ਼ਵਾਸ ਹੋ ਗਿਆ ਹੈ ਕਿ ਮੇਰੀ ਕਿਸਮਤ ਨਿੱਕੇ ਆਦਮੀ ਜਿਹੀ ਹੀ ਹੈ, ਵੱਡੇ ਆਦਮੀ ਬਣਨ ਦੀ ਨਹੀਂ। ਮੇਰੇ ਵਿਚ ਨਾ ਤਾਂ ਮਹਾਂਪੁਰਖ ਵਾਲੀ ਅਪਾਰ ਸ਼ਕਤੀ ਹੈ ਅਤੇ ਨਾ ਹੀ ਬੇਹੱਦ ਸਹਿਣ-ਸ਼ਕਤੀ, ਡਾਇਰੀ ਦੀ ਬੀਮਾਰੀ ਲਗਾਉਣਾ ਵੱਡੇ ਆਦਮੀ ਦੇ ਵੱਸ ਦੀ ਹੀ ਗੱਲ ਹੈ। ਇਸ ਵਿਚ ਡਾਇਰੀ ਦਾ ਦੋਸ਼ ਨਹੀਂ ਮੇਰਾ ਸੀ, ਜਿਸ ਨੂੰ ਆਪਣੀਆਂ ਹੱਦਾਂ ਦਾ ਪਤਾ ਨਹੀਂ ਸੀ । ਮੈਨੂੰ ਪਤਾ ਨਹੀਂ ਸੀ ਕਿ ਮਹਾਂਪੁਰਖ ਬਣਨ ਦੀ ਧੁਨ ਵਿਚ ਲੱਗ ਕੇ ਆਪਣੀ ਮਾਨਵਤਾ ਤੋਂ ਵੀ ਜਾਂਦਾ ਰਹਾਂਗਾ । ਮੈਂ ਨਹੀਂ ਜਾਣਦਾ ਸਾਂ ਕਿ ਡਾਇਰੀ ਨਾਲ ਮੇਰਾ ਰੁਝੇਵਾਂ ਵਧੇਗਾ, ਮੈਨੂੰ ਮਸ਼ੀਨ ਵਾਂਗ ਕੰਮ ਕਰਨਾ ਪਏਗਾ ਅਤੇ ਨਤੀਜਾ ਸਿਫਰ ਨਿਕਲੇਗਾ । ਹੁਣ ਮੈਨੂੰ ਛੋਟੇ ਆਦਮੀ ਦੇ ਭਾਗ ਨਾਲ ਪਿਆਰ ਹੈ । ਇਹ ਨਵੀਂ ਕਵਿਤਾ ਦੇ ਬਾਰੇ ਵਿਚ ਠੀਕ ਹੋਵੇ ਜਾਂ ਨਾ, ਮੇਰੇ ਸਬੰਧ ਵਿਚ ਤਾਂ ਸੌ ਪੈਸੇ ਠੀਕ ਹੈ । ਮੇਰੀ ਸੀਮਤ ਯਾਦ-ਸ਼ਕਤੀ ਮੇਰੇ ਸੀਮਤ ਜੀਵਨ ਲਈ ਕਾਫ਼ੀ ਹੈ; ਦੋ ਚਾਰ ਨਾਲ ਜ਼ਾਤੀ ਸਬੰਧ ਰੱਖਣਾ ਅਨੇਕਾਂ ਨਾਲ ਓਪਰਾ ਸਬੰਧ ਰੱਖਣ ਨਾਲੋਂ ਚੰਗਾ ਹੈ । ਹੁਣ ਦੈਨਿਕ ਡਾਇਰੀ ਪਈ ਦੀ ਪਈ ਹੈ, ਮੇਰਾ ਮਨ ਹੀ ਮੇਰੀ ਡਾਇਰੀ ਹੈ। ਜਿੱਥੇ ਜੀਅ ਕਰਦਾ ਹੈ ਚੱਲੇ ਜਾਂਦਾ ਹਾਂ, ਜਿਸ ਨੂੰ ਮਿਲਣ ਨੂੰ ਜੀਅ ਚਾਹੁੰਦਾ ਹੈ ਉਸ ਨੂੰ ਮਿਲ ਆਉਂਦਾ ਹਾਂ । ਪਰਹੇਜ਼ ਅਤੇ ਡਾਇਰੀ ਦੇ ਬੰਧਨ ਟੁੱਟ ਚੁੱਕੇ ਹਨ । ਪਰ ਇਨ੍ਹਾਂ ਸੂਰਤਾਂ ਵਿਚ—ਇਕ ਜਦੋਂ ਪੜ੍ਹਾਉਣ ਲਈ ਵਕਤ ਦੀ ਪਾਬੰਦੀ ਹੋਵੇ ਅਤੇ ਦੂਜੀ ਜਦੋਂ ਡਾਇਰੀ ਦੇ ਮੁਤਾਬਕ ਰੇਡੀਓ ਤੇ ਬੋਲਣਾ ਹੁੰਦਾ ਹੈ ।

********

# ਪ੍ਰੇਮ ਨਿਵੇਦਨ ਦੀ ਗੱਲ

ਚਿਰਾਂ ਤੋਂ ਭਗਤ ਆਪਣੇ ਭਗਵਾਨ ਦੇ ਅੱਗੇ ਪ੍ਰੇਮ ਨਿਵੇਦਨ ਦੀ ਗੱਲ ਕਰਦਾ ਆਇਆ ਹੈ ਅਤੇ ਉਹ ਸੁਣਦੇ ਵੀ ਰਹੇ ਹਨ। ਇੰਨਾ ਹੀ ਨਹੀਂ ਉਹ ਦੁਖ ਵਿਚ ਉਸ ਦੀ ਸਹਾਇਤਾ ਵੀ ਕਰਦੇ ਰਹੇ ਹਨ । ਕਬੀਰ ਦੇ ਸਾਹਿਬ, ਮੀਰਾ ਦੇ ਗਿਰਧਰ ਗੋਪਾਲ, ਤੁਲਸੀ ਦੇ ਰਾਮ, ਸੂਰ ਦੇ ਕ੍ਰਿਸ਼ਨ ਭਗਤ ਦੇ ਪ੍ਰੇਮ ਨਿਵੇਦਨ ਤੇ ਵਿਸ਼ਵਾਸ ਕਰਦੇ ਆਏ ਹਨ ਪਰ ਅੱਜ ਦੇ ਵਿਸ਼ਵਾਸ ਤੋਂ ਖਾਲੀ ਯੁੱਗ ਵਿਚ ਨਾ ਤਾਂ ਪ੍ਰੇਮ ਨਿਵੇਦਨ ਦੀ ਗੱਲ ਬਣਦੀ ਹੈ ਤੇ ਨਾ ਹੀ ਪ੍ਰੇਮੀ-ਪ੍ਰੇਮਿਕਾ ਦਾ ਇਸ ਵਿਚ ਯਕੀਨ ਹੈ। ਅੱਜ ਨਾ ਤਾਂ ਭਗਵਾਨ ਵਿਚ ਇੰਨਾ ਵਿਸ਼ਵਾਸ ਹੈ ਕਿ ਪ੍ਰੇਮ ਨਿਵੇਦਨ ਦੀ ਗੱਲ ਕੀਤੀ ਜਾਵੇ ਤੇ ਨਾ ਹੀ ਮਨੁੱਖ ਤੇ ਇਤਨਾ ਭਰੋਸਾ ਹੈ ਕਿ ਪ੍ਰੇਮੀ-ਪ੍ਰੇਮਿਕਾ ਆਪਣੇ ਭੇਤ ਦੀ ਗੱਲ ਕਰ ਸਕਣ। ਅੱਜ ਮਨ ਵਿਚ ਇੰਨੀਆਂ ਗੰਢਾਂ ਪੈ ਗਈਆਂ ਹਨ ਕਿ ਉਨ੍ਹਾਂ ਨੂੰ ਖੋਲ੍ਹਣ ਵਿਚ ਹੀ ਉਮਰ ਲੰਘ ਜਾਂਦੀ ਹੈ ਅਤੇ ਮਨ ਦੀਆਂ ਗੱਲਾਂ ਮਨ ਵਿਚ ਹੀ ਰਹਿ ਜਾਂਦੀਆਂ ਹਨ, ਜ਼ਿੰਦਗੀ ਦੀ ਜਟਿਲਤਾ ਨੇ ਭਾਵਾਂ ਦੇ ਸਹਿਜਪਨ ਨੂੰ ਦਬਾ ਦਿੱਤਾ ਹੈ ਅਤੇ ਸੰਕੋਚ ਦੀ ਭਾਵਨਾ ਨੂੰ ਵਧਾਇਆ ਹੈ । ਇਸ ਲਈ ਅੱਜ ਪ੍ਰੇਮੀ ਅਤੇ ਪ੍ਰੇਮਿਕਾ ਦੋਵਾਂ ਦੇ ਦਿਲਾਂ ਤੇ ਸਮਾਜਕ ਬੰਧਨ ਲੱਗਿਆ ਹੋਇਆ ਹੈ, ਉਨ੍ਹਾਂ ਦੀਆਂ ਮਾਨਸਿਕ ਉਲਝਣਾਂ ਉਨ੍ਹਾਂ ਨੂੰ ਪਿਆਰ ਦੀ ਗੱਲ ਕਰਨ ਤੋਂ ਰੋਕਦੀਆਂ ਹਨ। ਇਸ ਦਾ ਸਿੱਧਾ ਨਤੀਜਾ ਇਹ ਨਿਕਲਦਾ ਹੈ ਕਿ ਗੱਲ ਦਮ ਘੁੱਟ ਕੇ ਮਰ ਜਾਂਦੀ ਹੈ । ਇਸ ਦਾ ਇਹ ਕਾਰਣ ਵੀ ਹੋ ਸਕਦਾ ਹੈ ਕਿ ਅੱਜ ਸਾਰੇ ਹੀ ਭਗਵਾਨ ਬਣਨਾ ਚਾਹੁੰਦੇ ਹਨ, ਭਗਤ ਬਣਨ ਲਈ ਪ੍ਰੇਮੀ-ਪ੍ਰੇਮਿਕਾ ਵਿਚ ਨੀਵਾਂ ਹੋਣ ਦੇ ਭਾਵ ਦੀ ਕਮੀ ਹੈ । ਅੱਜ ਦਾ ਯੁੱਗ ਅਹੰ ਦੀ ਪੂਜਾ ਦਾ ਯੁੱਗ ਹੈ, ਆਪਣੇ ਆਪ ਦੀ ਅਰਾਧਨਾ ਦਾ ਸਮਾਂ ਹੈ । ਇਹ ਅਹੰ ਪ੍ਰੇਮ ਜਤਲਾਉਣ ਦੀ ਗੱਲ ਕਹਿਣ ਵਿਚ ਰੁਕਾਵਟ ਪਾਉਂਦਾ ਹੈ । ਪ੍ਰੇਮੀ ਅਤੇ ਪ੍ਰੇਮਿਕਾ ਵਿਚ ਇਹ ਹੋੜ੍ਹ ਲੱਗੀ ਰਹਿੰਦੀ ਹੈ ਕਿ ਪਹਿਲੇ ਕੌਣ ਕਹੇ ਅਤੇ ਇਸੇ ਬੁਰਦ ਵਿਚ ਮੌਕਾ ਸਦਾ ਲਈ ਹੱਥੋਂ ਜਾਂਦਾ ਰਹਿੰਦਾ ਹੈ ਅਤੇ ਦੋਵੇਂ ਹੱਥ ਮਲਦੇ ਰਹਿ ਜਾਂਦੇ ਹਨ ।

ਅਸਲ ਵਿਚ ਹਰ ਦੇਸ਼ ਵਿਚ ਪ੍ਰੇਮ ਨਿਵੇਦਨ ਦੇ ਆਪੋ ਆਪਣੇ ਢੰਗ ਹਨ ਅਤੇ ਭਾਰਤ ਵਿਚ ਪੁਰਾਣਾ ਰਿਵਾਜ ਜਿਸ ਨੂੰ ਅਸੀਂ ਭੁੱਲ ਗਏ ਹਾਂ, ਇਹ ਸੀ ਕਿ ਪਹਿਲਾਂ ਨਾਰੀ ਤਾਨ ਤੋੜਦੀ ਸੀ। ਬਾਅਦ ਵਿਚ ਪੁਰਸ਼ ਉਸ ਦਾ ਅਲਾਪ ਕਰਦਾ ਸੀ । ਪੱਛਮੀ ਦੇਸ਼ਾਂ ਵਿਚ ਪੁਰਸ਼ ਪਹਿਲਾਂ ਨਾਰੀ ਨੂੰ ਤਜਵੀਜ਼ ਕਰਦਾ ਹੈ ਅਤੇ ਮਗਰੋਂ ਉਹ ਉਸ ਦੀ ਪ੍ਰੋੜ੍ਹਤਾ ਕਰਦੀ ਹੈ । ਇਹ ਤਾਂ ਹੀ ਸੰਭਵ ਹੁੰਦਾ ਹੈ ਜੇ ਪਹਿਲਾਂ ਅੱਖਾਂ ਚਾਰ ਹੋ ਚੁੱਕੀਆਂ ਹੋਣ, ਦੋਨੋਂ ਦਿਲ 'ਕੱਠੇ ਧੜਕ ਚੁੱਕੇ ਹੋਣ, ਪਰ ਸਾਡੇ ਦੇਸ਼ ਵਿਚ ਧੁਕਧੁਕੀ ਦੀ ਹਾਲਤ ਵਿਚ ਪਹੁੰਚ ਕੇ ਵੀ ਪ੍ਰੇਮ

ਨਿਵੇਦਨ ਦੀ ਗੱਲ ਬੁਲ੍ਹਾਂ ਤੋਂ ਹੇਠਾਂ ਨਹੀਂ ਆਉਂਦੀ ਅਤੇ ਦਿਲ ਵਿਚ ਹੀ ਮਰ ਜਾਂਦੀ ਹੈ । ਇਸ ਨੂੰ ਕਹਿਣ ਲਈ ਠੀਕ ਭਾਸ਼ਾ ਤੇ ਠੀਕ ਮੌਕਾ ਮਿਲਦੇ ਹੀ ਨਹੀਂ । ਜੇ ਗੱਲ ਮੌਕੇ ਦੇ ਮੁਤਾਬਕ ਨਾ ਹੋਵੇ ਜਾਂ ਮੌਕਾ ਗੱਲ ਦੇ ਮੁਤਾਬਕ ਨਾ ਹੋਵੇ ਤਾਂ ਸਾਰੀ ਖੇਡ ਬਣੀ ਬਣਾਈ ਗੱਲ ਨੂੰ ਵਿਗਾੜ ਦਿੰਦੀ ਹੈ। ਜੇ ਵਜਦੀ ਵਜਦੀ ਵੀਣਾ ਦੀ ਤਾਰ ਟੁਟ ਜਾਵੇ ਜਾਂ ਚੱਲਦੀ ਚੱਲਦੀ ਗੱਡੀ ਲਾਈਨ ਤੋਂ ਲੱਥ ਜਾਵੇ ਤਾਂ ਉਸ ਵੀਣਾ ਵਿੱਚੋਂ ਨਿਵੇਦਨ ਦਾ ਸੁਰ ਕੱਢਣਾ ਜਾਂ ਰੇਲ ਗੱਡੀ ਨੂੰ ਮੁੜ ਲਾਈਨ ਤੇ ਪਾਉਣਾ ਕਿੰਨਾ ਮੁਸ਼ਕਲ ਹੋ ਜਾਂਦਾ ਹੈ, ਇਸ ਦਾ ਕੇਵਲ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ । ਕਦੇ ਕਦੇ, ਪ੍ਰੇਮ ਤੰਤੂਆਂ ਵਿਚ ਇੰਨੀ ਪੱਕੀ ਗੰਢ ਪੈ ਜਾਂਦੀ ਹੈ ਕਿ ਉਸ ਨੂੰ ਖੋਲ੍ਹਣਾ ਅਸੰਭਵ ਹੋ ਜਾਂਦਾ ਹੈ ਅਤੇ ਉਦੋਂ ਤੱਕ ਪ੍ਰੇਮ ਨਿਵੇਦਨ ਸਹਿਜੇ ਹੀ ਤੇ ਸੁਤੰਤਰ ਰੂਪ ਵਿਚ ਨਹੀਂ ਹੋ ਸਕਦਾ ਅਤੇ ਅਸਫਲਤਾ ਨਜ਼ਰ ਆਉਂਦੀ ਰਹਿੰਦੀ ਹੈ । ਜਦੋਂ ਤੱਕ ਦੋ ਦਿਲਾਂ ਦਾ ਮੇਲ ਨਹੀਂ ਹੋ ਜਾਂਦਾ, ਉਦੋਂ ਤੱਕ ਪ੍ਰੇਮ ਨਿਵੇਦਨ ਅਕਾਰਥ ਬਣਿਆ ਰਹਿੰਦਾ ਹੈ । ਇਸ ਨੂੰ ਸਕਾਰਥ ਬਣਾਉਣ ਲਈ ਤੇਜ਼ ਨਿਗਾਹ, ਉਦਾਰ ਮਨ, ਨਿਸ਼ਕਾਮ ਕਾਰਜ, ਅਟੁੱਟ ਵਿਸ਼ਵਾਸ, ਬੇਅੰਤ ਆਸਥਾ, ਅਸੀਮ ਸਹਿਣ-ਸ਼ਕਤੀ ਆਦਿ ਗੁਣਾਂ ਦੀ ਲੋੜ ਪੈਂਦੀ ਹੈ । ਇਨ੍ਹਾਂ ਗੁਣਾਂ ਦੇ ਬਾਵਜੂਦ ਵੀ ਕਦੇ ਕਦੇ ਪ੍ਰੇਮ ਨਿਵੇਦਨ ਤਿਰਸ਼ੰਕੂ ਵਾਂਗ ਵਿਚਾਲੇ ਹੀ ਲਟਕਿਆ ਰਹਿੰਦਾ ਹੈ । ਨਾ ਹੀ ਉਹ ਆਕਾਸ਼ ਨੂੰ ਛੋਹ ਕੇ ਮਿਟਦਾ ਹੈ ਨਾ ਹੀ ਧਰਤੀ ਤੇ ਅਪੜ ਕੇ ਸਫਲ ਹੁੰਦਾ ਹੈ । ਇਸ ਤਰ੍ਹਾਂ ਗੱਲ ਕਹੀ ਨਹੀਂ ਜਾਂਦੀ, ਬਸ ਲਟਕਦੀ ਰਹਿੰਦੀ ਹੈ ।

ਇਸ ਗੱਲ ਦੇ ਕਈ ਰੂਪ ਹਨ ਤੇ ਇਸ ਨੂੰ ਕਹਿਣ ਦੇ ਕਈ ਢੰਗ ਹਨ । ਇਸ ਲਈ ਇਸ ਨੂੰ ਕਿਸੇ ਇਕ ਰੂਪ ਵਿਚ ਬੰਨ੍ਹਣਾ ਅਤੇ ਕਿਸੇ ਇਕ ਢੰਗ ਨਾਲ ਕਹਿਣਾ ਔਖਾ ਹੈ । ਇਸ ਦੇ ਤਜਰਬੇ ਅਤੇ ਇਸ ਦੇ ਪ੍ਰਗਟਾਅ ਦੀ ਅਨੇਕ ਰੂਪਤਾ ਇਸ ਦੀ ਪਰਿਸਥਿਤੀ ਅਤੇ ਉਮਰ ਦੇ ਆਸਰੇ ਹੈ। ਪ੍ਰੇਮ ਨਿਵੇਦਨ ਕੁਆਰੇ ਅਤੇ ਕੁਆਰੀ, ਚਿਰ-ਕੁਆਰਾ ਤੇ ਚਿਰ-ਕੁਆਰੀ, ਵਿਆਹਿਆ ਅਤੇ ਅਣਵਿਆਹਿਆ ਆਦਿ ਵਿਚ ਹੋ ਸਕਦਾ ਹੈ । ਕੁਆਰੇ ਅਤੇ ਕੁਆਰੀ ਦੇ ਪ੍ਰੇਮ ਨਿਵੇਦਨ ਵਿਚ ਜਜ਼ਬਾ ਬਹੁਤਾ ਹੁੰਦਾ ਹੈ, ਚਿਰ-ਕੁਆਰੇ ਅਤੇ ਚਿਰ-ਕੁਆਰੀ ਵਿਚ ਮਾਨਸਿਕ ਲਗਨ ਦੀ ਮਿਕਦਾਰ ਵੱਧ ਹੁੰਦੀ ਹੈ, ਵਿਆਹੇ ਅਤੇ ਅਣਵਿਆਹੇ ਵਿਚ ਕੁੰਠਾ ਦੀ ਮਾਤਰਾ ਅਧਿਕ ਹੁੰਦੀ ਹੈ । ਜਜ਼ਬੇ ਦੀ ਰੌ ਵਿਚ ਵਹਿੰਦਾ ਹੋਇਆ ਕੁਆਰਾ ਜਦੋਂ ਆਪਣੀ ਪ੍ਰੇਮਿਕਾ ਨਾਲ ਪਿਆਰ ਦੀ ਗੱਲ ਕਰਨੀ ਚਾਹੁੰਦਾ ਹੈ ਤਾਂ ਉਸ ਕੋਲ ਭਾਸ਼ਾ ਦੀ ਘਾਟ ਹੁੰਦੀ ਹੈ। ਇਕ ਨੌਜਵਾਨ ਕੋਲ ਇਨ੍ਹਾਂ ਸ਼ਬਦਾਂ ਦੀ ਡਾਇਰੀ ਸੀ ਅਤੇ ਉਹ ਵਾਰ ਵਾਰ ਉਸ ਨੂੰ ਜੇਬ ਵਿੱਚੋਂ ਕੱਢ ਕੇ ਉਨ੍ਹਾਂ ਸ਼ਬਦਾਂ ਨੂੰ ਚੇਤੇ ਕਰਦਾ ਰਹਿੰਦਾ ਸੀ । ਇਹ ਸ਼ਬਦ ਉਸ ਨੇ ਕਈਆਂ ਥਾਵਾਂ ਤੋਂ ਇੱਕਠੇ ਕੀਤੇ ਹੋਏ ਸਨ—"ਮੈਂ ਤੇਰੇ ਬਿਨਾਂ ਰਹਿ ਨਹੀਂ ਸਕਦਾ, ਮੈਨੂੰ ਰਾਤ ਨੂੰ ਨੀਂਦ ਨਹੀਂ

ਆਉਂਦੀ, ਜੇ ਤੂੰ ਮੈਨੂੰ ਪਿਆਰ ਨਹੀਂ ਕਰੇਂਗੀ ਤਾਂ ਮੈਂ ਡੁੱਬ ਕੇ ਮਰ ਜਾਵਾਂਗਾ" ਅੱਜ ਦੀ ਕੁਆਰੀ ਨੂੰ ਇਹ ਸ਼ਬਦ ਸੁਣਨ ਦੀ ਆਦਤ ਪੈ ਚੁੱਕੀ ਹੁੰਦੀ ਹੈ, ਉਸ ਨੂੰ ਪਤਾ ਹੈ ਕਿ ਰਾਤ ਨੂੰ ਜਾਗਣ ਵਾਲੇ ਦਿਨ ਨੂੰ ਖ਼ੂਬ ਸੌਂਦੇ ਹਨ, ਉਸ ਦੇ ਬਿਨਾਂ ਜੀ ਨਾ ਸਕਣ ਵਾਲੇ ਸਾਰੀਆਂ ਕੁੜੀਆਂ ਨੂੰ ਇਸੇ ਤਰ੍ਹਾਂ ਕਹਿੰਦੇ ਹਨ ਅਤੇ ਆਤਮ-ਹੱਤਿਆ ਦੀਆਂ ਧਮਕੀਆਂ ਫੋਕੀਆਂ ਹੁੰਦੀਆਂ ਹਨ। ਇਸ ਤਰ੍ਹਾਂ ਨੌਜਵਾਨ ਪਿਆਰ ਦੀ ਗੱਲ ਕਹਿ ਤਾਂ ਦਿੰਦਾ ਹੈ ਪਰ ਉਸ ਨੂੰ ਕਹਿਣ ਦਾ ਢੰਗ ਨਹੀਂ ਆਉਂਦਾ। ਗੱਲ ਕਹੀ ਹੋਈ ਵੀ ਅਣਕਹੀ ਬਣ ਜਾਂਦੀ ਹੈ । ਚਿਰ-ਕੁਆਰਾ ਅਤੇ ਚਿਰ-ਕੁਆਰੀ ਦੇ ਸਬੰਧ ਵਿਚ ਹਾਲਾਤ ਹੋਰ ਵੀ ਗੁੰਝਲਦਾਰ ਹੁੰਦੇ ਹਨ । ਦੋਵਾਂ ਨੂੰ ਪ੍ਰੇਮ ਤੋਂ ਡਰ ਲੱਗਦਾ ਹੈ, ਇਕ ਦੂਜੇ ਦੇ ਨੇੜੇ ਆਉਣ ਵਿਚ ਸੰਕੋਚ ਹੁੰਦਾ ਹੈ । ਇਨ੍ਹਾਂ ਨੂੰ ਬੜੀ ਦੇਰ ਤੋਂ ਇਕੱਲਾ ਰਹਿਣ ਦੀ ਇੰਨੀ ਆਦਤ ਪੈ ਚੁੱਕੀ ਹੁੰਦੀ ਹੈ ਕਿ ਉਹ ਇਕ ਦੂਜੇ ਦੇ ਨੇੜੇ ਆ ਕੇ ਫਿਰ ਅੱਡ ਹੋ ਜਾਂਦੇ ਹਨ, ਇਕ ਦੂਜੇ ਨਾਲ ਪ੍ਰੇਮ ਹੋਣ ਤੇ ਵੀ ਪਿਆਰ ਦੀ ਗੱਲ ਨਹੀਂ ਕਰ ਸਕਦੇ। ਵਿਆਹੇ ਅਤੇ ਅਣਵਿਆਹੇ ਦੇ ਸਬੰਧ ਵਿਚ ਪਿਆਰ ਨਿਵੇਦਨ ਖਤਰੇ ਤੋਂ ਖਾਲੀ ਨਹੀਂ ਹੁੰਦਾ । ਇਨ੍ਹਾਂ ਦੇ ਤਿੰਨ ਵਰਗ ਹੋ ਸਕਦੇ ਹਨ—ਪੁਰਸ਼ ਵਿਆਹਿਆ ਹੋਇਆ ਤੇ ਔਰਤ ਅਣਵਿਆਹੀ; ਔਰਤ ਵਿਆਹੀ ਹੋਈ ਤੇ ਪੁਰਸ਼ ਅਣਵਿਆਹਿਆ ਹੋਇਆ ਤੇ ਤੀਜੇ ਵਰਗ ਵਿਚ ਪੁਰਸ਼ ਅਤੇ ਨਾਰੀ ਦੋਨੋਂ ਵਿਆਹੇ ਹੋਏ । ਇਸ ਤਰ੍ਹਾਂ ਤਿਕੋਣ ਅਤੇ ਚਕੋਰ ਦੀ ਹਾਲਤ ਵਿਚ ਪ੍ਰੇਮ-ਨਿਵੇਦਨ ਇੰਨੀਆਂ ਸਮੱਸਿਆਵਾਂ ਲਿਆ ਕੇ ਖੜ੍ਹਾ ਕਰ ਦੇਂਦਾ ਹੈ ਕਿ ਗੱਲ ਕਹੀ ਹੀ ਨਹੀਂ ਜਾਂਦੀ-ਤਲਾਕ, ਸੰਤਾਨ, ਸਮਾਜ ਅਤੇ ਕਾਨੂੰਨ ਦੀਆਂ ਰੁਕਾਵਟਾਂ ਗੱਲ ਉਤੇ ਇੰਨੀਆਂ ਕਠੋਰ ਬੰਦਸ਼ਾਂ ਲਾ ਦਿੰਦੀਆਂ ਹਨ ਕਿ ਉਹ ਅਣਕਹੀ ਹੀ ਰਹਿ ਜਾਂਦੀ ਹੈ । ਕਦੇ ਕਦੇ ਇਹ ਲੋਕ ਸਾਹਿਤ ਵਿਚ ਵਰਤੀ ਪ੍ਰੇਮ ਨਿਵੇਦਨ ਦੀ ਸ਼ੈਲੀ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੰਦੇ ਹਨ ਅਤੇ ਇਹ ਗੱਲ ਭੁੱਲ ਜਾਂਦੇ ਹਨ ਕਿ ਸਾਹਿਤ ਅਤੇ ਅਮਲੀ ਜੀਵਨ ਵਿਚ ਕਿੰਨਾ ਫਰਕ ਹੈ । ਇਕ ਵਾਰ ਇਕ ਵਿਆਹੀ ਹੋਈ ਔਰਤ ਨੇ ਮੈਨੂੰ ਇਹ ਦੱਸਣ ਦਾ ਯਤਨ ਕੀਤਾ ਕਿ “ਉਸ ਦੇ ਪ੍ਰੇਮੀ ਨੇ ਪੱਛਮੀ ਦੇਸ਼ਾਂ ਦੀਆਂ ਨਾਵਲਾਂ ਵਿੱਚੋਂ ਪ੍ਰੇਮ-ਨਿਵੇਦਨ ਦੀ ਸ਼ਬਦਾਵਲੀ ਨੂੰ ਰਟਿਆ ਹੋਇਆ ਸੀ ਅਤੇ ਉਹ ਹੋਰ ਗੱਲਾਂ ਤਾਂ ਆਪਣੀ ਭਾਸ਼ਾ ਵਿਚ ਕਰਦਾ ਸੀ ਜਿਹੜੀਆਂ ਜਲਦੀ ਸਮਝ ਆ ਜਾਂਦੀਆਂ ਸਨ ਅਤੇ ਪ੍ਰੇਮ ਦੀ ਗੱਲ ਉਹ ਅੰਗ੍ਰੇਜ਼ੀ ਵਿਚ ਕਰਦਾ ਸੀ ਜਿਸ ਤੋਂ ਬਨਾਵਟ ਦੀ ਬੂ ਆਉਂਦੀ ਸੀ। ਇਸ ਤਰ੍ਹਾਂ ਮੈਨੂੰ ਯਕੀਨ ਹੋ ਗਿਆ ਸੀ ਕਿ ਉਸ ਦੇ ਪ੍ਰੇਮ ਵਿਚ ਬਨਾਵਟੀਪਨ ਹੈ। ਜਦੋਂ ਮੈਂ ਉਸ ਨਾਲ ਆਪਣੇ ਤਲਾਕ ਅਤੇ ਪਰਸਪਰ ਵਿਆਹ ਦੀ ਗੱਲ ਚਲਾਉਂਦੀ ਸੀ ਤਾਂ ਉਹ ਚੁੱਪ ਹੋ ਜਾਂਦਾ ਸੀ । ਉਸ ਦੇ ਪ੍ਰੇਮ-ਨਿਵੇਦਨ ਦਾ ਸੁਰ ਝੂਠਾ ਸੀ । ਜੇ ਸੱਚਾ ਸੀ ਤਾਂ ਉਹ ਇਹ ਸੁਰ ਕੱਢਣਾ ਜਾਣਦਾ ਸੀ” । ਇਸ ਤਰ੍ਹਾਂ ਕਈ ਹਾਲਤਾਂ ਵਿਚ ਪ੍ਰੇਮ-ਨਿਵੇਦਨ ਦੀ ਗੱਲ ਦੱਬ ਕੇ ਰਹਿ ਜਾਂਦੀ ਹੈ ।

ਅੱਜ ਦੇ ਵਿਅਕਤੀਵਾਦੀ ਯੁੱਗ ਵਿਚ ਪ੍ਰੇਮ-ਨਿਵੇਦਨ ਦਾ ਮਹੱਤਵ ਵੀ ਦਿਨੋ ਦਿਨ ਵੱਧ ਰਿਹਾ ਹੈ। ਲੜਕਾ ਅਤੇ ਲੜਕੀ ਆਪੋ ਆਪਣੇ ਜੀਵਨ ਸਾਥੀ ਨੂੰ ਚੁਣਨਾ ਚਾਹੁੰਦੇ ਹਨ । ਅਜਿਹਾ ਕਰਨ ਲਈ ਨਾਂ ਤਾਂ ਉਨ੍ਹਾਂ ਕੋਲ ਗੱਲ ਹੁੰਦੀ ਹੈ ਤੇ ਨਾਂ ਹੀ ਗੱਲ ਕਹਿਣ ਦਾ ਢੰਗ । ਪੁਰਾਣੇ ਯੁੱਗ ਵਿਚ ਲਾਗੀ ਦੀ ਸੇਵਾ ਲੈ ਕੇ ਵਿਆਹ ਦਾ ਕੰਮ ਹੋ ਜਾਂਦਾ ਸੀ । ਉਹ ਸ਼ਿਕਾਰ ਖੇਡਣ ਦੇ ਕੰਮ ਵਿਚ ਮਾਹਰ ਸੀ। ਅੱਜ ਯੁਵਕ ਅਤੇ ਯੁਵਤੀ ਆਪ ਸ਼ਿਕਾਰ ਇਸ ਲਈ ਖੇਡਣਾ ਚਾਹੁੰਦੇ ਹਨ ਕਿ ਮਰੇ ਹੋਏ ਸ਼ਿਕਾਰ ਦਾ ਸੁਆਦ ਨਹੀਂ ਰਿਹਾ। ਪਰ ਅੱਜ ਦੇ ਮੁੰਡੇ ਕੁੜੀਆਂ ਨੂੰ ਨਾਂ ਤਾਂ ਬੰਦੂਕ ਚਲਾਉਣੀ ਆਉਂਦੀ ਹੈ ਤੰ ਨਾ ਉਸ ਵਿੱਚ ਗੋਲੀ ਭਰਨੀ ਆਉਂਦੀ ਹੈ । ਇੱਥੋਂ ਤੱਕ ਕਿ ਕੈਡਿਟ ਕੋਰ ਦੇ ਲੜਕੇ ਲੜਕੀਆਂ ਨੂੰ ਵੀ ਇਹ ਕਲਾ ਨਹੀਂ ਆਉਂਦੀ । ਇਨ੍ਹਾਂ ਦੀਆਂ ਬੰਦੂਕਾਂ ਅਤੇ ਗੋਲੀਆਂ ਨੂੰ ਜੰਗਾਲ ਲੱਗ ਜਾਂਦਾ ਹੈ ਅਤੇ ਪ੍ਰੇਮ-ਨਿਵੇਦਨ ਦੀ ਗੱਲ ਪਈ ਦੀ ਪਈ ਰਹਿ ਜਾਂਦੀ ਹੈ । ਅਸਲ ਗੱਲ ਤਾਂ ਇੱਕੋ ਹੀ ਹੈ, ਹੈ ਵੀ ਸਿਧੀ। ਇਸ ਲਈ ਇਸ ਨੂੰ ਲੰਬਾ ਕਰਨਾ ਪੈਂਦਾ ਹੈ, ਦੁਹਰਾਣਾ ਪੈਂਦਾ ਹੈ, ਪੇਚਦਾਰ ਬਣਾਉਣਾ ਪੈਂਦਾ ਹੈ । ਅਜਿਹਾ ਕਰਦੇ ਕਰਦੇ ਹੀ ਇਹ ਵਿਗੜ ਜਾਂਦੀ ਹੈ ਅਤੇ ਕਹੀ ਨਹੀਂ ਜਾਂਦੀ । ਮੈਂ ਵੀ ਅਜਿਹਾ ਕੰਮ ਨਹੀਂ ਕਰ ਸਕਿਆ ਹਾਂ । ਇਸ ਗੱਲ ਨੂੰ ਇੰਨਾ ਦੁਹਰਾਉਣ ਤੇ ਵੀ ਆਪਣੇ ਸੁਣਨ ਵਾਲਿਆਂ ਨਾਲ ਪ੍ਰੇਮ-ਨਿਵੇਦਨ ਨਹੀਂ ਕਰ ਸਕਿਆ ਹਾਂ।

********

## ਇਸ ਦੀ ਆਦਤ ਨਹੀਂ

ਜ਼ਿੰਦਗੀ ਵਿਚ ਆਦਤ ਬੁਰੀ ਬਲਾ ਹੈ । ਇਸ ਤੋਂ ਛੁਟਕਾਰਾ ਪਾਉਣ ਦੀ ਜਿੰਨੀ ਕੋਸ਼ਿਸ਼ ਕਰਦਾ ਹਾਂ ਉਨਾਂ ਹੀ ਇਸ ਵਿਚ ਫਸ ਜਾਂਦਾ ਹਾਂ ਅਤੇ ਆਪਣੀ ਆਦਤ ਤੋਂ ਮਜਬੂਰ ਹੋ ਜਾਂਦਾ ਹਾਂ । ਮੈਂ ਬਚਪਨ ਤੋਂ, ਜਦੋਂ ਤੋਂ ਹੋਸ਼ ਸੰਭਾਲਿਆ ਹੈ, ਸਮਝ ਤੋਂ ਕੰਮ ਲੈਣ ਦੀ ਆਦਤ ਨਹੀਂ ਪਾਈ । ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਜ਼ਿੰਦਗੀ ਵਿਚ ਜਿੰਨੇ ਵੀ ਕੰਮ ਜਾਂ ਸੌਦੇ ਕੀਤੇ ਹਨ, ਘਾਟੇ ਦੇ ਕੀਤੇ ਹਨ । ਵਿਆਹ ਨਹੀਂ ਕਰਵਾਇਆ ਜਾਂ ਵਿਆਹ ਨਹੀਂ ਹੋ ਸਕਿਆ ਤਾਂ ਇਸ ਦਾ ਕਾਰਨ ਇਹ ਹੈ ਕਿ ਮੈਨੂੰ ਅਕਲ ਤੋਂ ਕੰਮ ਲੈਣ ਦੀ ਆਦਤ ਨਹੀਂ ਹੈ । ਅਕਲ ਕਹਿੰਦੀ ਰਹੀ ਹੈ ਕਿ ਵਿਆਹ ਤੋਂ ਬਿਨਾਂ ਜ਼ਿੰਦਗੀ ਅਧੂਰੀ ਹੁੰਦੀ ਹੈ, ਬੁਢੇਪੇ ਵਿਚ ਮਨੁੱਖ 'ਕਲਾ ਰਹਿ ਜਾਂਦਾ ਹੈ, ਬੁੱਢੀ ਹੀ ਬੁੱਢੇ ਨਾਲ ਗੱਲ ਕਰਦੀ ਹੈ, ਹੋਰ ਸਾਰੇ ਛੱਡ ਕੇ ਚੱਲੇ ਜਾਂਦੇ ਹਨ । ਅਕਲ ਇਹ ਵੀ ਕਹਿੰਦੀ ਰਹੀ ਕਿ ਸਾਰੀਆਂ ਕੁੜੀਆਂ ਸ਼ਾਦੀ ਦੇ ਲਿਹਾਜ਼ ਨਾਲ ਤਕਰੀਬਨ ਇੱਕੋ ਜਿਹੀਆਂ ਹੁੰਦੀਆਂ ਹਨ । ਇਸ ਲਈ ਵਿਆਹ ਕਿਸੇ ਨਾਲ ਹੋ ਸਕਦਾ ਹੈ, ਵਿਆਹ ਦਾ ਮੁਹੱਬਤ ਨਾਲ ਕੋਈ ਵਾਸਤਾ ਨਹੀਂ ਹੈ ਪਰ ਦਿਲ ਨੇ ਇਕ ਨਹੀਂ ਮੰਨੀ। ਦਿਲ ਅਤੇ ਦਿਮਾਗ਼ ਵਿਚ ਹਮੇਸ਼ਾ ਦੁਸ਼ਮਣੀ ਰਹੀ ਹੈ । ਦਿਲ ਦੀ ਜਿੱਤ ਅਤੇ ਦਿਮਾਗ ਦੀ ਹਮੇਸ਼ਾ ਹਾਰ ਹੁੰਦੀ ਰਹੀ ਹੈ । ਇਸ ਦਾ ਕਾਰਣ ਇਹੋ ਹੈ ਕਿ ਮੈਂ ਸਮਝ ਤੋਂ ਕੰਮ ਲੈਣ ਦੀ ਆਦਤ ਨਹੀਂ ਪਾਈ, ਇਸ ਦਾ ਸਿੱਟਾ ਅੱਜ ਭੁਗਤ ਰਿਹਾ ਹਾਂ । ਇਹ ਫਲ ਕੌੜਾ ਹੈ ਜਾਂ ਮਿੱਠਾ—ਇਹ ਕਹਿਣਾ ਬੜਾ ਮੁਸ਼ਕਿਲ ਹੈ। ਜੇ ਅੱਜ ਬੱਚੇ ਨਹੀਂ, ਜਿਨ੍ਹਾਂ ਨਾਲ ਪਿਆਰ ਕੀਤਾ ਜਾਵੇ ਤਾਂ ਦੋਸਤਾਂ ਦੇ ਇੰਨੇ ਬੱਚੇ ਹਨ ਜਿਹੜੇ ਪਿਤਾ ਨਾਲੋਂ ਅੰਕਲ ਵਲ ਵਧੇਰੇ ਭੱਜਦੇ ਹਨ । ਅੰਕਲ ਕੋਲ ਖਿਡੌਣੇ ਹਨ, ਕਿਤਾਬਾਂ ਹਨ ਅਤੇ ਖੇਡਣ ਲਈ ਵਕਤ ਵੀ ਹੈ । ਲੈਂਬ ਦੇ ਸੁਫਨਿਆਂ ਦੇ ਬੱਚੇ ਨਹੀਂ, ਅਸਲੀ ਬੱਚੇ ਹਨ ਜਿਹੜੇ ਖੇਡਦੇ-ਟਪਦੇ ਹੱਸਦੇ ਰੋਂਦੇ ਹਨ। ਪਰ ਹਰ ਵੇਲੇ ਇਹ ਆਪਣੇ ਕੋਲ ਨਹੀਂ ਹੋ ਸਕਦੇ । ਸਮਝ ਵਿਚ ਆਉਂਦਾ ਹੈ ਕਿ ਇਨ੍ਹਾਂ ਨਾਲ ਮੋਹ ਫਜ਼ੂਲ ਹੈ । ਆਖਿਰ ਇਹ ਆਪਣੇ ਤਾਂ ਨਹੀਂ ਹੋ ਸਕਦੇ । ਪਰ ਸਮਝ ਤੋਂ ਕੰਮ ਲੈਣਾ ਮੈਨੂੰ ਆਇਆ ਹੀ ਨਹੀਂ ਅਤੇ ਨਾ ਹੀ ਇਸ ਦੀ ਹੁਣ ਗੁੰਜਾਇਸ਼ ਹੈ । ਆਦਤ ਪੱਕ ਗਈ ਹੈ । ਜਦੋਂ ਬੱਚਿਆਂ ਨਾਲ ਖੇਡਣਾ ਨਹੀਂ ਮਿਲਦਾ ਤਾਂ ਬਾਗ ਵਿਚ ਫੁੱਲ ਲਾਉਣ ਲੱਗ ਪੈਂਦਾ ਹਾਂ ਜਿਨ੍ਹਾਂ ਨਾਲ ਜੀਅ ਲੱਗ ਜਾਂਦਾ ਹੈ । ਇਨ੍ਹਾਂ ਨੂੰ ਵੱਡੇ ਹੁੰਦਾ ਵੇਖ ਕੇ ਦਿਲ ਉੱਨਾ ਹੀ ਖੁਸ਼ ਹੋ ਜਾਂਦਾ ਹੈ ਜਿੰਨਾ ਕਿਸੇ ਬੱਚੇ ਨੂੰ ਤੁਤਲਾਉਂਦਾ ਵੇਖ ਕੇ ਮਾਂ-ਬਾਪ ਦੇ ਦਿਲ ਦੀ ਕਲੀ ਖਿੜ ਜਾਂਦੀ ਹੈ। ਸਵੇਰੇ ਇਕ ਇਕ ਪੌਦੇ ਨੂੰ ਸਵੱਸਥ ਵੇਖ ਕੇ ਦਿਲ ਨੂੰ ਤਸੱਲੀ ਹੁੰਦੀ ਹੈ; ਪਰ ਪੰਛੀ ਵੱਡੇ ਹੋ ਕੇ ਆਲ੍ਹਣੇ ਚੋਂ ਉੱਡ

ਜਾਂਦੇ ਹਨ ਅਤੇ ਫੁਲ ਖਿੜ ਕੇ ਮੁਰਝਾ ਜਾਂਦੇ ਹਨ । ਅਕਲ ਦਾ ਕਹਿਣਾ ਹੈ ਕਿ ਕਿਸੇ ਵਿਚ ਮੋਹ ਪਾਉਣਾ ਵਿਅਰਥ ਹੈ ਪਰ ਮੋਹ ਤੋਂ ਬਿਨਾਂ ਜ਼ਿੰਦਗੀ ਫਿੱਕੀ ਪੈ ਜਾਂਦੀ ਹੈ । ਕਦੇ ਕਦੇ ਜਦੋਂ ਮੌਕਾ ਹੱਥ ਲੱਗਦਾ ਹੈ ਅਤੇ ਦੋਸਤਾਂ ਦੀਆਂ ਵਹੁਟੀਆਂ ਤੋਂ ਪੁੱਛਦਾ ਹਾਂ ਕਿ ਵਿਆਹ ਦੇ ਬਾਰੇ ਤੁਹਾਡਾ ਕੀ ਖਿਆਲ ਹੈ ਤਾਂ ਆਮ ਤੌਰ ਤੇ ਇਹੋ ਹੀ ਜੁਆਬ ਮਿਲਦਾ ਹੈ--ਡਾਕਟਰ ਸਾਹਿਬ, ਸ਼ਾਦੀ ਸ਼ਾਦੀ ਹੈ ਅਤੇ ਮੁਹੱਬਤ ਮੁਹੱਬਤ ਅਤੇ ਇਨ੍ਹਾਂ ਦਾ ਆਪਸ ਵਿਚ ਮਿਲਣਾ ਅਸੰਭਵ ਹੈ । ਜੇ ਤੁਸੀਂ ਅਕਲ ਤੋਂ ਕੰਮ ਲੈਂਦੇ ਤਾਂ ਇਹ ਸੁਆਲ ਹੀ ਨਾ ਪੈਦਾ ਹੁੰਦਾ । ਜੇ ਆਪਣੀ ਅਕਲ ਤੋਂ ਕੰਮ ਨਹੀਂ ਸੀ ਲੈਣਾ ਤਾਂ ਮਾਂ-ਬਾਪ ਦੀ ਅਕਲ ਤੋਂ ਹੀ ਕੰਮ ਲੈ ਲੈਣਾ ਸੀ । ਦੋਸਤਾਂ ਦੀਆਂ ਵਹੁਟੀਆਂ ਇੰਨੀਆਂ ਸਿੱਧੜ ਹੁੰਦੀਆਂ ਹਨ ਕਿ ਉਨ੍ਹਾਂ ਨੂੰ ਇਹ ਦੱਸਣ ਤੋਂ ਕਤਰਾ ਜਾਂਦਾ ਹਾਂ ਕਿ ਮਾਂ ਤਾਂ ਬਚਪਨ ਵਿਚ ਹੀ ਮਰ ਗਈ ਸੀ ਅਤੇ ਬਾਪ ਨੂੰ ਲੜਕੀਆਂ ਦਾ ਵਿਆਹ ਕਰਨ ਦੀ ਬਹੁਤੀ ਚਿੰਤਾ ਹੁੰਦੀ ਹੈ ਅਤੇ ਮੈਨੂੰ ਸਮਝ ਤੋਂ ਕੰਮ ਲੈਣ ਦੀ ਆਦਤ ਨਹੀਂ ਅਤੇ ਮੈਂ ਆਦਤ ਤੋਂ ਮਜਬੂਰ ਹਾਂ ।

ਇਸ ਸਿਲਸਿਲੇ ਵਿਚ ਆਪਣੀ ਆਦਤ ਦੀ ਮਜਬੂਰੀ ਦੀ ਇਕ ਹੋਰ ਮਿਸਾਲ ਚੇਤੇ ਆ ਗਈ ਹੈ। ਜੇ ਤਰੱਕੀ ਕਰਨੀ ਹੋਵੇ ਤਾਂ ਅਕਲ ਕਹਿੰਦੀ ਹੈ ਕਿ ਲੋਕਾਂ ਨਾਲ ਬਣਾ ਕੇ ਰੱਖਣੀ ਚਾਹੀਦੀ ਹੈ, ਉਨ੍ਹਾਂ ਦੀ ਤਾਰੀਫ਼ ਕਰਨੀ ਚਾਹੀਦੀ ਹੈ, ਚਾਹੇ ਉਹ ਝੂਠੀ ਹੀ ਹੋਵੇ, ਉਨ੍ਹਾਂ ਦੀ ਖੁਸ਼ਾਮਦ ਜ਼ਰੂਰੀ ਹੈ, ਚਾਹੇ ਇਸ ਨਾਲ ਦਿਲ ਨੂੰ ਤਕਲੀਫ ਹੀ ਹੋਵੇ । ਇਸ ਵਿਸ਼ੇ ਤੇ ਮੈਂ ਕਈ ਕਿਤਾਬਾਂ ਵੀ ਪੜ੍ਹੀਆਂ ਹਨ ਜਿਨ੍ਹਾਂ ਦੀਆਂ ਲੱਖਾਂ ਕਾਪੀਆਂ ਵਿਕੀਆਂ ਹਨ ਅਤੇ ਜਿਨ੍ਹਾਂ ਦਾ ਕਈ ਲੋਕਾਂ ਨੇ ਲਾਭ ਵੀ ਉਠਾਇਆ ਹੈ । ਇਨ੍ਹਾਂ ਕਿਤਾਬਾਂ ਵਿੱਚੋਂ ਮੈਂ ਬਹੁਤ ਸਾਰੀਆਂ ਗੱਲਾਂ ਆਪਣੀ ਕਾਪੀ ਵਿਚ ਵੀ ਉਤਾਰੀਆਂ ਹਨ ਅਤੇ ਇਨ੍ਹਾਂ ਨੂੰ ਵਾਰ ਵਾਰ ਆਪਣੇ ਦਿਮਾਗ ਵਿਚ ਪੱਕਾ ਕਰਨ ਦੀ ਕੋਸ਼ਿਸ਼ ਵੀ ਕਰਦਾ ਹਾਂ ਪਰ ਨਤੀਜਾ ਸਿਫਰ ਹੀ ਨਿਕਲਦਾ ਹੈ। ਦੋਸਤਾਂ ਨਾਲੋਂ ਦੁਸ਼ਮਣਾਂ ਦੀ ਸੰਖਿਆ ਵਧਦੀ ਜਾਂਦੀ ਹੈ, ਤਰੱਕੀ ਤਾਂ ਕੀ ਹੋਈ ਹੈ, ਉਲਟਾ ਫੜੱਕੀ ਹੁੰਦੀ ਜਾਂਦੀ ਹੈ । ਆਦਤ ਦੀ ਮਜ਼ਬੂਰੀ ਦੇ ਕਾਰਣ ਜੀਭ ਤੇ ਕਾਬੂ ਨਹੀਂ ਹੈ । ਸਾਫ਼ ਸਾਫ਼ ਕਹਿਣ ਨਾਲ ਜੀਅ ਹਲਕਾ ਜ਼ਰੂਰ ਹੋ ਜਾਂਦਾ ਹੈ, ਇਨਕਾਰ ਕਰਨ ਨਾਲ ਮਨ ਤੇ ਭਾਰ ਨਹੀਂ ਪੈਂਦਾ । ਇਹ ਜਾਣਦਾ ਹਾਂ ਕਿ ਅਕਲ ਤੋਂ ਕੰਮ ਨਹੀਂ ਲੈ ਰਿਹਾ, ਕਾਪੀ ਦੇ ਪੰਨੇ ਪਲਟਣ ਤੋਂ ਬਾਅਦ ਪਤਾ ਲੱਗ ਜਾਂਦਾ ਹੈ ਕਿ ਇਹ ਕੰਮ ਇਸ ਤਰ੍ਹਾਂ ਕਰਨਾ ਚਾਹੀਦਾ ਸੀ । ਤੀਰ ਦੇ ਕਮਾਨ ਵਿੱਚੋਂ ਨਿਕਲਣ ਦੇ ਬਾਅਦ ਜਾਂ ਚਿੜੀਆਂ ਦੇ ਖੇਤ ਚੁਗ ਜਾਣ ਤੋਂ ਬਾਅਦ ਸਮਝ ਤਾਂ ਆ ਜਾਂਦੀ ਹੈ ਲੇਕਿਨ ਵਕਤ ਤੇ ਸਮਝ ਨਹੀਂ ਆਉਂਦੀ । ਵਕਤ ਤੇ ਤਾਂ ਆਦਤ ਹੀ ਕੰਮ ਆਉਂਦੀ ਹੈ । ਇਸ ਤਰ੍ਹਾਂ ਜ਼ਿੰਦਗੀ ਵਿਚ ਇਕ ਪਾਸੇ ਤਾਂ ਅਕਲ ਦਾ ਤਕਾਜ਼ਾ ਹੈ ਜਿਸ ਨੂੰ ਮੈਂ 'ਕੱਲਾ ਹੀ ਰਹਿਣ ਦਿੰਦਾ ਹਾਂ ਅਤੇ ਦੂਜੇ ਪਾਸੇ ਮਜਬੂਰੀ ਹੈ ਜਿਹੜੀ ਮਰੇ ਬੱਚੇ ਵਾਂਗ ਬਾਂਦਰੀ ਨਾਲ ਜੁੜੀ ਰਹਿੰਦੀ ਹੈ ।

ਮੈਂ ਕਈ ਵਾਰ ਫੈਸਲਾ ਕੀਤਾ ਹੈ ਕਿ ਆਪਣੀਆਂ ਕਿਤਾਬਾਂ ਕਿਸੇ ਨੂੰ ਵੀ ਪੜ੍ਹਨ ਲਈ ਉਧਾਰੀਆਂ ਨਹੀਂ ਦੇਣੀਆਂ । ਆਪਣੀਆਂ ਅਲਮਾਰੀਆਂ ਤੇ ਮੋਟੇ ਮੋਟੇ ਅੱਖਰਾਂ ਵਿਚ ਸ਼ੈਕਸਪੀਅਰ ਦੀ ਇਸ ਨਸੀਹਤ ਨੂੰ ਲਿਖਵਾਇਆ ਹੋਇਆ ਹੈ-'"ਨਾ ਉਧਾਰ ਲੈਣਾ ਤੇ ਨਾ ਉਧਾਰ ਦੇਣਾ ਠੀਕ ਹੈ, ਇਸ ਤਰ੍ਹਾਂ ਦੋਸਤੀ ਟੁੱਟ ਜਾਂਦੀ ਹੈ" । ਅਲਮਾਰੀਆਂ ਨੂੰ ਜਿੰਦਰੇ ਵੀ ਮਾਰੇ ਹੋਏ ਹਨ ਤਾਂ ਜੋ ਕਿਤਾਬਾਂ ਮੰਗਣ ਵਾਲੇ ਨੂੰ ਕਿਹਾ ਜਾ ਸਕੇ ਕਿ ਚਾਬੀਆਂ ਨਹੀਂ ਮਿਲ ਰਹੀਆਂ। ਪਰ ਹੁੰਦਾ ਕੀ ਹੈ ? ਪੜ੍ਹਨ ਵਾਲਾ ਆਪਣੇ ਸ਼ੌਕ ਨੂੰ ਇਸ ਤਰ੍ਹਾਂ ਦਰਸਾਉਂਦਾ ਹੈ ਕਿ ਰਾਤ ਨੂੰ ਬਿਨਾਂ ਪੜ੍ਹੇ ਉਸ ਨੂੰ ਨੀਂਦ ਨਹੀਂ ਆਉਣੀ । ਵਾਹ-ਵਾਹ ਡਾਕਟਰ ਸਾਹਿਬ, ਇਸ ਕਿਤਾਬ ਦੀ ਭਾਲ ਮੈਂ ਬੜੀ ਦੇਰ ਤੋਂ ਕਰ ਰਿਹਾ ਸਾਂ । ਤੁਹਾਨੂੰ ਇਹ ਪੁਸਤਕ ਕਿੱਥੋਂ ਮਿਲ ਗਈ ਹੈ ? ਹਾਲਾਂ ਕਿ ਮੈਂ ਤਾਂ ਥੋੜ੍ਹੀਆਂ ਜਿੰਨੀਆਂ ਪੁਸਤਕਾਂ ਹੀ ਮੁੱਲ ਲਈਆਂ ਹਨ, ਬਹੁਤੀਆਂ ਤਾਂ ਮੈਨੂੰ ਇਧਰੋਂ ਉਧਰੋਂ ਮੁਫਤ ਹੀ ਮਿਲੀਆਂ ਹਨ। ਹਿੰਦੀ ਵਿਚ ਤਾਂ ਪੁਸਤਕਾਂ ਮੁੱਲ ਲੈਣ ਦਾ ਰਿਵਾਜ ਹੀ ਨਹੀਂ ਹੈ । ਪਹਿਲਾਂ ਤਾਂ ਇਨ੍ਹਾਂ ਨੂੰ ਪੜ੍ਹਨ ਦੀ ਆਦਤ ਹੀ ਨਹੀਂ ਜੇ ਕੁਝ ਕੁਝ ਕੁ ਬੰਦਿਆਂ ਨੂੰ ਆਦਤ ਹੈ ਤਾਂ ਉਹ ਕਿਸੇ ਤੋਂ ਮੰਗ ਕੇ ਹੀ ਪੜ੍ਹਦੇ ਹਨ ਅਤੇ ਕਦੇ ਕਦੇ ਪੁਸਤਕਾਂ ਦੇ ਚੋਰੀ ਹੋਣ ਦੀ ਗੱਲ ਵੀ ਸੁਣਨ ਵਿਚ ਆਈ ਹੈ । ਫਿਰ ਵੀ ਪੜ੍ਹਨ ਵਾਲੇ ਅਤੇ ਖਾਸ ਕਰਕੇ ਪੜ੍ਹਨ ਵਾਲਿਆਂ ਨੂੰ ਇਨਕਾਰ ਕਰਨਾ ਸਮਝ ਵਿਚ ਤਾਂ ਆਉਂਦਾ ਹੈ ਪਰ ਸਮਝ ਤੋਂ ਕੰਮ ਨਾ ਲੈਣ ਦੀ ਆਦਤ ਬਹੁਤ ਪੁਰਾਣੀ ਹੈ ਅਤੇ ਨਵੀਂ ਆਦਤ ਪਾਉਣੀ ਵੀ ਬੜੀ ਮੁਸ਼ਕਿਲ ਹੈ। ਚਾਬੀ ਮਿਲ ਜਾਂਦੀ ਹੈ, ਜਿੰਦਰਾ ਖੁੱਲ੍ਹ ਜਾਂਦਾ ਹੈ । ਇਹ ਜਾਣਦਾ ਹਾਂ ਕਿ ਕਿਤਾਬਾਂ ਵੀ ਗਈਆਂ ਅਤੇ ਪੜ੍ਹਨ ਵਾਲੇ ਨੇ ਵੀ ਮੁੜ ਦਰਸ਼ਨ ਨਹੀਂ ਦੇਣੇ । ਭਲਾ ਗੰਗਾ ਗਈਆਂ ਹੱਡੀਆਂ ਵੀ ਕਦੇ ਵਾਪਸ ਆਉਂਦੀਆਂ ਹਨ । ਜਦੋਂ ਹਰ ਵਰ੍ਹੇ ਗਵਾਚੀਆਂ ਪੁਸਤਕਾਂ ਅਤੇ ਦੋਸਤਾਂ ਦਾ ਅਨੁਮਾਨ ਲਾਉਂਦਾ ਹਾਂ ਤਾਂ ਉਨ੍ਹਾਂ ਦੀ ਸੰਖਿਆ ਹਰ ਸਾਲ ਵਧਦੀ ਜਾਂਦੀ ਹੈ । ਹਰ ਪਹਿਲੀ ਜਨਵਰੀ ਨੂੰ ਨਵਾਂ ਇਰਾਦਾ ਕਰਦਾ ਹਾਂ ਕਿ ਇਸ ਵਰ੍ਹੇ ਅਕਲ ਤੋਂ ਕੰਮ ਲਵਾਂਗਾਂ ਪਰ ਹੁੰਦਾ ਬਿਲਕੁਲ ਇਸ ਦੇ ਉਲਟ ਹੈ।

ਸਮਝ ਤੋਂ ਨਾ ਕੰਮ ਲੈਣ ਦੀ ਆਦਤ ਨੇ ਇੰਨਾ ਤੰਗ ਕੀਤਾ ਹੈ ਕਿ ਕਦੇ ਕਦੇ ਜ਼ਿੰਦਗੀ ਤੋਂ ਬੇਜ਼ਾਰ ਹੋ ਜਾਂਦਾ ਹਾਂ । ਅੱਜ ਮਹਿਮਾਨ-ਨਿਵਾਜ਼ੀ ਦਾ ਦਿਨ ਹੈ। ਕਿਸਮ ਕਿਸਮ ਦੇ ਸੁਆਦਲੇ ਪਕਵਾਨ ਮੇਜ਼ ਤੇ ਰੱਖੇ ਹੋਏ ਹਨ । ਇਨ੍ਹਾਂ ਨੂੰ ਵੇਖ ਕੇ ਮੂੰਹ ਵਿਚ ਲਾਰਾਂ ਆ ਜਾਂਦੀਆਂ ਹਨ ਪਰ ਮੈਂ ਬਾਹਰ ਟਪਕਣ ਨਹੀਂ ਦਿੰਦਾ । ਇਹੋ ਹੀ ਇਕ ਅਕਲਮੰਦੀ ਦਾ ਕੰਮ ਹੈ। ਪਰ ਜਦੋਂ ਖਾਣ ਬੈਠਦਾ ਹਾਂ ਸਾਰੇ ਨੌਜਵਾਨ ਖ਼ੂਬ ਖਾਂਦੇ ਹਨ । ਉਸ ਵੇਲੇ ਮੈਂ ਵੀ ਆਪਣੇ ਆਪ ਨੂੰ ਨੌਜਵਾਨ ਸਮਝ ਬਹਿੰਦਾ ਹਾਂ । ਭਲਾ ਮੈਂ ਇਨ੍ਹਾਂ ਤੋਂ ਪਿੱਛੇ ਕਿਉਂ ਰਹਾਂ । ਆਪਣੇ ਹਾਜ਼ਮੇ ਦੀ ਤਾਕਤ ਭੁੱਲ ਜਾਂਦੀ ਹੈ ਉਨ੍ਹਾਂ ਦਾ ਮੁਕਾਬਲਾ ਕਰਨਾ ਮੇਰੀ ਆਦਤ ਦੀ ਮਜਬੂਰੀ ਹੈ, ਚਾਹੇ ਇਸ ਦਾ ਸਿੱਟਾ ਮੈਨੂੰ ਚਾਰ ਦਿਨ ਭੁਗਤਣਾ ਪਵੇ । ਮੈਂ ਖ਼ੁਰਾਕ ਸਬੰਧੀ ਢੇਰ ਸਾਰੀਆਂ

ਪੁਸਤਕਾਂ ਪੜ੍ਹੀਆਂ ਹਨ ਅਤੇ ਸਿਹਤ ਕਾਇਮ ਰੱਖਣ ਦੇ ਸਾਰੇ ਅਸੂਲ ਜਾਣਦਾ ਹਾਂ ਪਰ ਅਕਲ ਤੋਂ ਕੰਮ ਲੈਣ ਦੀ ਆਦਤ ਨਾ ਹੋਵੇ ਤਾਂ ਕੀ ਹੋ ਸਕਦਾ ਹੈ । ਜਦੋਂ ਮੈਨੂੰ ਆਪਣੀ ਆਦਤ ਤੇ ਅਫਸੋਸ ਹੁੰਦਾ ਹੈ ਤਾਂ ਮੈਂ ਸੋਚਣ ਲੱਗ ਪੈਂਦਾ ਹਾਂ ਕਿ ਕੀ ਮੈਂ ਹੀ ਆਦਤ ਦਾ ਸ਼ਿਕਾਰ ਹਾਂ ? ਇਹ ਜਾਣ ਕੇ ਰਤਾ ਤਸੱਲੀ ਹੁੰਦੀ ਹੈ ਕਿ ਮੇਰੇ ਦੋਸਤ ਅਤੇ ਦੁਸ਼ਮਣ ਵੀ ਇਸੇ ਆਦਤ ਦਾ ਸ਼ਿਕਾਰ ਹਨ । ਇਨਸਾਨ ਦਾ ਇਹ ਸੁਭਾਅ ਹੈ ਕਿ ਉਹ ਦਿਲ ਤੋਂ ਕੰਮ ਲੈਂਦਾ ਹੈ, ਸਮਝ ਦੀ ਘੱਟ ਵਰਤੋਂ ਕਰਦਾ ਹੈ । ਪਰ ਆਪਣੀ ਅਕਲ ਦੀ ਡੌਂਡੀ ਪਿੱਟਣਾ ਇਕ ਗੱਲ ਹੈ ਤੇ ਉਸ ਤੋਂ ਕੰਮ ਲੈਣਾ ਦੂਜੀ ਗੱਲ ਹੈ । ਮੈਨੂੰ ਨਾ ਤਾਂ ਮੱਖੀ ਮਾਰਨ ਦੀ ਆਦਤ ਹੈ ਅਤੇ ਨਾ ਹੀ ਸਮਝ ਤੋਂ ਕੰਮ ਲੈਣ ਦੀ । ਇਹ ਜੋ ਕੁਝ ਮੈਂ ਤੁਹਾਨੂੰ ਕਹਿ ਰਿਹਾ ਹਾਂ ਇਸ ਵਿਚ ਮੈਂ ਕਿੱਥੋਂ ਤੱਕ ਸਮਝ ਤੋਂ ਕੰਮ ਲਿਆ ਹੈ ? ਜੇ ਦਿਮਾਗ ਤੋਂ ਕੰਮ ਲੈਂਦਾ ਤਾਂ ਪਤੇ ਦੀਆਂ ਗੱਲਾਂ ਕਹਿੰਦਾ, ਪਰ ਆਦਤ ਤੋਂ ਮਜਬੂਰ ਹਾਂ ਅਤੇ ਇਸ ਲਈ ਖਿਮਾ ਮੰਗਦਾ ਹਾਂ । ਇਹ ਜਾਣਦਾ ਹਾਂ ਕਿ ਇੰਨਾ ਸਮਾਂ ਜ਼ਾਇਆ ਕਰਨ ਲਈ ਮੁਆਫ਼ ਕਰਨਾ ਕੋਈ ਅਕਲਮੰਦੀ ਨਹੀਂ ਹੈ। ਜੇ ਤੁਸੀਂ ਮੇਰੀਆਂ ਗੱਲਾਂ ਨੂੰ ਪੜ੍ਹਿਆ ਹੈ ਤਾਂ ਤੁਸੀਂ ਵੀ ਕਿਹੜਾ ਅਕਲ ਤੋਂ ਕੰਮ ਲਿਆ ਹੈ ।

********

# ਬਣਨਾ ਅਤੇ ਬਣਾਉਣਾ

ਬਣਨਾ ਤਾਂ ਸਾਰਿਆਂ ਨੂੰ ਆਉਂਦਾ ਹੈ, ਪਰ ਬਣਾਉਣਾ ਵਿਰਲਾ ਹੀ ਜਾਣਦਾ ਹੈ। ਇਹ ਇਸ ਲਈ ਕਿ ਬਣਨਾ ਚਾਣਚੱਕ ਹੁੰਦਾ ਹੈ ਅਤੇ ਬਣਾਉਣ ਲਈ ਯਤਨ ਕਰਨਾ ਹੁੰਦਾ ਹੈ ਤੇ ਯਤਨ ਨੂੰ ਕਲਾ ਵਾਂਗ ਸਿੱਖਣਾ ਪੈਂਦਾ ਹੈ। ਮੋਰ ਜਦੋਂ ਮੋਰਨੀ ਦੇ ਸਾਮ੍ਹਣੇ ਖੰਭ ਖਿਲਾਰ ਕੇ ਨੱਚਣ ਲੱਗਦਾ ਹੈ ਤਾਂ ਉਹ ਬਣਦਾ ਹੈ। ਸਾਰੇ ਪਸ਼ੂ ਅਤੇ ਪੰਛੀ ਜਿਨ੍ਹਾਂ ਵਿਚ ਮਨੁੱਖ ਵੀ ਸ਼ਾਮਲ ਹੈ, ਆਪਣੇ ਆਪਣੇ ਢੰਗ ਨਾਲ ਬਣਨ ਦੀ ਕੋਸ਼ਿਸ਼ ਕਰਦੇ ਹਨ—ਕੁਝ ਸਾਰਿਆਂ ਦੇ ਸਾਮ੍ਹਣੇ ਅਤੇ ਕੁਝ ਲੁਕ ਛਿਪ ਕੇ। ਗਧਾ ਸਾਰਿਆਂ ਦੇ ਸਾਮ੍ਹਣੇ ਅਤੇ ਆਦਮੀ ਲੁਕ ਛਿਪ ਕੇ। ਇਨ੍ਹਾਂ ਦੇ ਢੰਗ ਵੀ ਅੱਡਰੇ ਹਨ। ਚਿੜੇ ਨੂੰ ਚੂੰ ਚੂੰ ਕਰਨਾ ਪੈਂਦਾ ਹੈ। ਗਧੇ ਨੂੰ ਹਿਣਕਣਾ। ਚਿੜੀ ਦੇ ਉੱਡ ਜਾਣ ਤੇ ਚਿੜਾ ਨਿਰਾਸ਼ ਹੋ ਕੇ ਟਹਿਣੀ ਤੇ ਜਾ ਬਹਿੰਦਾ ਹੈ। ਗਧੀ ਨੂੰ ਉੱਡਣਾ ਨਹੀਂ ਆਉਂਦਾ ਪਰ ਦੁਲੱਤੀਆਂ ਮਾਰਨੀਆਂ ਜਾਣਦੀ ਹੈ। ਇਕ ਵਿਚਾਰਾ ਕਾਂ ਹੈ ਜਿਸ ਨੂੰ ਸ਼ਾਇਦ ਬਣਨਾ ਵੀ ਨਹੀਂ ਆਉਂਦਾ। ਉਸ ਨੂੰ ਚਾਲਾਕ ਤਾਂ ਕਿਹਾ ਗਿਆ ਹੈ ਪਰ ਉਸ ਦੀ ਚਲਾਕੀ ਸਿਰਫ਼ ਕਹਾਣੀਆਂ ਵਿਚ ਹੀ ਮਿਲਦੀ ਹੈ। ਉਹ ਵਿਚਾਰਾ ਇਸ ਲਈ ਹੈ ਕਿ ਉਸ ਦੇ ਖੰਭ ਕਾਲੇ ਹਨ ਅਤੇ ਰੰਗ-ਭੇਦ ਅਜੇ ਮਨੁੱਖ ਦੀਆਂ ਰਗਾਂ ਵਿਚ ਰਚਿਆ ਹੋਇਆ ਹੈ। ਉਸ ਦੇ ਖੰਭ ਚਾਹੇ ਮੋਰ ਦੇ ਖੰਭਾਂ ਤੋਂ ਵਧੇਰੇ ਚਮਕਦੇ ਹਨ ਪਰ ਉਸ ਦਾ ਤਰਿਸਕਾਰ ਹੀ ਹੁੰਦਾ ਰਿਹਾ ਹੈ। ਜੇ ਬੁਲਬੁਲ ਦੀ ਪੂਛ ਲਾਲ ਨਾ ਹੁੰਦੀ ਤਾਂ ਉਸ ਦੀ ਹਾਲਤ ਕਾਂ ਤੋਂ ਚੰਗੇਰੀ ਨਾ ਹੁੰਦੀ। ਬਗਲਾ ਬਣਨਾ ਜਾਣਦਾ ਹੈ ਅਤੇ ਉਸ ਦੇ ਖੰਭ ਵੀ ਚਿੱਟੇ ਹਨ। ਇਸ ਲਈ ਉਸ ਨੂੰ ਭਗਤ ਕਿਹਾ ਜਾਂਦਾ ਹੈ। ਇਸੇ ਦੀ ਆੜ ਵਿਚ ਉਹ ਕਿੰਨੀਆਂ ਹੀ ਮੱਛੀਆਂ ਹੜੱਪ ਕਰ ਜਾਂਦਾ ਹੈ ਅਤੇ ਡਕਾਰ ਵੀ ਨਹੀਂ ਲੈਂਦਾ। ਕੁਝ ਸਾਧ ਵੀ ਇਕ ਟੰਗ ਦੇ ਭਾਰ ਤਪ ਕਰਦੇ ਵੇਖੇ ਗਏ ਹਨ ਜਿਹੜੇ ਬਣਨਾ ਅਤੇ ਬਣਾਉਣਾ ਦੋਵੇਂ ਹੀ ਜਾਣਦੇ ਹਨ।

ਇੱਥੇ ਪਹੁੰਚ ਕੇ ਮੈਨੂੰ ਲੱਗਦਾ ਹੈ ਕਿ ਪਸ਼ੂ ਅਤੇ ਮਨੁੱਖ ਵਿਚ ਫ਼ਰਕ ਪੈਣ ਲੱਗ ਜਾਂਦਾ ਹੈ, ਫਰਕ ਚਾਹੇ ਕਿੰਨਾ ਹੀ ਓਪਰਾ ਕਿਉਂ ਨ ਹੋਵੇ ਫਾਸਲਾ ਵੱਧਣ ਲਗਦਾ ਹੈ, ਚਾਹੇ ਵਾਧਾ ਕਿੰਨਾ ਵੀ ਥੋੜਾ ਕਿਉਂ ਨ ਹੋਵੇ। ਇਸ ਲਈ ਕਿ ਪਸ਼ੂ ਅਤੇ ਪੰਛੀ ਸਿਰਫ਼ ਬਣਨਾ ਜਾਣਦੇ ਹਨ, ਪਰ ਮਨੁੱਖ ਨੇ ਬਣਾਉਣਾ ਵੀ ਸਿਖ ਲਿਆ ਹੈ, ਬਗਲਾ ਅਚਾਨਕ ਇਕ ਟੰਗ ਤੇ ਖੜ੍ਹਾ ਹੋ ਕੇ ਬਣਦਾ ਹੈ। ਸਾਧੂ ਯਤਨ ਸਦਕਾ ਇਕ ਲੱਤ ਉਤੇ ਖੜ੍ਹਾ ਹੋ ਕੇ ਹੋਰਨਾਂ ਨੂੰ ਬਣਾਉਂਦਾ ਵੀ ਹੈ। ਇਨ੍ਹਾਂ ਬਣਨ ਅਤੇ ਬਣਾਉਣ ਵਾਲਿਆਂ ਦੀਆਂ ਕਈ ਕਿਸਮਾਂ ਹਨ ਜਿਨ੍ਹਾਂ ਵਿਚ ਇਕ ਰਾਜਨੀਤੀ ਦੇ ਆਗੂਆਂ ਦੀ, ਦੂਜੀ ਸਮਾਜਿਕ ਚੌਧਰੀਆਂ ਦੀ, ਤੀਜੀ ਕਲਾਕਾਰਾਂ ਦੀ, ਚੌਥੀ ਸੇਵਕ ਸੇਵਿਕਾਵਾਂ ਦੀ, ਪੰਜਵੀਂ ਚੋਣਾਂ ਲੜਨ ਵਾਲਿਆਂ ਦੀ, ਛੇਵੀਂ ਦਲਾਲਾਂ ਦੀ ਜਿਸ ਵਿਚ

ਕਈ ਕਿਸਮ ਦੀ ਦਲਾਲੀ ਕਰਨੀ ਪੈਂਦੀ ਹੈ । ਅੱਜਕਲ੍ਹ ਆਗੂਪੁਣੇ ਅਤੇ ਚੌਧਰਪੁਣੇ ਦਾ ਰੋਗ ਇੰਨਾ ਫੈਲ ਗਿਆ ਹੈ ਕਿ ਇਹ ਕਲਾਕਾਰਾਂ ਨੂੰ ਵੀ ਲੱਗ ਗਿਆ ਹੈ । ਸੰਗੀਤਕਾਰ ਆਪ ਬਣਨਾ ਵੱਧ ਜਾਣਦਾ ਹੈ, ਹੋਰਨਾਂ ਨੂੰ ਬਣਾਉਣਾ ਬਹੁਤ ਘੱਟ । ਅਜਿਹਾ ਕਰਨ ਲਈ ਬੜੀ ਸਖਤ ਮਿਹਨਤ ਕਰਨੀ ਅਤੇ ਕਰਾਉਣੀ ਪੈਂਦੀ ਹੈ- ਚਿਲਮ ਭਰਾਉਣ ਤੋਂ ਲੈ ਕੇ ਪੈਰ ਘੁਟਣ ਤੱਕ । ਸੰਗੀਤਕਾਰ ਨੂੰ ਬਣਾਉਣ ਵਿਚ ਮੁਸ਼ਕਿਲ ਇਹ ਪੈ ਜਾਂਦੀ ਹੈ ਕਿ ਸੰਗੀਤ ਸਿਖ ਕੇ ਸਾਰਿਆਂ ਨੂੰ ਸੁਣਾਉਣਾ ਪੈਂਦਾ ਹੈ ਪਰ ਸਾਹਿਤਕਾਰ ਨੂੰ ਬਣਾਉਣ ਵਿਚ ਇਹ ਮੁਸੀਬਤ ਨਹੀਂ ਆਉਂਦੀ । ਮੈਂ ਕਿੰਨੇ ਸਾਰੇ ਕਵੀਆਂ ਅਤੇ ਕਹਾਣੀਕਾਰਾਂ ਨੂੰ ਜਾਣਦਾ ਹਾਂ ਜਿਨ੍ਹਾਂ ਨੂੰ ਬਣਾਇਆ ਗਿਆ ਹੈ । ਲੇਖਕਾਂ ਨੂੰ ਬਣਾਉਣ ਦੀ ਬਜਾਏ ਲੇਖਿਕਾਵਾਂ ਨੂੰ ਬਣਾਉਣ ਵਿਚ ਲੋਕਾਂ ਦੀ ਵੱਧ ਰੁਚੀ ਹੈ ਜਿਹੜੀ ਕੁਦਰਤੀ ਗੱਲ ਹੈ । ਕਵਿਤਰੀ ਅਤੇ ਕਹਾਣੀ-ਲੇਖਿਕਾ ਨੂੰ ਤਾਂ ਬਣਾਇਆ ਜਾ ਸਕਦਾ ਹੈ ਅਤੇ ਇਨ੍ਹਾਂ ਦੀਆਂ ਕਿਰਤਾਂ ਨੂੰ ਇਨ੍ਹਾਂ ਦੇ ਨਾਂ ਤੇ ਛਪਵਾਇਆ ਵੀ ਜਾ ਸਕਦਾ ਹੈ । ਸ਼ਾਇਰ ਪਹਿਲਾਂ ਵੀ ਬਣਾਏ ਜਾਂਦੇ ਸਨ ਪਰ ਕੇਵਲ ਸੁਧਾਈ ਕਰਕੇ, ਪਰ ਅੱਜਕਲ੍ਹ ਪੂਰੀ ਕਵਿਤਾ ਜਾਂ ਕਹਾਣੀ ਲਿਖ ਕੇ ਦਿਤੀ ਜਾਂਦੀ ਹੈ, ਅਜੇ ਤੱਕ ਮੌਲਿਕ ਨਾਵਲਕਾਰ ਨਹੀਂ ਬਣਾਏ ਗਏ, ਪਰ ਇਕ ਭਾਸ਼ਾ ਤੋਂ ਦੂਜੀ ਭਾਸ਼ਾ ਵਿਚ ਜ਼ਰੂਰ ਬਣਾਏ ਗਏ ਹਨ । ਅਨੁਵਾਦਕ ਸ਼ਬਦ ਜਾਂ ਅਨੁਵਾਦਕ ਦਾ ਨਾਂ ਇਨ੍ਹਾਂ ਕਿਰਤਾਂ ਤੇ ਨਹੀਂ ਹੁੰਦਾ । ਸ਼ਾਇਦ ਨਿੱਕਾ-ਨਾਵਲਕਾਰ ਬਣਾਉਣਾ ਸੰਭਵ ਹੋਵੇ । ਇਸੇ ਤਰ੍ਹਾਂ ਆਲੋਚਕ ਬਣਾਉਣਾ ਤਾਂ ਕਠਿਨ ਹੈ ਲੇਕਿਨ ਡਾਕਟਰ ਬਣਾਉਣਾ ਸੌਖਾ ਹੈ । ਇਕ ਵਾਰ ਹੀ ਕਿਸੇ ਦਾ ਥੀਸਿਸ ਲਿਖਣਾ ਪੈਂਦਾ ਹੈ ਪਰ ਅਜਿਹਾ ਕਰਕੇ ਮੌਖਿਕ ਪਰੀਖਿਆ ਤੋਂ ਛੋਟ ਦਿਵਾਉਣੀ ਪੈਂਦੀ ਹੈ । ਇਹ ਵੀ ਮੇਰੇ ਸੁਣਨ ਵਿਚ ਆਇਆ ਹੈ ਕਿ ਦੋ-ਚਾਰ ਵਿਦਵਾਨਾਂ ਨੇ ਇਹ ਧੰਦਾ ਵੀ ਚਲਾਇਆ ਹੋਇਆ ਹੈ ਪਰ ਇਨ੍ਹਾਂ ਦੀ ਰੁਚੀ ਜਿੰਨੀ ਬੰਦੇ ਵਿਚ ਨਹੀਂ ਉਨੀ ਪੈਸੇ ਵਿਚ ਹੈ । ਸਾਹਿਤਕਾਰਾਂ ਦੀ ਰੁਚੀ ਤਾਂ ਬੰਦੇ ਵਿਚ ਹੁੰਦੀ ਹੈ ।

ਇਸ ਤਰ੍ਹਾਂ ਲੇਖਿਕਾਵਾਂ ਨੂੰ ਬਣਾਇਆ ਜਾਂਦਾ ਹੈ ਪਰ ਲੇਖਕ ਬਣਨ ਦੇ ਆਪੋ ਆਪਣੇ ਆਪਣੇ ਤਰੀਕੇ ਹਨ । ਹਰੇਕ ਲੇਖਕ ਦੇ ਕੋਲ ਛੋਟੀ-ਵੱਡੀ, ਮਹਿੰਗੀ-ਸਸਤੀ ਕਾਪੀ ਹੁੰਦੀ ਹੈ । ਇਸ ਦਾ ਆਕਾਰ ਅਤੇ ਰੂਪ ਉਸ ਦੇ ਮਿਆਰ ਅਨੁਸਾਰ ਹੁੰਦਾ ਹੈ । ਛੋਟਾ ਲੇਖਕ ਇਸ ਨੂੰ ਜੇਬ ਵਿਚ ਰੱਖਦਾ ਹੈ ਅਤੇ ਵੱਡਾ ਚਮੜੇ ਦੇ ਬੈਗ ਵਿਚ ਤਾਂ ਜੋ ਤੁਰਦੇ ਫਿਰਦੇ ਮੂਡ ਆਉਣ ਤੇ ਉਹ ਕਵਿਤਾ ਜਾਂ ਕਹਾਣੀ ਲਿਖ ਸਕੇ । ਕਹਾਣੀ ਲਈ ਉਸ ਨੂੰ ਲੋਕਾਂ ਦੀ ਗੱਲਬਾਤ ਵੀ ਨੋਟ ਕਰਨੀ ਪੈਂਦੀ ਹੈ ਅਤੇ ਕਵਿਤਾ ਲਈ ਉਸ ਨੂੰ ਆਕਾਸ਼ ਦੇ ਬਦਲਦੇ ਰੰਗਾਂ ਅਤੇ ਮੌਸਮ ਦੇ ਬਦਲਦੇ ਰੂਪਾਂ ਨੂੰ । ਇਹ ਇਸ ਲਈ ਜ਼ਰੂਰੀ ਹੈ ਕਿ ਦੁਨੀਆ ਦੇ ਮਹਾਨ ਸਾਹਿਤਕਾਰ ਬਾਅਦ ਵਿਚ ਰਚਨਾਵਾਂ ਲਈ ਕਾਪੀ ਅਤੇ ਚਮੜੇ ਦਾ ਬੈਗ ਰੱਖਦੇ ਸਨ । ਅੱਜਕਲ੍ਹ ਜੇ ਰੈਕੱਸੀਨ ਦੇ ਬੈਗ ਦਾ ਰਿਵਾਜ ਵੱਧ ਰਿਹਾ ਹੈ ਤਾਂ ਸਿਰਜਨ ਦਾ ਮਿਆਰ ਇਸ

ਜਿੰਨਾ ਹੀ ਘੱਟ ਰਿਹਾ ਹੈ । ਜੇ ਇਸ ਦੇ ਮਿਆਰ ਨੂੰ ਉੱਪਰ ਚੁਕਣਾ ਹੈ ਤਾਂ ਇਸ ਲਈ ਆਸਥਾ-ਅਨਾਸਥਾ ਦਾ ਰੌਲਾ ਪਾਉਣਾ ਇੰਨਾ ਜ਼ਰੂਰੀ ਨਹੀਂ ਜਿੰਨਾ ਚਮੜੇ ਦੇ ਬੈਗ ਦਾ ਪ੍ਰਚਾਰ ਕਰਨਾ । ਕੁਝ ਲੇਖਕਾਂ ਨੇ ਹੁਣ ਕੱਪੜੇ ਦਾ ਥੈਲਾ ਰੱਖਣਾ ਸ਼ੁਰੂ ਕਰ ਦਿਤਾ ਹੈ । ਇਸ ਲਈ ਇਨ੍ਹਾਂ ਦੀਆਂ ਰਚਨਾਵਾਂ ਮਾੜੇ-ਮੋਟੇ ਰਸਾਲਿਆਂ ਵਿਚ ਛਪਣਯੋਗ ਹੀ ਰਹਿ ਜਾਂਦੀਆਂ ਹਨ । ਇਕ ਵੱਡਾ ਲੇਖਕ ਬਣਨ ਲਈ ਪੈਨ ਦੀ ਥਾਂ ਇਕ ਕੀਮਤੀ ਇੰਕ-ਪੈਨ ਰੱਖਣਾ ਬੜਾ ਜ਼ਰੂਰੀ ਹੈ ਕਿਉਂਕਿ ਪੈਨ ਦੀ ਸਿਆਹੀ ਬਿਲਕੁਲ ਉਸ ਵੇਲੇ ਜਵਾਬ ਦੇ ਦਿੰਦੀ ਹੈ ਜਦੋਂ ਸਿਰਜਨ ਦੀ ਧਾਰਾ ਬੇਰੋਕ ਚਾਲ ਨਾਲ ਵਹਿਣ ਲੱਗਦੀ ਹੈ। ਨਤੀਜੇ ਵਜੋਂ ਰਚਨਾ ਅਧੂਰੀ ਰਹਿ ਜਾਂਦੀ ਹੈ । ਉਸ ਦਾ ਨਾਂ ਪਹਿਲਾਂ ਤੋਂ ਹੀ ਦੱਸਿਆ ਗਿਆ ਹੁੰਦਾ ਹੈ ਪਰ ਉਸ ਨੂੰ ਪੂਰਾ ਨਹੀਂ ਕੀਤਾ ਜਾਂਦਾ । ਜੇ ਇੰਕ ਪੈਨ ਨਾਲ ਲਿਖਣ ਦੀ ਆਦਤ ਪਈ ਹੁੰਦੀ ਤਾਂ ਰਚਨਾ ਅਧੂਰੀ ਨਾ ਰਹਿੰਦੀ । ਨਵਾਂ ਲੇਖਕ ਸ਼ੁਰੂ ਸ਼ੁਰੂ ਵਿਚ ਹੱਥ ਨਾਲ ਲਿਖਦਾ ਹੈ ਪਰ ਬਾਅਦ ਵਿਚ ਉਸ ਨੂੰ ਜਾਂ ਤਾਂ ਕੋਈ ਲੇਖਿਕਾ ਲੱਭਣੀ ਪੈਂਦੀ ਹੈ ਜਾਂ ਕੋਈ ਬਣਾਉਣੀ ਪੈਂਦੀ ਹੈ ਜਾਂ ਆਪ ਟਾਈਪ ਕਰਨ ਦੀ ਆਦਤ ਪਾਉਣੀ ਪੈਂਦੀ ਹੈ । ਹਰ ਲੇਖਕ ਅਕਸਰ ਆਪਣਾ ਸਾਹਿਤਕ ਜੀਵਨ ਕਵਿਤਾ ਤੋਂ ਸ਼ੁਰੂ ਕਰਦਾ ਹੈ, ਮਾੜੀਆਂ ਮੋਟੀਆਂ ਪੱਤ੍ਰਿਕਾਵਾਂ ਦੀ ਮੰਜ਼ਿਲ ਪਾਰ ਕਰਕੇ ਉਤਲੇ ਪੱਧਰ ਦੀਆਂ ਪੱਤ੍ਰਿਕਾਵਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹੈ । ਪਹਿਲਾਂ ਲੇਖਕ ਬਣਨ ਲਈ ਨਵੇਂ ਪਹਿਲੂ ਦੀ ਖੋਜ ਲਈ ਭਟਕਣਾ ਪੈਂਦਾ ਸੀ, ਅਮਰਨਾਥ ਤੋਂ ਲੈ ਕੇ ਆਖਰੀ ਚੱਟਾਣ ਤੱਕ ਘੁੰਮਣਾ ਪੈਂਦਾ ਸੀ, ਰਾਤ ਨੂੰ ਬਾਰਾਂ ਵਜੇ ਤੋਂ ਬਾਅਦ ਘਰਾਂ ਦੇ ਬੰਦ ਬੂਹਿਆਂ ਨਾਲ ਕੰਨ ਲਾ ਕੇ ਕਹਾਣੀ ਲਈ ਕੱਚੇ ਮਾਲ ਦੀ ਭਾਲ ਕਰਨੀ ਪੈਂਦੀ ਸੀ, ਕਾਰਖਾਨਿਆਂ ਵਿਚ ਤੇਲ ਦੀ ਬਦਬੂ ਸੁੰਘਣੀ ਪੈਂਦੀ ਸੀ, ਕਵਿਤਾ ਲਿਖਣ ਲਈ ਪਹਾੜਾਂ ਦੀ ਸੈਰ ਕਰਨੀ ਪੈਂਦੀ ਸੀ, ਯਾਨੀ ਟੁਰਨਾ ਫਿਰਨਾ ਪੈਂਦਾ ਸੀ; ਪਰ ਹੁਣ ਨਵੇਂ ਪਹਿਲੂ ਨੂੰ ਖੋਲ੍ਹਣ ਲਈ ਇਸ ਦੀ ਲੋੜ ਨਹੀਂ। ਹੁਣ ਕਾਫੀ-ਘਰ ਜਾਂ ਬੀਅਰ-ਘਰ ਵਿਚ ਬੈਠ ਕੇ ਹੀ ਨਵੇਂ ਮਜ਼ਮੂਨਾਂ ਨੂੰ ਉਘਾੜਿਆ ਜਾ ਸਕਦਾ ਹੈ । ਇਸੇ ਨੂੰ ਹੀ ਬੋਧ ਦਾ ਬਦਲਣਾ ਕਿਹਾ ਜਾਂਦਾ ਹੈ । ਬਾਪ ਨਾਲ ਬਹਿ ਕੇ ਜੇ ਪੀਤੀ ਜਾਂਦੀ ਹੈ ਤਾਂ ਇਸ ਨਾਲ ਜ਼ਿੰਦਗੀ ਦਾ ਨਵਾਂ ਪਹਿਲੂ ਖੁੱਲ੍ਹਦਾ ਹੈ ਜਾਂ ਪਿਤਾ-ਪੁੱਤਰ ਵਿਚ ਨਵਾਂ ਸਬੰਧ ਸਥਾਪਿਤ ਹੁੰਦਾ ਹੈ । ਜੇ ਪੱਖਾਂ ਵਿਚ ਮਜ਼ਮੂਨਾਂ ਵਾਂਗ ਕਵਿਤਾ-ਕਹਾਣੀ ਵਿਚ ਬਹੁ-ਰੂਪਤਾ ਲਿਆਉਣੀ ਹੋਵੇ ਤਾਂ ਬੀਅਰ-ਘਰ ਵਿਚ ਮਨੁੱਖ ਡੇਢ ਇੰਚ ਉਪਰ ਉਠ ਸਕਦਾ ਹੈ, ਸ਼ਰਾਬ-ਖਾਨੇ ਵਿਚ ਡੇਢ ਫੁੱਟ ਉਪਰ ਪਰ ਇੰਚ ਤੇ ਫੁੱਟ ਪੁਰਾਣੇ ਪੈਮਾਨੇ ਹਨ । ਅੱਜ ਤਾਂ ਮੀਟਰਾਂ ਵਿਚ ਉਠਣਾ ਲਾਜ਼ਮੀ ਹੋ ਗਿਆ ਹੈ । ਸਿਰਜਨ ਦੀ ਗੱਲ ਵੀ ਪੁਰਾਣੀ ਪੈ ਚੁੱਕੀ ਹੈ। ਅੱਜ ਦਾ ਸਾਹਿਤਕਾਰ ਜੋ ਕੁਝ ਵੀ ਲਿਖਦਾ ਹੈ ਉਸ ਨੂੰ ਸਿਰਜਨ ਦੇ ਵਰਗ ਵਿਚ ਰੱਖਣਾ ਹੁੰਦਾ ਹੈ, ਨਾ ਕਿ ਸਿਰਜਨ ਦੇ ਆਧਾਰ ਤੇ ਉਸ ਦੀਆਂ ਰਚਨਾਵਾਂ ਦਾ ਮੁੱਲ ਪਾਉਣਾ। ਅੱਜ ਬਿਨਾਂ ਕਲਾਤਮਕ ਢੰਗ ਨਾਲ ਕਹਿਣ ਵਿਚ ਹੀ ਕਲਾ ਵਿਖਾਉਣੀ ਪੈਂਦੀ ਹੈ । ਜੇ ਆਲੋਚਕ ਇਸ ਨੂੰ ਪੂਰੇ ਨੰਬਰ ਨਹੀਂ ਦਿੰਦਾ ਤਾਂ

ਕਸੂਰ ਉਸ ਦੀ ਬੌਧਿਕ ਆਲਸ ਦਾ ਹੈ । ਇਸ ਲਈ ਆਲੋਚਕ ਆਧੁਨਿਕ ਕਿਰਤਾਂ ਵਿਚ ਸਰੀਰਕ ਨੇੜਤਾ ਜਾਂ ਖੁੱਲ੍ਹੇ ਚਿਤਰਣ ਨੂੰ ਪ੍ਰਾਪਤੀ ਦੇ ਰੂਪ ਵਿਚ ਪਕੜ ਨਹੀਂ ਸਕਦਾ । ਇਹ ਕਹਿਣਾ ਕਿ ਲੇਖਕ ਝੂਠਾ ਹੈ, ਇਸ ਲਈ ਉਸ ਦੀ ਕਿਰਤ ਵੀ ਝੂਠੀ ਹੈ, ਠੀਕ ਨਹੀਂ ਜਾਪਦਾ। ਕਿਹੜਾ ਮਹਾਨ ਲੇਖਕ ਵਿਅਕਤੀਗਤ ਜੀਵਨ ਵਿਚ ਝੂਠ ਨਹੀਂ ਬੋਲਦਾ ਸੀ ! 'ਇਸੇ ਤਰ੍ਹਾਂ ਸ਼ੁੱਧ-ਕਵਿਤਾ ਅਤੇ ਸ਼ੁੱਧ ਕਥਾ-ਸਾਹਿਤ ਵਿਚ ਕਿਸੇ ਤਰ੍ਹਾਂ ਦੀ ਮਿਲਾਵਟ ਨਹੀਂ ਸਮਾ ਸਕਦੀ । ਇਹ ਮਿਲਾਵਟ ਚਾਹੇ ਪੱਤਰਕਾਰੀ ਹੋਵੇ, ਚਾਹੇ ਜ਼ੁਬਾਨ ਚੱਲਣ ਦੀ ਗੱਲ। ਇਹ ਸ਼ੁੱਧਤਾ ਮੱਖਣ ਦੀ ਹੋਵੇ ਜਾਂ ਘਿਉ ਦੀ—ਇਸ ਦੇ ਬਾਰੇ ਰਾਏ ਦੇਣਾ ਕਠਿਨ ਹੈ ।

ਅੱਜ ਲੇਖਕ ਬਣਨ ਲਈ ਆਪਣੀਆਂ ਚਿੱਠੀਆਂ ਦੀਆਂ ਨਕਲਾਂ ਵੀ ਸੰਭਾਲ ਕੇ ਰੱਖਣੀਆਂ ਪੈਂਦੀਆਂ ਹਨ ਤਾਂ ਜੋ ਕਾਇਮ ਹੋਣ ਮਗਰੋਂ ਇਹ ਕੰਮ ਆ ਸਕਣ । ਮੇਰੇ ਇਕ ਕਵੀ ਦੋਸਤ ਹੱਥ ਨਾਲ ਚਿੱਠੀ ਇਸ ਤਰ੍ਹਾਂ ਲਿਖਦੇ ਹਨ ਕਿ ਕਵਿਤਾ ਨਜ਼ਰ ਆਉਂਦੀ ਹੈ । ਇਕ ਹੋਰ ਕਹਾਣੀਕਾਰ ਮਿੱਤਰ ਲੰਬੀਆਂ ਲੰਬੀਆਂ ਚਿੱਠੀਆਂ ਨੂੰ ਟਾਈਪ ਕਰਵਾ ਕੇ ਭੇਜਦੇ ਹਨ । ਇਨ੍ਹਾਂ ਵਿਚ ਕੁਝ ਵਾਕਾਂ ਦੇ ਥੱਲੇ ਉਹ ਲਾਲ ਪੈਨਸਿਲ ਨਾਲ ਲਕੀਰਾਂ ਵੀ ਮੇਰੀ ਸਹੂਲਤ ਲਈ ਲਾ ਦਿੰਦੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਨੂੰ ਸਮਝਣ ਲਈ ਇਹ ਬੜਾ ਜ਼ਰੂਰੀ ਹੈ। ਜੇ ਅੱਜ ਦੇ ਲੇਖਕ ਦੀਆਂ ਰਚਨਵਾਂ ਵਿਚ ਬੁਝਾਰਤਾਂ ਨੂੰ ਬੁਝਿਆ ਨਹੀਂ ਜਾਂਦਾ ਤਾਂ ਦੋਸ਼ ਪਾਠਕ ਦਾ ਹੈ ਜਿਹੜਾ ਤੇਜ਼ੀ ਨਾਲ ਬਦਲਦੇ ਯੁੱਗ ਵਿਚ ਆਪਣੀ ਬੌਧਿਕ ਆਲਸ ਦੇ ਕਾਰਣ ਪਿਛੜ ਜਾਂਦਾ ਹੈ ਅਤੇ ਇਸ਼ਾਰਿਆਂ ਅਤੇ ਪਹੇਲੀਆਂ ਨੂੰ ਸਮਝਣ ਵਿਚ ਤਿਲਕ ਜਾਂਦਾ ਹੈ । ਇਨ੍ਹਾਂ ਦਾ ਇਹ ਵੀ ਦਾਅਵਾ ਹੈ ਕਿ ਉਨ੍ਹਾਂ ਦੀਆਂ ਚਿੱਠੀਆਂ ਉਨ੍ਹਾਂ ਦੀਆਂ ਰਚਨਾਵਾਂ ਨੂੰ ਖੋਲ੍ਹਣ ਲਈ ਕੁੰਜੀਆਂ ਹਨ ਅਤੇ ਮਜ਼ਬੂਤ ਜਿੰਦਰਿਆਂ ਨੂੰ ਖੋਲ੍ਹਣ ਲਈ ਲੇਖਕ ਦੀਆਂ ਕੁੰਜੀਆਂ ਹੀ ਕੰਮ ਕਰ ਸਕਦੀਆਂ ਹਨ । ਇਨ੍ਹਾਂ ਚਿੱਠੀਆਂ ਵਿਚ ਸਾਹਿਤਕਾਰ ਆਪਣੀ ਸ਼ਖ਼ਸੀਅਤ ਅਤੇ ਉਸ ਦੀਆਂ ਕਿਰਤਾਂ ਦੋਵਾਂ 'ਤੇ ਹੀ ਚਾਨਣਾ ਪਾ ਕੇ ਆਪਣਾ ਅਭਿਨੰਦਨ ਕਰਵਾ ਸਕੇ । ਇਸ ਤਰ੍ਹਾਂ ਅੱਜ ਲੇਖਕ ਬਣਨ ਅਤੇ ਬਣਾਉਣ ਲਈ ਨਵੇਂ ਸਾਧਨਾਂ ਨੂੰ ਅਪਨਾਉਣਾ ਪੈਂਦਾ ਹੈ ।

********

## ਅਭਿਨੰਦਨ ਤੇ [1]

ਸਾਹਿਤਕਾਰ ਦੇ ਨਾਤੇ ਮੇਰਾ ਅਭਿਨੰਦਨ ਪੰਜਾਬ ਸਰਕਾਰ ਸ਼ਾਇਦ ਇਸ ਲਈ ਕਰ ਰਹੀ ਹੈ ਕਿ ਅੱਜ ਦਾ ਯੁੱਗ ਅਭਿਨੰਦਨ ਅਤੇ ਉਦਘਾਟਨ ਦਾ ਹੈ—ਵਿਅਕਤੀ ਦਾ ਅਭਿਨੰਦਨ ਅਤੇ ਵਸਤੂ ਦਾ ਉਦਘਾਟਨ । ਮੈਂ ਸਰਕਾਰ ਦੇ ਭਾਸ਼ਾ ਵਿਭਾਗ ਦਾ ਇਸ ਲਈ ਧੰਨਵਾਦੀ ਹਾਂ ਕਿ ਉਹ ਮੇਰਾ ਉਦਘਾਟਨ ਨਹੀਂ ਕਰ ਰਿਹਾ ਹੈ, ਉਹ ਮੈਨੂੰ ਵਸਤੂ ਨਹੀਂ ਸਮਝ ਰਿਹਾ ਹੈ । ਇਕ ਵਿਅਕਤੀ ਹੋਣ ਦੇ ਨਾਤੇ ਮੈਨੂੰ ਲੱਗ ਰਿਹਾ ਹੈ ਕਿ ਮੇਰਾ ਜਲੂਸ ਜ਼ਰੂਰ ਕੱਢ ਰਿਹਾ ਹੈ । ਹੁਣ ਤੱਕ ਮੈਂ ਹੋਰਨਾਂ ਦੇ ਜਲੂਸ ਵੇਖਦਾ ਆਇਆ ਹਾਂ । ਮੈਨੂੰ ਤਮਾਸ਼ਬੀਨੀ ਦੀ ਆਦਤ ਹੈ ਪਰ ਅੱਜ ਤਾਂ ਮੈਂ ਆਪ ਹੀ ਤਮਾਸ਼ਾ ਬਣ ਗਿਆ ਹਾਂ ਜਾਂ ਬਣਾਇਆ ਗਿਆ ਹਾਂ । ਹੋਣੀ ਤਾਂ ਵਾਪਰ ਚੁੱਕੀ ਹੈ, ਇਸ ਨੂੰ ਹੁਣ ਪਰਤਾਇਆ ਨਹੀਂ ਜਾ ਸਕਦਾ । ਇਸ ਨੂੰ ਪਰਤਾਉਣ ਦੀ ਸ਼ਕਤੀ ਤਾਂ ਭਗਵਾਨ ਵਿਚ ਵੀ ਨਹੀਂ, ਜਿਸ ਨੂੰ ਇੰਨਾ ਸ਼ਕਤੀਸ਼ਾਲੀ ਸਮਝਿਆ ਜਾਂਦਾ ਹੈ । ਇਸ ਨੂੰ ਭੋਗਣ ਤੋਂ ਸਿਵਾ ਮੇਰੇ ਕੋਲ ਹੁਣ ਚਾਰਾ ਹੀ ਕੀ ਹੈ !

ਮੈਂ ਸੱਚ ਕਹਿੰਦਾ ਹਾਂ ਕਿ ਮੈਂ ਲੇਖਕ ਨਹੀਂ ਹਾਂ, ਇਹ ਮੈਂ ਵਿਨੈ-ਭਾਵ ਨਾਲ ਨਹੀਂ ਕਹਿ ਰਿਹਾ, ਅਹੰ-ਭਾਵ ਨਾਲ ਕਹਿ ਰਿਹਾ ਹਾਂ। ਜੇ ਪੰਜਾਬ ਸਰਕਾਰ ਨੂੰ ਮੇਰੇ ਸਾਹਿਤਕਾਰ ਹੋਣ ਦਾ ਵਹਿਮ ਹੋ ਗਿਆ ਹੈ ਤਾਂ ਮੇਰਾ ਕੋਈ ਕਸੂਰ ਨਹੀਂ । ਮੈਂ ਤਾਂ ਕਦੇ ਵੀ ਲੇਖਕ ਬਣਨ ਦਾ ਜੁਰਮ ਨਹੀਂ ਕੀਤਾ। ਇਹ ਹੋ ਸਕਦਾ ਹੈ ਕਿ ਮੇਰਾ ਅਭਿਨੰਦਨ ਇਕ ਅਸਫਲ ਲੇਖਕ ਦੇ ਨਾਤੇ ਕੀਤਾ ਗਿਆ ਹੋਵੇ । ਪ੍ਰੇਮ ਚੰਦ ਨੇ ਠੀਕ ਕਿਹਾ ਸੀ ਕਿ ਅਸਫਲ ਲੇਖਕ ਹੀ ਆਲੋਚਕ ਬਣ ਜਾਂਦਾ ਹੈ। ਇਸ ਦੇ ਨਾਲ ਜੇ ਇਹ ਜੋੜ ਦਿਤਾ ਜਾਵੇ ਕਿ ਅਸਫਲ ਬੰਦਾ ਹੀ ਹੋਰਨਾਂ ਦੀ ਆਲੋਚਨਾ ਅਤੇ ਨਿੰਦਾ ਕਰਨ ਲੱਗ ਜਾਂਦਾ ਹੈ ਤਾਂ ਅਨੁਚਿਤ ਨਹੀਂ ਹੋਵੇਗਾ । ਮੇਰੇ ਲੇਖਕ ਨਾ ਹੋਣ ਦਾ ਇਕ ਕਾਰਣ ਇਹ ਵੀ ਹੈ ਕਿ ਮੈਂ ਇਕ ਸਾਧਾਰਣ ਵਿਅਕਤੀ ਹਾਂ—ਵੇਖਣ ਵਿਚ, ਰਹਿਣ-ਸਹਿਣ ਵਿਚ, ਸ਼ਕਲ-ਸੂਰਤ ਵਿਚ । ਲੇਖਕ ਤਾਂ ਅਸਾਧਾਰਣ ਵਿਅਕਤੀ ਹੁੰਦਾ ਹੈ । ਇਸ ਤੋਂ ਇਲਾਵਾ ਲੇਖਕ ਵਾਂਗ ਮੈਂ ਥਾਂ ਥਾਂ ਦਾ ਪਾਣੀ ਵੀ ਨਹੀਂ ਪੀਤਾ । ਕੇਵਲ ਨਲਕੇ ਦਾ ਪਾਣੀ ਪੀਣ ਵਾਲਾ ਲੇਖਕ ਨਹੀਂ ਬਣ ਸਕਦਾ। ਮੈਂ ਆਪਣੇ ਮਕਾਨ ਵਿੱਚੋਂ ਬਹੁਤ ਘੱਟ ਬਾਹਰ

---

[1] ਅਭਿਨੰਦਨ ਦੇ ਸਮੇਂ ਦਿਤਾ ਗਿਆ ਜੁਆਬ (1 ਮਾਰਚ, 1964)

ਨਿਕਲਿਆ ਹਾਂ । ਮੇਰੀ ਜ਼ਿੰਦਗੀ ਸੀਮਤ ਹੀ ਰਹੀ ਹੈ, ਤਜਰਬਿਆਂ ਤੋਂ ਵਾਂਜੀ । ਹੁਣ ਤੱਕ ਮੈਨੂੰ ਚਾਰ ਘਟਨਾਵਾਂ ਦਾ ਪਤਾ ਹੈ--ਇਕ ਪੈਦਾ ਹੋਣ ਦੀ, ਦੂਜੀ ਖੇਡਦੇ ਸਮੇਂ ਗਲ੍ਹ ਤੇ ਗੁੱਲੀ ਲੱਗਣ ਦੀ, ਤੀਜੀ ਸਕੂਟਰ ਤੋਂ ਡਿੱਗਣ ਦੀ ਅਤੇ ਚੌਥੀ ਘਟਨਾ ਜਿਹੜੀ ਅੱਜ ਹੋ ਰਹੀ ਹੈ ਅਤੇ ਪੰਜਵੀਂ ਘਟਨਾ ਜਦੋਂ ਘਟੇਗੀ ਤਾਂ ਉਸ ਦਾ ਮੈਨੂੰ ਅਹਿਸਾਸ ਨਹੀਂ ਹੋਣਾ। ਇਸ ਲਈ ਤਜਰਬੇ ਤੋਂ ਬਿਨਾਂ ਲਿਖਿਆ ਕਿਵੇਂ ਜਾ ਸਕਦਾ ਸੀ ਅਤੇ ਲੇਖਕ ਕਿਵੇਂ ਬਣਿਆ ਜਾ ਸਕਦਾ ਸੀ । ਮੇਰੇ ਵਿਚ ਤਾਂ ਨਾ ਲੇਖਕ ਦੇ ਗੁਣ ਹਨ ਤੇ ਨਾ ਹੀ ਲੱਛਣ । ਜੇ ਅੱਜ ਲੇਖਕ ਬਣਾਇਆ ਗਿਆ ਹਾਂ ਤਾਂ ਬੇਰੰਗ ਲੇਖਕ ਕਿਹਾ ਜਾ ਸਕਦਾ ਹਾਂ ਜਿਸ ਉਤੇ ਭਾਸ਼ਾ ਵਿਭਾਗ ਨੇ ਸਰਕਾਰੀ ਟਿਕਟ ਲਾ ਦਿਤੀ ਹੈ, ਪਰ ਇਸ ਵਹਿਮ ਦੇ ਆਸਰੇ ਕਦੋਂ ਤੱਕ ਜੀਅ ਸਕਦਾ ਹਾਂ । ਮੈਨੂੰ ਆਸ ਹੈ ਕਿ ਸਰਕਾਰੀ ਟਿਕਟ ਦੇ ਲਹਿਣ ਵਿਚ ਬਹੁਤਾ ਸਮਾਂ ਨਹੀਂ ਲੱਗਦਾ। ਇਸ ਉਤੇ ਗੂੰਦ ਘਟ ਹੀ ਲੱਗੀ ਹੁੰਦੀ ਹੈ । ਜਦੋਂ ਤੱਕ ਇਹ ਟਿਕਟ ਲਹਿੰਦੀ ਨਹੀਂ । ਉਦੋਂ ਤੱਕ ਮੇਰੇ ਤੇ ਉਂਗਲੀਆਂ ਉਠਦੀਆਂ ਰਹਿਣੀਆਂ ਹਨ ਕਿ ਇਹ ਸਾਹਿਤਕਾਰ ਹੋ ਕੇ ਵੀ ਆਪ ਸਬਜ਼ੀ ਖਰੀਦਦਾ ਹੈ ਆਪ ਚਾੜ੍ਹਦਾ ਹੈ, ਆਪ ਖਾਂਦਾ ਹੈ । ਇਹ ਲੇਖਕ ਹੋ ਕੇ ਵੀ ਆਪ ਫੁਲ ਉਗਾਂਦਾ ਹੈ, ਆਪ ਇਨ੍ਹਾਂ ਦੀ ਦੇਖਭਾਲ ਕਰਦਾ ਹੈ, ਆਪ ਇਨ੍ਹਾਂ ਨੂੰ ਸੁੰਘਦਾ ਹੈ । ਲੇਖਕ ਦਾ ਅਸਲੀ ਕੰਮ ਤਾਂ ਪੜ੍ਹਨਾ ਲਿਖਣਾ ਹੁੰਦਾ ਹੈ । ਹੁਣ ਤਾਂ ਸ਼ਾਇਦ ਤੁਹਾਨੂੰ ਯਕੀਨ ਹੋ ਗਿਆ ਹੋਵੇਗਾ ਕਿ ਸਾਹਿਤਕਾਰਾਂ ਦੀ ਪੰਗਤ ਵਿਚ ਖੜਾ ਹੋਣ ਦਾ ਮੇਰਾ ਅਧਿਕਾਰ ਨਹੀਂ ਹੈ । ਮੈਂ ਮਹਾ ਮਾਨਵ ਬਣਨ ਲਈ ਆਪਣੀ ਮਾਨਵਤਾ ਨੂੰ ਖੋਹਣਾ ਨਹੀਂ ਚਾਹੁੰਦਾ ।

ਜੇ ਸੌ ਨਵੇਂ ਪੈਸੇ ਠੀਕ ਕਿਹਾ ਜਾਵੇ ਤਾਂ ਮੈਂ ਸਿਰਫ ਇਕ ਪੜ੍ਹਾਉਣ ਵਾਲਾ ਵਿਅਕਤੀ ਹਾਂ ਅਤੇ ਪੜ੍ਹਾਉਣ ਲਈ ਥੋੜ੍ਹਾ ਜਿੰਨਾ ਪੜ੍ਹਨਾ-ਸੋਚਣਾ ਵੀ ਪੈਂਦਾ ਹੈ । ਆਪਣੀ ਸੋਚਣੀ ਨੂੰ ਰਤਾ ਮਾਂਜਣ-ਪੂੰਝਣ ਲਈ ਕਦੇ ਕਦੇ ਮੈਂ ਲਿਖਣ ਦੀ ਗ਼ਲਤੀ ਜ਼ਰੂਰ ਕੀਤੀ ਹੈ । ਇਹ ਇਸ ਲਈ ਕਿ ਮੇਰੀ ਗੱਲ ਦੀ ਤਕੜੀ ਆਲੋਚਨਾ ਹੋ ਸਕੇ । ਮਤ-ਭੇਦ ਨਾਲ ਗੱਲ ਸਾਫ਼ ਹੋ ਜਾਂਦੀ ਹੈ, ਉਲਝ ਵੀ ਸਕਦੀ ਹੈ ਜਾਂ ਥੱਲੇ ਵੀ ਸੁੱਟ ਦਿੱਤੀ ਜਾਂਦੀ ਹੈ । ਮੈਨੂੰ ਗੁੜ ਦੀ ਮਿਠਾਸ ਨਾਲੋਂ ਕਰੇਲੇ ਦੀ ਕੁੜੱਤਣ ਜ਼ਿਆਦਾ ਪਸੰਦ ਹੈ । ਹੁਣ ਤੱਕ ਮੇਰੀ ਦ੍ਰਿਸ਼ਟੀ ਨੂੰ ਸਖ਼ਤ ਆਲੋਚਨਾ ਦੇ ਲਾਇਕ ਨਹੀਂ ਸਮਝਿਆ ਗਿਆ ਹੈ, ਮੇਰੀ ਗੱਲ ਨੂੰ ਪੜ੍ਹਨ-ਯੋਗ ਨਹੀਂ ਮੰਨਿਆ ਗਿਆ ਹੈ । ਮੇਰੀ ਜ਼ਿੰਦਗੀ ਮੇਰੇ ਵਿਦਿਆਰਥੀਆਂ ਤੱਕ ਸੀਮਤ ਰਹੀ ਹੈ ਅਤੇ ਉਹ ਮੇਰੀ ਆਲੋਚਨਾ ਕਰਨ ਤੋਂ ਪਰਹੇਜ਼ ਕਰਦੇ ਰਹੇ ਹਨ । ਮੇਰੇ ਵਿਦਿਆਰਥੀ ਹੀ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਦੌਲਤ ਹਨ, ਅਤੇ ਇਹ ਟੁਰਨ-ਫਿਰਨ ਵਾਲੀ ਦੌਲਤ ਹੈ, ਹਰ ਸਾਲ ਬਦਲਦੀ ਰਹਿੰਦੀ ਹੈ । ਇਨ੍ਹਾਂ ਦੀ ਅਕਲ ਅਤੇ ਇਨ੍ਹਾਂ ਦੀ ਸ਼ਕਲ ਮੇਰੇ ਖਾਲੀ-ਪਨ ਨੂੰ ਭਰਦੀ ਤੇ ਖਾਲੀ ਕਰਦੀ ਰਹਿੰਦੀ ਹੈ। ਇਨ੍ਹਾਂ ਨੂੰ ਹੀ ਮੈਂ ਆਪਣਾ ਸਨੇਹ ਦੇਣ ਦੀ ਕੋਸ਼ਿਸ਼ ਕਰਦਾ ਰਿਹਾ ਹਾਂ। ਇਸ ਤਰ੍ਹਾਂ ਮੇਰਾ

ਦਾਇਰਾ ਬੜਾ ਨਿੱਕਾ ਰਿਹਾ ਹੈ ਅਤੇ ਮੈਂ ਇਸ ਤੋਂ ਅਸੰਤੁਸ਼ਟ ਵੀ ਨਹੀਂ ਹਾਂ । ਜੇ ਮੈਂ ਸਾਹਿਤਕਾਰ ਸਮਝਿਆ ਗਿਆ ਹਾਂ। ਤਾਂ ਇਹ ਇਕ ਭਰਮ ਹੈ ਅਤੇ ਭਰਮ ਨੂੰ ਦੂਰ ਕਰਨਾ ਮੇਰੇ ਵਸ ਦਾ ਰੋਗ ਨਹੀਂ ।

ਇਸ ਮੌਕੇ ਤੇ ਸਨੇਹ ਦੀ ਗੂੰਦ ਨਾਲ ਲੇਖਕ ਹੋਣ ਦੀ ਸਰਕਾਰੀ ਟਿਕਟ ਹੀ ਨਹੀਂ, ਸਗੋਂ ਸ਼ਲਾਘਾ ਦੀ ਸਿਆਹੀ ਨਾਲ ਮੋਹਰ ਵੀ ਤੁਹਾਡੇ ਸਾਹਮਣੇ ਲੱਗ ਚੁੱਕੀ ਹੈ । ਮੈਂ ਸਾਰਿਆਂ ਦੇ ਸਨੇਹ ਅਤੇ ਸਾਰਿਆਂ ਦੀ ਸ਼ਲਾਘਾ ਦਾ ਧੰਨਵਾਦੀ ਹਾਂ । ਸਨੇਹ ਵਿਚ ਸ਼ਲਾਘਾ ਜ਼ਰੂਰ ਹੁੰਦੀ ਹੈ ਪਰ ਕਦੇ ਕਦੇ ਸ਼ਲਾਘਾ ਵਿਚ ਵੀ ਸਨੇਹ ਹੁੰਦਾ ਹੈ । ਪਰ ਉਨ੍ਹਾਂ ਸਾਰਿਆਂ ਨਾਲ ਮੈਨੂੰ ਹਮਦਰਦੀ ਹੈ ਜਿਨਾਂ ਨੂੰ ਮੇਰੀ ਇਹ ਸ਼ਲਾਘਾ ਚੁਭਦੀ ਹੈ । ਇਸ ਵਿਚ ਨਾ ਮੇਰਾ ਕਸੂਰ ਹੈ ਨਾ ਯਤਨ। ਤੁਸੀਂ ਸ਼ਾਇਦ ਮੇਰੇ ਕੋਲੋਂ ਪਤੇ ਦੀ ਗੱਲ ਸੁਣਨ ਦੀ ਆਸ ਲਾ ਕੇ ਬੈਠੇ ਹੋਵੋਗੇ, ਪਰ ਮੈਂ ਉੱਪਰ ਪਹੁੰਚਿਆ ਹੋਇਆ ਬੰਦਾ ਨਹੀਂ ਹਾਂ, ਜਿਹੜਾ ਸਨੇਹਾ ਦੇਣ ਦਾ ਅਧਿਕਾਰੀ ਹੁੰਦਾ ਹੈ । ਮੈਂ ਤਾਂ ਆਪ ਭੜਕ ਰਿਹਾ ਇਨਸਾਨ ਹਾਂ ਜਿਹੜਾ ਕਿਸੇ ਰਾਹ ਨੂੰ ਖੋਜ ਵੀ ਨਹੀਂ ਰਿਹਾ, ਜਿਸ ਨੂੰ ਕਿਸੇ ਮੰਜ਼ਿਲ ਤੇ ਪੁੱਜਣ ਦੀ ਵੀ ਆਸ ਨਹੀਂ। ਮੈਨੂੰ ਤਾਂ ਲੱਗਦਾ ਹੈ ਕਿ ਮਨੁੱਖ ਦੇ ਭਾਗਾਂ ਵਿਚ ਹੀ ਸਰਾਪ ਹੈ ਤੇ ਹਰ ਨਵੇਂ ਸੁਨੇਹੇ ਨੇ ਉਸ ਨੂੰ ਧੋਖਾ ਦਿੱਤਾ ਹੈ । ਇਕ ਨੇ ਕਿਹਾ ਹੈ ਕਿ ਮਾਨਵ ਦੀ ਇਹ ਆਖਰੀ ਸਾਧਨਾ ਹੈ ਅਤੇ ਇਸ ਦੇ ਮਗਰੋਂ ਉਹ ਅਤਿਮਾਨਵ ਜਾਂ 'ਸੁਪਰਮੈਨ' ਬਣ ਜਾਏਗਾ । ਇਹ ਹੋਇਆ ਨਹੀਂ । ਇਕ ਹੋਰ ਨੇ ਕਿਹਾ ਸ਼ੋਸ਼ਣ ਦਾ ਇਹ ਆਖਰੀ ਯੁੱਧ ਹੈ ਅਤੇ ਇਸ ਦੇ ਮਗਰੋਂ ਸ਼ੋਸ਼ਣ ਦਾ ਅੰਤ ਹੋ ਜਾਵੇਗਾ । ਇਸ ਦਾ ਵੀ ਅੰਤ ਨਹੀਂ ਹੋਇਆ। ਇਕ ਹੋਰ ਨੇ ਯਕੀਨ ਦਿਵਾਇਆ ਹੈ ਕਿ ਭਾਰਤ ਵਿਚ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਰਾਮ ਰਾਜ ਸਥਾਪਿਤ ਹੋ ਜਾਵੇਗਾ। ਉਹ ਵੀ ਅਜੇ ਵੇਖਣ ਵਿਚ ਨਹੀਂ ਆਇਆ । ਅੱਜ ਪੁਰਾਣੇ ਸੁਫ਼ਨੇ ਟੁੱਟ ਰਹੇ ਹਨ, ਵਿਸ਼ਵਾਸ ਡਿੱਗ ਰਹੇ ਹਨ। ਮੇਰੇ ਕੋਲ ਤਾਂ ਸੁਆਲ ਹੀ ਸੁਆਲ ਹਨ, ਇਨਾਂ ਦੇ ਜਵਾਬ ਨਹੀਂ । ਤੁਸੀਂ ਉੱਤਰ ਚਾਹੁੰਦੇ ਹੋ, ਹੱਲ ਚਾਹੁੰਦੇ ਹੋ, ਦੁਬਿਧਾ ਵਿੱਚੋਂ ਨਿਕਲਣਾ ਚਾਹੁੰਦੇ ਹੋ । ਮੈਂ ਆਪ ਇਸ ਉਲਝਣ ਵਿਚ ਫਸਿਆ ਹੋਇਆ ਹਾਂ । ਮੈਨੂੰ ਤਾਂ ਇਹ ਵੀ ਸ਼ੱਕ ਹੈ ਕਿ ਸੱਚਾਈ ਨੂੰ ਪ੍ਰਾਪਤ ਵੀ ਕੀਤਾ ਜਾ ਸਕਦਾ ਹੈ ਜਾਂ ਨਹੀਂ । ਪੁਰਾਣੀ ਸੱਚਾਈ ਨੂੰ ਗਵਾਇਆ ਜ਼ਰੂਰ ਹੈ। ਜੇ ਕਿਸੇ ਨੂੰ ਉਹ ਲੱਭ ਗਈ ਹੈ ਤਾਂ ਮੈਂ ਉਸ ਨੂੰ ਵਧਾਈ ਦੇਂਦਾ ਹਾਂ। ਇਹ ਠੀਕ ਹੈ ਕਿ ਦੁਚਿੱਤੀ ਦੀ ਜ਼ਿੰਦਗੀ ਜਿਉਣੀ ਬੜੀ ਔਖੀ ਹੁੰਦੀ ਹੈ, ਇਸ ਦਾ ਮੁਕਾਬਲਾ ਕਰਨਾ ਬੜਾ ਕਠਿਨ ਹੁੰਦਾ ਹੈ ਪਰ ਕੀਤਾ ਕੀ ਜਾਵੇ ? ਅੱਜ ਹਾਲਤ ਵੀ ਗਤੀ ਹੋ ਰਹੀ ਹੈ, ਇਹ ਪਕੜ ਵਿਚ ਨਹੀਂ ਆ ਰਹੀ। ਇਸ ਲਈ ਮੇਰੇ ਕੋਲ ਕਹਿਣ ਲਈ ਕੁਝ ਵੀ ਨਹੀਂ ਹੈ । ਭੁਲੇਖੇ ਵਿਚ ਪਾਉਣ ਲਈ ਕੋਈ ਸੁਨੇਹਾ ਵੀ ਨਹੀਂ ਹੈ । ਝੂਠ ਬੋਲਣ ਤੋਂ ਵੀ ਥੋੜ੍ਹਾ ਜਿਹਾ ਪਰਹੇਜ਼ ਕਰਦਾ ਹਾਂ । ਉਪਦੇਸ਼ ਸੁਣਨ ਅਤੇ ਸੁਨੇਹੇ ਦੇਣ ਤੋਂ ਚਿੜ ਹੈ ।

ਹੁਣ ਤਾਂ ਤੁਹਾਨੂੰ ਵਿਸ਼ਵਾਸ਼ ਹੋ ਗਿਆ ਹੋਵੇਗਾ ਕਿ ਮੇਰੇ ਵਿਚ ਲੇਖਕ ਦਾ ਇਕ ਵੀ ਗੁਣ ਨਹੀਂ ਹੈ, ਇਹ ਹੋਰ ਗੱਲ ਹੈ ਕਿ ਕੱਦ ਜਿੰਨਾ ਛੋਟਾ ਹੈ ਦਿਲ ਉਨਾ ਹੀ ਵੱਡਾ ਹੈ । ਮੇਰੇ ਦੋਸਤਾਂ ਨੇ ਸਾਜ਼ਿਸ਼ ਕਰਕੇ ਅੱਜ ਮੇਰਾ ਤਮਾਸ਼ਾ ਵੇਖਣਾ ਚਾਹਿਆ ਹੈ । ਇਸ ਲਈ ਇਨ੍ਹਾਂ ਦੇ ਚਿਹਰਿਆਂ ਤੇ ਅਪਰਾਧ ਦੀਆਂ ਲਕੀਰਾਂ ਹਨ, ਇਨ੍ਹਾਂ ਦੀਆਂ ਅੱਖਾਂ ਵਿਚ ਸ਼ਰਾਰਤ ਦੀ ਮੁਸਕਾਨ ਹੈ। ਇਨ੍ਹਾਂ ਸਾਰਿਆਂ ਦਾ ਨਾਂ ਲੈਣਾ ਮਿੱਤਰਘਾਤ ਹੋਵੇਗਾ। ਹੁਣ ਹੋਣੀ ਤਾਂ ਵਾਪਰ ਚੁੱਕੀ ਹੈ । ਇਸ ਲਈ ਇਸ ਦੇ ਪਰਿਣਾਮ ਨੂੰ ਸਵੀਕਾਰ ਕਰਨਾ ਹੀ ਹੈ । ਇਸ ਸਾਜ਼ਿਸ਼ ਵਿਚ ਕਿਸ ਸਵੱਸਾਚੀ ਦਾ ਹੱਥ ਹੈ, ਉਸ ਦਾ ਨਾਂ ਲਏ ਬਿਨਾਂ ਨਹੀਂ ਰਹਿ ਸਕਦਾ । ਆਚਾਰਯ ਹਜ਼ਾਰੀ ਪ੍ਰਸ਼ਾਦ ਦਿਵ੍ਵੇਦੀ ਨੇ ਆਪਣੇ ਅਪਰਾਧ ਨੂੰ ਸਹਿਜ-ਭਾਵ ਨਾਲ ਮੰਨ ਵੀ ਲਿਆ ਹੈ । ਇਸ ਲਈ ਸਾਰਿਆਂ ਦੀ ਸਨੇਹ-ਸਰਾਹਣਾ ਦਾ ਕਰਜ਼ਾ ਉਤਾਰਨ ਲਈ ਇਹ ਥੈਲੀ ਜਿਹੜੀ ਮੈਨੂੰ ਭੇਂਟ ਕੀਤੀ ਗਈ ਹੈ, ਸਵੱਸਾਚੀ ਨੂੰ ਪੇਸ਼ ਕਰਨਾ ਚਾਹੁੰਦਾ ਹਾਂ ਤਾਂ ਜੋ ਇਹ ਹਿੰਦੀ ਦੇ ਕੰਮ ਆ ਸਕੇ । ਹਿੰਦੀ ਲਈ ਪਹਿਲਾਂ ਜਦੋਂ ਸਾਧਨ ਨਹੀਂ ਸਨ ਤਾਂ ਸਾਧਨਾ ਸੀ, ਪਰ ਅੱਜ ਜਦੋਂ ਸਾਧਨ ਹਨ ਤਾਂ ਸਾਧਨਾ ਰੁੱਸ ਗਈ ਹੈ । ਅੰਤ ਵਿਚ ਮੇਰੀ ਇਕ ਛੋਟੀ ਜਿਹੀ ਚਾਹ ਹੈ । ਇਸ ਮੌਕੇ ਦੀ ਯਾਦ ਨੂੰ ਸੁਰੱਖਿਅਤ ਕਰਨ ਲਈ ਖਾਲੀ ਥੈਲੀ ਮੈਨੂੰ ਮੋੜ ਦਿੱਤੀ ਜਾਵੇ ਅਤੇ ਖਾਲੀਪਨ ਨਾਲ ਮੇਰਾ ਸਦਾ ਤੋਂ ਮੋਹ ਵੀ ਰਿਹਾ ਹੈ ।

********

# ਅਭਿਨੰਦਨ ਤੋਂ ਬਾਅਦ

ਅਭਿਨੰਦਨ ਤੋਂ ਬਾਅਦ ਦੀ ਗੱਲ ਉਹੀ ਕਰ ਸਕਦਾ ਹੈ, ਜਿਸ ਨਾਲ ਇਹ ਬੀਤ ਚੁੱਕਿਆ ਹੋਵੇ। ਪੰਜਾਬ ਸਰਕਾਰ ਨੇ ਇਕ ਸਾਹਿਤਕਾਰ ਦੇ ਰੂਪ ਵਿਚ ਜਦੋਂ ਤੋਂ ਮੇਰਾ ਅਭਿਨੰਦਨ ਕੀਤਾ ਹੈ ਉਦੋਂ ਤੋਂ ਦੋਸਤਾਂ ਤੇ ਗ਼ੈਰ-ਦੋਸਤਾਂ ਨੇ ਮੇਰਾ ਉਦਘਾਟਨ ਕਰਨਾ ਸ਼ੁਰੂ ਕਰ ਦਿੱਤਾ ਹੈ। ਮੇਰਾ ਅੰਦਾਜ਼ਾ ਸੀ ਕਿ ਇਸ ਘਟਨਾ ਤੋਂ ਬਾਅਦ ਧੂੜ ਬਹਿ ਜਾਏਗੀ, ਰੌਲਾ ਮੁੱਕ ਜਾਏਗਾ ਅਤੇ ਮੈਂ ਬੋਰ ਹੋਣ ਵਾਲੀ ਸ਼ਾਂਤ ਜ਼ਿੰਦਗੀ ਮੁੜ ਬਸਰ ਕਰਨ ਲੱਗ ਜਾਵਾਂਗਾ । ਅਕੇਵਾਂ ਮੈਨੂੰ ਇੰਨਾ ਪ੍ਰੇਸ਼ਾਨ ਨਹੀਂ ਕਰਦਾ ਜਿੰਨਾ ਮੇਰੇ ਦੋਸਤਾਂ ਅਤੇ ਗ਼ੈਰ-ਦੋਸਤਾਂ ਨੂੰ ਜਿਹੜੇ ਮੇਰੇ ਤੋਂ ਵੱਧ ਜਜ਼ਬਾਤੀ ਹਨ। ਇਨ੍ਹਾਂ ਦੀ ਸੰਖਿਆ ਦਿਨੋਂ-ਦਿਨ ਵੱਧ ਰਹੀ ਹੈ । ਮੇਰੇ ਦੋਸਤਾਂ ਨੇ ਮੈਨੂੰ ਇਸ ਤਰ੍ਹਾਂ ਖਿਲਾਉਣਾ ਪਿਲਾਉਣਾ ਸ਼ੁਰੂ ਕਰ ਦਿੱਤਾ ਹੈ ਕਿ ਜਿਵੇਂ ਮੈਂ ਕਾਫ਼ੀ ਦੇਰ ਤੋਂ ਭੁੱਖ ਹੜਤਾਲ ਕੀਤੀ ਹੋਈ ਹੋਵੇ, ਮੇਰੇ ਗੁਣਾਂ ਦਾ ਇਸ ਤਰ੍ਹਾਂ ਵਖਿਆਨ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਵੇਂ ਇਸ ਤੋਂ ਪਹਿਲਾਂ ਮੇਰੇ ਵਿਚ ਇਕ ਵੀ ਗੁਣ ਨਹੀਂ ਸੀ ਅਤੇ ਇਸ ਮੌਕੇ ਨੇ ਹੀ ਇਨ੍ਹਾਂ ਨੂੰ ਉਜਾਗਰ ਕੀਤਾ ਹੈ। ਇਕ ਨੇ ਕਿਹਾ ਕਿ ਅਭਿਨੰਦਨ ਦੇ ਸਮੇਂ ਦਿੱਤਾ ਭਾਸ਼ਣ ਇਕ ਇਤਿਹਾਸਕ ਘਟਨਾ ਸੀ, ਦੂਜੇ ਦਾ ਕਹਿਣਾ ਹੈ ਕਿ ਉਹ ਦਿਨ ਹਿੰਦੀ ਦਾ ਸੀ, ਤੀਜੇ ਦਾ ਕਥਨ ਹੈ ਕਿ ਮੈਂ ਜੋ ਕਿਹਾ ਉਹ ਕਰਕੇ ਵਿਖਾਇਆ ਅਤੇ ਇਨਾਮ ਹਿੰਦੀ ਲਈ ਦਾਨ ਕਰ ਦਿੱਤਾ । ਮੇਰਾ ਇਕ ਵਿਦਿਆਰਥੀ ਮੇਰੀ ਜ਼ਿੰਦਗੀ ਦੀ ਪੰਜਵੀਂ ਘਟਨਾ ਜਾਂ ਮੌਤ ਦੇ ਬਾਰੇ ਸੁਣ ਕੇ ਦਹਿਸ਼ਤ ਵਿਚ ਆ ਗਿਆ। ਉਸ ਨੂੰ ਡਰ ਲੱਗਿਆ ਕਿ ਮੈਂ ਕਿਤੇ ਸਟੇਜ 'ਤੇ ਹੀ ਡਿੱਗ ਕੇ ਨਾ ਮਰ ਜਾਵਾਂ । ਇਸ ਤਰ੍ਹਾਂ ਦੀ ਸਨੇਹ-ਸ਼ਲਾਘਾ ਨਾਲ ਜਦੋਂ ਮੈਂ ਬਦਹਜ਼ਮੀ ਦਾ ਸ਼ਿਕਾਰ ਹੋਣ ਲੱਗਿਆ ਤਾਂ ਮੇਰੇ ਗ਼ੈਰ-ਦੋਸਤਾਂ ਨੇ ਮੈਨੂੰ ਹਾਜ਼ਮੇ ਦੀਆਂ ਗੋਲੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਕ ਨੂੰ ਕਹਿੰਦੇ ਸੁਣਿਆ ਕਿ ਮੈਂ ਮਦਾਰੀ ਦਾ ਖੇਡ ਕੀਤਾ ਹੈ, ਦੂਜੇ ਦਾ ਕਹਿਣਾ ਹੈ ਕਿ ਮੈਂ ਇਕ ਇਕਾਂਗੀ ਦੀ ਐਕਟਿੰਗ ਕੀਤੀ ਹੈ, ਤੀਜੇ ਦੀ ਰਾਏ ਹੈ ਮੈਂ ਆਪਣੇ ਭਾਸ਼ਣ ਵਿਚ ਸੱਚ ਤਾਂ ਹੀ ਕਿਹਾ ਹੈ ਕਿ ਮੈਂ ਲੇਖਕ ਨਹੀਂ ਹਾਂ ਅਤੇ ਚੌਥੇ ਦਾ ਵਿਚਾਰ ਹੈ ਕਿ ਇਹ ਸਭ ਸਟੰਟ ਸੀ। ਇਨ੍ਹਾਂ ਦੇ ਅਨੁਸਾਰ ਪੰਜਾਬ ਸਰਕਾਰ ਨੇ ਮੇਰਾ ਅਭਿਨੰਦਨ ਕਰਨ ਵਿਚ ਗ਼ਲਤੀ ਕੀਤੀ ਹੈ, ਮੈਨੂੰ ਇਨਾਮ ਗਲਤੀ ਨਾਲ ਦਿੱਤਾ ਹੈ। ਮੈਨੂੰ ਮਦਾਰੀ ਜਾਂ ਐਕਟਰ ਇਸ ਲਈ ਕਿਹਾ ਗਿਆ ਹੈ ਕਿ ਭਰੀ ਸਭਾ ਵਿਚ ਥੈਲੀ ਪੇਸ਼ ਕਰਕੇ ਵਾਪਸ ਲੈ ਲਈ ਹੈ । ਇਸ ਤਰ੍ਹਾਂ ਮਾਇਆ ਅਤੇ ਰਾਮ ਦੋਨਾਂ ਨੂੰ ਸਿੱਧ ਕਰ ਲਿਆ ਹੈ ਅਤੇ ਤਾੜੀਆਂ ਮੁਫ਼ਤ ਵਿਚ ਖੜਕਾ ਲਈਆਂ ਹਨ । ਇਸ ਤਰ੍ਹਾਂ ਦੀਆਂ ਗੋਲੀਆਂ ਨਾਲ ਹਰ ਕਿਸੇ ਦੀ ਬਦਹਜ਼ਮੀ ਦੂਰ ਹੋ ਜਾਂਦੀ ਹੈ ਅਤੇ ਮਨ

ਸਿਹਤਮੰਦ ਅਤੇ ਸੰਤੁਲਤ ਹੋ ਜਾਂਦਾ ਹੈ ਪਰ ਮੇਰਾ ਇਹ ਸ਼ੱਕ ਵੀ ਪੱਕਾ ਹੋ ਜਾਂਦਾ ਹੈ ਕਿ ਸੱਚਾਈ ਤੱਕ ਅਪੜਿਆ ਜਾ ਸਕਦਾ ਹੈ ਜਾਂ ਨਹੀਂ ।

ਸ਼ਲਾਘਾ ਅਤੇ ਨਿੰਦਾ ਦਾ ਕਾਰਣ ਜਦੋਂ ਮੇਰੀ ਸਮਝ ਤੋਂ ਬਾਹਰ ਹੋ ਜਾਂਦਾ ਹੈ ਤਾਂ ਮੈਂ ਪੱਤਰੀ ਚੁੱਕ ਕੇ ਆਪਣੇ ਜੋਤਸ਼ੀਆਂ ਕੋਲ ਚਲੇ ਜਾਂਦਾ ਹਾਂ । ਇਹ ਇਸ ਲਈ ਕਿ ਜਿੱਥੇ ਸਾਧਾਰਣ ਮਨੋਵਿਗਿਆਨ ਫੇਲ੍ਹ ਹੋ ਜਾਂਦਾ ਹੈ, ਉੱਥੇ ਅਸਾਧਾਰਣ ਜੋਤਿਸ਼ ਕੰਮ ਆਉਂਦਾ ਹੈ। ਮਨੋਵਿਗਿਆਨ ਵਿਚ ਕੇਵਲ ਵਿਗਿਆਨ ਹੈ, ਜਿਸ ਦੀਆਂ ਹੱਦਾਂ ਹੁੰਦੀਆਂ ਹਨ ਅਤੇ ਜੋਤਿਸ਼ ਵਿਚ ਦੈਵੀ ਚਮਤਕਾਰ ਹੁੰਦਾ ਹੈ ਜਿਸ ਦੀਆਂ ਕੋਈ ਹੱਦਾਂ ਨਹੀਂ ਹੁੰਦੀਆਂ। ਮੇਰੀ ਪੱਤਰੀ ਦੇ ਅਨੁਸਾਰ ਮੇਰਾ ਇਹ ਮਾਨ-ਅਪਮਾਨ ਸ਼ਨੀ ਅਤੇ ਮੰਗਲ ਦੇ ਯੋਗ ਦਾ ਫਲ ਹੈ ਜਿਹੜੇ ਇਨ੍ਹੀਂ ਦਿਨੀਂ ਇਕ ਦੂਜੇ ਨੂੰ ਆਮ੍ਹਣੇ-ਸਾਮ੍ਹਣੇ ਵੇਖ ਰਹੇ ਹਨ। ਸ਼ਨੀ ਦੀ ਚਾਲ ਵੀ ਮੱਠੀ ਹੁੰਦੀ ਹੈ। ਇਸ ਲਈ ਇਸ ਦਾ ਅਸਰ ਦੇਰ ਤੱਕ ਚਲਦਾ ਰਹਿੰਦਾ ਹੈ। ਜੇ ਇਸ ਮਾਨ-ਅਪਮਾਨ ਤੋਂ ਮੈਂ ਛੁਟਕਾਰਾ ਪਾਉਣਾ ਹੈ, ਸਨੇਹ-ਸ਼ਲਾਘਾ ਦੀ ਬਦਹਜ਼ਮੀ ਤੋਂ ਛੁੱਟੀ ਪ੍ਰਾਪਤ ਕਰਨੀ ਹੈ ਤਾਂ ਮੈਨੂੰ ਅਨੁਸ਼ਠਾਨ ਕਰਨਾ ਚਾਹੀਦਾ ਹੈ। ਇਸ ਵਿਚ ਚਾਰ ਸੌ ਰੁਪਏ ਲੱਗਣਗੇ ਤੇ ਇਕ ਮਹੀਨੇ ਦੀ ਪੂਜਾ ਕਰਨੀ ਪਏਗੀ । ਇਹ ਕਰਕੇ ਵੀ ਸ਼ਨੀ ਅਤੇ ਮੰਗਲ ਦੇ ਯੋਗ ਦਾ ਬਲ ਘਟ ਤਾਂ ਜਾਏਗਾ ਪਰ ਬਿਲਕੁਲ ਮੁਕੇਗਾ ਨਹੀਂ । ਇਹ ਗੱਲ ਸੁਣ ਕੇ ਮੈਨੂੰ ਚੰਨ ਦੀ ਯਾਦ ਆ ਜਾਂਦੀ ਹੈ ਜਿਸ ਵਿਚ ਕਲੰਕ ਹੈ ਪਰ ਫਿਰ ਵੀ ਉਹ ਰਾਹੂ ਕੇਤੂ ਦਾ ਸ਼ਿਕਾਰ ਹੋ ਜਾਂਦਾ ਹੈ । ਇਸ ਤਰ੍ਹਾਂ ਮੇਰੀ ਕਿਸਮਤ ਇਨ੍ਹਾਂ ਦਿਨਾਂ ਵਿਚ ਮੰਗਲ-ਸ਼ਨੀ ਦੇ ਯੋਗ ਨਾਲ ਗ੍ਰਸਤ ਹੈ। ਆਪਣੇ ਬਾਰੇ ਵਿਚ ਬੇ-ਪੈਰਾਂ ਦੀਆਂ ਸੁਣ ਰਿਹਾ ਹਾਂ, ਬੇ-ਪੈਰਾਂ ਦੀਆਂ ਪੜ੍ਹ ਰਿਹਾ ਹਾਂ । ਇਹ ਆਦਤ ਮੈਂ ਪਹਿਲਾਂ ਤੋਂ ਪਾ ਰੱਖੀ ਹੈ । ਅੱਜ ਪਹਿਲੀ ਵਾਰ ਮੇਰੇ ਪੜ੍ਹਨ ਅਤੇ ਸੁਣਨ ਵਿਚ ਆਇਆ ਹੈ ਕਿ ਮੈਨੂੰ ਪ੍ਰੇਮ ਚੰਦ ਉਤੇ ਡਾਕਟਰ ਦੀ ਉਪਾਧੀ ਮਿਲੀ ਹੈ। ਇਸ ਨਾਲ ਮੇਰੀ ਜਾਣਕਾਰੀ ਵਿਚ ਵਾਧਾ ਹੋਇਆ ਹੈ ਅਤੇ ਮੇਰੇ ਸੀਮਤ ਗਿਆਨ ਦਾ ਵਿਸਥਾਰ ਹੋਇਆ ਹੈ। ਮੇਰੀ ਡਾਕਟਰੀ ਤੇ ਪ੍ਰਸ਼ਨ-ਚਿੰਨ੍ਹ ਲਾਉਣ ਦੀ ਅਜੇ ਨੌਬਤ ਨਹੀਂ ਆਈ, ਇਸ ਨੂੰ ਕੰਪਾਊਡਰੀ ਜ਼ਰੂਰ ਕਿਹਾ ਗਿਆ ਹੈ। ਮੈਨੂੰ ਪਹਿਲੀ ਵਾਰ ਪਤਾ ਲੱਗਿਆ ਹੈ ਕਿ ਮੈਂ ਇਕ ਨਿਡਰ ਬੰਦਾ ਹਾਂ, ਹਾਲਾਂ ਕਿ ਹੁਣ ਤੱਕ ਮੈਂ ਵੱਡਿਆਂ ਤੋਂ ਡਰਦਾ ਰਿਹਾ ਹਾਂ ਅਤੇ ਉਨ੍ਹਾਂ ਦੀ ਖੁਸ਼ਾਮਦ ਕਰਦਾ ਆਇਆ ਹਾਂ, ਪਰ ਆਪਣੇ ਤੋਂ ਛੋਟਿਆਂ ਨੂੰ ਮੈਂ ਕਦੇ ਡਰਾਇਆ ਨਹੀਂ ਹੈ। ਅੱਜ ਪਹਿਲੀ ਵਾਰ ਮੇਰੇ ਨਾਂ ਨਾਲ ਵੱਡੇ ਵੱਡੇ ਵਿਸ਼ੇਸ਼ਣ ਜੋੜੇ ਗਏ— ਮਹਾਮਨਾ, ਆਦਰਣੀਆ, ਮਾਨਨੀਅਮ ਆਦਿ, ਹਾਲਾਂਕਿ ਮਹਾਨ ਬਣਨ ਦੀ ਜਾਂ ਆਦਰ ਪਾਉਣ ਦੀ ਮੇਰੀ ਇੱਛਾ ਵੀ ਨਹੀਂ ਹੈ। ਮੈਨੂੰ ਸਾਹਿਤ ਸ਼੍ਰੋਮਣੀ ਦੀ ਪਦਵੀ ਨਾਲ ਵੀ ਸਨਮਾਨਿਆ ਗਿਆ ਹੈ । ਪ੍ਰੇਮ ਚੰਦ ਨੂੰ ਜਦੋਂ ਨਾਵਲ-ਸਮਰਾਟ ਕਿਹਾ ਜਾਂਦਾ ਸੀ ਤਾਂ ਮੇਰੀ ਸਮਝ ਵਿਚ ਨਹੀਂ ਆਉਂਦਾ ਸੀ ਕਿ ਨਾਵਲਕਾਰ ਅਤੇ ਸਮਰਾਟ ਵਿਚ ਕੀ ਸਬੰਧ

ਹੋ ਸਕਦਾ ਹੈ । ਇਹ ਸ਼ਾਇਦ ਇਸ ਲਈ ਕਿ ਭਾਰਤੀ ਆਲੋਚਕ ਜਾਂ ਨਿੰਦਕ ਦੇ ਸ਼ਬਦ ਭੰਡਾਰ ਦਾ ਬੰਦ ਬੂਹਾ ਜਦੋਂ ਇਕ ਵਾਰ ਖੁਲ੍ਹ ਜਾਂਦਾ ਹੈ ਤਾਂ ਬੰਦ ਹੋਣ ਵਿਚ ਹੀ ਨਹੀਂ ਆਉਂਦਾ। ਉਹ ਖੁਲ੍ਹ ਕੇ ਮਾਨ-ਅਪਮਾਨ ਕਰਨ ਲੱਗ ਪੈਂਦਾ ਹੈ। ਇਸ ਤੋਂ ਇਲਾਵਾ ਹਿੰਦੀ-ਕੋਸ਼ ਵਿਚ ਸ਼ਾਇਦ ਵਿਸ਼ੇਸ਼ਣਾਂ ਦੀ ਵੀ ਭਰਮਾਰ ਹੈ । ਇਸ ਤਰ੍ਹਾਂ ਦੀਆਂ ਅਤਿਕਥਨੀਆਂ ਵਿਚ ਸੁਭਾਅ ਕਥਨੀ ਹੈ, ਪਰੰਪਰਾ ਦਾ ਵੀ ਹੱਥ ਹੈ । ਸੁਣਨ ਵਿਚ ਆਇਆ ਹੈ ਕਿ ਮਹਾਭਾਰਤ ਵਿਚ ਸੈਨਿਕਾਂ ਦੀ ਸੰਖਿਆ ਅਠਾਰਾਂ ਕਰੋੜ ਸੀ ਅਤੇ ਇਨ੍ਹਾਂ ਦਾ ਨਾਸ਼ ਅਠਾਰਾਂ ਦਿਨ ਵਿਚ ਪੂਰਾ ਹੋਇਆ । ਉਨ੍ਹਾਂ ਦਿਨਾਂ ਵਿਚ ਭਾਰਤ ਦੀ ਕੁਲ ਕਿੰਨੀ ਜਨਸੰਖਿਆ ਹੋਵੇਗੀ ? ਇਹ ਤਾਂ ਵਿਗਿਆਨ ਦਾ ਵਿਸ਼ਾ ਹੈ । ਵਿਗਿਆਨ ਵਿਚ ਕੇਵਲ ਤੱਥ ਹੁੰਦਾ ਹੈ ਜਦੋਂ ਕਿ ਕਾਵਿ ਵਿਚ ਸੱਚ। ਇਸ ਲਈ ਮੇਰੇ ਬਾਰੇ ਵਿਚ ਜੋ ਕੁਝ ਕੋਰਵਾਂ ਅਤੇ ਪਾਂਡੂਆਂ ਨੇ ਕਿਹਾ ਹੈ ਉਹ ਕਾਵਿ-ਸੱਚ ਦੇ ਵਧੇਰੇ ਨੇੜੇ ਹੈ। ਇਸ ਵਿਚ ਕਵੀ ਦਾ ਨਿਆਇ ਹੈ, ਜੱਜ ਦਾ ਇਨਸਾਫ ਨਹੀਂ ।

ਇਸ ਅਭਿਨੰਦਨ ਦਾ ਮੈਨੂੰ ਲਾਭ ਵੀ ਬਹੁਤ ਹੋਇਆ ਹੈ। ਮੈਨੂੰ ਬਹੁਤ ਸਾਰੀਆਂ ਆਪਣੀਆਂ ਤਸਵੀਰਾਂ ਆਪ ਖਿਚਵਾਉਣੀਆਂ ਪਈਆਂ ਹਨ । ਬਹੁਤ ਸਾਰੀਆਂ ਇਸ ਕਰਕੇ ਕਿ ਮੇਰੀ ਸਰਕਾਰ ਨੂੰ ਮੇਰੀ ਫੋਟੋ ਪਸੰਦ ਨਹੀਂ ਸੀ ਆ ਰਹੀ। ਇਸ ਵਿਚ ਕਸੂਰ ਤਾਂ ਮੇਰੀ ਸ਼ਕਲ ਅਤੇ ਮੇਰੀ ਉਮਰ ਦਾ ਸੀ, ਸਰਕਾਰ ਜਾਂ ਫੋਟੋਗ੍ਰਾਫਰ ਦਾ ਨਹੀਂ। ਇਕ ਤਸਵੀਰ ਇਸ ਕਰਕੇ ਠੀਕ ਨਹੀਂ ਸੀ ਕਿ ਚਿਹਰੇ ਤੇ ਝੁਰੀਆਂ ਦਿਖਾਈ ਦਿੰਦੀਆਂ ਹਨ ਅਤੇ ਇਨ੍ਹਾਂ ਨੂੰ ਉੜਾਉਣਾ ਫੋਟੋਗ੍ਰਾਫਰ ਦਾ ਕੰਮ ਹੈ। ਦੂਜੀ ਇਸ ਕਰਕੇ ਪਸੰਦ ਨਹੀਂ ਕੀਤੀ ਜਾ ਰਹੀ ਹੈ। ਇਸ ਵਿਚ ਗਰਦਨ ਅਤੇ ਚਿਹਰਾ ਇਕ ਹੋ ਗਏ ਹਨ । ਇਨ੍ਹਾਂ ਨੂੰ ਅੱਡ ਅੱਡ ਵਿਖਾਉਣਾ ਵੀ ਉਸੇ ਦਾ ਕੰਮ ਹੈ। ਤੀਜੀ ਤਸਵੀਰ ਵਿਚ ਕਮੀ ਇਹ ਹੈ ਕਿ ਬੁੱਲ੍ਹਾਂ ਤੇ ਮੁਸਕਾਨ ਨਹੀਂ ਹੈ। ਮੁਸਕਾਨ ਲਿਆਉਣੀ ਵੀ ਫੋਟੋਗ੍ਰਾਫਰ ਦਾ ਕੰਮ ਹੈ । ਚੌਥੀ ਤਸਵੀਰ ਵਿਚ ਦੋਸ਼ ਇਹ ਹੈ ਕਿ ਅੱਖਾਂ ਵਿਚ ਚਮਕ ਨਹੀਂ ਹੈ, ਚਮਕ ਪੈਦਾ ਕਰਨਾ ਵੀ ਫੋਟੋਗ੍ਰਾਫਰ ਦੇ ਅਧਿਕਾਰ ਵਿਚ ਹੈ । ਇਕ ਸਟੂਡਿਓ ਤੋਂ ਦੂਜੇ ਵਿਚ ਇਸ ਤਰ੍ਹਾਂ ਭਟਕਣਾ ਪਿਆ ਜਿਵੇਂ ਮੈਂ ਆਪਣੀ ਤਸਵੀਰ ਕਿਸੇ ਪ੍ਰੇਮਿਕਾ ਨੂੰ ਭੇਜਣੀ ਹੋਵੇ ਅਤੇ ਇਸ ਦੇ ਆਧਾਰ ਤੇ ਮੇਰੀ ਕਿਸਮਤ ਦਾ ਫੈਸਲਾ ਹੋਣਾ ਹੋਵੇ । ਇਸ ਵੇਲੇ ਮੇਰੇ ਕੋਲ ਚੰਗੀਆਂ ਮਾੜੀਆਂ ਤਸਵੀਰਾਂ ਦਾ ਪੂਰਾ ਐਲਬਮ ਹੈ, ਜਿਹੜੀ ਮੇਰੇ ਪ੍ਰਾਹੁਣਿਆਂ ਦਾ ਜੀਅ ਉਦੋਂ ਤੱਕ ਲਗਾ ਸਕਦੀ ਹੈ ਜਦੋਂ ਤਕ ਉਨ੍ਹਾਂ ਦੀ ਰੋਟੀ ਤਿਆਰ ਨਹੀਂ ਹੋ ਜਾਂਦੀ। ਇਨ੍ਹਾਂ ਦੇ ਮਨੋਰੰਜਨ ਲਈ ਇਕ ਟੇਪ ਵੀ ਹੈ ਜਿਸ ਵਿਚ ਮੇਰਾ ਭਾਸ਼ਣ ਸਾਂਭਿਆ ਪਿਆ ਹੈ । ਪਹਿਲੀ ਵਾਰ ਜਦੋਂ ਮੈਂ ਇਸ ਨੂੰ ਸੁਣਿਆ ਤਾਂ ਮੈਨੂੰ ਲੱਗਿਆ ਕਿ ਮੈਂ ਲਿਖਿਆ ਕੁਝ ਹੈ ਤੇ ਬੋਲਿਆ ਕੁਝ ਹੋਰ ਹੈ । ਮਹਾਦੇਵੀ ਦੀਆਂ ਇਹ ਸੱਤਰਾਂ ਯਾਦ ਆਉਣ ਲੱਗੀਆਂ :

ਮੈਂ ਅਪਨੇ ਹੀ ਬੇਸੁਧਪਨ ਮੇਂ,

ਲਿਖਤੀ ਹੂੰ ਕੁਛ, ਕੁਝ ਲਿਖ ਪਾਤੀ।

ਮੈਂ ਤਾਂ ਉਸ ਵੇਲੇ ਬੇਸੁੱਧਪਨ ਦੀ ਹਾਲਤ ਵਿਚ ਨਹੀਂ ਸਾਂ, ਪੂਰੀ ਹੋਸ਼ ਵਿਚ ਸਾਂ। ਜਦੋਂ ਟੇਪ ਨੂੰ ਮੁੜ ਲਾਇਆ ਤਾਂ ਆਪਣੀ ਲਿਖੀ ਹੋਈ ਕਾਪੀ ਨਾਲ ਉਸ ਦਾ ਮਿਲਾਨ ਕੀਤਾ ਤਾਂ ਅੱਖਰ ਅੱਖਰ ਉਹੀ ਭਾਸ਼ਣ ਸੀ। ਇਨ੍ਹਾਂ ਦੋਨਾਂ ਵਿਚ ਫਰਕ ਕੇਵਲ ਇੰਨਾ ਸੀ ਕਿ ਲਿਖਤ ਵਿਚ ਤਾੜੀਆਂ ਦੀ ਗੂੰਜ ਨਹੀਂ ਸੀ। ਤਾੜੀਆਂ ਦੇ ਸ਼ੋਰ ਨੇ ਦੋਨਾਂ ਵਿਚ ਇੰਨਾ ਫਰਕ ਪੈਦਾ ਕਰ ਦਿੱਤਾ ਸੀ। ਹੁਣ ਧਵੱਨੀ-ਸਿਧਾਂਤ, ਧਵੱਨੀ-ਨਾਟਕ, ਧਵੱਨੀ-ਕਾਵਿ ਵਿਚ ਮੇਰਾ ਵਿਸ਼ਵਾਸ ਪੱਕਾ ਹੋ ਗਿਆ ਹੈ। ਮੈਨੂੰ ਆਸ ਹੋਣ ਲੱਗ ਪਈ ਹੈ ਕਿ ਹਿੰਦੀ ਕਹਾਣੀ ਇਕ ਦਿਨ ਅਕਹਾਣੀ ਬਣੇ ਜਾਂ ਨਾ ਬਣੇ, ਧਵੱਨੀ-ਕਹਾਣੀ ਜ਼ਰੂਰ ਬਣ ਜਾਵੇਗੀ। ਇਸ ਟੇਪ ਨੂੰ ਸੁਣ-ਸੁਣ ਕੇ ਅਤੇ ਸੁਣਾ-ਸੁਣਾ ਕੇ ਹੁਣ ਜੀਅ ਉਕਤਾ ਗਿਆ ਹੈ। ਆਉਣ-ਜਾਣ ਵਾਲਾ, ਵਾਕਿਫ ਜਾਂ ਨਾਵਾਕਿਫ ਜਦੋਂ ਇਸ ਟੇਪ ਨੂੰ ਸੁਣਨ ਦੀ ਫ਼ਰਮਾਇਸ਼ ਕਰਦਾ ਹੈ ਤਾਂ ਮੈਂ ਉਸ ਗਾਉਣ ਵਾਲੀ ਵਾਂਗ ਮਹਿਸੂਸ ਕਰਨ ਲੱਗ ਪੈਂਦਾ ਹਾਂ ਜਿਸ ਨੂੰ ਵਾਰ ਵਾਰ ਇਕ ਹੀ ਦਾਦਰਾ ਗਾਉਣ ਲਈ ਕਿਹਾ ਜਾਵੇ, ਜਾਂ ਉਸ ਕਵੀ ਵਾਂਗ ਮਹਿਸੂਸ ਕਰਨ ਲੱਗਦਾ ਹਾਂ ਜਿਸ ਨੂੰ ਇਕ ਕਵਿਤਾ ਦਾ ਵਾਰ ਵਾਰ ਪਾਠ ਕਰਨ ਲਈ ਮਜਬੂਰ ਕੀਤਾ ਜਾਵੇ। ਆਪਣੇ ਵਲੋਂ ਤਾਂ ਕਹਿਣਾ ਸ਼ੁਰੂ ਕਰ ਦਿੱਤਾ ਹੈ—

"ਇਹ ਟੇਪ ਰੇਡੀਓ ਦੇ ਸੰਗ੍ਰਹਿ ਵਿਚ ਚਲਾ ਗਿਆ ਹੈ ਜਿੱਥੇ ਵੱਡੇ ਵੱਡੇ ਬੰਦਿਆਂ ਦੀਆਂ ਆਵਾਜ਼ਾਂ ਸਾਂਭੀਆਂ ਗਈਆਂ ਹਨ"। ਪਰ ਲੋਕੀਂ ਸਮਝਦੇ ਹੀ ਨਹੀਂ ਕਿ ਗਾਉਣ ਵਾਲੀ ਦਾ ਗਲ ਖ਼ਰਾਬ ਹੈ ਜਾਂ ਕਵੀ ਦੀ ਯਾਦ-ਸ਼ਕਤੀ ਲਿੱਸੀ ਹੈ।

ਮੇਰਾ ਅਭਿਨੰਦਨ ਅਤੇ ਇਸ ਦੇ ਮਗਰੋਂ ਮੇਰਾ ਉਦਘਾਟਨ ਮੇਰੀ ਜ਼ਿੰਦਗੀ ਵਿਚ ਹਰ ਸੌਦੇ ਵਾਂਗ ਘਾਟੇ ਦੀ ਗੱਲ ਹੀ ਰਹੀ ਹੈ। ਮੈਨੂੰ ਲੱਗਦਾ ਹੈ ਕਿ ਹਰ ਘਟਨਾ ਬੰਦੇ ਨੂੰ ਵਧੇਰੇ ਇਕੱਲਾ ਛੱਡ ਜਾਂਦੀ ਹੈ, ਹਰ ਸਥਿਤੀ ਉਸ ਨੂੰ ਵਧੇਰੇ ਭਰਮਾਂ ਦਾ ਸ਼ਿਕਾਰ ਬਣਾ ਜਾਂਦੀ ਹੈ, ਹਰ ਇਨਾਮ ਉਸ ਨੂੰ ਹੋਰ ਹੌਲਾ ਕਰ ਜਾਂਦਾ ਹੈ। ਆਮ ਲੋਕਾਂ ਦੀ ਧਾਰਨਾ ਪੱਕੀ ਹੋ ਚੁੱਕੀ ਹੈ ਕਿ ਮੈਂ ਹਿੰਦੀ ਲਈ ਥੈਲੀ ਦਾਨ ਕੀਤੀ ਹੈ। ਇਕ ਤਾਂ ਦਾਨ ਕਿਸੇ ਛੋਟੇ ਨੂੰ ਦਿੱਤਾ ਜਾਂਦਾ ਹੈ ਤੇ ਹਿੰਦੀ ਮੇਰੇ ਨਾਲੋਂ ਕਿਤੇ ਵੱਡੀ ਹੈ, ਅਤੇ ਦੂਜੀ ਗੱਲ ਇਹ ਹੈ ਕਿ ਮੈਂ ਇਹ ਦਾਨ ਤਿਆਗ-ਭਾਵ ਨਾਲ ਨਹੀਂ ਕੀਤਾ, ਸਹਿਜ-ਭਾਵ ਨਾਲ ਕੀਤਾ ਹੈ। ਇਸ ਲਈ ਕਿ ਤਿਆਗ ਵਿਚ ਮੇਰਾ

ਯਕੀਨ ਨਹੀਂ ਅਤੇ ਇਸ ਦੀ ਮੇਰੇ ਵਿਚ ਕਮੀ ਵੀ ਹੈ, ਪਰ ਭਰਮ ਨੂੰ ਦੂਰ ਕਰਨਾ ਕਿਸੇ ਦੇ ਵੀ ਵਸ ਦਾ ਰੋਗ ਨਹੀਂ ।

ਅਭਿਨੰਦਨ ਤੋਂ ਬਾਅਦ ਮੇਰਾ ਪਾਲਾ ਕਈ ਸਲਾਹਕਾਰਾਂ ਨਾਲ ਵੀ ਪਿਆ ਹੈ ਜਿਹੜੇ ਆਪੋ-ਆਪਣੀ ਸਲਾਹ ਦੇ ਕੇ ਮੇਰਾ ਵਿਕਾਸ ਕਰਨਾ ਚਾਹੁੰਦੇ ਹਨ । ਇਕ ਦੀ ਧਾਰਨਾ ਹੈ ਕਿ ਮੇਰੇ ਵਿਚ ਲਲਿਤ-ਨਿਬੰਧ ਲਿਖਣ ਦੀ ਯੋਗਤਾ ਹੈ ਹਾਲਾਂਕਿ ਜ਼ਿੰਦਗੀ ਭਰ ਮੈਂ ਇਕ ਵੀ ਲਲਿਤ ਕੰਮ ਨਹੀਂ ਕੀਤਾ। ਇਕ ਹੋਰ ਹਨ ਜੋ ਕਹਿੰਦੇ ਹਨ ਕਿ ਮੇਰੇ ਅੰਦਰ ਕਹਾਣੀ ਲਿਖਣ ਦੀ ਖਮਤਾ ਹੈ ਅਤੇ ਉਹ ਮੈਨੂੰ ਕਹਾਣੀਕਾਰਾਂ ਦੇ ਛੱਤੇ ਵਿਚ ਟੰਗਣਾ ਚਾਹੁੰਦੇ ਹਨ । ਇਸ ਹਾਲਤ ਵਿਚ ਇਕ ਗੱਲ ਸੰਤੋਖ ਦੀ ਵੀ ਹੈ ਕਿ ਕਿਸੇ ਨੇ ਮੈਨੂੰ ਕਵਿਤਾ ਕਰਨ ਦੀ ਸਲਾਹ ਨਹੀਂ ਦਿੱਤੀ ਹਾਲਾਂਕਿ ਹਿੰਦੀ ਨਾਲ ਸਬੰਧ ਰੱਖਣ ਵਾਲਾ ਹਰ ਬੰਦਾ ਆਪਣਾ ਸਾਹਿਤਕ ਜੀਵਨ ਕਵਿਤਾ ਤੋਂ ਹੀ ਸ਼ੁਰੂ ਕਰਦਾ ਆਇਆ ਹੈ । ਇਸ ਦਾ ਅੰਤ ਉਹ ਪਹਿਲਾਂ ਮਹਾਂਕਾਵਿ ਵਿਚ ਕਰਦਾ ਸੀ ਪਰ ਅੱਜ ਉਹ ਨਾਟਕ-ਕਾਵਿ ਵਿਚ ਹੀ ਇਸ ਦਾ ਅੰਤ ਕਰਦਾ ਹੈ । ਮਹਾਨ ਕਵੀ ਕਹਾਉਣ ਲਈ ਪਹਿਲਾਂ ਕਸੌਟੀ ਸੀ ਮਹਾਂ-ਕਾਵਿ । ਨਿੱਕੀਆਂ ਨਿੱਕੀਆਂ ਕਵਿਤਾਵਾਂ ਨਾਲ ਮਹਾਨ ਬੰਦਿਆਂ ਦੀ ਕਤਾਰ ਵਿਚ ਖੜਾ ਨਹੀਂ ਹੋਇਆ ਜਾ ਸਕਦਾ ਸੀ । ਅੱਜ ਦਾ ਯੁੱਗ-ਬੋਧ ਮਹਾਂਕਾਵਿ ਦੀ ਰਚਨਾ ਦੇ ਅਨੁਕੂਲ ਨਹੀਂ ਸਮਝਿਆ ਜਾਂਦਾ ! ਇਸ ਲਈ ਮਹਾਂ ਕਵੀ ਦੀ ਪਦਵੀ ਪਾਉਣ ਲਈ ਨਾਟਕ-ਕਾਵਿ ਦੀ ਰਚਨਾ ਹੋਣ ਲੱਗੀ ਹੈ । ਮੈਨੂੰ ਸ਼ੱਕ ਪੈਣ ਲੱਗਾ ਹੈ ਕਿ ਮੇਰੇ ਦੋਸਤ ਮੈਨੂੰ ਅਲੋਚਨਾ ਤੋਂ ਵੀ ਵਾਂਝਿਆ ਰੱਖਣਾ ਚਾਹੁੰਦੇ ਹਨ । ਇਨ੍ਹਾਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਦੋਸਤਾਂ ਦੇ ਮਜਬੂਰ ਕਰਨ ਤੇ ਮੈਂ ਚੋਣਾਂ ਲੜਨ ਵਾਲਾ ਬੰਦਾ ਨਹੀਂ ਹਾਂ। ਜੇ ਕਹਾਣੀ ਆਦਿ ਦੇ ਚੱਕਰ ਵਿਚ ਪੈ ਕੇ ਮੈਂ ਆਲੋਚਨਾ ਨਾਲ ਇਕ ਵਾਰ ਨਾਤਾ ਤੋੜ ਦਿੱਤਾ ਤਾਂ ਉਹ ਸਦਾ ਲਈ ਮੇਰੇ ਨਾਲ ਰੁਸ ਜਾਏਗੀ ਅਤੇ ਜੀਣ ਲਈ ਮੈਨੂੰ ਕਿਸੇ ਹੋਰ ਵਹਿਮ ਦਾ ਆਸਰਾ ਲੈਣਾ ਪਏਗਾ । ਕੀ ਅਸੀਂ ਸਾਰੇ ਵਹਿਮਾਂ ਦੇ ਬਲ ਤੇ ਹੀ ਨਹੀਂ ਜੀਅ ਰਹੇ ?

********

## ਹਾਸ ਅਤੇ ਵਿਅੰਗ

ਆਪਣੀ ਮੌਜ ਵਿਚ ਆ ਕੇ ਜਾਂ ਕਦੇ ਕਦਾਈ ਬੈਠੇ ਬਿਠਾਏ ਵਕਤ ਕਟੀ ਲਈ ਵਿਅੰਗ- ਵਿਨੋਦ ਲਿਖਣਾ ਕੁਝ ਹੋਰ ਗੱਲ ਹੈ; ਪਰ ਇਸ ਨੂੰ ਪੇਸ਼ਾ ਬਣਾ ਲੈਣਾ ਬਿਲਕੁਲ ਵੱਖਰੀ ਗੱਲ ਹੈ । ਥੋੜ੍ਹੇ ਜਿੰਨੇ ਲੇਖ ਕੀ ਲਿਖੇ ਹਨ ਕਿ ਆਪਣੇ ਲਈ ਮੁਸੀਬਤ ਖੜੀ ਕਰ ਲਈ ਹੈ । ਅਲੋਚਕਾਂ ਨੇ ਮੇਰੇ ਲੇਖਾਂ ਨੂੰ ਲਲਿਤ ਨਿਬੰਧਾਂ ਦੇ ਵਰਗ ਵਿਚ ਸ਼ਾਮਲ ਕਰ ਲਿਆ ਹੈ ਅਤੇ ਸੰਪਾਦਕਾਂ ਨੇ ਮੇਰਾ ਨਾਂ ਹਾਸ-ਵਿਅੰਗ ਦੇ ਲੇਖਕਾਂ ਦੀ ਸੂਚੀ ਵਿਚ ਦਰਜ ਕਰ ਦਿੱਤਾ ਹੈ ਜਿਸ ਦਾ ਨਤੀਜਾ ਭੁਗਤ ਰਿਹਾ ਹਾਂ । ਖ਼ਤਰਾ ਇਹ ਹੈ ਕਿ ਇਹ ਕਿਤੇ ਪੇਸ਼ਾ ਨਾ ਬਣ ਜਾਵੇ ਅਤੇ ਮੈਨੂੰ ਕਿਤੇ ਨਿਬੰਧਕਾਰ ਨਾ ਮੰਨ ਲਿਆ ਜਾਵੇ । ਇਹ ਤਾਂ ਜਾਣਦਾ ਹਾਂ ਕਿ ਦੋ-ਚਾਰ ਕਹਾਣੀਆਂ ਲਿਖ ਕੇ ਕਹਾਣੀਕਾਰ ਤਾਂ ਬਣ ਜਾਂਦਾ ਹੈ ਅਤੇ ਅੱਠ-ਦਸ ਕਵਿਤਾਵਾਂ ਲਿਖ ਕੇ ਕਵੀਆਂ ਵਿਚ ਵੀ ਗਿਣਿਆ ਜਾ ਸਕਦਾ ਹੈ, ਪਰ ਜਦੋਂ ਇਹ ਪੇਸ਼ਾ ਬਣ ਜਾਂਦਾ ਹੈ ਤਾਂ ਰਚਨਾ ਆਪਣੀ ਪੱਧਰ ਤੋਂ ਡਿੱਗ ਜਾਂਦੀ ਹੈ ।

ਵਿਅੰਗ-ਵਿਨੋਦ ਦਾ ਪੇਸ਼ਾ ਪੁਰਾਣੇ ਜ਼ਮਾਨੇ ਤੋਂ ਟੁਰਿਆ ਆ ਰਿਹਾ ਹੈ । ਰਾਜਾ ਦੁਸ਼ਿਅੰਤ ਦੇ ਕੋਲ ਵਿਦੂਸ਼ਕ ਸੀ, ਅਕਬਰ ਮਹਾਨ ਦੇ ਦਰਬਾਰ ਵਿਚ ਬੀਰਬਲ ਸੀ । ਨਿੱਕੇ-ਵੱਡਿਆਂ ਦੀਆਂ ਬੈਠਕਾਂ ਵਿਚ ਮਰਾਸੀ ਹੁੰਦੇ ਸਨ ਜਿਹੜੇ ਆਪਣੇ ਲਤੀਫ਼ਿਆਂ ਨਾਲ ਉਨ੍ਹਾਂ ਦਾ ਜੀਅ ਲਾਇਆ ਕਰਦੇ ਸਨ । ਕਵੀਆਂ ਤੋਂ ਵੀ ਮਨੋਰੰਜਨ ਦਾ ਕੰਮ ਲਿਆ ਜਾਂਦਾ ਸੀ । ਅਜੇ ਵੀ ਇਨ੍ਹਾਂ ਦੀ ਮਹਾਨਤਾ ਘਟੀ ਨਹੀਂ । ਅੱਜ ਵੀ ਮਰਾਸੀ ਵਾਂਗ ਹਰ ਮਜ਼ੇਦਾਰ ਲਤੀਫ਼ਾ ਉਸ ਦੇ ਨਾਂ ਨਾਲ ਜੋੜਿਆ ਜਾਂਦਾ ਹੈ ਜਾਂ ਉਸ ਦਾ ਨਾਂ ਲੈ ਕੇ ਸੁਣਾਇਆ ਜਾਂਦਾ ਹੈ । ਇਸ ਦਾ ਨਾਂ ਜਾ ਤੀਰ ਹੋਵੇ ਜਾਂ ਤੁੱਕਾ ਪਰ ਇਸ ਵਿਚ ਨਾ ਤਾਂ ਪੁਰਾਣੇ ਮਰਾਸੀ ਦੇ ਤੀਰ ਦੀ ਤੇਜ਼ ਨੋਕ ਹੁੰਦੀ ਹੈ ਅਤੇ ਨਾ ਹੀ ਤੁੱਕੇ ਦੀ ਤੁੱਕ । ਪੁਰਾਣੇ ਅਤੇ ਨਵੇਂ ਵਿਚ ਇਹੋ ਹੀ ਤਾਂ ਫ਼ਰਕ ਹੈ। ਅੱਜ ਕਵੀਆਂ ਤੋਂ ਇਲਾਵਾ ਕਹਾਣੀਕਾਰਾਂ ਨੇ ਵੀ ਮਨੋਰੰਜਨ ਦਾ ਕੰਮ ਸ਼ੁਰੂ ਕਰ ਦਿਤਾ ਹੈ । ਇਨ੍ਹਾਂ ਦਿਲ ਲਾਉਣ ਵਾਲਿਆਂ ਦੀ ਲਾਇਨ ਦਿਨੋਂ ਦਿਨ ਲੰਬੀ ਹੁੰਦੀ ਜਾ ਰਹੀ ਹੈ। ਇਹ ਨਹੀਂ ਜਾਣਦਾ ਸੀ ਕਿ ਮੈਨੂੰ ਵੀ ਇਕ ਦਿਨ ਇਨ੍ਹਾਂ ਦੀ ਕਤਾਰ ਵਿਚ ਖੜਾ ਕਰ ਦਿਤਾ ਜਾਏਗਾ, ਪਰ ਆਸ ਪਾਸ ਜਦੋਂ ਵੇਖਦਾ ਹਾਂ ਤਾਂ ਇਸ ਲਾਈਨ ਵਿਚ ਵੱਡੀਆਂ ਵੱਡੀਆਂ ਹਸਤੀਆਂ ਨੂੰ ਵੇਖ ਕੇ ਮਨ ਨੂੰ ਥੋੜ੍ਹੀ ਜਿੰਨੀ ਤਸੱਲੀ ਵੀ ਹੁੰਦੀ ਹੈ । ਇਨ੍ਹਾਂ ਵਿਚ ਮੇਰਾ ਸ਼ਾਮਲ ਹੋਣਾ ਅਛੂਤ ਦੇ ਬ੍ਰਾਹਮਣ ਸਮਾਜ ਵਿਚ ਪਹੁੰਚ ਜਾਣ ਵਾਲੀ ਗੱਲ ਹੈ ।

ਇਸ ਕੁਲੀਨ ਸਮਾਜ ਵਿਚ ਹਰ ਤਰ੍ਹਾਂ ਦਾ ਮਰਾਸੀ ਹੈ । ਇਕ ਲਤੀਫ਼ਿਆਂ ਦਾ ਮਾਹਰ ਹੈ, ਦੂਜਾ ਕਹਾਣੀਆਂ ਦਾ, ਇਕ ਨੇ ਵਿਅੰਗ-ਤੀਰ ਆਪਣੇ ਤਰਕਸ ਵਿਚ ਜਮ੍ਹਾਂ ਕੀਤੇ ਹੋਏ ਹਨ ਅਤੇ ਦੂਜੇ ਨੇ ਰੰਗ-ਬਿਰੰਗੇ ਗੋਲੇ ਆਪਣੇ ਝੋਲੇ ਵਿਚ ਛੁਪਾਏ ਰਖੇ ਹਨ । ਇਕ ਬੱਚਿਆਂ ਦਾ ਮਨੋਰੰਜਨ ਕਰ ਸਕਦਾ ਹੈ ਤਾਂ ਦੂਜਾ ਬੁੱਢਿਆਂ ਦਾ, ਇਕ ਨੇ ਸਮਾਜ ਸੁਧਾਰ ਦਾ ਠੇਕਾ ਲਿਆ ਹੋਇਆ ਹੈ ਤਾਂ ਦੂਜੇ ਨੇ ਨਾਰੀ-ਕਲਿਆਣ ਦਾ। ਇਕ ਲੜਕੇ-ਲੜਕੀਆਂ ਦੇ ਤੰਗ ਕੱਪੜਿਆਂ ਤੋਂ ਦੁਖੀ ਹੈ ਤਾਂ ਦੂਜਾ ਧੋਤੀ-ਲੰਗੋਟੀ ਤੋਂ, ਇਕ ਨੂੰ ਆਧੁਨਿਕਤਾ ਪਰੇਸ਼ਾਨ ਕਰਦੀ ਹੈ ਤਾਂ ਦੂਜੇ ਨੂੰ ਮੱਧ-ਕਾਲ ਦੁਖੀ ਕਰਦਾ ਹੈ । ਅਕਬਰ ਇਲਾਹਬਾਦੀ ਨੂੰ ਜਿਸ ਤਰ੍ਹਾਂ ਪੱਛਮੀ ਸੱਭਿਅਤਾ ਹੈਰਾਨ ਕਰਦੀ ਸੀ, ਅੱਜ ਦੇ ਕਵੀ ਨੂੰ ਉਸੇ ਤਰ੍ਹਾਂ ਭਾਰਤੀ ਸਭਿਆਚਾਰ ਜਾਂ ਪਰੰਪਰਾ । ਅਕਬਰ ਦਾ ਸ਼ੌਕ ।

*ਐਸਾ ਸ਼ੌਕ ਨਾ ਕਰਨਾ 'ਅਕਬਰ', ਗੋਰੇ ਕੋ ਨਾ ਬਨਾਨਾ ਸਾਲਾ ।*

*ਭਾਈ ਰੰਗ ਯਹੀ ਅੱਛਾ ਹੈ, ਹਮ ਭੀ ਕਾਲੇ ਯਾਰ ਭੀ ਕਾਲਾ ।*

ਅਤੇ ਇਸੇ ਅੰਦਾਜ਼ ਵਿਚ :

*ਰਕੀਬੋਂ ਨੇ ਰਪਟ ਲਿਖਵਾਈ ਹੈ ਜਾ-ਜਾ ਕੇ ਥਾਨੇ ਮੇਂ,*

*ਕਿ 'ਅਕਬਰ' ਨਾਮ ਲੇਤਾ ਹੈ ਖ਼ੁਦਾ ਕਾ ਇਸ ਜ਼ਮਾਨੇ ਮੇਂ ।*

ਅਤੇ ਇਸ ਦੇ ਉਲਟ ਅੱਜ ਦੇ ਕਵੀ ਕੈਲਾਸ਼ ਵਾਜਪਈ ਦਾ ਸੁਰ :

*ਮੈਂ ਲੱਜਿਤ ਹੂੰ ।*
*ਕਿਉਂਕਿ ਪਿਆਰ ਸੇ ਬੜਾ ਝੂਠ*
*ਅਬ ਤਕ ਬੋਲਾ ਨਹੀਂ ਗਇਆ*
*ਆਂਸੂ ਸੇ ਜ਼ਿਆਦਾ ਅੱਛਾ ਨਾਟਕ*
*ਖੇਲਾ ਹੀ ਨਹੀਂ ਗਿਆ ।*
*ਈਸ਼ਵਰ-ਸਾ ਖੋਖਲਾ ਸ਼ਬਦ*
*ਦੁਬਾਰਾ ਉਗਲਾ ਨਹੀਂ ਗਇਆ ।*

ਇਸੇ ਤਰ੍ਹਾਂ ਪ੍ਰੇਮ ਚੰਦ ਅਤੇ ਯਸ਼ਪਾਲ ਦੇ ਤਿੱਖੇ ਵਿਅੰਗ-ਤੀਰ ਉਨ੍ਹਾਂ ਸਮਾਜਿਕ ਅਜੋੜਾਂ ਅਤੇ ਖੋਖਲੀਆਂ ਧਾਰਨਾਵਾਂ ਤੇ ਮਾਰੇ ਗਏ ਹਨ, ਜਿਹੜੀਆਂ ਸੁਧਾਰ-ਉਧਾਰ ਦੇ ਰਸਤੇ ਵਿਚ ਰੋੜੇ ਬਣ ਕੇ ਆਉਂਦੀਆਂ ਹਨ। ਇਹ ਕੰਮ ਸ਼ਾਅ ਨੇ ਵੱਡੇ ਪੈਮਾਨੇ ਤੇ ਆਪਣੇ ਨਾਟਕਾਂ ਵਿਚ ਕੀਤਾ ਹੈ। ਹਰੀ ਸ਼ੰਕਰ ਪਰਸਾਈ ਵੀ ਇਸ ਨੂੰ ਛੋਟੇ ਦਾਇਰੇ ਵਿਚ ਨਿਭਾਅ ਲੈਂਦੇ ਹਨ । ਜੈਨੇਂਦਰ ਨੇ ਮਦਾਰੀ ਵਾਂਗ ਰੰਗ-ਬਰੰਗੇ ਗੋਲੇ ਆਪਣੇ ਝੋਲੇ ਵਿਚ ਲੁਕੋਏ ਹੋਏ ਹਨ । ਇਸ ਤਰ੍ਹਾਂ ਵਿਅੰਗ ਕਰਨਾ ਜਾਂ ਦੂਸਰਿਆਂ ਦਾ ਮਖੌਲ ਉਡਾਉਣਾ ਸ਼ਾਅ ਵਰਗੇ ਵੱਡੇ ਸਾਹਿਤਕਾਰਾਂ

ਨੂੰ ਹੀ ਸ਼ੋਭਦਾ ਹੈ ਜਿਨ੍ਹਾਂ ਦੀ ਹਉਮੈ ਭੁਕਾਨੇ ਵਾਂਗ ਫੁੱਲੀ ਹੋਈ ਹੋਵੇ । ਸ਼ਾਅ ਨੂੰ ਇਕ ਵਾਰ ਕਿਸੇ ਵਿਸ਼ਵ-ਸੁੰਦਰੀ ਨੇ ਵਿਆਹ ਕਰਨ ਲਈ ਇਸ ਕਰਕੇ ਪ੍ਰਸਤਾਵ ਪੇਸ਼ ਕੀਤਾ ਕਿ ਹੋਣ ਵਾਲੀ ਸੰਤਾਨ ਵਿਚ ਸ਼ਾਅ ਵਰਗੀ ਅਕਲ ਅਤੇ ਉਸ ਵਰਗੀ ਸੁੰਦਰਤਾ ਦਾ ਅਨੂਠਾ ਮੇਲ ਹੋਵੇ। ਉਹ ਹੀ ਇਸ ਦਾ ਉਤਰ ਦੇ ਸਕਦੇ ਹਨ। ਕਿ ਕੁਦਰਤ ਦੇ ਦਸਤੂਰ ਅਨੁਸਾਰ ਜੇ ਵਿਸ਼ਵ-ਸੁੰਦਰੀ ਦੀ ਬੁੱਧੀ ਅਤੇ ਸ਼ਾਅ ਦੀ ਸੂਰਤ ਦਾ ਮੇਲ ਹੋ ਗਿਆ ਤਾਂ ਗੱਲ ਕੀ ਬਣੇਗੀ ? ਇਸ ਤਰ੍ਹਾਂ ਦੀ ਸੱਟ ਮਾਰਨੀ ਮੇਰੇ ਵਸ ਦਾ ਰੋਗ ਨਹੀਂ ਹੈ। ਦੂਜਿਆਂ ਦਾ ਮਖੌਲ ਉਡਾਉਣਾ ਜਾਂ ਨਸ਼ਾ ਪਿਆ ਕੇ ਹੋਰਨਾਂ ਨੂੰ ਡੇਗਣਾ ਤਾਂ ਸਾਰਿਆਂ ਨੂੰ ਆਉਂਦਾ ਹੈ ਪਰ ਇਕਬਾਲ ਸਾਕੀ ਵਲੋਂ ਡਿੱਗਦਿਆਂ ਨੂੰ ਸਹਾਰਾ ਦੇਣ ਦੀ ਗੱਲ ਕਰਦੇ ਹਨ ਜਿਹੜੀ ਮੇਰੇ ਮਨ ਨੂੰ ਚੰਗੀ ਲੱਗਦੀ ਹੈ । ਇਸ ਲਈ ਵਿਅੰਗ ਨਾਲੋਂ ਹਾਸਾ ਚੰਗਾ ਜਾਪਦਾ ਹੈ । ਇਸ ਵਿਚ ਆਪਣਾ ਹੀ ਮਜ਼ਾਕ ਉਡਾਉਣਾ ਹੁੰਦਾ ਹੈ ।

ਇਸ ਤਰ੍ਹਾਂ ਦੇ ਸਾਹਿਤਕ ਮਰਾਸੀ ਦਾ ਰੋਲ ਅਦਾ ਕਰਨਾ ਔਖਾ ਜ਼ਰੂਰ ਹੁੰਦਾ ਹੈ ਪਰ ਇਸ ਨਾਲ ਉਸ ਦੀ ਜਾਤ ਦਾ ਪਤਾ ਲਾਇਆ ਜਾ ਸਕਦਾ ਹੈ । ਅਸਲੀ ਮਰਾਸੀ ਮਿੱਠੀਆਂ ਚੁਟਕੀਆਂ ਭਰਦਾ ਹੈ ਦੁਖਦਾਇਕ ਹਾਲਤ ਨੂੰ ਸੁਖਦਾਇਕ ਹਾਲਤ ਵਿਚ ਬਦਲਣ ਦੀ ਯੋਗਤਾ ਰੱਖਦਾ ਹੈ, ਵੱਡੀ ਤੋਂ ਵੱਡੀ ਪਰੇਸ਼ਾਨੀ ਨੂੰ ਮੁਸਕਣੀ ਵਿਚ ਬਦਲ ਸਕਦਾ ਹੈ, ਵੱਡੇ ਤੋਂ ਵੱਡੇ ਦੁਖ ਨੂੰ ਸਹਿਣ ਦੀ ਤਾਕਤ ਦੇ ਸਕਦਾ ਹੈ । ਮੈਨੂੰ 'ਪੂਸ ਦੀ ਰਾਤ' ਦਾ ਕਿਸਾਨ ਯਾਦ ਆ ਰਿਹਾ ਹੈ । ਆਪਣੇ ਖੇਤ ਨੂੰ ਜਦੋਂ ਉਹ ਸਵੇਰੇ ਚਾਰਿਆ ਗਿਆ ਵੇਖਦਾ ਹੈ ਤਾਂ ਇਸ ਦੀ ਦੁਖਦਾਈ ਸਥਿਤੀ ਨੂੰ ਉਹ ਇਹ ਕਹਿ ਕੇ ਹਾਸੇ ਵਿਚ ਟਾਲ ਦਿੰਦਾ ਹੈ-'ਰਾਤ ਨੂੰ ਠੰਡ ਵਿਚ ਕਿਤੇ ਇੱਥੇ ਹੀ ਤਾਂ ਸੌਣਾ ਨਹੀਂ ਪਵੇਗਾ' ਇਸੇ ਤਰ੍ਹਾਂ ਭਾਰਤੀ ਦੇ 'ਅੰਧਯੁੱਗ' ਦੇ ਪਹਿਰੇਦਾਰ ਵੀ ਲੜਾਈ ਦੀ ਡਰਾਉਣੀ ਸਥਿਤੀ ਨੂੰ ਹਾਸੇ ਵਿਚ ਬਦਲ ਦਿੰਦੇ ਹਨ । ਇਕ ਦਾ ਇਹ ਕਹਿਣਾ- 'ਸੂਨੇ ਗਲਿਆਰੇ ਮੇਂ ਹਮ ਸਦਾ ਨਿਰਉਦੇਸ਼ ਚਲਤੇ ਰਹੇ, ਦਾਏ ਸੇ ਬਾਏਂ ਔਰ ਬਾਏ ਸੇ ਦਾਏ'---ਬੜੇ ਦੁਖ ਦੀ ਗੱਲ ਹੈ ਪਰ ਦੂਜੇ ਦਾ ਜਵਾਬ ਇਸ ਦੁਖ ਨੂੰ ਇਹ ਕਹਿ ਕੇ ਉਡਾ ਦੇਂਦਾ ਨੂੰ-' ਮਰਨੇ ਕੇ ਬਾਅਦ ਵੀ ਯਮ ਕੇ ਗਲਿਆਰੇ ਮੇਂ ਸਦਾ ਚਲਤੇ ਰਹੇਂਗੇ, ਦਾਏ ਸੇ ਬਾਏ ਔਰ ਬਾਏ ਸੇ ਦਾਏ' । ਸ਼ੈਕਸਪੀਅਰ ਦੇ ਨਾਟਕਾਂ ਵਿਚ ਵੀ ਇਸੇ ਤਰ੍ਹਾਂ ਦੀਆਂ ਮਿੱਠੀਆਂ ਚੂੰਢੀਆਂ ਠੀਕ ਨਿਸ਼ਾਨੇ 'ਤੇ ਬੈਠਦੀਆਂ ਹਨ । ਮੇਰੀ ਗੱਲ ਅਕਸਰ ਨਿਸ਼ਾਨੇ ਤੋਂ ਥਿੜਕ ਜਾਂਦੀ ਹੈ । ਇਸ ਲਈ ਮੇਰਾ ਇਹ ਕਹਿਣਾ ਹੈ ਕਿ ਸਾਹਿਤਕ ਮਰਾਸੀ ਦਾ ਰੋਲ ਅਦਾ ਕਰਨਾ ਬੜਾ ਮੁਸ਼ਕਲ ਹੈ । ਇਕ ਵਾਰ ਜਦੋਂ ਮੈਂ ਇਕ ਨਿੱਕੀ ਜਿਹੀ ਚੋਣ ਹਾਰ ਗਿਆ ਤਾਂ ਮੇਰੇ ਦੋਸਤ ਜਿਨ੍ਹਾਂ ਨੇ ਮੈਨੂੰ ਵੋਟ ਨਹੀਂ ਦਿਤੇ ਸਨ ਮਾਤਮਪੁਰਸੀ ਲਈ ਮੇਰੇ ਘਰ ਸ਼ਾਮ ਨੂੰ ਆ ਪਹੁੰਚੇ । ਇਨ੍ਹਾਂ ਦੇ ਮੂੰਹ ਲਟਕੇ

ਹੋਏ ਸਨ । ਮੈਂ ਡੁਬਦੇ ਸੂਰਜ ਨੂੰ ਵੇਖਦੇ ਹੋਏ ਇੰਨਾ ਹੀ ਕਿਹਾ ਕਿ ਇਸ ਦੀ ਚਮਕ ਕੀ ਚੜ੍ਹਦੇ ਸੂਰਜ ਦੀ ਰੌਸ਼ਨੀ ਤੋਂ ਘੱਟ ਹੈ ? ਇਨ੍ਹਾਂ ਦੇ ਮੂੰਹ ਪਹਿਲਾਂ ਵਾਂਗ ਲਟਕਦੇ ਰਹੇ ਅਤੇ ਇਹ ਕਹਿ ਕੇ ਮੈਨੂੰ ਬੜਾ ਅਫ਼ਸੋਸ ਹੋਇਆ ।

ਇਨ੍ਹਾਂ ਹਾਸਕਾਰਾਂ ਅਤੇ ਵਿਅੰਗਕਾਰਾਂ ਜਾਂ ਸਾਹਿਤਕ ਮਰਾਸੀਆਂ ਦੀਆਂ ਆਪਣੀਆਂ ਆਪਣੀਆਂ ਜਾਤਾਂ ਹਨ । ਮੈਨੂੰ ਦੱਸਿਆ ਗਿਆ ਹੈ ਕਿ ਹਿੰਦੁਸਤਾਨ ਵਿਚ ਮੇਹਤਰਾਂ ਦੀਆਂ ਦਸ ਹਜ਼ਾਰ ਤੋਂ ਵੱਧ ਜਾਤਾਂ ਹਨ । ਇਹ ਠੀਕ ਹੋਵੇ ਜਾਂ ਗਲਤ ਪਰ ਮਰਾਸੀਆਂ ਬਾਰੇ ਇਹ ਸਹੀ ਜਾਪਦਾ ਹੈ । ਹਰ ਛੋਟੀ ਵੱਡੀ ਭਾਸ਼ਾ ਜਾਂ ਲੋਕ-ਭਾਸ਼ਣ ਦਾ ਆਪੋ-ਆਪਣਾ ਮਰਾਸੀ ਹੁੰਦਾ ਹੈ। ਉਸ ਦੀ ਆਵਾਜ਼ ਵਿਚ ਨਿੱਜਤਾ ਹੁੰਦੀ ਹੈ । ਉਸ ਦੇ ਮੁਹਾਵਰੇ ਵਿਚ ਅਪਣਾਪਨ ਹੁੰਦਾ ਹੈ। ਉਸ ਦੇ ਲਹਿਜੇ ਵਿਚ ਵਿਸ਼ੇਸ਼ਤਾ ਹੁੰਦੀ ਹੈ । ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਸ ਧਰਤੀ ਤੇ ਮਰਾਸੀਆਂ ਦੀਆਂ ਕਿੰਨੀਆਂ ਜਾਤਾਂ ਹੋ ਸਕਦੀਆਂ ਹਨ। ਇਨ੍ਹਾਂ ਵਿਚ ਛੋਟੀ ਜਾਤ ਦੇ ਵੀ ਹਨ ਤੇ ਵੱਡੀ ਜਾਤ ਦੇ ਵੀ, ਇਨ੍ਹਾਂ ਵਿਚ ਨਫ਼ਾਸਤ ਵੀ ਹੁੰਦੀ ਹੈ, ਤੇ ਰੰਘੜਪੁਣਾ ਵੀ । ਵਿਦੂਸ਼ਕ ਵਿਚ ਰੰਘੜਪੁਣਾ ਹੈ ਅਤੇ ਬੀਰਬਲ ਵਿਚ ਨਫ਼ਾਸਤ। ਉਰਦੂ ਦੇ ਮਰਾਸੀ ਵਿਚ ਨਫ਼ਾਸਤ ਅਤੇ---ਇਸ ਵਾਕ ਨੂੰ ਪੂਰਾ ਕਰਨ ਤੋਂ ਘਬਰਾਉਂਦਾ ਹਾਂ ਅਤੇ ਡਰਦਾ ਹਾਂ। ਮੇਰੀ ਘਬਰਾਹਟ ਅਤੇ ਮੇਰਾ ਡਰ ਹਰ ਘਬਰਾਹਟ ਹਰ ਡਰ ਵਾਂਗ ਕੁਦਰਤੀ ਹੈ। ਮੈਂ ਗੱਲ ਤਾਂ ਆਪਣੀ ਕਰ ਰਿਹਾ ਹਾਂ ਪਰ ਲੱਕੀ ਇਸ ਨੂੰ ਆਪਣੇ ਤੇ ਲਾਗੂ ਕਰ ਕੇ ਮੈਨੂੰ ਚੰਗੀਆਂ ਮਾੜੀਆਂ ਕਹਿਣ ਲੱਗ ਜਾਣਗੇ। ਹੁਣ ਕਹਿਣ ਦੀ ਥਾਂ ਸਹਿਜੇ ਸਹਿਜੇ ਸੁਣਨ ਦੀ ਆਦਤ ਪਾ ਰਿਹਾ ਹਾਂ। ਇਹ ਇਸ ਲਈ ਕਿ ਮੇਰੀ ਨਜ਼ਰ ਵਿਚ ਸਭ ਤੋਂ ਵੱਡਾ ਮਰਾਸੀ ਜਾਂ ਮਸਖਰਾ ਚਾਰਲੀ ਚੈਪਲਨ ਹੈ ਅਤੇ ਉਹ ਹਮੇਸ਼ਾ ਦੁਨੀਆ ਤੇ ਹੱਸਣ ਦੀ ਥਾਂ 'ਤੇ ਆਪਣੇ ਆਪ ਹੱਸਦਾ ਰਿਹਾ ਹੈ, ਦੂਜਿਆਂ ਨੂੰ ਕਹਿਣ ਦੀ ਥਾਂ ਉਨ੍ਹਾਂ ਦੀਆਂ ਸੁਣਦਾ ਰਿਹਾ ਹੈ । ਉਸ ਦੀ ਹਰ ਲਟਕ ਮਨ ਨੂੰ ਚੰਗੀ ਲੱਗਦੀ ਰਹੀ ਹੈ । ਵੱਡਿਆਂ ਵਾਂਗ ਉਹ ਨਾ ਤਾਂ ਦੂਜਿਆਂ ਨੂੰ ਸੁਨੇਹੇ ਜਾਂ ਉਪਦੇਸ਼ ਦਿੰਦਾ ਰਿਹਾ ਹੈ ਅਤੇ ਨਾ ਹੀ ਉਨ੍ਹਾਂ ਦਾ ਮਜ਼ਾਕ ਉਡਾਉਂਦਾ ਰਿਹਾ ਹੈ। ਤਮਾਸ਼ਬੀਨ ਵਾਂਗ ਉਹ ਸਭ ਕੁਝ ਵੇਖਦਾ ਰਿਹਾ ਹੈ ਅਤੇ ਆਪਣਾ ਮਖੌਲ ਉਡਾਉਂਦਾ ਰਿਹਾ ਹੈ । ਉਹ ਪਹੁੰਚਿਆ ਹੋਇਆ ਵਿਅਕਤੀ ਨਹੀਂ ਹੈ। ਇਕ ਮਰਾਸੀ ਵਾਂਗ ਮੈਂ ਵੀ ਇਕ ਪਹੁੰਚਿਆ ਹੋਇਆ ਵਿਅਕਤੀ ਨਹੀਂ ਹਾਂ ਜਿਹੜਾ ਹੋਰਨਾਂ ਨੂੰ ਸੁਨੇਹੇ ਦੇ ਸਕਦਾ ਹੈ ਜਾਂ ਇਨ੍ਹਾਂ ਦਾ ਮਜ਼ਾਕ ਉਡਾ ਸਕਦਾ ਹੈ। ਇਸ ਲਈ ਮੇਰਾ ਨਾਂ ਉਸ ਵਹੀ ਵਿਚ ਚੜ੍ਹ ਗਿਆ ਹੈ, ਜਿਸ ਵਿਚ ਉਨ੍ਹਾਂ ਮਰਾਸੀਆਂ ਦੀ ਸੂਚੀ ਹੈ ਜਿਨ੍ਹਾਂ ਨੂੰ ਲੋਕਾਂ ਦਾ ਜੀਅ ਲਾਉਣ ਲਈ ਜਾਂ ਇਨ੍ਹਾਂ ਦੇ ਅਕੇਵੇਂ ਨੂੰ ਘੱਟ ਕਰਨ ਲਈ ਕਦੇ ਕਦੇ ਬੁਲਾਇਆ ਜਾਂਦਾ ਹੈ ਜਾਂ ਹੁਕਮ ਦਿੱਤਾ ਜਾਂਦਾ ਹੈ ਅਤੇ ਜਿਸ ਦੀ ਪਾਲਣਾ ਉਨ੍ਹਾਂ ਨੂੰ ਕਦੇ ਕਦੇ ਕਰਨੀ ਪੈਂਦੀ ਹੈ ।

********

# ਤੁਹਾਡਾ ਪ੍ਰਸ਼ੰਸਕ

ਅੱਜ ਟੁਟਦੇ ਹੋਏ ਮਾਨਵ ਸਬੰਧਾਂ ਅਤੇ ਖਿੰਡਦੇ ਹੋਏ ਪਰਿਵਾਰ ਦੇ ਯੁੱਗ ਵਿਚ ਕਿਸੇ ਨੂੰ 'ਆਪ ਜੀ ਦਾ' ਕਹਿਣਾ ਜਾਂ ਲਿਖਣਾ ਵੀ ਬੜਾ ਅਜੀਬ ਲਗਦਾ ਹੈ । ਇਹ ਇੰਨਾ ਹੀ ਫਜ਼ੂਲ ਲਗਦਾ ਹੈ ਜਿੰਨਾ ਪੁਰਾਣਾ ਲੀੜਾ ਜਿਹੜਾ ਜਾਂ ਤਾਂ ਛੋਟਾ ਹੋ ਚੁਕਿਆ ਹੈ ਜਾ ਬੁੱਢਾ । ਇਸੇ ਲਈ ਸ਼ਾਇਦ ਸਰਕਾਰੀ ਚਿੱਠੀਆਂ ਜਾਂ ਅਰਜ਼ੀਆਂ ਵਿਚ ਇਸ ਨੂੰ ਲਿਖਿਆ ਜਾਣ ਲੱਗ ਪਿਆ ਹੈ ਪਰ ਲੜਕੀਆਂ ਅੱਜ ਵੀ ਕਿਸੇ ਨੂੰ 'ਆਪ ਜੀ ਦੀ' ਲਿਖਣ ਤੋਂ ਪ੍ਰਹੇਜ਼ ਕਰਦੀਆਂ ਹਨ ਤਾਂ ਜੋ ਕਿਤੇ ਗ਼ਲਤ-ਫ਼ਹਿਮੀ ਨਾ ਹੋ ਜਾਵੇ । ਆਪਣੇ ਪੁਰਾਣੇ ਸੰਸਕਾਰਾਂ ਦੇ ਕਾਰਣ, ਉਹ ਆਪਣੇ ਮਾਂ-ਬਾਪ ਨੂੰ ਵੀ ਪਿਆਰੇ ਕਹਿ ਕੇ ਬੁਲਾਉਣ ਤੋਂ ਕਤਰਾਉਂਦੀਆਂ ਹਨ ਅਤੇ ਚਿੱਠੀਆਂ ਵਿਚ ਉਨ੍ਹਾਂ ਨੂੰ ਪੂਜਨੀਕ ਲਿਖਣ ਦੀ ਉਨ੍ਹਾਂ ਨੂੰ ਆਦਤ ਹੈ ਅਤੇ ਕਿਸੇ ਨੂੰ ਪਿਆਰਾ ਕਹਿ ਕੇ ਬੁਲਾਉਣਾ ਜਾਂ ਚਿੱਠੀ ਦੇ ਅੰਤ ਵਿਚ ਕਿਸੇ ਨੂੰ 'ਆਪ ਦਾ' ਲਿਖਣਾ ਅਜੇ ਵੀ ਇਕ ਪੁਰਾਣੀ ਸੱਤਰ ਦੀ ਯਾਦ ਕਰਾਉਂਦਾ ਹੈ---ਠੁਕਰਾ ਦਿਓ ਜਾਂ ਪਿਆਰ ਕਰੋ । ਇਹ ਕੌਣ ਨਹੀਂ ਜਾਣਦਾ ਕਿ ਸ਼ਕੁੰਤਲਾ ਦਾ ਯੁੱਗ ਬੀਤ ਚੁੱਕਾ ਹੈ ਜਦੋਂ ਦੁਸ਼ਿਅੰਤ ਉਸ ਨੂੰ ਠੁਕਰਾ ਸਕਦਾ ਸੀ। ਅੱਜ ਤਲਾਕ ਦੇਣਾ ਤਾਂ ਸੰਭਵ ਹੈ ਪਰ ਠੁਕਰਾਉਣਾ ਨਹੀਂ ਅਤੇ ਪਿਆਰ ਦੀ ਗੱਲ ਕਰਨਾ ਤਾਂ ਬੜੇ ਹੌਸਲੇ ਦਾ ਕੰਮ ਹੈ। ਇਸ ਤਰ੍ਹਾਂ ਇਹ ਸੱਤਰ ਤਾਂ ਹੁਣ ਮਰ ਚੁੱਕੀ ਹੈ ਪਰ ਪੁਰਾਣਾ ਸੰਸਕਾਰ ਅਜੇ ਜਿਉਂਦਾ ਹੈ । ਇਕ ਜ਼ਮਾਨਾ ਸੀ ਜਦੋਂ ਇਕ ਵਾਰ ਕਿਸੇ ਤੇ ਜਾਂ ਕਿਸੇ ਲਈ ਮਰਨਾ ਹੁੰਦਾ ਸੀ ਤਾਂ ਸਾਰੀ ਜ਼ਿੰਦਗੀ ਮਰ ਮਰ ਕੇ ਜੀਣਾ ਹੁੰਦਾ ਸੀ। ਇਕ ਵਾਰ ਕਿਸੇ ਦਾ ਦਾਸ ਬਣ ਗਏ ਤਾਂ ਸਾਰੀ ਜ਼ਿੰਦਗੀ ਉਸ ਦੀ ਦਾਸਤਾ ਵਿਚ ਬੀਤ ਜਾਂਦੀ ਸੀ। ਇਹ ਸਬੰਧ ਉਦੋਂ ਤੱਕ ਚਲਦਾ ਸੀ ਜਦੋਂ ਤੱਕ ਮਾਲਕ ਆਪਣੇ ਦਾਸ ਨੂੰ ਵੇਚ ਨਹੀਂ ਦਿੰਦਾ ਸੀ ਜਾਂ ਭਗਵਾਨ ਆਪਣੀ ਕਿਰਪਾ-ਦ੍ਰਿਸ਼ਟੀ ਆਪਣੇ ਭਗਤ ਤੋਂ ਚੁੱਕ ਨਹੀਂ ਲੈਂਦਾ ਸੀ । ਅੱਜ ਪੁਰਾਣੇ ਰਿਸ਼ਤੇ ਟੁਕੜੇ ਟੁਕੜੇ ਹੋ ਚੁੱਕੇ ਹਨ, ਪਰ ਸੰਸਕਾਰਾਂ ਦਾ ਬੰਧਨ ਹੀ ਕਦੇ ਕਦੇ ਇਨ੍ਹਾਂ ਟੁਕੜਿਆਂ ਨੂੰ ਸਿਉਂ ਲੈਂਦਾ ਹੈ ।

ਜੇ ਕਿਸੇ ਨੂੰ ਸਚਮੁੱਚ ਹੀ ਆਪ ਜੀ ਦਾ ਕਹਿਣਾ ਇੰਨਾ ਔਖਾ ਹੋ ਰਿਹਾ ਹੈ ਤਾਂ ਕਿਸੇ ਦਾ ਪ੍ਰਸ਼ੰਸਕ ਬਣਨਾ ਕਿੰਨਾ ਕਠਿਨ ਹੋ ਸਕਦਾ ਹੈ । ਇਸ ਦਾ ਕੇਵਲ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਇਸ ਲਈ ਮੈਂ ਕਿਸੇ ਦਾ ਪ੍ਰਸ਼ੰਸਕ ਨਹੀਂ ਬਣ ਸਕਿਆ ਹਾਂ ਅਤੇ 'ਕੱਲਾ ਹੀ ਰਹਿ ਗਿਆ ਹਾਂ ਅਤੇ ਨਾ ਹੀ ਮੈਂ ਕਿਸੇ ਨੂੰ ਆਪਣਾ ਪ੍ਰਸ਼ੰਸਕ ਬਣਨ ਦਿੱਤਾ ਹੈ। ਦੇਰ ਤਾਈਂ ਕਿਸੇ ਦੀ ਤਾਰੀਫ਼ ਕਰਦੇ ਰਹਿਣਾ ਜਾਂ ਆਪਣੀ ਸੁਣਦੇ ਰਹਿਣਾ ਚੰਗਾ ਨਹੀਂ ਲਗਦਾ । ਪਹਿਲਾਂ ਮੈਂ ਵੀ ਸੋਚਦਾ ਸੀ ਕਿ ਸਨੇਹ ਵਿਚ ਸ਼ਲਾਘਾ ਤਾਂ ਜ਼ਰੂਰ ਹੁੰਦੀ ਹੈ ਅਤੇ ਕਦੇ ਕਦੇ

ਸ਼ਲਾਘਾ ਵਿਚ ਵੀ ਸਨੇਹ ਹੁੰਦਾ ਹੈ । ਇਹ ਸੁਫਨਾ ਵੀ ਟੁੱਟ ਚੁਕਿਆ ਹੈ। ਇਸ ਤਰ੍ਹਾਂ ਵਾਰ ਵਾਰ ਪੁਰਾਣੇ ਸੁਫਨਿਆਂ ਦਾ ਟੁਟਣਾ ਅਤੇ ਨਵਿਆਂ ਦਾ ਬਣਨਾ ਹੁੰਦਾ ਆਇਆ ਹੈ । ਜਵਾਨੀ ਦੇ ਆਲਮ ਵਿਚ ਮਹਿਬੂਬ ਅੱਖਾਂ ਵਿਚ ਵਸਦਾ ਹੈ, ਅੱਧਖੜ ਹੁੰਦਿਆਂ ਹੀ ਉਹ ਅੱਖਾਂ ਤੋਂ ਬਾਹਰ ਵਸਦਾ ਹੈ ਅਤੇ ਬੁੱਢਿਆਂ ਹੁੰਦਿਆਂ ਹੀ ਉਹ ਦਿੱਸਣਾ ਵੀ ਬੰਦ ਹੋ ਜਾਂਦਾ ਹੈ । ਕਿਸੇ ਨੂੰ ਠੁਕਰਾਉਣ ਦੀ ਤਾਕਤ ਨਹੀਂ ਰਹਿੰਦੀ ਅਤੇ ਨਾ ਹੀ ਕਿਸੇ ਨਾਲ ਸਨੇਹ ਕਰਨ ਦੀ । ਇਸ ਲਈ ਆਪ ਜੀ ਦਾ ਅਤੇ 'ਆਪ ਦਾ ਪ੍ਰਸ਼ੰਸਕ' ਦੋਨੋਂ ਅੱਜ ਦੇ ਮਾਨਵੀ ਸਬੰਧਾਂ ਵਿਚ ਸਾਰਹੀਨ ਹੋ ਚੁੱਕੇ ਹਨ । ਇਸ ਤਰ੍ਹਾਂ ਨਾ ਤਾਂ ਜੀ ਭਰ ਕੇ ਨਿੰਦਾ ਕੀਤੀ ਜਾ ਸਕਦੀ ਹੈ ਅਤੇ ਨਾ ਹੀ ਪ੍ਰਸ਼ੰਸਾ, ਨਾ ਹੀ ਨਫ਼ਰਤ ਤੇ ਨਾ ਹੀ ਪਿਆਰ । ਸਾਰੇ ਹੀ ਮਾਨਵੀ ਸਬੰਧ ਓਪਰੇ ਅਤੇ ਥੋਥੇ ਹੁੰਦੇ ਜਾ ਰਹੇ ਹਨ । ਨਾ ਤਾਂ ਨਿੰਦਕ ਦਿਲ ਖੋਲ੍ਹ ਕੇ ਆਪਣੇ ਦੁਸ਼ਮਣ ਤੇ ਵਰ੍ਹਦਾ ਹੈ ਅਤੇ ਨਾ ਹੀ ਪ੍ਰਸ਼ੰਸਕ ਆਪਣੇ ਦੋਸਤਾਂ ਦੇ ਗੁਣਾਂ ਦਾ ਵਖਾਣ ਕਰਦਾ ਹੈ। ਸਾਰਾ ਕੁਝ ਦਬੀ ਜ਼ੁਬਾਨ ਵਿਚ ਹੁੰਦਾ ਹੈ, ਸਾਰੇ ਪਾਸੇ ਕੰਨਫੂਸੀ ਤੇ ਚੁਗਲੀ ਚਲਦੀ ਹੈ । ਖੁਲ੍ਹ ਕੇ ਗੱਲ ਕਰਨ ਦਾ ਰਿਵਾਜ ਹੀ ਨਹੀਂ ਰਿਹਾ । ਇਸ ਲਈ ਅੱਜ ਨਾ ਤਾਂ ਰਾਜਾ ਰਾਮ ਦਾ ਬਾਲਮੀਕੀ ਵੇਖਣ ਨੂੰ ਮਿਲਦਾ ਹੈ ਅਤੇ ਨਾ ਹੀ ਭਗਵਾਨ ਰਾਮ ਦਾ ਤੁਲਸੀ । ਅੱਜ ਤਾਂ ਪ੍ਰਿਥਵੀਰਾਜ ਦਾ ਚੰਦ ਵੀ ਗਾਇਬ ਹੋ ਗਿਆ ਹੈ। ਮੈਂ ਵੀ ਅੱਜ ਆਪ ਜੀ ਦਾ ਪ੍ਰਸ਼ੰਸਕ ਨਹੀਂ ਹਾਂ, ਆਪਣੀ ਹੀ ਡਫਲੀ ਵਜਾਉਂਦਾ ਹਾਂ । ਜੇ ਮੈਂ ਕਿਸੇ ਦੀ ਪ੍ਰਸ਼ੰਸਾ ਕਰਦਾ ਹਾਂ ਤਾਂ ਆਪਣੀ ਤਰੱਕੀ ਲਈ ਜਾਂ ਆਪਣੇ ਅਹੰ ਦੀ ਭੁੱਖ ਮਿਟਾਉਣ ਲਈ । ਮੇਰੇ ਅਹੰ ਨੂੰ ਬੜੀ ਦੇਰ ਤੋਂ ਇੰਨਾ ਦਬਾ ਕੇ ਰੱਖਿਆ ਗਿਆ ਹੈ ਕਿ ਅੱਜ ਇਹ ਭੁਕਾਨੇ ਵਾਂਗ ਫੁੱਲ ਗਿਆ ਹੈ । ਇਸ ਤਰ੍ਹਾਂ ਫੁਲਣ ਤੋਂ ਸਿਵਾ ਇਸ ਕੋਲ ਹੋਰ ਚਾਰਾ ਹੀ ਕੀ ਹੈ; ਇਸ ਤੋਂ ਬਿਨਾਂ ਜ਼ਿੰਦਾ ਵੀ ਕਿਵੇਂ ਰਿਹਾ ਜਾ ਸਕਦਾ ਹੈ । ਜੇ ਮੈਂ ਤੁਹਾਡੀ ਤਾਰੀਫ਼ ਕਰਦਾ ਹਾਂ ਤਾਂ ਕਲਾਤਮਕ ਢੰਗ ਨਾਲ, ਤਾਂ ਜੋ ਤੁਹਾਨੂੰ ਇਸ ਦਾ ਪਤਾ ਵੀ ਨਾ ਲੱਗੇ, ਮੇਰੀ ਤਾਰੀਫ਼ ਵੀ ਜਦੋਂ ਕੀਤੀ ਜਾਂਦੀ ਹੈ ਤਾਂ ਇਹ ਕਹਿ ਕੇ ਕਿ ਮੈਨੂੰ ਤਾਰੀਫ਼ ਤੋਂ ਨਫ਼ਰਤ ਹੈ ।

ਇਸ ਤਰ੍ਹਾਂ ਅਭਿਨੰਦਨ ਦੇ ਇਸ ਯੁੱਗ ਵਿਚ ਆਪਣੀ ਤਾਰੀਫ਼ ਕਰਾਉਣਾ ਜ਼ਰੂਰੀ ਹੋ ਗਿਆ ਹੈ । ਇਸ ਦਾ ਢੰਗ ਵੀ ਬਦਲ ਗਿਆ ਹੈ । ਆਮ ਤੌਰ ਤੇ ਅਭਿਨੰਦਨ ਉਦੋਂ ਹੁੰਦਾ ਹੈ ਜਦੋਂ ਲੋ ਮੱਧਮ ਹੋ ਜਾਂਦੀ ਹੈ, ਜਦੋਂ ਸਾਹਿਤਕਾਰ ਕੁਝ ਹੋਰ ਕਹਿਣ ਤੋਂ ਰਹਿ ਜਾਂਦਾ ਹੈ--- ਉਸ ਫ਼ੌਜੀ ਵਾਂਗ ਜਿਹੜਾ ਆਪਣੇ ਕੋਟ ਤੇ ਬਸ ਤਗਮੇ ਹੀ ਲਟਕਾ ਸਕਦਾ ਹੈ । ਪਾਠਕ ਵੀ ਉਸ ਦੀਆਂ ਰਚਨਾਵਾਂ ਬਿਨਾਂ ਪੜ੍ਹੇ ਉਸ ਦਾ ਪ੍ਰਸ਼ੰਸਕ ਬਣ ਜਾਂਦਾ ਹੈ । ਇਸੇ ਤਰ੍ਹਾਂ ਪਤੀ ਵੀ ਵਧੀਆ ਪਕਵਾਨਾਂ ਦਾ ਸੁਆਦ ਲੈਣ ਲਈ ਆਪਣੀ ਪਤਨੀ ਦੇ ਗੁਣਾਂ ਨੂੰ 'ਰੁਕਣ' ਵਿਚ ਹੀ ਪਛਾਣਨਾ ਸ਼ੁਰੂ ਕਰ ਦਿੰਦਾ ਹੈ ਅਤੇ ਵਿਦਿਆਰਥੀ ਵੱਧ ਨੰਬਰ ਹਾਸਲ ਕਰਨ ਲਈ ਪੜ੍ਹਾਉਣ ਵਾਲੇ ਨੂੰ ਵਿਦਵਾਨ ਕਹਿਣ ਲੱਗ ਪੈਂਦਾ ਹੈ । ਜਾਣਨਾ, ਪਛਾਣਨਾ, ਬਣਨਾ ਅਤੇ ਕਹਿਣਾ

ਇਕ ਪਾਸੇ ਤੇ ਮੰਨਣਾ ਦੂਜੇ ਪਾਸੇ । ਇਸ ਲਈ ਕਿਸੇ ਦੀ ਪ੍ਰਸ਼ੰਸਾ ਕਰਨਾ ਹੁਣ ਖੁਸ਼ਾਮਦ ਜਾਂ ਚਾਪਲੂਸੀ ਵਿਚ ਬਦਲਣ ਲਗਿਆ ਹੈ । ਠੁਕਰਾ ਦਿਉ ਜਾਂ ਪਿਆਰ ਕਰੋ ਦੀ ਗੱਲ ਜਾਂ ਤਾਂ ਆਸ਼ਿਕ ਕਰ ਸਕਦਾ ਹੈ ਜਾਂ ਭਗਤ । ਤੁਲਸੀ ਹੀ ਰਾਮ ਵਿਚ ਰਲ ਕੇ ਲਿਖ ਸਕਦੇ ਸਨ ਜਾਂ ਸੂਰ ਦਾਸ ਕ੍ਰਿਸ਼ਨ ਵਿਚ ਰਸ ਕੇ । ਅੱਜ ਦਾ 'ਭਾਰਤੀ' ਕਿਸ ਤਰ੍ਹਾਂ ਕ੍ਰਿਸ਼ਨ ਵਿਚ ਰਲ ਸਕਦਾ ਹੈ, ਉਹ ਤਾਂ ਕ੍ਰਿਸ਼ਨ ਨੂੰ ਖਰੀਆਂ ਖਰੀਆਂ ਸੁਣਾ ਸਕਦਾ ਹੈ । ਅੱਜ ਦਾ ਕਵੀ ਸਨੇਹ ਨੂੰ ਸਹਿਵਾਸ ਕਹਿਣ ਲੱਗ ਪਿਆ ਹੈ । ਕਿੱਥੇ ਹੈ ਉਹ ਪੰਤ ਦੀ ਨਾਰੀ ਜਿਸ ਦੀ ਛੂਹ ਨਾਲ ਹੀ ਕਵੀ ਨੂੰ ਪਵਿੱਤਰ ਗੰਗਾ-ਇਸ਼ਨਾਨ ਹੋ ਜਾਂਦਾ ਸੀ ? ਕਿੱਥੇ ਹੈ ਉਹ ਆਸੂ ਦੀ ਬਾਲਿਕਾ ਜਿਸ ਦੀ ਅਮਿਟ ਮੋਹਰ ਖੁਲ੍ਹਣ ਵਿਚ ਨਹੀਂ ਆਉਂਦੀ ? ਪੁਰਾਣੀ ਸਿਆਹੀ ਵੀ ਕਿੱਥੇ ਮਿੱਟਦੀ ਸੀ ? ਕੱਪੜਾ ਪਾਟਣ ਤਕ ਉਸ ਦਾ ਦਾਗ ਨਹੀਂ ਜਾਂਦਾ ਸੀ । ਪਰ ਅੱਜ ਸਿਆਹੀ ਵੀ ਉਹ ਹੈ ਜਿਹੜੀ ਡਿੱਗਦੇ ਹੀ ਉਡ ਜਾਂਦੀ ਹੈ, ਤਾਰੀਫ਼ ਉਹ ਹੈ ਜਿਹੜੀ ਕਰਦੇ ਹੀ ਮਿੱਟ ਜਾਂਦੀ ਹੈ ।

ਜੇ ਮੈਂ ਤੁਹਾਡਾ ਪ੍ਰਸ਼ੰਸਕ ਨਹੀਂ ਬਣ ਸਕਿਆ ਤਾਂ ਕਸੂਰ ਮੇਰਾ ਹੈ, ਪਰ ਇਸ ਦੇ ਕਈ ਕਾਰਣ ਹਨ । ਮੈਂ ਇਹ ਲੱਭਿਆ ਹੈ ਕਿ ਤਾਰੀਫ਼ ਕਰਨ ਦੀ ਇੰਨੀ ਕਦਰ ਨਹੀਂ ਪੈਂਦੀ ਜਿੰਨੀ ਗਾਲ੍ਹਾਂ ਕੱਢਣ ਦੀ, ਗੁਣਾਂ ਦਾ ਵਖਾਣ ਇੰਨਾ ਮਹੱਤਵ ਨਹੀਂ ਰੱਖਦਾ ਜਿੰਨਾ ਨੁਕਸ ਕੱਢਣ ਦਾ, ਸਨੇਹ ਵਿਚ ਇੰਨੀ ਤਾਕਤ ਨਹੀਂ ਰਹੀ ਜਿੰਨੀ ਵਿਰੋਧ ਵਿਚ । ਸਾਰੇ ਪਾਸੇ ਇਹ ਆਵਾਜ਼ ਉਠ ਰਹੀ ਹੈ ਕਿ ਪੁਰਾਣਾ ਛੰਦ ਟੁੱਟ ਚੁਕਿਆ ਹੈ, ਲੈ ਟੁੱਟ ਚੁਕੀ ਹੈ, ਸਵੱਰ ਵਿਸ਼ਮ ਹੋ ਗਿਆ ਹੈ, ਸਤੁੰਲਨ ਵਿਗੜ ਗਿਆ ਹੈ, ਯੁੱਗ-ਬੋਧ ਬਦਲ ਗਿਆ ਹੈ । ਇਸ ਨੱਕਾਰ-ਖਾਨੇ ਵਿਚ ਮੇਰੀ ਤੂਤੀ ਦੀ ਆਵਾਜ਼ ਵਿਚ ਕਿੰਨੀ ਕੁ ਤਾਕਤ ਹੋ ਸਕਦੀ ਹੈ ? ਮੈਂ ਵੀ ਵਹਾਅ ਨਾਲ ਵਹਿਣਾ ਹੈ। ਇਸ ਵਿਚ ਵਧੇਰੇ ਸੁਖ ਹੈ । ਕਦੋਂ ਤੱਕ ਮਜਨੂੰ ਲੈਲਾ ਨੂੰ ਆਪਣੀ ਗੋਦੀ ਵਿਚ ਲੈ ਕੇ ਬੈਠਾ ਰਹੇ? ਕਦੋਂ ਤਕ ਮੈਂ ਤੁਹਾਡਾ ਪ੍ਰਸ਼ੰਸਕ ਬਣਿਆ ਰਹਾਂ ? ਕਦੋ ਤਕ ਠੁਕਰਾਇਆ ਜਾਂਦਾ ਰਹਾਂ? ਮੈਂ ਆਪਣੇ ਪਾਠਕ ਨੂੰ ਸੁਰੇਤ ਕਹਿੰਦਾ ਆਇਆ ਹਾਂ ? ਉਸ ਦੀ ਤਾਰੀਫ਼ ਦੇ ਪੁਲ ਬੰਨ੍ਹਦਾ ਰਿਹਾ ਹਾਂ, ਪਰ ਉਹ ਮੇਰਾ ਬਣਨ ਤੋਂ ਇਨਕਾਰ ਕਰਦਾ ਰਿਹਾ ਹੈ। ਸਾਲ ਭਰ ਵਿਚ ਮੇਰੀ ਸਭ ਤੋਂ ਵਧੀਆ ਕਿਤਾਬ ਦੀ, ਜਿਸ ਦਾ ਨਾਂ ਲੈਣਾ ਫ਼ਜ਼ੂਲ ਹੈ, ਕੁਲ ਵੀਹ ਕਾਪੀਆਂ ਵਿਕਦੀਆਂ ਹਨ । ਮੈਂ ਨਾਰੀ ਦੇ ਸੁਤੰਤਰ ਵਿਅਕਤਿਤਵ ਨੂੰ ਮੰਨ ਕੇ ਉਸ ਦੀ ਪ੍ਰਸ਼ੰਸਾ ਕਰਦਾ ਆਇਆ ਹਾਂ ਪਰ ਉਹ ਮੇਰੀ ਬਣਨ ਤੋਂ ਇਸ ਕਰਕੇ ਪਰਹੇਜ਼ ਕਰਦੀ ਰਹੀ ਕਿ ਉਸ ਨੂੰ ਕਿਸੇ ਦੇ ਅਧੀਨ ਹੋਣ ਦੀ ਆਦਤ ਪੈ ਚੁੱਕੀ ਹੈ, ਅਤੇ ਖੁਲੀ ਹਵਾ ਵਿਚ ਉਸ ਦਾ ਸਾਹ ਬੰਦ ਹੋਣ ਲਗਦਾ ਹੈ । ਇਸ ਲਈ ਮੈਂ ਤੁਹਾਡਾ ਪ੍ਰਸ਼ੰਸਕ ਨਹੀਂ ਰਿਹਾ, ਆਪਣਾ ਪ੍ਰਸ਼ੰਸਕ ਬਣ ਗਿਆ ਹਾਂ ।

## ਮੈਂ ਯੋਗ ਹਾਂ

ਇਕ ਵਾਰ ਜਦੋਂ ਕਮਾਨ ਵਿੱਚੋਂ ਤੀਰ ਨਿਕਲ ਜਾਂਦਾ ਹੈ ਤਾਂ ਉਹ ਮੁੜ ਤਰਕਸ਼ ਵਿਚ ਨਹੀਂ ਆ ਸਕਦਾ, ਗੱਲ ਜਦੋਂ ਮੂੰਹ ਵਿੱਚੋਂ ਨਿਕਲ ਜਾਂਦੀ ਹੈ ਤਾਂ ਉਹ ਪਰਤੀ ਨਹੀਂ ਜਾ ਸਕਦੀ ਖਿਣ ਜਦੋਂ ਬੀਤ ਜਾਂਦੇ ਹਨ ਤਾਂ ਸਦਾ ਲਈ ਬੀਤ ਜਾਂਦੇ ਹਨ, ਹੱਡੀਆਂ ਜਦੋਂ ਗੰਗਾ ਵਿਚ ਵਹਿ ਜਾਂਦੀਆਂ ਹਨ ਤਾਂ ਸਦਾ ਲਈ ਉਸ ਵਿਚ ਰਲ ਜਾਂਦੀਆਂ ਹਨ। ਇਸੇ ਲਈ ਬੀਤੇ ਸਮੇਂ ਨੂੰ ਮੁੜ ਲਿਆਉਣਾ ਅਸੰਭਵ ਹੁੰਦਾ ਹੈ, ਉਸ ਨੂੰ ਮੁੜ ਸੁਰਜੀਤ ਕਰਨਾ ਕਿਸੇ ਦੇ ਵੀ ਹੱਥ ਨਹੀਂ ਹੈ। ਇਹੋ ਹੀ ਤਾਂ ਜ਼ਿੰਦਗੀ ਦਾ ਸਭ ਤੋਂ ਵੱਡਾ ਅਫ਼ਸੋਸ ਹੈ। ਮੇਰੇ ਦੋਸਤ ਦੀ ਗੱਲ ਵੱਖਰੀ ਹੈ। ਉਸ ਨੇ ਇਕ ਵਾਰ ਭਾਵਨਾ ਵਿਚ ਵਹਿ ਕੇ ਭਰੀ ਸਭਾ ਵਿਚ ਕਹਿ ਦਿੱਤਾ ਸੀ ਕੀ ਮੈਂ ਇਕ ਯੋਗ ਵਿਅਕਤੀ ਹਾਂ ਅਤੇ ਮੈਂ ਵੀ ਇਸ ਗੱਲ ਨੂੰ ਗੰਢ ਮਾਰ ਲਈ। ਹੁਣ ਮੇਰਾ ਮਿੱਤਰ ਮੁਸੀਬਤ ਵਿਚ ਪੈ ਗਿਆ ਹੈ। ਉਸ ਨੂੰ ਮੇਰੀ ਹਰ ਗੱਲ ਇਸ ਕਰਕੇ ਮੰਨਣੀ ਪੈਂਦੀ ਹੈ ਕਿਉਂਕਿ ਉਹ ਅਕਲ ਦੀ ਹੈ। ਪਰ ਆਪਣੇ ਕੀਤੇ ਤੇ ਉਹ ਹੁਣ ਪਛਤਾਉਂਦਾ ਹੈ ਤੇ ਕੁੜ੍ਹਦਾ ਹੈ। ਉਸ ਦੀ ਵਿਆਕੁਲਤਾ ਦਾ ਅਹਿਸਾਸ ਅਤੇ ਉਸ ਦੀ ਬੇਬੱਸੀ ਦਾ ਖ਼ਿਆਲ ਮੈਨੂੰ ਵੀ ਕਦੇ ਕਦੇ ਹੋਣ ਲੱਗ ਜਾਂਦਾ ਹੈ। ਯੋਗ ਹੋਣ ਦਾ ਮੇਰਾ ਵਹਿਮ ਹੁਣ ਮੇਰਾ ਵਿਸ਼ਵਾਸ ਬਣ ਗਿਆ ਹੈ ਅਤੇ ਬੇਭਰੋਸਗੀ ਦੇ ਇਸ ਯੁੱਗ ਵਿਚ ਇਸ ਨੂੰ ਗਵਾ ਕੇ ਮੈਂ ਬੇਆਸਰਾ ਨਹੀਂ ਹੋਣਾ ਚਾਹੁੰਦਾ। ਜੇ ਮੈਂ ਯੋਗ ਵੀ ਨਹੀਂ ਰਹਿੰਦਾ ਤਾਂ ਮੇਰੇ ਕੋਲ ਕੁਝ ਵੀ ਨਹੀਂ ਰਹਿ ਜਾਂਦਾ। ਇਸ ਦਾ ਕਾਰਣ ਇਹ ਹੈ ਕਿ ਮੈਂ ਨਾ ਤਾਂ ਸੁੰਦਰ ਹਾਂ, ਨਾ ਹੀ ਧਨੀ, ਨਾ ਪਤੀ ਹਾਂ, ਨਾ ਪਿਤਾ ਹਾਂ, ਨਾ ਸੁਆਮੀ ਹਾਂ, ਨਾ ਹੀ ਦਾਸ ਹਾਂ। ਇਸ ਹਾਲਤ ਵਿਚ ਜੇ ਯੋਗ ਕਹਾਉਣ ਤੋਂ ਵੀ ਵੰਚਿਤ ਹੋ ਜਾਂਦਾ ਹਾਂ ਤਾਂ ਸਿਫਰ ਬਣ ਜਾਂਦਾ ਹਾਂ, ਅਤੇ ਜਦੋਂ ਤਕ ਸਾਹ ਲੈਂਦਾ ਹਾਂ, ਸਿਫ਼ਰ ਕਿਸ ਤਰ੍ਹਾਂ ਬਣ ਸਕਦਾ ਹਾਂ। ਇਸ ਲਈ ਮੇਰੇ ਮਿੱਤਰ ਨੇ ਠੀਕ ਹੀ ਕਿਹਾ ਸੀ ਕਿ ਮੈਂ ਯੋਗ ਹਾਂ। ਹੁਣ ਉਹ ਹੋਰਨਾਂ ਨੂੰ ਕਹਿਣ ਲੱਗ ਪਿਆ ਹੈ ਕਿ ਉਸ ਦੀ ਰਾਏ ਮੇਰੇ ਬਾਰੇ ਵਿਚ ਬਦਲ ਚੁੱਕੀ ਹੈ। ਮੈਂ ਤਾਂ ਕੇਵਲ ਇੰਨਾ ਹੀ ਕਹਿ ਸਕਦਾ ਹਾਂ ਕਿ ਉਸ ਨੇ ਭਰੀ ਸਭਾ ਵਿਚ ਸਾਰਿਆਂ ਦੇ ਸਾਮ੍ਹਣੇ ਮੇਰੇ ਯੋਗ ਹੋਣ ਦਾ ਐਲਾਨ ਕਿਉਂ ਕੀਤਾ ਸੀ ?

ਇਸ ਤੋਂ ਬਾਅਦ ਯੋਗ ਕਹਾਉਣ ਲਈ ਮੈਂ ਬੜੀ ਮਿਹਨਤ ਕੀਤੀ ਹੈ। ਹਰ ਨਵੀਂ ਪੁਸਤਕ ਖਰੀਦਦਾ ਰਿਹਾ ਹਾਂ, ਹਰ ਪੱਤ੍ਰਿਕਾ ਦਾ ਗਾਹਕ ਬਣਦਾ ਰਿਹਾ ਹਾਂ। ਮੈਂ ਇਹ ਜਾਣਦਾ ਹਾਂ ਕਿ ਯੋਗ ਕਹਾਉਣ ਲਈ ਪੁਸਤਕਾਂ ਪੜ੍ਹਨੀਆਂ ਇੰਨੀਆਂ ਜ਼ਰੂਰੀ ਨਹੀਂ ਜਿੰਨਾ ਉਨ੍ਹਾਂ ਨੂੰ ਤਰਤੀਬ ਨਾਲ ਰੱਖਣਾ। ਉਨ੍ਹਾਂ ਤੇ ਖਾਕੀ ਕਾਗਜ਼ ਚੜ੍ਹਾਏ ਹੋਏ ਹਨ ਤਾਂ ਜੋ ਉਨ੍ਹਾਂ ਤੇ

ਦਾਗ ਨਾ ਲਗ ਜਾਵੇ। ਪੱਤਰ-ਪੱਤ੍ਰਿਕਾਵਾਂ ਨੂੰ ਵੇਖਣ ਲਈ ਵਕਤ ਦੀ ਇੰਨੀ ਲੋੜ ਨਹੀਂ ਜਿੰਨੀ ਵਿਚਲੇ ਮੇਜ਼ ਤੇ ਉਨ੍ਹਾਂ ਨੂੰ ਸਜਾ ਕੇ ਰੱਖਣ ਦੀ । ਇਹ ਕੁਝ ਕਰਨ ਤੇ ਬਾਵਜੂਦ ਵੀ ਜੇ ਮੇਰਾ ਮਿੱਤਰ ਮੇਰੀ ਯੋਗਤਾ ਬਾਰੇ ਆਪਣੀ ਰਾਏ ਬਦਲਦਾ ਹੈ ਤਾਂ ਕਸੂਰ ਉਸੇ ਦਾ ਹੈ । ਜੇ ਇਕ ਵਾਰ ਕਿਸੇ ਨਾਰੀ ਨੂੰ ਸੁੰਦਰ ਕਿਹਾ ਜਾਂਦਾ ਹੈ ਤਾਂ ਇਹ ਗੱਲ ਸਦਾ ਹੀ ਕਹੀ ਜਾਂਦੀ ਹੈ, ਇਸੇ ਤਰ੍ਹਾਂ ਜੇ ਕਿਸੇ ਮਨੁੱਖ ਨੂੰ ਇਕ ਵਾਰ ਯੋਗ ਦੀ ਪਦਵੀ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਵਾਪਸ ਮੋੜਨਾ ਸ਼ੋਭਾ ਨਹੀਂ ਦਿੰਦਾ। ਜਵਾਨੀ ਵਿਚ ਤਾਂ ਔਰਤ ਖ਼ੂਬਸੂਰਤ ਹੁੰਦੀ ਹੀ ਹੈ ਬੁਢਾਪੇ ਵਿਚ ਉਸ ਦੀ ਸੁੰਦਰਤਾ ਨੂੰ ਖੋਹਿਆ ਨਹੀਂ ਜਾਂਦਾ । ਉਹ ਬੁੱਢੀ ਹੋ ਕੇ ਵੀ ਆਪਣੀ ਖੂਬਸੂਰਤੀ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੀ ਹੈ । ਜੇ ਕਿਸੇ ਅਧੇੜ ਉਮਰ ਵਾਲੇ ਬਾਰੇ ਧਾਰਨਾ ਨੂੰ ਬਦਲਿਆ ਜਾਵੇ ਤਾਂ ਉਸ ਨੂੰ ਕਿੰਨੀ ਸੱਟ ਵਜਦੀ ਹੈ। ਇਸ ਦਾ ਅੰਦਾਜ਼ਾ ਮੇਰੇ ਮਿੱਤਰ ਦੀ ਕਲਪਨਾ ਤੋਂ ਬਾਹਰ ਦੀ ਗੱਲ ਹੈ। ਸੁਣਨ ਵਿਚ ਆਉਂਦਾ ਹੈ ਕਿ ਹਰ ਸਮਝਦਾਰ ਪਤੀ ਅਤੇ ਹਰ ਅਕਲਮੰਦ ਆਸ਼ਕ ਆਪਣੀ ਪਤਨੀ ਜਾਂ ਮਸ਼ੂਕ ਦੇ ਬਾਰੇ ਵਿਚ ਇਸ ਤਰ੍ਹਾਂ ਦੀ ਗ਼ਲਤੀ ਕਦੇ ਨਹੀਂ ਕਰਦਾ, ਹਾਲਾਂਕਿ ਇਸ਼ਕ ਅਤੇ ਅਕਲ ਵਿਚ ਸਦਾ ਅਣਬਣ ਰਹਿੰਦੀ ਹੈ ।

ਮੇਰਾ ਦੋਸਤ ਆਪਣੀ ਗ਼ਲਤੀ ਨੂੰ ਗ਼ਲਤੀ ਨਹੀਂ ਸਮਝਦਾ, ਮੇਰੀ ਸੱਟ ਨੂੰ ਸੱਟ ਨਹੀਂ ਮੰਨਦਾ । ਜਦੋਂ ਮੈਂ ਮਿੰਨਤ ਦੇ ਲਹਿਜੇ ਵਿਚ ਉਸ ਨੂੰ ਕਹਿੰਦਾ ਹਾਂ--"ਤੁਸੀਂ ਕਿਉਂ ਕਿਹਾ ਸੀ ਕਿ ਮੈਂ ਯੋਗ ਹਾਂ ਅਤੇ ਹੁਣ ਇਕ ਯੋਗ ਬੰਦੇ ਦੀ ਗੱਲ ਨੂੰ ਨਾ ਕਿਉਂ ਕਰ ਰਹੇ ਹੋ" ਉਸ ਦਾ ਜਆਬ ਬੜਾ ਸੁਆਦਲਾ ਹੁੰਦਾ ਹੈ--ਇਹ ਤਾਂ ਮੈਂ ਸ੍ਰਿਸ਼ਟਾਚਾਰ ਦੇ ਨਾਤੇ ਕਿਹਾ ਸੀ ਅਤੇ ਜੀਵਨ ਵਿਚ ਸ੍ਰਿਸ਼ਟਾਚਾਰ ਦਾ ਸਰੂਪ ਵੀ ਇਹੋ ਹੀ ਹੁੰਦਾ ਹੈ । ਜੇ ਮੈਂ ਸ੍ਰਿਸ਼ਟਾਚਾਰ ਨੂੰ ਸੱਭਿਅਤਾ ਦਾ ਅੰਗ ਨਹੀਂ ਮੰਨਦਾ ਤਾਂ ਇਹ ਮੇਰੀ ਭੁੱਲ ਹੈ। ਇਸ ਨੂੰ ਸੱਚ ਸਮਝ ਲੈਣਾ ਯੋਗਤਾ ਦਾ ਲੱਛਣ ਨਹੀਂ ਹੈ, ਇਸ ਤਰ੍ਹਾਂ ਦੀਆਂ ਸਭਾਵਾਂ ਵਿਚ ਸਾਰੇ ਇਕ ਦੂਸਰੇ ਦੀ ਤਾਰੀਫ਼ ਕਰਦੇ ਹਨ ਅਤੇ ਇਹ ਸਭਾਵਾਂ ਕੀਤੀਆਂ ਵੀ ਇਸੇ ਉਦੇਸ਼ ਨਾਲ ਜਾਂਦੀਆਂ ਹਨ । ਮੇਰਾ ਮਿੱਤਰ ਆਪਣੀ ਜ਼ੁਬਾਨ ਤੋਂ ਥਿੜਕਦਾ ਜਾ ਰਿਹਾ ਹੈ ਤੇ ਮੇਰੇ ਪੈਰਾਂ ਥਲਿਉਂ ਜ਼ਮੀਨ ਨਿਕਲਦੀ ਜਾ ਰਹੀ ਹੈ । ਪਛਤਾਵੇ ਦੀ ਭਾਵਨਾ ਮੈਨੂੰ ਖਾਣ ਲੱਗ ਪਈ ਹੈ ਕਿ ਯੋਗ ਕਹਾਉਣ ਲਈ ਮੈਂ ਇੰਨਾ ਪੈਸਾ ਕਿਉਂ ਖ਼ਰਚ ਕੀਤਾ। ਜੇ ਇਹ ਸਭ ਕੁਝ ਸ੍ਰਿਸ਼ਟਾਚਾਰ ਦਾ ਹੀ ਸਿੱਟਾ ਹੁੰਦਾ ਹੈ ਤਾਂ ਇਕ ਵਾਰ ਖ਼ੂਬਸੂਰਤ ਕਹਾਉਣ ਵਾਲੀ ਔਰਤ ਵੀ ਸ਼ੀਸ਼ੇ ਦੇ ਸਾਮ੍ਹਣੇ ਬਹਿ ਕੇ ਜ਼ਰੂਰ ਇਹ ਸੋਚਦੀ ਹੋਵੇਗੀ ਕਿ ਮੈਂ ਸ਼ਿੰਗਾਰ ਦੀਆਂ ਇੰਨੀਆਂ ਚੀਜ਼ਾਂ ਕਿਉਂ ਇਕੱਠੀਆਂ ਕੀਤੀਆਂ ਹੋਈਆਂ ਹਨ ।

ਮੇਰੀ ਖੋਪੜੀ ਇੰਨੀ ਖ਼ਾਲੀ ਨਹੀਂ ਹੈ ਸਿਰਫ਼ ਇਕ ਦੋਸਤ ਦੇ ਕਹਿਣ ਤੇ ਹੀ ਮੈਂ ਆਪਣੀ ਯੋਗਤਾ ਤੇ ਇਤਬਾਰ ਕਰ ਲਿਆ ਸੀ । ਇਸ ਤੋਂ ਪਹਿਲਾਂ ਵੀ ਇਮਤਿਹਾਨਾਂ ਵਿਚ ਬਹੁਤੇ ਨੰਬਰ ਲੈ ਕੇ ਮੈਨੂੰ ਲੱਗਦਾ ਹੁੰਦਾ ਸੀ ਕਿ ਮੈਂ ਯੋਗ ਹਾਂ ਪਰ ਮਗਰੋਂ ਘੱਟ ਤਨਖਾਹ ਮਿਲਣ ਕਰਕੇ ਮੇਰਾ ਇਹ ਵਹਿਮ ਜਾਂਦਾ ਰਿਹਾ ਸੀ । ਮੇਰੇ ਮਿੱਤਰ ਨੇ ਇਸ ਸੁੱਤੇ ਹੋਏ ਵਹਿਮ ਨੂੰ

ਜਗਾਇਆ ਜ਼ਰੂਰ ਸੀ ਅਤੇ ਹੁਣ ਉਹ ਇਸ ਨੂੰ ਮੁੜ ਲੋਰੀਆਂ ਦੇ ਰਿਹਾ ਹੈ । ਉਹ ਸ਼ਾਇਦ ਬੜੀ ਪੁਰਾਣੀ ਦੋਸਤੀ ਤੋੜਨਾ ਚਾਹੁੰਦਾ ਹੈ । ਜਾਂ ਸ਼ਾਇਦ ਇਹ ਉਸ ਦੀ ਨਵੀਂ ਜਾਣਕਾਰੀ ਦਾ ਸਿੱਟਾ ਹੈ, ਜਿਹੜਾ ਵਸਤੂ-ਸਥਿਤੀ ਨੂੰ ਭੋਗਣ ਲਈ ਉਸ ਨੂੰ ਮਜ਼ਬੂਰ ਕਰਦਾ ਹੈ । ਮੇਰੇ ਮਿੱਤਰ ਦੇ ਸੁਭਾਅ ਦੇ ਉਲਟ ਮੈਂ ਇਕ ਹੋਰ ਬੰਦੇ ਨੂੰ ਜਾਣਦਾ ਹਾਂ, ਜਿਸ ਦੀ ਜਾਣਕਾਰੀ ਹੁਣ ਤੱਕ ਰੁਮਾਂਟਿਕ ਹੈ, ਜਿਸ ਨੇ ਅਜੇ ਤੱਕ ਵਿਆਹ ਨਹੀਂ ਕਰਵਾਇਆ। ਉਸ ਨੇ ਆਪਣੀ ਲੈਲਾ ਦੀ ਤਸਵੀਰ ਅਜੇ ਤੱਕ ਮਨ ਵਿਚ ਸਜਾਈ ਹੋਈ ਹੈ । ਉਸ ਦਾ ਜਜ਼ਬਾ ਕਿੰਨਾ ਸੁਖਦਾਈ ਹੈ ਅਤੇ ਸ਼ਾਇਦ ਕਿੰਨਾ ਦੁਖਦਾਈ ਵੀ । ਉਸ ਦਾ ਗਿਆਨ ਪੁਰਾਣਾ ਨਹੀਂ, ਗੱਲ ਅਜੇ ਵੀ ਉਸ ਲਈ ਨਵੀਂ ਹੈ । ਮੇਰੇ ਮਿੱਤਰ ਅਜਿਹੇ ਵੀ ਹਨ ਜਿਹੜੇ ਨਵੀਂ ਜਾਣਕਾਰੀ ਕਰਕੇ ਆਪਣੀ ਗੱਲ ਬਦਲਣਾ ਚਾਹੁੰਦੇ ਹਨ, ਮੇਰੇ ਅਜਿਹੇ ਵੀ ਵਾਕਿਫਕਾਰ ਹਨ ਜਿਹੜੇ ਆਪਣੀ ਗੱਲ ਤੇ ਅੜੇ ਹੋਏ ਹਨ । ਇਨ੍ਹਾਂ ਦੋਨਾਂ ਵਿਚ ਕਿੰਨ੍ਹਾਂ ਦਾ ਗਿਆਨ ਸੁਖਦਾਈ ਹੈ, ਇਹ ਕਹਿਣਾ ਬੜਾ ਔਖਾ ਹੈ। ਇੰਨਾ ਜ਼ਰੂਰ ਕਹਿ ਸਕਦਾ ਹਾਂ ਕਿ ਜਦੋਂ ਇਕ ਵਹਿਮ ਟੁੱਟ ਜਾਂਦਾ ਹੈ ਤਾਂ ਮੈਂ ਜਿਊਣ ਖਾਤਰ ਕਿਸੇ ਹੋਰ ਵਹਿਮ ਨੂੰ ਪੈਦਾ ਕਰਦਾ ਆਇਆ ਹਾਂ । ਇਸ ਤਰ੍ਹਾਂ ਵਹਿਮਾਂ ਦੇ ਮਰਨ ਅਤੇ ਜਿਊਣ ਵਿਚ ਹੀ ਬਹੁਤੀ ਜ਼ਿੰਦਗੀ ਕੱਟ ਗਈ ਹੈ, ਅੰਤਿਮ ਵਹਿਮ ਦਾ ਟੁੱਟ ਜਾਣਾ ਜ਼ਿੰਦਗੀ ਦਾ ਅੰਤ ਹੋਵੇਗਾ । ਹੁਣ ਮੇਰੇ ਸਾਰੇ ਵਹਿਮ ਮੁਕ ਗਏ ਹਨ ਅਤੇ ਯੋਗ ਅਖਵਾਉਣ ਦਾ ਆਖਰੀ ਵਹਿਮ ਬਾਕੀ ਹੈ । ਮੇਰਾ ਮਿੱਤਰ ਇਸ ਨੂੰ ਤੋੜਨ ਉਤੇ ਤੁਲਿਆ ਹੋਇਆ ਹੈ । ਮੈਂ ਰਘੂਕੁਲ ਪਰੰਪਰਾ ਦਾ ਚੇਤਾ ਕਰਵਾ ਕੇ ਉਸ ਨੂੰ ਆਪਣੇ ਵਚਨ ਤੇ ਕਾਇਮ ਰਹਿਣ ਲਈ ਕਹਿੰਦਾ ਹਾਂ, ਪਰ ਉਹ ਟਸ ਤੋਂ ਮਸ ਨਹੀਂ ਹੁੰਦਾ ।

ਇਸ ਤਰ੍ਹਾਂ ਸਥਿਤੀ ਪੱਥਰ ਬਣ ਗਈ ਹੈ, ਬਦਲਣ ਵਿਚ ਹੀ ਨਹੀਂ ਆਉਂਦੀ । ਜਦੋਂ ਤੋਂ ਉਸ ਨੇ ਕਿਹਾ ਹੈ ਕਿ ਮੈਂ ਯੋਗ ਹਾਂ, ਉਦੋਂ ਤੋਂ ਮੈਂ ਯੋਗ ਹੋਣ ਲਈ ਬੜਾ ਕੁਝ ਕੀਤਾ ਹੈ, ਬੜੀ ਸਾਧਨਾ ਕੀਤੀ ਹੈ । ਪਰ ਮੇਰੇ ਮਿੱਤਰ ਨੂੰ ਮੇਰੇ ਤੇ ਇਤਬਾਰ ਹੀ ਨਹੀਂ ਆਉਂਦਾ । ਇਕ ਯੋਗ ਵਿਅਕਤੀ ਵਾਂਗ ਮੈਂ ਪਾਟੇ ਕੱਪੜੇ ਪਾਏ ਹਨ, ਖਾਣ-ਪੀਣ ਵਿਚ ਕੰਜੂਸੀ ਤੋਂ ਕੰਮ ਲਿਆ ਹੈ ਤਾਂ ਕਿ ਸਰੀਰ ਕਮਜ਼ੋਰ ਹੋ ਜਾਵੇ ਅਤੇ ਮੈਂ ਯੋਗ ਕਹਾਉਣ ਦਾ ਅਧਿਕਾਰੀ ਬਣਿਆ ਰਵ੍ਹਾਂ । ਇੱਥੋਂ ਤੱਕ ਕਿ ਗੰਭੀਰ ਨਜ਼ਰ ਆਉਣ ਲਈ ਮੈਂ ਹੱਸਣਾ ਵੀ ਛੱਡ ਦਿੱਤਾ ਹੈ। ਜੁਆਬ ਵਿਚ ਮੇਰੇ ਦੋਸਤ ਦਾ ਕਹਿਣਾ ਹੈ ਕਿ ਪੁਸਤਕਾਂ ਲਾਇਬ੍ਰੇਰੀਆਂ ਵਿਚ ਵੀ ਹੁੰਦੀਆਂ ਹਨ, ਉਨ੍ਹਾਂ ਨਾਲ ਲਾਇਬ੍ਰੇਰੀਅਨ ਯੋਗ ਨਹੀਂ ਬਣ ਜਾਂਦਾ । ਕ੍ਰਿਸ਼ਨ ਯੋਗ ਸੀ ਅਤੇ ਨਾ ਕਿ ਫਟੇਹਾਲ ਸੁਦਾਮਾ । ਸ਼ੈਕਸਪੀਅਰ ਵਿਚ ਕਿੰਨਾ ਹਾਸਾ ਸੀ, ਕਿੰਨੀ ਯੋਗਤਾ ਵੀ । ਇਸ ਤਰ੍ਹਾਂ ਜਦੋਂ ਮੈਂ ਨਿਰਉੱਤਰ ਹੋ ਜਾਂਦਾ ਹਾਂ ਅਤੇ ਮੇਰੇ ਕੋਲ ਇਕ ਵੀ ਦਲੀਲ ਨਹੀਂ ਰਹਿੰਦੀ, ਤਾਂ ਮੈਂ ਪੁਰਾਣੀ ਗੱਲ ਦੁਹਰਾਉਣ

ਤਹਿਰਾਉਣ ਲੱਗ ਜਾਂਦਾ ਹਾਂ "ਤੁਸੀਂ ਮੈਨੂੰ ਕਿਉਂ ਝੁਠਲਾਇਆ ਸੀ ਕਿ ਮੈਂ ਯੋਗ ਹਾਂ, ਮੇਰੇ ਪਰੀਖਕਾਂ ਨੇ ਮੈਨੂੰ ਕਿਉਂ ਧੋਖਾ ਦਿੱਤਾ ਸੀ ਕਿ ਮੈਂ ਪਹਿਲੀ ਡਵੀਜ਼ਨ ਵਿਚ ਪਾਸ ਹੋਣ ਦੇ ਲਾਇਕ ਹਾਂ, ਰੇਡੀਓ ਵਾਲਿਆਂ ਨੇ ਇਸ ਮਜ਼ਮੂਨ ਤੇ ਮੈਨੂੰ ਬੋਲਣ ਲਈ ਕਹਿ ਕੇ ਮੇਰੇ ਇਸ ਵਹਿਮ ਨੂੰ ਕਿਉਂ ਪੱਕਾ ਕੀਤਾ ਹੈ ? ਜਵਾਬ ਨਹੀਂ ਹੈ, ਅਤੇ ਮੇਰਾ ਵਹਿਮ ਕਾਇਮ ਹੈ ।

********

# ਝੂਠ ਬੋਲਣ ਦੀ ਕਲਾ

ਝੂਠ ਬੋਲਣਾ ਅੱਜ ਵੀ ਇਕ ਕਲਾ ਹੈ, ਕਲ੍ਹ ਵੀ ਸੀ ਅਤੇ ਨਾ ਆਉਣ ਵਾਲੇ ਕਲ੍ਹ ਦੀ ਵੀ ਰਹੇਗੀ। ਤੁਸੀਂ ਜਾਣਦੇ ਹੋ ਕਿ ਕਲਾ ਉਹੀ ਹੁੰਦੀ ਹੈ ਜਿਸ ਦਾ ਰੂਪ ਬਦਲਦਾ ਰਹੇ। ਇਸ ਕਲਾ ਵਿਚ ਪ੍ਰਵੀਨ ਹੋਣਾ ਉਨਾ ਹੀ ਔਖਾ ਹੈ ਜਿੰਨਾ ਕਿਸੇ ਹੋਰ ਲਲਿਤ ਕਲਾ ਵਿਚ ਕੁਸ਼ਲਤਾ ਪ੍ਰਾਪਤ ਕਰਨੀ। ਇਸ ਲਈ ਝੂਠ ਬੋਲਣ ਨੂੰ ਜੇ ਛੇਵੀਂ ਲਲਿਤ ਕਲਾ ਦਾ ਨਾਂ ਦੇ ਦਿੱਤਾ ਜਾਵੇ ਤਾਂ ਅਨੁਚਿਤ ਨਹੀਂ ਹੋਵੇਗਾ। ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿ ਝੂਠ ਕਲਾਤਮਕ ਨਹੀਂ ਹੋ ਸਕਦਾ ਪਰ ਝੂਠ ਬੋਲਣਾ ਸ਼ੁਰੂ ਤੋਂ ਹੀ ਕਲਾਤਮਕ ਰਿਹਾ ਹੈ। ਇਸ ਲਈ ਝੂਠ ਅਤੇ ਝੂਠ ਬੋਲਣ ਵਿਚ ਕਾਫੀ ਫ਼ਰਕ ਹੈ। ਸੱਚ ਕਹਿਣ ਲਈ ਕਲਾ ਦਾ ਸਹਾਰਾ ਨਹੀਂ ਲੈਣਾ ਪੈਂਦਾ, ਪਰ ਝੂਠ ਬੋਲਣ ਲਈ ਉੱਨੀ ਹੀ ਸਾਧਨਾ ਕਰਨੀ ਪੈਂਦੀ ਹੈ ਜਿੰਨੀਂ ਕਿਸੇ ਹੋਰ ਲਲਿਤ ਕਲਾ ਲਈ ਚਾਹੀਦੀ ਹੈ। ਤੁਸੀਂ ਮੈਨੂੰ ਨਾਸਤਿਕ ਕਹਿ ਕੇ ਮੇਰੀ ਗੱਲ ਤੇ ਇਤਬਾਰ ਨਹੀਂ ਕਰਨਾ। ਇਸ ਲਈ ਮੈਂ ਆਪ ਜੀ ਨੂੰ ਸੱਤਵਾਦੀ ਅਤੇ ਆਸਤਿਕ ਯੁਧਿਸ਼ਟਰ ਦਾ ਚੇਤਾ ਕਰਾਉਂਦਾ ਹਾਂ ਜਿਨ੍ਹਾਂ ਨੂੰ ਝੂਠ ਬੋਲਣ ਲਈ ਉਦੋਂ ਕਲਾ ਦਾ ਸਹਾਰਾ ਲੈਣਾ ਪਿਆ ਸੀ ਜਦੋਂ ਉਨ੍ਹਾਂ ਨੇ ਮਹਾਂਭਾਰਤ ਦੀ ਲੜਾਈ ਵਿਚ ਅਸ਼ਵਤਥਾਮਾ ਦੇ ਮਾਰੇ ਜਾਣ ਦਾ ਸਮਾਚਾਰ ਦਿੱਤਾ ਸੀ। ਉਨ੍ਹਾਂ ਨੇ ਸੱਚਾਈ ਨੂੰ ਲੁਕਾਉਣ ਲਈ ਕਲਾ ਤੋਂ ਕੰਮ ਲਿਆ ਸੀ। ਝੂਠ ਬੋਲਣ ਅਤੇ ਸੱਚਾਈ ਨੂੰ ਲੁਕਾਉਣ ਵਿਚ ਬਹੁਤਾ ਫਰਕ ਨਹੀਂ ਹੁੰਦਾ। ਇਸ ਲਈ ਝੂਠ ਬੋਲਣਾ ਇਕ ਕਲਾ ਹੈ।

ਇਸ ਕਲਾ ਦੇ ਕਿੰਨੇ ਹੀ ਨਾਂ ਅਤੇ ਰੂਪ ਹਨ। ਇਸ ਨੂੰ ਸਿੱਧ ਕਰਨ ਲਈ ਉਨ੍ਹਾਂ ਸਾਰੀਆਂ ਸ਼ਕਤੀਆਂ ਨੂੰ ਇੱਕਠਾ ਕਰਨਾ ਪੈਂਦਾ ਹੈ ਜਿਹੜੀਆਂ ਹੋਰਨਾਂ ਕਲਾਵਾਂ ਨੂੰ ਸਿੱਧ ਕਰਨ ਲਈ ਜ਼ਰੂਰੀ ਹੁੰਦੀਆਂ ਹਨ। ਇਨ੍ਹਾਂ ਸ਼ਕਤੀਆਂ ਵਿਚ ਕਲਪਨਾ-ਸ਼ਕਤੀ, ਯਾਦ-ਸ਼ਕਤੀ ਅਤੇ ਸਿਰਜਨ-ਸ਼ਕਤੀ ਨੂੰ ਖਾਸ ਤੌਰ ਤੇ ਗਿਣਿਆ ਜਾ ਸਕਦਾ ਹੈ। ਇਨ੍ਹਾਂ ਦੀ ਰਲਵੀਂ ਵਰਤੋਂ ਨਾਲ ਹੀ ਝੂਠ ਬੋਲਣ ਦੀ ਮੁਹਾਰਤ ਆਉਂਦੀ ਹੈ ਅਤੇ ਕੰਮ ਵਿਚ ਪ੍ਰਵੀਨਤਾ ਪ੍ਰਾਪਤੀ ਨੂੰ ਗੀਤਾ ਵਿਚ ਯੋਗ ਦਾ ਨਾਂ ਦਿੱਤਾ ਗਿਆ ਹੈ। ਇਸ ਲਈ ਯੋਗੀ ਜਾਂ ਪ੍ਰਤਿਭਾ-ਭਰਪੂਰ ਮਨੁੱਖ ਹੀ ਝੂਠ ਬੋਲਣ ਦਾ ਬੀੜਾ ਚੁੱਕ ਸਕਦਾ ਹੈ। ਜੇ ਉਸ ਵਿਚ ਕਲਪਨਾ ਸ਼ਕਤੀ ਦੀ ਘਾਟ ਹੈ ਤਾਂ ਉਹ ਗੱਲ ਬਣਾ ਹੀ ਨਹੀਂ ਸਕਦਾ; ਜੇ ਉਸ ਵਿਚ ਅਭਿਵਿਅੰਜਨਾ-ਸ਼ਕਤੀ ਦੀ ਥੁੜ੍ਹ ਹੈ ਤਾਂ ਉਹ ਗੱਲ ਬਣਾ ਕੇ ਵੀ ਕਹਿ ਨਹੀਂ ਸਕਦਾ ਅਤੇ ਜੇ ਉਸ ਦੀ ਯਾਦ-ਸ਼ਕਤੀ ਨਹੀਂ ਹੈ ਤਾਂ ਉਸ ਦਾ ਝੂਠ ਪਕੜਿਆ ਜਾਏਗਾ। ਜੇ ਝੂਠ ਫੜਿਆ ਜਾਵੇ ਤਾਂ ਉਹ ਝੂਠ ਨਹੀਂ ਰਹਿੰਦਾ। ਮਹਾਤਮਾ ਗਾਂਧੀ ਨੇ ਤਾਂ ਹੀ ਤਾਂ ਕਿਹਾ ਸੀ ਕਿ ਸੱਚ ਬੋਲਣ ਲਈ ਯਾਦ-ਸ਼ਕਤੀ ਦੀ ਲੋੜ ਨਹੀਂ ਹੁੰਦੀ। ਸਤਿਵਾਦੀ ਨੂੰ ਇਹ ਚੇਤੇ ਰੱਖਣ ਦੀ ਲੋੜ ਨਹੀਂ ਪੈਂਦੀ ਕਿ ਉਸ ਨੇ ਕਿੱਥੇ, ਕਿਸ ਵੇਲੇ, ਕਿਸ ਬੰਦੇ ਨੂੰ ਕੀ ਕਿਹਾ ਸੀ।

ਉਸ ਨੂੰ ਆਪਣੀ ਯਾਦ-ਸ਼ਕਤੀ ਤੇ ਭਾਰ ਨਹੀਂ ਪਾਉਣਾ ਪੈਂਦਾ, ਪਰ ਝੂਠ ਬੋਲਣ ਲਈ ਲਈ ਯਾਦ-ਸ਼ਕਤੀ ਨੂੰ ਤਲਵਾਰ ਦੀ ਧਾਰ ਵਾਂਗ ਤੇਜ਼ ਰੱਖਣਾ ਪੈਂਦਾ ਹੈ। ਜੇ ਉਹ ਇਸ ਨੂੰ ਖੁੰਡਾ ਕਰ ਲਵੇ ਤਾਂ ਉਸ ਨੂੰ ਅਨੇਕਾਂ ਔਖੀਆਂ ਪਰਸਥਿਤੀਆਂ ਦਾ ਮੁਕਾਬਲਾ ਕਰਨਾ ਪੈਂਦਾ ਹੈ, ਫਿਰ ਵੀ ਉਸ ਦਾ ਝੂਠ ਪਕੜਿਆ ਜਾਂਦਾ ਹੈ। ਬਦ ਤੋਂ ਬਦਨਾਮ ਭੈੜਾ। ਬਦ ਸਫਲ ਕਲਾਕਾਰ ਹੁੰਦਾ ਹੈ ਅਤੇ ਬਦਨਾਮ ਅਸਫਲ ਕਲਾਕਾਰ। ਇਸ ਤਰ੍ਹਾਂ ਉਹ ਅਸਫਲ ਕਲਾਕਾਰ ਵਾਂਗ ਇਨ੍ਹਾਂ ਤਿੰਨਾਂ ਸ਼ਕਤੀਆਂ ਦੀ ਇੱਕੋ ਜਿਹੀ ਵਰਤੋਂ ਨਹੀਂ ਕਰ ਸਕਦਾ। ਇਨ੍ਹਾਂ ਦੀ ਰਲਵੀਂ ਮਿਲਵੀ ਵਰਤੋਂ ਨਾਲ ਹੀ ਉਹ ਇਸ ਕਲਾ ਨੂੰ ਸਿੱਧ ਕਰ ਸਕਦਾ ਹੈ।

ਇਸ ਕਲਾ ਦਾ ਨਾ ਤਾਂ ਵਸਤੂ-ਪੱਖ ਸੀਮਤ ਹੈ ਤੇ ਨਾ ਹੀ ਇਸ ਦਾ ਸ਼ਿਲਪ-ਪੱਖ ਸੀਮਤ ਹੈ। ਝੂਠ ਦੇ ਅਨੇਕਾਂ ਪੱਖ ਹਨ ਅਤੇ ਝੂਠ ਬੋਲਣ ਦੇ ਕਈ ਸਟਾਈਲ ਹਨ। ਸਟਾਈਲ ਵਿਸ਼ੇ ਅਨੁਸਾਰ ਹੀ ਹੁੰਦਾ ਹੈ। ਇਸ ਕਲਾ ਦੇ ਭਿੰਨ ਭਿੰਨ ਵਿਸ਼ੇ ਅਤੇ ਇਸ ਦੀਆਂ ਭਿੰਨ ਭਿੰਨ ਸ਼ੈਲੀਆਂ ਕਲਾਕਾਰ ਜਾਂ ਝੂਠ ਬੋਲਣ ਵਾਲੇ ਦੀ ਵਿਅਕਤੀਗਤ ਰੁਚੀ ਦਾ ਸਿੱਟਾ ਹਨ। ਝੂਠ ਬੋਲਣ ਵਿਚ ਕਲਾਕਾਰ ਦੀ ਆਪਣੀ ਸ਼ਖ਼ਸੀਅਤ ਵੀ ਚਮਕਦੀ ਹੈ। ਇਸ ਕਲਾ ਦੇ ਵਸਤੂ-ਪੱਖ ਦੇ ਸੀਮਤ ਨਾ ਹੋਣ ਦੇ ਬਾਵਜੂਦ ਵੀ ਝੂਠ ਨੂੰ ਸੌਖ ਦੀ ਦ੍ਰਿਸ਼ਟੀ ਤੋਂ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ-ਸ਼ੁੱਧ ਝੂਠ, ਅਸ਼ੁੱਧ ਝੂਠ ਅਤੇ ਮਿਸ਼ਰਤ ਝੂਠ। ਇਨ੍ਹਾਂ ਤਿੰਨਾਂ ਰੂਪਾਂ ਦੀ ਸੋਧ ਵੀ ਹੋ ਸਕਦੀ ਹੈ। ਇਸ ਲਈ ਮੈਂ ਝੂਠ ਦੀ ਵੰਡ ਕਰਦੇ ਸਮੇਂ ਇਹ ਕਿਹਾ ਹੈ ਕਿ ਇਹ ਭੇਦ ਆਸਾਨੀ ਦੇ ਪਖੋਂ ਕੀਤਾ ਗਿਆ ਹੈ। ਸ਼ੁੱਧ ਝੂਠ ਬੋਲਣ ਲਈ ਕਲਪਨਾ-ਸ਼ਕਤੀ ਦੀ ਵਧ ਲੋੜ ਹੁੰਦੀ ਹੈ। ਸ਼ੁੱਧ ਝੂਠ ਉਹ ਹੈ ਜਿਸ ਵਿਚ ਸੱਚਾਈ ਬਿਲਕੁਲ ਵੀ ਨਾ ਹੋਵੇ। ਇਸ ਨੂੰ ਚਿੱਟਾ ਝੂਠ ਵੀ ਕਿਹਾ ਜਾਂਦਾ ਹੈ। ਸਾਹਿਤਕ ਖੇਤਰ ਵਿਚ ਪਰੀਆਂ ਦੀਆਂ ਕਹਾਣੀਆਂ ਇਸ ਦਾ ਉਦਾਹਰਣ ਹਨ ਅਤੇ ਵਿਵਹਾਰਕ ਜੀਵਨ ਵਿਚ ਬੱਚੇ ਦਾ ਸੋਟੀ ਨੂੰ ਘੋੜਾ ਸਮਝਣਾ ਸ਼ੁੱਧ ਝੂਠ ਹੈ। ਅਸ਼ੁੱਧ ਝੂਠ ਬੋਲਣ ਲਈ ਯਾਦ-ਸ਼ਕਤੀ ਦੀ ਬਹੁਤ ਲੋੜ ਹੁੰਦੀ ਹੈ। ਅਸ਼ੁੱਧ ਝੂਠ ਵਿਚ ਵਾਸਤਵਿਕਤਾ ਦੀ ਪੁਠ ਹੁੰਦੀ ਹੈ, ਉਹ ਸੱਚਾਈ ਦੇ ਵਧ ਨੇੜੇ ਹੁੰਦੀ ਹੈ । ਇਸ ਲਈ ਸ਼ੁੱਧ ਝੂਠ ਬੋਲਣ ਲਈ ਕਲਪਨਾ-ਸ਼ਕਤੀ ਦੀ ਜਿੰਨੀ ਲੋੜ ਹੁੰਦੀ ਹੈ, ਅਸ਼ੁੱਧ ਝੂਠ ਲਈ ਉਸ ਦੀ ਉਨੀ ਹੀ ਛੋਟ ਹੋਣੀ ਚਾਹੀਦੀ ਹੈ । ਇਸ ਦਾ ਉਦਾਹਰਣ ਯਥਾਰਥਵਾਦੀ ਸਾਹਿਤ ਹੈ। ਝੂਠ ਦਾ ਤੀਜਾ ਰੂਪ ਮਿਸ਼ਰਤ ਹੈ ਜਿਸ ਵਿਚ ਨਾ ਤਾਂ ਵਾਸਤਵਿਕਤਾ ਦੀ ਇੰਨੀ ਘਾਟ ਹੁੰਦੀ ਹੈ ਜਿੰਨੀ ਸ਼ੁੱਧ ਝੂਠ ਵਿਚ ਅਤੇ ਨਾ ਹੀ ਝੂਠ ਦੀ ਇੰਨੀ ਗੈਰ-ਹਾਜ਼ਰੀ ਹੁੰਦੀ ਹੈ ਜਿੰਨੀ ਅਸ਼ੁੱਧ ਝੂਠ ਵਿਚ ਲੋੜੀਂਦੀ ਹੁੰਦੀ ਹੈ । ਮਿਸ਼ਰਤ ਝੂਠ ਵਿਚ ਸ਼ੁੱਧ ਝੂਠ ਅਤੇ ਅਸ਼ੁੱਧ ਝੂਠ ਦਾ ਮਧੁਰ ਮੇਲ ਹੁੰਦਾ ਹੈ ਜਿਸ ਨਾਲ ਸੱਚ, ਝੂਠ ਲੱਗਦਾ ਹੈ ਅਤੇ ਝੂਠ ਸੱਚ ਦਾ ਭੁਲੇਖਾ ਪਾਉਂਦਾ ਹੈ । ਇਸ ਨੂੰ ਕਲਪਨਾ ਸ਼ਕਤੀ, ਯਾਦ ਸ਼ਕਤੀ ਅਤੇ ਅਭਿਵਿਅੰਜਨਾ-ਸ਼ਕਤੀ ਤਿੰਨਾਂ ਦੇ ਸੰਤੁਲਤ ਅਤੇ ਰਲਵੀਂ-ਮਿਲਵੀਂ ਵਰਤੋਂ ਨਾਲ ਕਲਾਤਮਕ ਰੂਪ ਦਿਤਾ ਜਾਂਦਾ ਹੈ । ਪਰੀਆਂ ਦੇ ਕਲਾਤਮਕ ਜੀਵਨ

ਦੀ ਤਸਵੀਰ ਨਿਰਾ ਝੂਠ ਹੈ, ਨਾਵਲਾਂ ਵਿਚ ਜੀਵਨ ਦੀ ਤਸਵੀਰ ਅਸ਼ੁੱਧ ਝੂਠ ਹੈ ਅਤੇ ਕਾਲੀਦਾਸ ਜਾਂ ਸ਼ੈਕਸਪੀਅਰ ਦੇ ਨਾਟਕਾਂ ਵਿਚ ਸੁਮੇਲ ਜੀਵਨ ਦੀ ਤਸਵੀਰ ਮਿਸ਼ਰਤ ਝੂਠ ਹੈ। ਇਸ ਝੂਠ ਨੂੰ ਬੋਲਣ ਲਈ ਅਨੁਭਵੀ ਅਤੇ ਤਾਲਮੇਲ ਪੈਦਾ ਕਰਨ ਵਾਲੇ ਬੰਦੇ ਦੀ ਲੋੜ ਹੁੰਦੀ ਹੈ । ਇਸ ਭਸਮ ਨੂੰ ਤਿਆਰ ਕਰਨ ਲਈ ਉਸ ਵੈਦ ਦੀ ਲੋੜ ਹੈ ਜਿਹੜਾ ਦਵਾਈਆਂ ਅਤੇ ਧਾਤਾਂ ਦੇ ਸਹੀ ਅਨੁਪਾਤ ਅਤੇ ਵਿਧੀ ਦਾ ਗਿਆਨ ਰੱਖਦਾ ਹੋਵੇ । ਇਸ ਅਨੁਪਾਤ ਵਿਚ ਲੇਸ਼ ਮਾਤਰ ਭੁੱਲ ਜਾਂ ਵਿਧੀ ਵਿਚ ਰਤਾ ਜਿੰਨੀ ਲਾਪਰਵਾਹੀ ਸਾਰੀ ਭਸਮ ਨੂੰ ਜ਼ਹਿਰ ਬਣਾ ਸਕਦੀ ਹੈ । ਆਧੁਨਿਕ ਯੁੱਗ ਵਿਚ ਮਿਸ਼ਰਤ ਝੂਠ ਬੋਲਣ ਦੀ ਕਲਾ ਘਟ ਰਹੀ ਹੈ ਅਤੇ ਅਸ਼ੁੱਧ ਝੂਠ ਬੋਲਣ ਦਾ ਵਿਕਾਸ ਹੋ ਰਿਹਾ ਹੈ । ਵਿਗਿਆਨ ਨੇ ਸ਼ੁੱਧ ਬੋਲਣ ਦੀ ਕਲਾ ਨੂੰ ਤਾਂ ਤਕਰੀਬਨ ਨਸ਼ਟ ਹੀ ਕਰ ਦਿੱਤਾ ਹੈ ।

ਝੂਠ ਬੋਲਣ ਦੇ ਇਹ ਤਿੰਨ ਰੂਪ ਸਾਹਿਤ ਵਿਚ ਮਿਲਦੇ ਹਨ; ਪਰ ਜੀਵਨ ਵਿਚ ਤਾਂ ਇਸ ਦੇ ਅਨੇਕਾਂ ਰੂਪ ਮਿਲਦੇ ਹਨ । ਝੂਠ ਨੂੰ ਹੱਲਾਸ਼ੇਰੀ ਦੇਣ ਵਾਲੀਆਂ ਕਈ ਮਨੋਵਿਗਿਆਨਕ ਵਿਰਤੀਆਂ ਅਤੇ ਸਮਾਜਕ ਸ਼ਕਤੀਆਂ ਹਨ। ਇਨ੍ਹਾਂ ਵਿਚ ਅਹੰ ਦੀ ਤਸੱਲੀ, ਸਵਾਰਥ ਦੀ ਸਿੱਧੀ, ਆਤਮ ਰੱਖਿਆ ਦੀ ਭਾਵਨਾ, ਹੀਣਤਾ ਦੀ ਗੰਢ, ਸਮਾਜ ਦਾ ਡਰ, ਜਸ ਦੀ ਕਾਮਨਾ ਆਦਿ ਨੂੰ ਗਿਣਿਆ ਜਾ ਸਕਦਾ ਹੈ । ਇਸ ਵਿਸ਼ਲੇਸ਼ਣ ਨਾਲ ਕਲਾ ਦਾ ਕੋਈ ਸਬੰਧ ਨਹੀਂ ਹੈ । ਝੂਠ ਦੇ ਭਿੰਨ ਭਿੰਨ ਰੂਪਾਂ ਦਾ ਵਿਸ਼ਲੇਸ਼ਣ ਮਨੋਵਿਗਿਆਨ ਦਾ ਵਿਸ਼ਾ ਹੈ, ਪਰ ਝੂਠ ਬੋਲਣਾ ਕਲਾ ਦਾ ਵਿਸ਼ਾ ਹੈ । ਸਾਹਿਤ ਦੇ ਭਿੰਨ ਭਿੰਨ ਰੂਪਾਂ ਦਾ ਵਿਸ਼ਲੇਸ਼ਣ ਆਲੋਚਨਾ ਦਾ ਵਿਸ਼ਾ ਹੁੰਦਾ ਹੈ ਅਤੇ ਸਾਹਿਤ ਦੀ ਸਿਰਜਨਾ ਕਲਾ ਦਾ ਵਿਸ਼ਾ ਹੈ। ਬਚਪਨ ਤੋਂ ਲੈ ਕੇ ਬੁਢਾਪੇ ਤੱਕ ਝੂਠ ਬੋਲਣ ਦੀਆਂ ਕਈ ਸ਼ੈਲੀਆਂ ਹਨ । ਝੂਠ ਬੋਲਣਾ ਜੀਵਨ ਦਾ ਅਟੁੱਟ ਅੰਗ ਹੈ । ਇਸੇ ਲਈ ਸੱਚ ਕਹਿਣ ਲਈ ਇੰਨੇ ਉਪਦੇਸ਼ ਦਿੱਤੇ ਗਏ ਹਨ । ਝੂਠ ਬੋਲਣ ਵਿਚ ਰਸ ਦਾ ਵੀ ਸੁਆਦ ਆਉਂਦਾ ਹੈ । ਰਸ ਦਾ ਸੁਆਦ ਸਾਰੀਆਂ ਕਲਾਵਾਂ ਲਈ ਅਟੁੱਟ ਅੰਗ ਮੰਨਿਆ ਜਾਂਦਾ ਹੈ । ਜੇ ਨਾਰੀ-ਸੁਸ਼ਮਾ ਅਤੇ ਬਾਲ-ਬੀਰਤਾ ਦੀ ਝੂਠ ਬੋਲ ਕੇ ਪ੍ਰਸ਼ੰਸਾ ਨਾ ਕੀਤੀ ਜਾਵੇ ਤਾਂ ਜ਼ਿੰਦਗੀ ਦੇ ਰਸਹੀਣ ਹੋਣ ਦਾ ਡਰ ਹੁੰਦਾ ਹੈ । ਨਿਸ਼ਕਪਟ ਅਹੰ ਦੀ ਤਸੱਲੀ ਲਈ ਝੂਠ ਬੋਲਣਾ ਪੈਂਦਾ ਹੈ ਅਤੇ ਇਸ ਝੂਠ ਨਾਲ ਬੋਲਣ ਵਾਲੇ ਅਤੇ ਸੁਣਨ ਵਾਲੇ ਦੋਵਾਂ ਦਾ ਜੀ ਖਿੜ ਜਾਂਦਾ ਹੈ । ਕਲਾ ਦਾ ਉਦੇਸ਼ ਹੀ ਹਿਰਦੇ ਅਤੇ ਬੁੱਧੀ ਦਾ ਵਿਸਥਾਰ ਹੁੰਦਾ ਹੈ ਇਸ ਲਈ ਝੂਠ ਬੋਲਣਾ ਅਤੇ ਪਿਆਰਾ ਝੂਠ ਬੋਲਣਾ ਇਕ ਕਲਾ ਹੈ। ਅਨਰਿਤੰ ਬ੍ਰਯਾਤ ਪ੍ਰਿਅੰ । ਬ੍ਰਯਾਤ ਵਿਚ ਹੀ ਕਲਾ ਦੀ ਹੋਂਦ ਹੁੰਦੀ ਹੈ । ਝੂਠ ਨਾ-ਪਸੰਦ ਵੀ ਹੋ ਸਕਦਾ ਹੈ । ਇਸ ਦਾ ਪ੍ਰਗਟਾ ਨਿੰਦਾ ਰਾਹੀਂ ਵੀ ਹੁੰਦਾ ਹੈ। ਅੱਜ ਨਿੰਦਾ ਨੂੰ ਵੀ ਰਸਾਂ ਦੀ ਸੂਚੀ ਵਿਚ ਸ਼ਾਮਲ ਕਰਨ ਦਾ ਹੌਸਲਾ ਕੀਤਾ ਜਾ ਰਿਹਾ ਹੈ । ਪਰ ਇਸ ਦੀ ਸਵੀਕਿਰਤੀ ਵਿਚ ਅਜੇ ਕਈ ਨੈਤਿਕ ਰੁਕਾਵਟਾਂ ਹਨ ਜਿਹੜੀਆਂ ਹੌਲੀ ਹੌਲੀ ਦੂਰ ਹੋ ਰਹੀਆਂ ਹਨ । ਝੂਠ ਬੋਲਣ ਨੂੰ ਕਲਾ ਦੇ ਰੂਪ ਵਿਚ

ਸਵੀਕਾਰ ਕਰਨ ਵਿਚ ਇੰਨੀਆਂ ਰੁਕਾਵਟਾਂ ਨਹੀਂ ਹਨ । ਇਸ ਦੀ ਪਰੰਪਰਾ ਆਦਿ ਕਾਲ ਤੋਂ ਚਲੀ ਆ ਰਹੀ ਹੈ । ਇਹ ਠੀਕ ਹੈ ਕਿ ਇਸ ਕਲਾ ਤੇ ਅਜੇ ਸੁਤੰਤਰ ਰੂਪ ਵਿਚ ਕਾਵਿ-ਸ਼ਾਸਤਰ ਨਹੀਂ ਲਿਖਿਆ ਗਿਆ, ਪਰ ਇਸ ਕਲਾ ਦੇ ਬੀਜ ਸਾਹਿਤ ਅਤੇ ਜੀਵਨ ਵਿਚ ਜ਼ਰੂਰ ਮਿਲਦੇ ਹਨ ਜਿਨ੍ਹਾਂ ਨੂੰ ਬੀਜਣ ਦੀ ਲੋੜ ਹੈ । ਬ੍ਰਹਮ ਸੱਚ ਹੈ ਅਤੇ ਮਾਇਆ ਝੂਠ। ਇਸ ਲਈ ਬ੍ਰਹਮ ਜਾਂ ਸੱਚ ਗਿਆਨ-ਵਿਗਿਆਨ ਦਾ ਵਿਸ਼ਾ ਹੈ ਅਤੇ ਮਾਇਆ ਜਾਂ ਝੂਠ ਸਾਹਿਤ ਜਾਂ ਕਲਾ ਦਾ ਵਿਸ਼ਾ ਹੈ । ਜ਼ਿੰਦਗੀ ਵਿਚ ਜਿੰਨੀ ਮਾਇਆ ਲੁਭਾਉਣ ਵਾਲੀ ਚੀਜ਼ ਹੈ, ਕਲਾ ਵਿਚ ਉਨ੍ਹਾਂ ਹੀ ਝੂਠ ਬੋਲਣਾ ਲੁਭਾਉਣ ਵਾਲਾ ਹੁੰਦਾ ਹੈ । ਝੂਠ ਬੋਲਣਾ ਸਾਹਿਤ ਤੱਕ ਹੀ ਸੀਮਤ ਨਹੀਂ ਹੈ, ਉਸ ਦਾ ਵਿਸਥਾਰ ਜੀਵਨ ਵਿਚ ਵੀ ਮਿਲਦਾ ਹੈ । ਝੂਠ ਬੋਲਣਾ ਆਪ ਇਕ ਕਲਾ ਹੈ ।

********

# ਰਿਣ ਬਨਾਮ ਉਧਾਰ

ਉਧਾਰ ਮੁੜ ਜਾਂਦਾ ਹੈ ਜਾਂ ਮੋੜਿਆ ਜਾ ਸਕਦਾ ਹੈ ਪਰ ਰਿਣ ਮੁੜਨ ਵਿਚ ਨਹੀਂ ਆਉਂਦਾ। ਇਸ ਨੂੰ ਭਾਰ ਵਾਂਗ ਸਾਰੀ ਜ਼ਿੰਦਗੀ ਚੁੱਕਣਾ ਪੈਂਦਾ ਹੈ । ਤਰ੍ਹਾਂ ਤਰ੍ਹਾਂ ਦੇ ਉਧਾਰ ਹਨ ਅਤੇ ਕਿਸਮ ਕਿਸਮ ਦੇ ਰਿਣ । ਇਨ੍ਹਾਂ ਵਿਚ ਬੜਾ ਭਾਰਾ ਫਰਕ ਹੈ । ਮਾਤਾ ਪਿਤਾ ਦਾ ਰਿਣ ਅਤੇ ਦੋਸਤਾਂ ਦਾ ਉਧਾਰ, ਗੁਰੂ ਦਾ ਰਿਣ ਅਤੇ ਦੁਕਾਨਦਾਰਾਂ ਦਾ ਉਧਾਰ । ਸਰਕਾਰ ਦਾ ਰਿਣ ਅਤੇ ਦੁੱਧ ਵਾਲੇ ਦਾ ਉਧਾਰ, ਪਤਨੀ ਦਾ ਰਿਣ ਅਤੇ ਅਖ਼ਬਾਰ ਵਾਲੇ ਦਾ ਉਧਾਰ ਅਤੇ ਦੋਨਾਂ ਦੀਆਂ ਸੂਚੀਆਂ ਇੰਨੀਆਂ ਲੰਬੀਆਂ ਹਨ ਕਿ ਇਨ੍ਹਾਂ ਨੂੰ ਮੋੜਨ ਜਾਂ ਚੁੱਕਣ ਵਿਚ ਸਾਰੀ ਜ਼ਿੰਦਗੀ ਲੰਘ ਜਾਂਦੀ ਹੈ । ਅੱਜਕੱਲ੍ਹ ਮਾਂ-ਬਾਪ ਦੇ ਰਿਣ ਨੂੰ ਉਤਾਰਨਾ ਜਾਂ ਮੋੜਨਾ ਅਸੰਭਵ ਹੋ ਗਿਆ ਹੈ। ਕੌਣ ਵੈਦਿਕ ਪਰਿਵਾਰ ਵਾਂਗ ਦਸ ਬੱਚਿਆਂ ਦਾ ਅੱਜ ਇੰਨਾ ਭਾਰ ਚੁੱਕ ਸਕਦਾ ਹੈ । ਜੇ ਚੁੱਕਣ ਦਾ ਯਤਨ ਵੀ ਕੀਤਾ ਜਾਵੇ ਤਾਂ ਸ਼ਾਇਦ ਜ਼ਮੀਨ ਵੀ ਇਸ ਨੂੰ ਸਹਿਣ ਤੋਂ ਇਨਕਾਰ ਕਰ ਦੇਵੇਗੀ। ਆਖਿਰ ਮਾਂ ਦੇ ਧੀਰਜ ਦੀ ਵੀ ਤਾਂ ਹੱਦ ਹੁੰਦੀ ਹੈ । ਵਿਚਾਰੇ ਹੋਰੀ ਨੂੰ ਇਕ ਨਹੀਂ ਛੇ ਮਹਾਜਨਾਂ ਦੇ ਰਿਣ ਨੂੰ ਚੁੱਕਣਾ ਪਿਆ ਸੀ ਅਤੇ ਇਸ ਦੇ ਭਾਰ ਥੱਲੇ ਦਬ ਕੇ ਉਹ ਵਿਚਾਰਾ ਮਿੱਟੀ ਵਿਚ ਮਿਲ ਗਿਆ ਸੀ । ਜੇ ਉਸ ਦੇ ਪਿੰਡ ਵਿਚ ਸਹਿਕਾਰੀ ਬੈਂਕ ਹੁੰਦਾ ਤਾਂ ਮਹਾਜਨ ਤੋਂ ਰਿਣ ਲੈਣ ਦੀ ਥਾਂ ਉਹ ਬੈਂਕ ਤੋਂ ਉਧਾਰ ਲੈ ਲੈਂਦਾ । ਉਸ ਨੂੰ ਉਹ ਉਤਾਰ ਵੀ ਸਕਦਾ ਸੀ । ਉਹ ਪੁਰਾਣੇ ਯੁੱਗ ਦਾ ਵੀ ਹੁੰਦਾ ਤਾਂ ਰਿਣ ਲੈ ਕੇ ਘਿਓ ਵੀ ਦੇ ਸਕਦਾ ਸੀ । ਅੱਜ ਇਨਸਾਨ ਵਿਚ ਘਿਉ ਹਜ਼ਮ ਕਰਨ ਦੀ ਤਾਕਤ ਹੀ ਨਹੀਂ । ਉਧਾਰ ਮੋੜਨ ਲਈ ਇਕੋ ਜਨਮ ਕਾਫੀ ਹੈ । ਪਰ ਰਿਣ ਮੋੜਨ ਲਈ ਵਾਰ ਵਾਰ ਜੰਮਣਾ ਪੈਦਾ ਹੈ । ਜਨਮ-ਜਨਮਾਂਤਰਾਂ ਦਾ ਸਿਧਾਂਤ ਵੀ ਸ਼ਾਇਦ ਇਸੇ ਲਈ ਘੜਿਆ ਗਿਆ ਸੀ--ਵੈਸ਼ਿਆਂ ਨੇ ਬ੍ਰਾਹਮਣਾਂ ਦੇ ਮੂੰਹ ਤੋਂ ਇਸ ਦਾ ਪ੍ਰਸਾਰ ਅਤੇ ਪ੍ਰਚਾਰ ਕਰਵਾਇਆ ਹੋਵੇਗਾ। ਇਸੇ ਜੀਵਨ ਵਿਚ ਮੁਕਤ ਹੋਣ ਦੀ ਸੰਭਾਵਨਾ ਦੇ ਇਸ਼ਾਰੇ ਵੀ ਪੁਰਾਣੇ ਸਾਹਿਤ ਵਿਚ ਲੱਭ ਜਾਂਦੇ ਹਨ, ਪਰ ਅੱਜ ਜੀਵਨ-ਮੁਕਤ ਉਸ ਨੂੰ ਕਿਹਾ ਜਾ ਸਕਦਾ ਹੈ ਜਿਹੜਾ ਰਿਣ ਨੂੰ ਰਿਣ ਨਹੀਂ ਸਮਝਦਾ। ਇਹ ਚਾਹੇ ਮਾਂ-ਬਾਪ ਦਾ ਰਿਣ ਹੋਵੇ ਚਾਹੇ ਸਰਕਾਰ ਦਾ ਹੋਵੇ ਜਾਂ ਮਹਾਜਨ ਦਾ, ਆਪਣੀ ਪਤਨੀ ਦਾ ਹੋਵੇ ਜਾਂ ਕਿਸੇ ਅਹਿਸਾਨ ਦਾ । ਗੁਰੂ ਦਾ ਰਿਣ ਅੱਜਕਲ੍ਹ ਉਧਾਰ ਵਿਚ ਬਦਲ ਗਿਆ ਹੈ, ਵਿਦਿਆਰਥੀ ਫੀਸ ਦੇਂਦਾ ਹੈ ਅਤੇ ਗੁਰੂ ਇਸ ਦੇ ਬਦਲੇ ਵਿਚ ਉਸ ਨੂੰ ਪੜ੍ਹਾਉਂਦਾ ਹੈ । ਇਸ ਲਈ ਅੱਜ ਦਾ ਸਟੂਡੈਂਟ ਮਾਸਟਰ ਦੇ ਅਚਾਨਕ ਨਜ਼ਰੀ ਪੈਣ ਤੇ ਕੰਨੀ ਕੱਟ ਜਾਂਦਾ ਹੈ ਤਾਂ ਜੋ ਫਤਹਿ ਬੁਲਾਉਣ ਦੀ ਤਕਲੀਫ਼ ਨਾ ਕਰਨੀ ਪਵੇ ।

ਇਸ ਤਰ੍ਹਾਂ ਦੇ ਰਿਣ ਕਿਸਮ ਕਿਸਮ ਦੇ ਹਨ; ਉਧਾਰ ਵੀ ਕਈ ਤਰ੍ਹਾਂ ਦੇ ਹਨ । ਉਧਾਰ ਦਾ ਨਾਤਾ ਇਸ ਜਨਮ ਨਾਲ ਤਾਂ ਹੈ ਹੀ। ਉਹ ਚਾਹੇ ਆਟੇ, ਚਾਵਲ ਲਈ ਹੋਵੇ ਜਾਂ ਤੇਲ, ਕੋਲੇ ਲਈ, ਸਬਜ਼ੀ-ਦਾਲ ਲਈ ਹੋਵੇ (ਫਲ ਉਧਾਰ ਵਿਚ ਮਿਲਣੇ ਬੰਦ ਹੋ ਗਏ ਹਨ) ਜਾਂ ਦਵਾ-ਦਾਰੂ ਲਈ, ਸਿਆਹੀ-ਕਾਗਜ਼ ਲਈ ਹੋਵੇ ਜਾਂ ਬਨਸਪਤੀ ਘਿਓ ਲਈ- ਸਾਰੀਆਂ ਚੀਜ਼ਾਂ ਉਧਾਰ ਲੈਣੀਆਂ ਪੈਂਦੀਆਂ ਹਨ । ਇਕ ਬੰਦੇ ਨੂੰ ਮੈਂ ਜਦੋਂ ਬਨਸਪਤੀ ਘਿਓ ਲਈ— ਦੋ ਟੀਨ ਸਸਤੇ ਭਾ ਵੇਚਦੇ ਵੇਖਿਆ ਤਾਂ ਉਸ ਦੇ ਚਲੇ ਜਾਣ ਤੋਂ ਬਾਅਦ ਹੱਟੀ ਵਾਲੇ ਨੂੰ ਪੁਛਿਆ—ਗੱਲ ਕੀ ਹੈ ? ਉਸ ਦਾ ਕਹਿਣਾ ਸੀ ਕਿ ਉਹ ਕਿਤਿਉਂ ਇਨ੍ਹਾਂ ਨੂੰ ਉਧਾਰ ਲਿਆਇਆ ਹੈ ਅਤੇ ਆਪਣੀ ਬੀਮਾਰ ਬੇਟੀ ਲਈ ਦਵਾਈ ਨਕਦ ਖਰੀਦਣ ਲਈ ਮਜ਼ਬੂਰ ਹੈ । ਉਦੋਂ ਤੋਂ ਇਹ ਅਹਿਸਾਸ ਡੂੰਘਾ ਹੋ ਗਿਆ ਹੈ ਕਿ ਉਧਾਰ ਲਏ ਬਿਨਾਂ ਜੀਊਣਾ ਮੁਸ਼ਕਲ ਹੈ। ਪਹਿਲੀ ਤਾਰੀਖ਼ ਤੋਂ ਬਾਅਦ ਜਦੋਂ ਪ੍ਰੇਮ ਪੱਤਰਾਂ (ਬਿੱਲਾਂ) ਦਾ ਪੂਰਾ ਜਵਾਬ ਨਹੀਂ ਦਿੱਤਾ ਜਾਂਦਾ ਤਾਂ ਪ੍ਰੇਮ ਨੂੰ ਸ਼ੱਕ ਦੀਆਂ ਅੱਖਾਂ ਨਾਲ ਵੇਖਿਆ ਜਾਣ ਲੱਗ ਪੈਂਦਾ ਹੈ । ਉਧਾਰ ਮੰਗਣ ਵਾਲਾ ਜਦੋਂ ਬੂਹੇ ਦੇ ਵਾਰ ਵਾਰ ਖੜਾਕ ਕਰਦਾ ਹੈ ਤਾਂ ਕਦੇ ਪਤੀ ਨੂੰ ਕਦੇ ਪਤਨੀ ਨੂੰ ਘਰੋਂ ਬਾਹਰ ਰਹਿਣਾ ਪੈਂਦਾ ਹੈ । ਹਰ ਮਹੀਨੇ ਵਧਦਾ ਉਧਾਰ ਕਦੇ ਮਕਾਨ ਬਦਲਣ ਲਈ ਤੇ ਕਦੇ ਸ਼ਹਿਰ ਛੱਡਣ ਲਈ ਮਜਬੂਰ ਕਰਦਾ ਹੈ । ਇਕ ਨਾਵਲ ਦੇ ਕਿਸੇ ਪਾਤਰ ਦੀ ਯਾਦ ਤਾਜ਼ਾ ਹੋਣ ਲੱਗਦੀ ਹੈ ਜਿਹੜਾ ਇਕ ਇਕ ਗਲੀ ਵਿੱਚੋਂ ਉਧਾਰ ਮੰਗ ਕੇ ਸ਼ਹਿਰ ਛੱਡਣ ਤੇ ਮਜ਼ਬੂਰ ਹੋ ਗਿਆ ਸੀ ।

ਇਕ ਹੋਰ ਤਰ੍ਹਾਂ ਦਾ ਉਧਾਰ ਹੈ ਜਿਹੜਾ ਵਿਆਹ-ਕੁੜਮਾਈ ਵੇਲੇ ਵਹੀ-ਖਾਤੇ ਵਿਚ ਚੜ੍ਹਾਇਆ ਜਾਂਦਾ ਹੈ । ਇਸ ਨੂੰ ਗਿਣ ਗਿਣ ਕੇ ਉਤਾਰਨਾ ਪੈਂਦਾ ਹੈ । ਇਸ ਤੋਂ ਬਿਨਾ ਖ਼ਾਨਦਾਨ ਨੂੰ ਵੱਟਾ ਲੱਗਣ ਦਾ ਡਰ ਹੁੰਦਾ ਹੈ । ਨੱਕ ਕੱਟ ਜਾਣ ਦਾ ਵੀ ਖ਼ਤਰਾ ਹੁੰਦਾ ਹੈ । ਇਸ ਵਿਚ ਪੁਸ਼ਤਾਂ ਦੀਆਂ ਰਕਮਾਂ ਦਰਜ ਰਹਿੰਦੀਆਂ ਹਨ ਜਿਨ੍ਹਾਂ ਨੂੰ ਮੋੜਨਾ ਹੁੰਦਾ ਹੈ, ਨਹੀਂ ਤਾਂ ਲੜਕੀ ਕਵਾਰੀ ਹੀ ਰਹਿ ਸਕਦੀ ਹੈ । ਇਹ ਵਹੀ-ਖਾਤਾ ਮੈਂ ਵੇਖਿਆ ਹੋਇਆ ਹੈ ਪਰ ਇਕ ਅਜਿਹਾ ਵੀ ਹੈ ਜਿਹੜਾ ਅਣ-ਵੇਖਿਆ ਹੈ । ਇਸ ਵਿਚ ਹਰ ਪਾਪ ਨੂੰ ਉਧਾਰ ਦੇ ਰੂਪ ਵਿਚ ਯਮਦੂਤ ਚੜ੍ਹਾਉਂਦਾ ਹੈ । ਪਾਪ ਇਸ ਲਈ ਕਿ ਪੁੰਨ ਤਾਂ ਕਦੇ ਕਦੇ ਕਰਨ ਨੂੰ ਮਿਲਦਾ ਹੈ ਅਤੇ ਯਮਦੂਤ ਸਭ ਤੋਂ ਵੱਡਾ ਮੁਨੀਮ ਹੈ । ਦਾਤਾ ਦੀਨ ਵਾਂਗ ਹੋਰੀ ਦੇ ਮਰਨ ਤੇ ਧਨੀਆ ਤੋਂ ਗਊ-ਦਾਨ ਕਰਵਾਉਣ ਲਈ ਪਹੁੰਚ ਜਾਂਦਾ ਹੈ । ਇਸ ਮੁਨੀਮ ਤੋਂ ਇਕ ਨਵਾਂ ਪੈਸਾ ਵੀ ਨਹੀਂ ਛੁੜਾਇਆ ਜਾ ਸਕਦਾ। ਇੰਨੇ ਉਧਾਰ ਵਿਚ ਫਸ ਜਾਣ ਵਾਲਿਆਂ ਦੀ ਇਕ ਨਵੀਂ ਜਮਾਤ ਹੋਂਦ ਵਿਚ ਆ ਰਹੀ ਹੈ ਜਿਹੜੀ ਇਹ ਸਮਝਣ ਲੱਗੀ ਹੈ ਕਿ ਦੇਸ਼ ਆਪਣਾ ਹੈ, ਸਰਕਾਰ ਆਪਣੀ ਹੈ, ਬੀਮਾ ਕੰਪਨੀ ਆਪਣੀ ਹੈ, ਜੀਵਨ ਆਪਣਾ ਹੈ--- ਸਭ ਕੁਝ ਸਾਰਿਆਂ ਦਾ ਸਾਂਝਾ

ਹੈ ਤਾਂ ਉਧਾਰ ਕੀ ਹੋਇਆ, ਇਸ ਨੂੰ ਮੋੜਨ ਦੀ ਗੱਲ ਕੀ ਹੋਈ ? ਗ਼ਾਲਿਬ ਵਾਂਗ ਉਧਾਰ ਨੂੰ ਉਧਾਰ ਸਮਝ ਕੇ ਪੀਣ ਮਗਰੋਂ ਫਾਕਾਮਸਤੀ ਆਪਣਾ ਰੰਗ ਲਿਆਉਂਦੀ ਹੈ । ਆਪਣਾ ਆਪਣਾ ਉਧਾਰ ਮੋੜਨ ਦੀ ਗੱਲ ਜਦੋਂ ਸੋਚੀ ਜਾਂਦੀ ਹੈ ਤਾਂ ਸਾਰੀਆਂ ਥਾਵਾਂ ਤੇ ਛਲਣੀ ਹੋਣ ਦੀ ਸੰਭਾਵਨਾ ਹੋ ਜਾਂਦੀ ਹੈ। ਇਸੇ ਤਰ੍ਹਾਂ ਬੇਕਾਰੀ ਵੱਧ ਜਾਵੇਗੀ ਅਤੇ ਵਧਦੀ ਆਬਾਦੀ ਵਿਚ ਬੇਕਾਰੀ ਵਧ ਜਾਣਾ ਬੜਾ ਖ਼ਤਰਨਾਕ ਹੁੰਦਾ ਹੈ । ਇਸ ਲਈ ਉਧਾਰ ਕੁਝ ਨਹੀਂ ਹੁੰਦਾ । ਇਹ ਸਿਰਫ ਇਕ ਵਹਿਮ ਹੈ ।

ਇਕ ਹੋਰ ਤਰ੍ਹਾਂ ਦਾ ਉਧਾਰ ਔਰਤਾਂ ਵਿਚ ਚਲਦਾ ਹੈ ਜਿਹੜਾ ਹਰ ਰੋਜ਼ ਮੋੜਿਆ ਜਾਂਦਾ ਹੈ । ਆਲੂ-ਗੋਭੀ ਦੇ ਕੇ ਆਲੂ-ਮਟਰ ਲੈ ਲੈਣਾ । ਇਹ ਲੈਣ-ਦੇਣ ਹੈ, ਛੋਟੀ ਕਿਸਮ ਦਾ ਉਧਾਰ ਹੈ, ਪਰ ਚੇਤਾ ਇਸ ਦਾ ਵੀ ਰੱਖਿਆ ਜਾਂਦਾ ਹੈ । ਅੱਜਕਲ੍ਹ ਜ਼ੋਰ ਆਲੂਆਂ ਤੇ ਦਿੱਤਾ ਜਾਂਦਾ ਹੈ । ਮਟਰ ਅਤੇ ਗੋਭੀ ਮਹਿੰਗੇ ਹੁੰਦੇ ਜਾ ਰਹੇ ਹਨ। ਇਹ ਇਸ ਲਈ ਵੀ ਕਿ ਆਲੂ ਉਸੇ ਤਰ੍ਹਾਂ ਸਾਰੀਆਂ ਸਬਜ਼ੀਆਂ ਵਿਚ ਪੈ ਜਾਂਦੇ ਹਨ ਜਿਵੇਂ ਰਾਜਨੀਤੀ ਦਾ ਨੇਤਾ ਸਾਰੀਆਂ ਪਾਰਟੀਆਂ ਵਿਚ ਸ਼ਾਮਲ ਹੋ ਸਕਦਾ ਹੈ । ਇਸ ਲਈ ਰਾਜਨੀਤੀ ਅੱਜਕਲ੍ਹ ਆਲੂ ਹੀ ਬਣ ਰਹੀ ਹੈ। ਲੜਕੀਆਂ ਵਿਚ ਕੱਪੜਿਆਂ ਦਾ ਉਧਾਰ ਚਲਦਾ ਹੈ ਜਿਹੜਾ ਚੁਸਤ ਪਹਿਰਾਵੇ ਦੇ ਜ਼ਮਾਨੇ ਵਿਚ ਰਤਾ ਘੱਟ ਗਿਆ ਹੈ । ਸਾਰਿਆਂ ਨੂੰ ਸਾਰਿਆਂ ਦਾ ਪਾਜਾਮਾ ਫਿੱਟ ਨਹੀਂ ਬੈਠਦਾ । ਖੁੱਲ੍ਹੀ ਸਲਵਾਰ ਦੇ ਦਿਨ ਮੁੱਕ ਗਏ ਹਨ । ਸਾੜ੍ਹੀ ਦੀ ਉਮਰ ਵਿਚ ਪਹੁੰਚ ਕੇ ਇਹ ਉਧਾਰ ਫਿਰ ਸ਼ੁਰੂ ਹੋ ਜਾਂਦਾ ਹੈ । ਇਸੇ ਤਰ੍ਹਾਂ ਦੀ ਧੋਤੀ-ਸੰਸਕ੍ਰਿਤੀ ਵਿਚ ਉਧਾਰ ਵਿਚ ਵਾਧਾ ਹੋ ਰਿਹਾ ਹੈ ਪਰ ਪਤਲੂਨ ਦੀ ਸੱਭਿਅਤਾ ਵਿਚ ਸੰਕੋਚ ਹੋਣ ਲੱਗ ਪਿਆ ਹੈ । ਤਹਿਮਤ ਬੰਨ੍ਹਣ ਦਾ ਜ਼ਮਾਨਾ ਬੀਤ ਗਿਆ ਹੈ ਜਿਹੜਾ ਸਾਰਿਆਂ ਨੂੰ ਫਿੱਟ ਆ ਜਾਂਦਾ ਸੀ ।

ਇਸ ਤਰ੍ਹਾਂ ਰਿਣ ਤਾਂ ਜਨਮ ਜਨਮ ਦਾ ਸਾਥੀ ਹੁੰਦਾ ਹੈ ਪਰ ਉਧਾਰ ਇਸੇ ਜਨਮ ਦਾ ਸਾਥੀ ਬਣ ਕੇ ਰਹਿ ਜਾਂਦਾ ਹੈ । ਰਿਣ ਦਾ ਭਾਰ ਚੁੱਕਣ ਨਾਲ ਮੁਕਤੀ ਮਿਲਦੀ ਹੈ ਪਰ ਉਧਾਰ ਮੋੜਨ ਨਾਲ ਸਿਰਫ਼ ਛੁਟਕਾਰਾ । ਮੋਕਸ਼ ਮੁਕਤੀ ਵਿਚ ਤਾਂ ਮੇਰਾ ਵਿਸ਼ਵਾਸ ਨਹੀਂ ਰਿਹਾ ਅਤੇ ਉਧਾਰ ਤੋਂ ਅਜੇ ਤੱਕ ਛੁਟਕਾਰਾ ਨਹੀਂ ਮਿਲ ਸਕਿਆ । ਸ਼ੈਕਸਪੀਅਰ ਨੇ ਤਾਂ ਨਾ ਉਧਾਰ ਲੈਣ ਦੀ, ਨਾ ਦੇਣ ਦੀ ਸਿੱਖਿਆ ਦਿੱਤੀ ਹੈ, ਇਸ ਨਾਲ ਬਜਟ ਸਾਂਵਾ ਰਹਿੰਦਾ ਹੈ । ਇਸ ਸਲਾਹ ਅਨੁਸਾਰ ਚੱਲਣ ਦੀ ਇਕ ਵਾਰ ਕੋਸ਼ਿਸ਼ ਕੀਤੀ ਸੀ । ਜਦੋਂ ਫ਼ਾਕਾਕਸ਼ੀ ਦਾ ਸ਼ੌਕ ਸੀ ਤਾਂ ਖ਼ਾਲੀ ਮੇਜ਼ ਤੇ ਜਾ ਬਹਿੰਦਾ ਸੀ । ਜੇ ਕੋਈ ਹੋਰ ਆ ਬਹਿੰਦਾ ਸੀ ਤਾਂ ਬਿੱਲਾਂ ਦਾ ਅੱਧਾ ਦੇ ਕੇ ਬਿਲ ਉਸ ਦੇ ਹਵਾਲੇ ਕਰਦਾ ਸਾਂ । ਉਹ ਇਸ ਨੂੰ ਡੱਚ ਤਰੀਕਾ ਕਹਿੰਦਾ ਸੀ । ਤਰੀਕਾ ਤਾਂ ਮੈਂ ਕੱਢਿਆ ਸੀ ਪਰ ਇਸ ਦਾ ਸਿਹਰਾ ਡੱਚ ਕੌਮ ਨੂੰ ਮਿਲਦਾ ਰਿਹਾ । ਇਸੇ ਤਰ੍ਹਾਂ ਸਿਨੇਮਾ ਵੇਖਣ ਲਈ ਕਿਸੇ ਨਾਲ ਰਲ ਕੇ ਪ੍ਰੋਗਰਾਮ ਨਹੀਂ ਬਣਾਉਂਦਾ ਸਾਂ । ਇੰਟਰਵਲ ਵਿਚ ਅਨੇਕਾਂ ਸਾਥੀ ਮਿਲ ਜਾਂਦੇ ਸਨ । ਸ਼ੈਕਸਪੀਅਰ ਦੀ ਸਲਾਹ ਤੇ ਅਮਲ ਕਰਦੇ ਕਰਦੇ ਜ਼ਿੰਦਗੀ ਮੁੱਕਣ ਲੱਗੀ

ਸੀ ਅਤੇ ਹੈਰਾਨੀ ਇਸ ਗੱਲ ਦੀ ਸੀ ਕਿ ਇੰਨੇ ਰਸੀਲੇ ਕਵੀ ਨੇ ਇੰਨੀ ਰਸਹੀਣ ਸਲਾਹ ਕਿਉਂ ਦਿੱਤੀ। ਉਧਾਰ ਲੈਣ-ਦੇਣ ਤੋਂ ਬਿਨਾਂ ਸਾਰੇ ਰਿਸ਼ਤੇ ਨਾਤੇ ਟੁੱਟਣ ਲੱਗਦੇ ਹਨ । ਉਧਾਰ ਦੇ ਕੇ ਕਿਸੇ ਨੂੰ ਯਾਦ ਕੀਤਾ ਜਾ ਸਕਦਾ ਹੈ ਜਾਂ ਲੈ ਕੇ ਆਪਣੇ ਆਪ ਨੂੰ ਯਾਦ ਕਰਵਾਇਆ ਜਾ ਸਕਦਾ ਹੈ । ਸੰਨਿਆਸੀ ਨਾ ਉਧਾਰ ਲੈਂਦਾ ਹੈ ਤੇ ਨਾ ਦਿੰਦਾ ਹੈ । ਮਨੁੱਖ ਨੂੰ ਇਨਸਾਨ ਬਣਨ ਲਈ ਉਧਾਰ ਲੈਣਾ ਵੀ ਪੈਂਦਾ ਹੈ ਅਤੇ ਦੇਣਾ ਵੀ । ਉਧਾਰ ਦੇ ਬਾਰੇ ਸ਼ੈਕਸਪੀਅਰ ਦੇ ਸੌੜੇ ਦ੍ਰਿਸ਼ਟੀਕੋਣ ਨੂੰ ਜਦੋਂ ਤੋਂ ਛੱਡਿਆ ਹੈ, ਉਦੋਂ ਤੋਂ ਉਧਾਰ ਲੈਣ ਵਾਲਿਆਂ ਨੇ ਤੇ ਮੇਰਾ ਮੋੜਨ ਵਾਲਿਆਂ ਨੇ ਬੂਹੇ ਖੜਕਾਉਣੇ ਸ਼ੁਰੂ ਕੀਤੇ ਹਨ ਅਤੇ ਮੈਨੂੰ ਲੱਗਦਾ ਹੈ ਕਿ ਮੈਂ ਜੀਅ ਰਿਹਾ ਹਾਂ ।

********

# ਬਹਾਨੇਬਾਜ਼ੀ

ਮੇਰੀ ਛੋਟੀ ਸਮਝ ਤੋਂ ਇਹ ਬਾਹਰ ਦੀ ਗੱਲ ਹੈ ਕਿ ਹਰ ਤਰ੍ਹਾਂ ਦੀ ਬਾਜ਼ੀ ਅਤੇ ਖੋਰੀ ਨੂੰ ਦੋਸ਼ ਕਿਉਂ ਮੰਨਿਆ ਜਾਂਦਾ ਹੈ ਜਦੋਂ ਕਿ ਇਨ੍ਹਾਂ ਤੋਂ ਬਿਨਾਂ ਜਿਉਣਾ ਮੁਸ਼ਕਿਲ ਹੈ । ਇਹ ਚਾਹੇ ਗੱਪਬਾਜ਼ੀ ਹੋਵੇ ਚਾਹੇ ਬਹਿਸਬਾਜ਼ੀ, ਇਸ਼ਕਬਾਜ਼ੀ ਹੋਵੇ ਜਾਂ ਪਤੰਗਬਾਜ਼ੀ, ਬਹਾਨੇਬਾਜ਼ੀ ਹੋਵੇ ਜਾਂ ਧੋਖੇਬਾਜ਼ੀ, ਲਤੀਫ਼ੇਬਾਜ਼ੀ ਹੋਵੇ ਜਾਂ ਪੈਂਤੜੇਬਾਜ਼ੀ । ਬਾਜ਼ੀ ਵਾਂਗ ਖੋਰੀ ਦੀ ਵੀ ਗਿਣਤੀ ਘੱਟ ਨਹੀਂ ਹੈ-- ਚੁਗਲਖੋਰੀ, ਸੂਦਖ਼ੋਰੀ, ਹਵਾਖੋਰੀ, ਮਾਸਖੋਰੀ, ਰਿਸ਼ਵਤਖੋਰੀ ਅਤੇ ਅੱਜਕਲ੍ਹ ਚਾਹ ਖੋਰੀ, ਕਾਫੀ ਖੋਰੀ । ਆਸ਼ਿਕ ਨੂੰ ਭੈੜਾ ਨਹੀਂ ਮੰਨਿਆ ਜਾਂਦਾ, ਪਰ ਇਸ਼ਕਬਾਜ ਨੂੰ ਕੈਰੀ ਅੱਖ ਨਾਲ ਵੇਖਿਆ ਜਾਂਦਾ ਹੈ । ਇਸ ਤਰ੍ਹਾਂ ਇਕ ਅੱਧੀ ਵਾਰ ਚੁਗਲੀ ਕਰਨੀ ਬੁਰੀ ਨਹੀਂ ਹੈ; ਪਰ ਵਾਰ ਵਾਰ ਇਸ ਨੂੰ ਕਰਨ ਵਾਲਾ ਚੁਗਲਖੋਰ ਕਹਾਉਂਦਾ ਹੈ ਅਤੇ ਇਸ ਦੀ ਸੰਗਤ ਤੋਂ ਪਰਹੇਜ਼ ਵਰਤਿਆ ਜਾਂਦਾ ਹੈ । ਕਦੇ ਕਦੇ ਗੱਪ ਮਾਰਨਾ ਤਾਂ ਠੀਕ ਹੈ ਪਰ ਸਵੇਰ ਤੋਂ ਸ਼ਾਮ ਤੱਕ ਇਸ ਨੂੰ ਹਿੱਕਣ ਵਾਲਾ ਗੱਪੀ ਕਹਾਉਂਦਾ ਹੈ ਅਤੇ ਇਸ ਤੋਂ ਅੱਡ ਰਹਿਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । ਬਸੰਤ ਵਿਚ ਪਤੰਗ ਉਡਾਉਣ ਵਾਲਾ ਪਤੰਗਬਾਜ਼ ਨਹੀਂ ਕਹਾਉਂਦਾ ਪਰ ਸਾਰਾ ਸਾਲ ਪਤੰਗ ਉਡਾਉਣ ਵਾਲਾ ਹੀ ਪਤੰਗਬਾਜ਼ੀ ਦਾ ਅਧਿਕਾਰ ਪਾ ਸਕਦਾ ਹੈ ।

ਇਹੋ ਹੀ ਹਾਲ ਅੱਜਕਲ੍ਹ ਗੋਸ਼ਟੀਬਾਜ਼ੀ ਦਾ ਹੈ । ਕਦੇ ਕਦੇ ਗੋਸ਼ਟੀ ਵਿਚ ਸ਼ਾਮਲ ਹੋਣ ਨੂੰ ਗੋਸ਼ਟੀਬਾਜ਼ੀ ਨਹੀਂ ਕਿਹਾ ਜਾ ਸਕਦਾ, ਕਦੇ ਕਦੇ ਚੁੰਝਾਂ ਲੜਾਉਣ ਨਾਲ ਪੰਛੀਆਂ ਦੀ ਸਿਹਤ ਬਣਦੀ ਹੈ ਪਰ ਹਰ ਰੋਜ਼ ਚੁੰਝ ਲੜਾਉਣ ਨਾਲ ਲਹੂ ਫੁੱਟਣ ਦਾ ਡਰ ਰਹਿੰਦਾ ਹੈ । ਇਹ ਠੀਕ ਹੈ ਕਿ ਗੋਸ਼ਟੀਆਂ ਵਿਚ ਸ਼ਾਮਲ ਹੋਣ ਨਾਲ ਹਰ ਮਜ਼ਮੂਨ ਸਬੰਧੀ ਇੰਨੀ ਆਧੁਨਿਕ ਜਾਣਕਾਰੀ ਮਿਲ ਜਾਂਦੀ ਹੈ ਕਿ ਪੁਸਤਕਾਂ ਪੜ੍ਹਨ ਤੋਂ ਛੁਟਕਾਰਾ ਮਿਲ ਸਕਦਾ ਹੈ ਪਰ ਇਨ੍ਹਾਂ ਤੋਂ ਬਿਨਾਂ ਜੇ ਕਿਸੇ ਦਾ ਜੀਅ ਉਦਾਸ ਹੋਣ ਲੱਗੇ ਤਾਂ ਉਸ ਨੂੰ ਗੋਸ਼ਟੀਬਾਜ਼ ਕਹਿਣਾ ਉਚਿਤ ਹੈ । ਮੇਰੇ ਇਕ ਅਜ਼ੀਜ਼ ਨੂੰ ਇਸ ਦਾ ਪੂਰਾ ਪਤਾ ਰਹਿੰਦਾ ਹੈ ਕਿ ਕਿਸ ਸ਼ਹਿਰ ਵਿਚ ਕਹਾਣੀ ਤੇ ਗੋਸ਼ਟੀ ਹੋਣੀ ਹੈ, ਕਿਸ ਨਗਰ ਵਿਚ ਕਵਿਤਾ ਤੇ, ਕਿਸ ਪਿੰਡ ਵਿਚ ਨਾਵਲ ਤੇ ਅਤੇ ਕਿਸ ਗੜ੍ਹ ਵਿਚ ਭਾਸ਼ਾ ਦੇ ਸੰਕਟ ਤੇ । ਇਸੇ ਜਾਣਕਾਰੀ ਨਾਲ ਉਸ ਦੇ ਪੈਰਾਂ ਵਿਚ ਹਰਕਤ ਪੈਦਾ ਹੋ ਜਾਂਦੀ ਹੈ ਅਤੇ ਉਹ ਉਨ੍ਹਾਂ ਗੋਸ਼ਟੀਆਂ ਵਿਚ ਸ਼ਾਮਲ ਹੋਣ ਲਈ ਹੱਥ ਪੈਰ ਮਾਰਨ ਲੱਗ ਜਾਂਦਾ ਹੈ, ਗੋਸ਼ਟੀ ਵਿਚ ਗੱਲ ਤਾਂ ਆਪੋ-ਆਪਣੀ ਹੀ ਕਹਿਣੀ ਪੈਂਦੀ ਹੈ । ਚਾਹੇ ਇਸ ਵਿਚ ਜਾਨ ਹੋਵੇ ਜਾਂ ਨਾ, ਪਰ ਕਹਿਣ ਦਾ ਅੰਦਾਜ਼ ਜ਼ਰੂਰੀ ਹੈ । ਗੋਸ਼ਟੀਆਂ ਵਿਚ ਸ਼ਾਮਲ ਹੋਣ ਦੀ ਸੰਖਿਆ ਜੇ ਅੱਧੇ ਸੈਂਕੜੇ ਨੂੰ ਪਾਰ ਕਰ ਜਾਵੇ ਤਾਂ ਉਹ ਗੋਸ਼ਟੀ-ਪਤੀ ਬਣਨ ਦਾ ਅਤੇ ਹਰ ਵਿਸ਼ੇ ਤੇ ਫਤਵੇ

ਦੇਣ ਦਾ ਅਧਿਕਾਰ ਪ੍ਰਾਪਤ ਕਰ ਲੈਂਦਾ ਹੈ। ਮੈਨੂੰ ਦੱਸਿਆ ਗਿਆ ਹੈ ਕਿ ਇਕ ਗੋਸ਼ਟੀਬਾਜ਼ ਨੇ ਇਨ੍ਹਾਂ ਦਾ ਸਹਾਰਾ ਲੈ ਕੇ ਇਕ ਪੁਸਤਕ ਵੀ ਲਿਖ ਦਿੱਤੀ ਹੈ ਜਿਸ ਵਿਚ ਸਾਰੇ ਆਲੋਚਕਾਂ ਦਾ ਮਜ਼ਾਕ ਉਡਾਇਆ ਗਿਆ ਹੈ। ਇਸੇ ਤਰ੍ਹਾਂ ਘਰ ਵਿਚ ਕਾਫੀ ਪੀਣ ਵਾਲਾ ਕਾਫੀ-ਬਾਜ਼ ਨਹੀਂ ਹੋ ਸਕਦਾ, ਅਜਿਹਾ ਬਣਨ ਲਈ ਕਾਫੀ-ਹਾਊਸ ਜਾਣਾ ਪੈਂਦਾ ਹੈ। ਆਪਣੀ ਪਤਨੀ ਨੂੰ ਚਾਹੁਣ ਵਾਲਾ ਇਸ਼ਕਬਾਜ਼ ਨਹੀਂ ਬਣ ਸਕਦਾ, ਹਰ ਛੋਟੀ-ਵੱਡੀ ਨਾਲ ਇਸ਼ਕ ਜਤਲਾਉਣ ਵਾਲਾ ਹੀ ਇਸ ਪਦਵੀ ਨੂੰ ਪਹੁੰਚ ਸਕਦਾ ਹੈ। ਘਰ ਵਿਚ ਟਹਿਲਣ ਵਾਲਾ ਹਵਾਖੋਰ ਨਹੀਂ ਹੋ ਸਕਦਾ, ਇਸ ਕੰਮ ਲਈ ਤਾਂ ਦਰਿਆ ਜਾਂ ਝੀਲ ਤੇ ਜਾਣਾ ਪੈਂਦਾ ਹੈ। ਕੱਪ ਦੇ ਹਿਸਾਬ ਨਾਲ ਚਾਹ ਪੀਣ ਵਾਲੇ ਨੂੰ ਚਾਹ ਖੋਰ ਨਹੀਂ ਕਿਹਾ ਜਾ ਸਕਦਾ, ਇਸ ਲਈ ਤਾਂ ਚਾਹਦਾਨੀਆਂ ਦਾ ਲੇਖਾ ਰੱਖਣਾ ਹੁੰਦਾ ਹੈ। ਕੀ ਇਸ ਦਾ ਇਹ ਮਤਲਬ ਹੋਇਆ ਕਿ ਬਾਜ਼ੀ ਅਤੇ ਖੋਰੀ ਵਿਚ ਅਤੀ ਦਾ ਹੋਣਾ ਜ਼ਰੂਰੀ ਹੈ।

ਇਹ ਤਾਂ ਹੋ ਸਕਦਾ ਹੈ ਕਿ ਇਨਸਾਨ ਹਵਾਖੋਰ, ਮਾਸਖੋਰ, (ਸਬਜ਼ੀ ਖ਼ੋਰ ਕਿਉਂ ਨਹੀਂ ਹੁੰਦਾ ਅਤੇ ਨਾ ਹੀ ਮੱਖਣ ਖੋਰ), ਸੂਦ ਖੋਰ, ਜਾਂ ਚੁਗਲਖ਼ੋਰ ਨਾ ਹੋਵੇ। ਇਹ ਵੀ ਸੰਭਵ ਹੈ ਕਿ ਉਹ ਇਸ਼ਕਬਾਜ਼, ਪਤੰਗਬਾਜ਼, ਗੱਪਬਾਜ਼ ਜਾਂ ਗੋਸ਼ਟੀਬਾਜ਼ ਵੀ ਨਾ ਹੋਵੇ ਪਰ ਬਹਾਨੇਬਾਜ਼ੀ ਤੋਂ ਬਿਨਾਂ ਕੰਮ ਕਿਵੇਂ ਚਲ ਸਕਦਾ ਹੈ। ਪੈਰ ਪੈਰ ਤੇ ਬਹਾਨਾ ਬਣਾਉਣਾ ਪੈਂਦਾ ਹੈ। ਜੇ ਇਹ ਗੱਲ ਠੀਕ ਹੈ ਤਾਂ ਬਹਾਨੇਬਾਜ਼ੀ ਨੂੰ ਬੁਰਾ ਕਿਉਂ ਮੰਨਿਆ ਜਾਂਦਾ ਹੈ। ਤੁਸੀਂ ਵਿਆਹਾਂ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ। ਸਭਾ-ਸੁਸਾਇਟੀ ਤੋਂ ਦੂਰ ਰਹਿਣਾ ਚਾਹੁੰਦੇ ਹੋ, ਤਾਂ ਇਕ ਪਤੀ ਬੜੀ ਆਸਾਨੀ ਨਾਲ ਕਹਿ ਸਕਦਾ ਹੈ ਕਿ ਪਤਨੀ ਦੀ ਤਬੀਅਤ ਠੀਕ ਨਹੀਂ ਹੈ ਅਤੇ ਸੀਤਾ ਤੋਂ ਬਿਨਾਂ ਰਾਮ ਦਾ ਆਉਣਾ ਜਾਣਾ ਕਿਵੇਂ ਹੋ ਸਕਦਾ ਹੈ ? ਉਹ ਚਾਹੇ ਤਾਂ ਅੱਧੀ ਰਾਤ ਤੋਂ ਬਾਅਦ ਤਾਸ਼ ਖੇਡ ਕੇ ਮੁੜਦੇ ਹੋਣ ਜਾਂ ਧੋਬੀ ਦੇ ਕਹਿਣ ਤੇ ਸੀਤਾ ਨੂੰ ਬਨਵਾਸ ਦੇ ਸਕਦੇ ਹੋਣ। ਜੇ ਪਤਨੀ ਨਹੀਂ ਹੈ ਜਾਂ ਮਰ ਚੁੱਕੀ ਹੈ ਤਾਂ ਆਪਣੀ ਤਬੀਅਤ ਖ਼ਰਾਬ ਕਰਨੀ ਪੈਂਦੀ ਹੈ। ਬੁਖਾਰ ਦੇ ਬਹਾਨੇ ਦਾ ਪਤਾ ਤਾਂ ਚਲ ਜਾਂਦਾ ਹੈ ਪਰ ਸਿਰ ਦਰਦ ਜਾਂ ਪੇਟ ਦਰਦ ਦਾ ਪਤਾ ਲਾਉਣਾ ਔਖਾ ਹੈ। ਪ੍ਰੇਮਚੰਦ ਦੀ ਕਹਾਣੀ "ਪੂਸ ਕੀ ਰਾਤ" ਵਿਚ ਜਦੋਂ ਸਾਰਾ ਖੇਤ ਚੱਟ ਹੋ ਗਿਆ ਸੀ ਤਾਂ ਪਤੀ ਨੂੰ ਪਤਨੀ ਵਲੋਂ ਝਿੜਕਣ ਤੇ ਇਹ ਬਹਾਨਾ ਲਾਉਣਾ ਪਿਆ ਸੀ ਕਿ ਉਸ ਦੇ ਪੇਟ ਵਿਚ ਇੰਨੀ ਦਰਦ ਹੋਈ ਕਿ ਜਾਨ ਦੇ ਲਾਲੇ ਪੈ ਗਏ ਸਨ।

ਇਸ ਤਰ੍ਹਾਂ ਹਰ ਸਥਿਤੀ ਵਿਚ ਬਚਣ ਲਈ ਨਵਾਂ ਬਹਾਨਾ ਲੱਭਣਾ ਪੈਂਦਾ ਹੈ। ਇਕ ਰਿਸ਼ਤੇਦਾਰ ਹਨ ਜਿਹੜੇ ਸਾਲ ਵਿਚ ਇਕ ਦੋ ਵਾਰ ਪਹਿਲੀ ਤਾਰੀਖ ਨੂੰ ਆਪਣੀ ਤਨਖਾਹ ਨਿੱਜੀ ਉਧਾਰ ਮੋੜਨ ਦੇ ਕਾਰਣ ਜਦੋਂ ਘਰ ਨਹੀਂ ਲਿਆਉਂਦੇ ਤਾਂ ਇਨ੍ਹਾਂ ਨੂੰ ਕਦੇ ਪਤਲੂਨ ਦੀ ਪਾਟੀ ਜੇਬ ਵਿਖਾਉਣੀ ਪੈਂਦੀ ਹੈ ਜਿਸ ਰਸਤੇ ਸਾਰੇ ਨੋਟ ਰਸਤੇ ਵਿਚ ਡਿੱਗ ਪਏ ਅਤੇ ਜਿਸ

ਲਈ ਪਤਨੀ ਵੀ ਜ਼ਿੰਮੇਵਾਰ ਹੈ। ਜਾਂ ਟੈਕਸ ਵਿਚ ਸਾਰੀ ਤਨਖਾਹ ਕੱਟ ਗਈ ਦਾ ਬਹਾਨਾ ਲਾਉਣਾ ਪੈਂਦਾ ਹੈ ਜਿਸ ਦੀ ਜ਼ਿੰਮੇਵਾਰ ਸਰਕਾਰ ਹੈ । ਇਸ ਤਰ੍ਹਾਂ ਘਰ ਅਤੇ ਬਾਹਰ ਦੀ ਸਰਕਾਰ ਨੂੰ ਦੋਸ਼ ਦੇ ਕੇ ਉਹ ਆਪ ਬਚ ਜਾਂਦੇ ਹਨ ਅਤੇ ਬਹਾਨੇਬਾਜ਼ੀ ਨਾਲ ਘਰ ਵਿਚ ਸ਼ਾਂਤੀ ਕਾਇਮ ਰਹਿੰਦੀ ਹੈ । ਹਮੇਸ਼ਾ ਸੱਚ ਬੋਲ ਕੇ ਪਤਨੀ ਨਾਲ ਕਿਵੇਂ ਬਣਾ ਕੇ ਰੱਖੀ ਜਾ ਸਕਦੀ ਹੈ। ਬਹਾਨੇਬਾਜ਼ੀ ਵਿਚ ਇਸ਼ਕ ਨਹੀਂ ਪਰ ਇਸ਼ਕਬਾਜ਼ੀ ਵਿਚ ਬਹਾਨੇਬਾਜ਼ੀ ਜ਼ਰੂਰੀ ਹੈ । ਸਰਕਾਰੀ ਜਾਂ ਜ਼ਰੂਰੀ ਕੰਮ ਦਾ ਬਹਾਨਾ ਬਣਾ ਕੇ ਬਾਹਰ ਜਾਣਾ ਬਣ ਜਾਂਦਾ ਹੈ । ਘੜੀ ਨੂੰ ਖ਼ਰਾਬ ਦੱਸ ਕੇ ਜਾਂ ਸਾਈਕਲ ਖ਼ਰਾਬ ਦਾ ਬਹਾਨਾ ਲਾ ਕੇ ਦੇਰ ਨਾਲ ਘਰ ਪਹੁੰਚਿਆ ਜਾ ਸਕਦਾ ਹੈ । ਬਹਾਨੇਬਾਜ਼ੀ ਬਚਪਨ ਤੋਂ ਲੈ ਕੇ ਬੁਢਾਪੇ ਤੱਕ ਚੱਲਦੀ ਹੈ । ਸਕੂਲ ਦਾ ਕੰਮ ਜੇ ਨਾ ਕੀਤਾ ਜਾਵੇ ਤਾਂ ਮਾਂ ਦੀ ਬੀਮਾਰੀ ਦਾ ਬਹਾਨਾ ਲਾਉਂਣਾ ਪੈਂਦਾ ਹੈ, ਕੜਾਹ ਖਾਣ ਨੂੰ ਜੇ ਜੀਅ ਕਰਦਾ ਹੋਵੇ ਤਾਂ ਬੁੱਢੇ ਨੂੰ ਆਪਣੇ ਦੰਦ ਦੀ ਦਰਦ ਦੀ ਗੱਲ ਕਰਨੀ ਪੈਂਦੀ ਹੈ । ਮੇਰੇ ਚਾਚੇ ਨੇ ਜਦੋਂ ਸਾਰੇ ਦੰਦ ਇਕ ਇਕ ਕਰਕੇ ਕਢਵਾ ਦਿੱਤੇ ਤਾਂ ਮੈਂ ਉਨ੍ਹਾਂ ਨੂੰ ਨਵਾਂ ਸੈੱਟ ਲਵਾਉਣ ਲਈ ਪੈਸੇ ਪੇਸ਼ ਕੀਤੇ । ਇਨ੍ਹਾਂ ਦੇ ਇਨਕਾਰ ਕਰਨ ਦਾ ਅਸਲੀ ਕਾਰਣ ਇਹੀ ਸੀ ਕਿ ਚਾਚੀ ਨਰਮ ਨਰਮ ਚੀਜ਼ਾਂ ਦੀ ਥਾਂ ਸੁੱਕੀਆਂ ਰੋਟੀਆਂ ਦੇਣਾ ਸ਼ੁਰੂ ਕਰ ਦੇਵੇਗੀ । ਬਚਪਨ ਦੀ ਬਹਾਨੇਬਾਜ਼ੀ ਵਿਚ ਹੌਲਾਪਨ ਹੁੰਦਾ ਹੈ ਪਰ ਬੁਢਾਪੇ ਦੀ ਬਹਾਨੇਬਾਜ਼ੀ ਵਿਚ ਸੋਚ ਤੋਂ ਕੰਮ ਲਿਆ ਹੁੰਦਾ ਹੈ । ਜਵਾਨੀ ਵਿਚ ਇਸ ਨੂੰ ਕਲਾ ਦੇ ਰੂਪ ਵਿਚ ਸਾਧਿਆ ਜਾਂਦਾ ਹੈ । ਇਸ਼ਕ ਜਾਂ ਮੁਹੱਬਤ ਵਿਚ ਜੇ ਸਫਲਤਾ ਨੂੰ ਖ਼ਤਰਾ ਪੈਂਦਾ ਦਿੱਸੇ ਤਾਂ ਦਰਿਆ ਵਿਚ ਜਾਂ ਝੀਲ ਵਿਚ ਛਾਲ ਮਾਰਨ ਦੀ ਧਮਕੀ ਇਸ ਤਰ੍ਹਾਂ ਦੇਣੀ ਪੈਂਦੀ ਹੈ ਕਿ ਬਹਾਨਾ ਨਾ ਲੱਗੇ । ਇਸੇ ਦਾ ਨਾਂ ਤਾਂ ਕਲਾ ਹੈ । ਇਸ਼ਕ ਵਿਚ ਇਸ ਦੀ ਲੋੜ ਇਸ ਲਈ ਵੱਧ ਹੁੰਦੀ ਹੈ ਕਿ ਮੁਹੱਬਤ ਕਹਿਣ ਵੇਲੇ ਮੂੰਹ ਇੰਨਾ ਭਰ ਜਾਂਦਾ ਹੈ ਕਿ ਹੋਰ ਕੁਝ ਕਹਿਣ ਦੀ ਸੰਭਾਵਨਾ ਹੀ ਨਹੀਂ ਹੁੰਦੀ ।

ਇੱਕੋ ਹੀ ਮੁਸੀਬਤ 'ਚੋਂ ਜੇ ਨਿਕਲਣ ਦੀ ਗੱਲ ਹੋਵੇ ਤਾਂ ਬਹਾਨੇਬਾਜ਼ੀ ਦੀ ਲੋੜ ਨਾ ਪਵੇ । ਪਰ ਪੈਰ ਪੈਰ ਤੇ ਮੁਸੀਬਤਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ, ਇਸ ਲਈ ਬਹਾਨੇਬਾਜ਼ੀ ਤੋਂ ਬਿਨ੍ਹਾਂ ਕੋਈ ਚਾਰਾ ਹੀ ਨਹੀਂ । ਨਾ ਮਿਲ ਸਕਣ ਲਈ, ਵੇਲੇ ਸਿਰ ਨਾ ਪਹੁੰਚਣ ਲਈ, ਕੰਮ ਨਾ ਕਰ ਸਕਣ ਲਈ, ਸਰਦੀਆਂ ਵਿਚ ਨਾ ਨਹਾਉਣ ਲਈ, ਵਹੁਟੀ ਨੂੰ ਸੈਰ ਤੇ ਨਾ ਲੈ ਕੇ ਜਾਣ ਲਈ, ਸਿਨੇਮਾ ਨਾ ਜਾਣ ਲਈ ਨਾ ਵਾਲੀਆਂ ਸਥਿਤੀਆਂ ਵਿਚ ਨਵੇਂ ਤੋਂ ਨਵਾਂ ਬਹਾਨਾ ਲੱਭਣਾ ਪੈਂਦਾ ਹੈ । ਇੱਕੋ ਹੀ ਬਹਾਨਾ ਲਾਉਣਾ ਕਾਠ ਦੀ ਹਾਂਡੀ ਵਾਂਗ ਹੁੰਦਾ ਹੈ ਜਿਸ ਨੂੰ ਕੇਵਲ ਰਾਜਨੀਤੀ ਦਾ ਨੇਤਾ ਹੀ ਵਾਰ ਵਾਰ ਚਾੜ੍ਹ ਸਕਦਾ ਹੈ । ਆਮ ਆਦਮੀ ਦੇ ਵਸ ਦਾ ਰੋਗ ਨਹੀਂ । ਮੈਨੂੰ ਰੋਟੀ ਖਾਂਦੇ ਹੀ ਨੀਂਦ ਆਉਣ ਲੱਗਦੀ ਹੈ, ਇਸ ਲਈ ਮੈਂ ਕਿਸੇ ਦੀ ਦਾਅਵਤ ਤੇ ਜਾਣ ਤੋਂ ਕਤਰਾਉਂਦਾ ਹਾਂ ਖਾਣਾ ਖਾਣ ਤੋਂ ਬਾਅਦ ਗੱਲਾਂ-ਬਾਤਾਂ ਕਰਨ ਨੂੰ

ਪ੍ਰਾਹੁਣਾਚਾਰੀ ਸਮਝਿਆ ਜਾਂਦਾ ਹੈ, ਜਿਹੜੀ ਮੈਥੋਂ ਨਹੀਂ ਹੋ ਸਕਦੀ । ਦਾਅਵਤ ਤੇ ਨਾ ਜਾਣ ਦਾ ਇੱਕੋ ਬਹਾਨਾ ਹਰ ਵਾਰ ਕਿਸ ਤਰ੍ਹਾਂ ਬਣਾਇਆ ਜਾ ਸਕਦਾ ਹੈ । ਇਕ ਵਾਰ ਤਾਂ ਕਿਹਾ ਜਾ ਸਕਦਾ ਹੈ ਕਿ ਪੇਟ ਖ਼ਰਾਬ ਹੈ ਪਰ ਹਰ ਵਾਰ ਕਹਿਣ ਨਾਲ ਦੋਸਤ ਡਾਕਟਰ ਕੋਲ ਲੈ ਜਾਂਦੇ ਹਨ ਅਤੇ ਡਾਕਟਰ ਦਵਾਈ ਖਾਣ ਲਈ ਮਜਬੂਰ ਕਰਦਾ ਹੈ। ਜਦੋਂ ਸਭਾਪਤੀ ਬਣਨ ਲਈ ਮੈਨੂੰ ਮਜ਼ਬੂਰ ਕੀਤਾ ਜਾਂਦਾ ਸੀ ਤਾਂ ਮੈਂ ਇਹ ਬਹਾਨਾ ਘੜਿਆ ਸੀ ਕਿ ਮੈਨੂੰ ਉਠ ਕੇ ਵਾਰ ਵਾਰ ਬਾਥਰੂਮ ਜਾਣਾ ਪੈਂਦਾ ਹੈ ਅਤੇ ਇਹ ਗੱਲ ਸਭਾਪਤੀ ਨੂੰ ਸ਼ੋਭਦੀ ਨਹੀਂ । ਸਭਾਪਤੀ ਬਣ ਕੇ ਬੋਰ ਹੋਣ ਤੋਂ ਤਾਂ ਬਚ ਗਿਆ, ਪਰ ਮੈਨੂੰ ਡਾਇਬਟੀਜ਼ ਦਾ ਮਰੀਜ਼ ਸਮਝਿਆ ਜਾਣ ਲੱਗ ਪਿਆ। ਕਾਸ਼ ਮੈਨੂੰ ਵੀ ਬਹਾਨੇਬਾਜ਼ੀ ਆਉਂਦੀ, ਮੈਂ ਵੀ ਤਰ੍ਹਾਂ ਤਰ੍ਹਾਂ ਦੇ ਬਹਾਨੇ ਬਣਾ ਸਕਦਾ ਅਤੇ ਇਨ੍ਹਾਂ ਮਜਬੂਰੀਆਂ ਤੋਂ ਬਚ ਸਕਦਾ।

********

# ਗਾਲ੍ਹਾਂ

ਮੈਨੂੰ ਬਚਪਨ ਤੋਂ ਗਾਲ੍ਹਾਂ ਖਾਣ ਦਾ ਮੌਕਾ ਤਾਂ ਘੱਟ ਮਿਲਿਆ ਹੈ, ਪਰ ਹੋਰਨਾਂ ਨੂੰ ਖਾਂਦੇ ਸੁਣਨ ਦਾ ਸ਼ੌਕ ਜ਼ਰੂਰ ਰਿਹਾ ਹੈ। ਅੱਜ ਜੇ ਇਨ੍ਹਾਂ ਨੂੰ ਚੇਤੇ ਕਰਨ ਦੀ ਕੋਸ਼ਿਸ਼ ਕਰਦਾ ਹਾਂ ਤਾਂ ਇਉਂ ਲਗਦਾ ਹੈ ਕਿ "ਨਵੀਂ ਕਵਿਤਾ" ਦੇ ਵਜ਼ਨ ਤੇ ਹੀ ਇਹ ਕਿਸਮ ਕਿਸਮ ਦੀਆਂ ਤੇ ਤਰ੍ਹਾਂ ਤਰ੍ਹਾਂ ਦੀਆਂ ਹਨ । ਦੇਣ ਵਾਲੇ ਘੱਟ ਅਤੇ ਸੁਣਨ ਵਾਲੇ ਬਹੁਤੇ ਉਸੇ ਤਰ੍ਹਾਂ ਹਨ ਜਿਵੇਂ ਕਵੀ ਘੱਟ ਅਤੇ ਪਾਠਕ ਬਹੁਤੇ। ਰਚਨਕਾਰਾਂ ਦੀ ਘਾਟ ਸਦਾ ਤੋਂ ਰਹੀ ਹੈ। ਕਿਸਮ ਕਿਸਮ ਦੀਆਂ ਗਾਲ੍ਹਾਂ ਇਸ ਲਈ ਕਿ ਵਕਤ ਦੇ ਬਦਲਣ ਦੇ ਨਾਲ ਨਾਲ ਇਨ੍ਹਾਂ ਦਾ ਨਾਂ ਅਤੇ ਰੂਪ ਬਦਲਦਾ ਰਿਹਾ ਹੈ । ਤਰ੍ਹਾਂ ਤਰ੍ਹਾਂ ਦੀਆਂ ਇਸ ਲਈ ਕਿ ਇਨ੍ਹਾਂ ਦਾ ਅੰਦਾਜ਼ ਬਦਲਦਾ ਰਿਹਾ ਹੈ । ਵੈਦਿਕ ਕਾਲ ਦੀਆਂ ਗਾਲ੍ਹਾਂ ਤੋਂ ਲੈ ਕੇ ਅੱਜਕਲ੍ਹ ਦੀਆਂ ਗਾਲ੍ਹਾਂ ਤੋਂ ਇਹ ਗਵਾਹੀ ਮਿਲ ਜਾਂਦੀ ਹੈ। ਗਾਲ੍ਹਾਂ ਹਰ ਦੇਸ਼, ਜਾਤੀ ਅਤੇ ਭਾਸ਼ਾ ਦੀਆਂ ਬੰਦਸ਼ਾਂ ਵਿਚ ਚੱਲਦੀਆਂ ਰਹੀਆਂ ਹਨ। ਇਸ ਲਈ ਇਨ੍ਹਾਂ ਦਾ ਆਪੋ ਆਪਣਾ ਮੁਹਾਵਰਾ ਅਤੇ ਸੁਆਦ ਹੈ । ਮੈਨੂੰ ਇਹ ਸਮਝ ਵਿਚ ਨਹੀਂ ਆ ਰਿਹਾ ਕਿ ਇਸ ਮਜ਼ਮੂਨ ਵਿਚ ਹਿੰਦੀ-ਖੋਜ ਕਿਉਂ ਨਹੀਂ ਹੋਈ ਹਾਲਾਂਕਿ ਇਸ ਵਿਚ ਇੰਨੀ ਜਾਨ ਹੈ । ਇਸ ਨੂੰ ਡੀ ਲਿੱਟ. ਲਈ ਵਰਤਿਆ ਜਾ ਸਕਦਾ ਸੀ ।

ਇਨ੍ਹਾਂ ਗਾਲ੍ਹਾਂ ਤੇ ਸਰਸਰੀ ਨਜ਼ਰ ਮਾਰਨ ਨਾਲ ਇਹ ਤਾਂ ਸਾਫ਼ ਹੋ ਜਾਂਦਾ ਹੈ ਕਿ ਕੁਝ ਗਾਲ੍ਹਾਂ ਸਥਾਈ ਹਨ ਅਤੇ ਕੁਝ ਅਸਥਾਈ। ਸੈਕਸ-ਸਬੰਧੀ ਗਾਲ੍ਹਾਂ ਸਥਾਈ ਅਤੇ ਪੁਰਾਣੀਆਂ ਹਨ । ਇਨ੍ਹਾਂ ਦੀ ਸਥਿਤੀ ਕਵਿਤਾ ਵਿਚ ਉਨ੍ਹਾਂ ਸਥਾਈ ਭਾਵਾਂ ਵਾਂਗ ਹੈ ਜਿਨ੍ਹਾਂ ਦੀ ਪੂਰਨਤਾ ਰਸ ਵਿਚ ਹੁੰਦੀ ਹੈ । ਇਨ੍ਹਾਂ ਦੀ ਰਚਨਾ ਉਨ੍ਹਾਂ ਕਹਾਵਤਾਂ ਅਤੇ ਮੁਹਾਵਰਿਆਂ ਵਾਂਗ ਹੁੰਦੀ ਹੈ। ਜਿਨ੍ਹਾਂ ਦੇ ਰਚਨਕਾਰਾਂ ਦਾ ਨਾਂ ਹੀ ਨਹੀਂ ਹੁੰਦਾ । ਇਹ ਗਾਲ੍ਹਾਂ ਕਦੇ ਠੋਸ ਤੇ ਕਦੇ ਤਰਲ ਹੁੰਦੀਆਂ ਹਨ, ਕਦੇ ਸਥੂਲ ਤਾਂ ਕਦੇ ਸੂਖਮ, ਕਦੇ ਅਭਿਧਾ ਦੀਆਂ ਭਰੀਆਂ ਹੋਈਆਂ ਤੇ ਕਦੇ ਵਿਅੰਜਨਾਂ ਦੀਆਂ ਭਰੀਆਂ ਹੋਈਆਂ, ਕਦੇ ਵਿਆਖਿਆ ਭਰੀਆਂ ਅਤੇ ਕਦੇ ਚਿਤਰਾਤਮਕ । ਇਸ ਲਈ ਉਹ ਕਿਸਮ ਕਿਸਮ ਦੀਆਂ ਅਤੇ ਤਰ੍ਹਾਂ ਤਰ੍ਹਾਂ ਦੀਆਂ ਹੁੰਦੀਆਂ ਹਨ । ਇਨ੍ਹਾਂ ਦਾ ਪੇਟਾ ਕਦੇ ਰਾਜਨੀਤਕ ਹੁੰਦਾ ਹੈ ਤਾਂ ਕਦੇ ਸਾਹਿਤਕ, ਕਦੇ ਧਾਰਮਕ ਅਤੇ ਕਦੇ ਨੈਤਿਕ । ਇਨ੍ਹਾਂ ਦੀ ਜੜ੍ਹ ਵਿਚ ਕਦੇ ਘਿਰਣਾ ਹੁੰਦੀ ਹੈ ਤੇ ਕਦੇ ਕਰੋਧ, ਕਦੇ ਕੋਮਲਤਾ ਤੇ ਕਦੇ ਕਠੋਰਤਾ, ਕਦੇ ਨਿਰਾਸ਼ਾ ਤੇ ਕਦੇ ਨਾ-ਉਮੀਦੀ, ਕਦੇ ਬਹਾਦਰੀ ਤੇ ਕਦੇ ਕਾਇਰਤਾ ਜਾਂ ਨਪੁਸੰਕਤਾ । ਬਹਾਦਰੀ ਤੋਂ ਪੈਦਾ ਹੋਈ ਗਾਲ੍ਹ ਅਕਸਰ ਮੂੰਹ ਤੇ ਹੀ ਦਿੱਤੀ ਜਾਂਦੀ ਹੈ, ਬਹੁਤੀਆਂ ਗਾਲ੍ਹਾਂ ਪਿੱਠ ਪਿੱਛੇ ਜਾਂ ਮੂੰਹ ਵਿਚ ਹੀ ਦਿੱਤੀਆਂ ਜਾਂਦੀਆਂ ਹਨ । ਇਕ ਗੁਣ ਸਭ

ਤਰ੍ਹਾਂ ਦੀਆਂ ਗਾਲ੍ਹਾਂ ਦਾ ਹੈ, ਉਹ ਇਹ ਕਿ ਇਹ ਨਿੱਕੀਆਂ ਤੋਂ ਨਿੱਕੀਆਂ ਹੁੰਦੀਆਂ ਹਨ। ਗਾਲ੍ਹ ਜਿੰਨੀ ਛੋਟੀ ਹੁੰਦੀ ਹੈ ਉਨੀ ਹੀ ਬਿਹਾਰੀ ਦੇ ਦੋਹੇ ਵਾਂਗ ਬੜੀ ਡੂੰਘੀ ਮਾਰ ਕਰਦੀ ਹੈ। ਠਿਗਣੀ ਗਾਲ੍ਹ ਠਿਗਣੇ ਆਦਮੀ ਵਾਂਗ ਵੱਧ ਮਾਰ ਕਰ ਸਕਦੀ ਹੈ। ਉਹ ਉਸ ਗਾਣੇ ਵਾਂਗ ਹੁੰਦੀ ਹੈ ਜਿਸ ਨੂੰ ਗਿਣੇ ਮਿਣੇ ਸ਼ਬਦਾਂ ਵਿਚ ਰਚਿਆ ਹੋਇਆ ਹੁੰਦਾ ਹੈ। ਜੇ ਗਾਣੇ ਵਿਚ ਬੇਲੋੜਾ ਵਿਸਥਾਰ ਹੋਵੇ ਤਾਂ ਇਸ ਦਾ ਅਸਰ ਪਤਲਾ ਪੈ ਜਾਂਦਾ ਹੈ। ਜੇ ਗਿਣੇ ਮਿਣੇ ਸ਼ਬਦ ਗਾਲ੍ਹ ਦੀ ਖਾਸੀਅਤ ਹੈ ਤਾਂ ਇਕ ਸ਼ਬਦ ਪੂਰੀ ਗਾਲ੍ਹ ਦੀ— ਗੱਧਾ, ਹਰਾਮਜ਼ਾਦਾ। ਜੇ ਗੱਧੇ ਜਾਂ ਹਰਾਮਜ਼ਾਦੇ ਸ਼ਬਦ ਨਾਲ ਅਤਿ ਦੀ ਘਿਰਣਾ ਜਾਂ ਢੇਰ ਸਾਰੇ ਕ੍ਰੋਧ ਦਾ ਪ੍ਰਗਟਾ ਹੋ ਜਾਵੇ ਤਾਂ ਇਸ ਨੂੰ ਸਫਲ ਰਚਨਾ ਸਮਝਿਆ ਜਾ ਸਕਦਾ ਹੈ।

ਇਕ ਹੋਰ ਕਿਸਮ ਦੀ ਗਾਲ੍ਹ ਹੈ ਜਿਸ ਦਾ ਸਬੰਧ ਮਾਂ-ਭੈਣ ਦੇ ਰਿਸ਼ਤੇਦਾਰਾਂ ਨਾਲ ਹੈ। ਇਹ ਕਿਉਂ ਹੈ-- ਇਸ ਦਾ ਜੁਆਬ ਸਮਾਜ-ਸ਼ਾਸਤਰ ਦਾ ਪੰਡਤ ਉਸੇ ਤਰ੍ਹਾਂ ਦੇ ਸਕਦਾ ਹੈ ਜਿਸ ਤਰ੍ਹਾਂ ਸੈਕਸ-ਸਬੰਧੀ ਗਾਲ੍ਹਾਂ ਦੇ ਕਾਰਣ ਦਾ ਉਤਰ ਮਨੋਵਿਗਿਆਨ ਦਾ ਪੰਡਤ। ਇਨ੍ਹਾਂ ਗਾਲ੍ਹਾਂ ਨਾਲ ਵੀ ਘਿਰਣਾ ਆਦਿ ਸਥਾਈ ਭਾਵਾਂ ਦਾ ਰਸਾਤਮਕ ਪ੍ਰਗਟਾ ਹੁੰਦਾ ਹੈ ਸਾਲਾ, ਸੌਹਰਾ, ਮਾਮਾ, ਸੈਕਸ ਨਾਲ ਸਿੱਧਾ ਸਬੰਧ ਰੱਖਣ ਵਾਲੀਆਂ ਗਾਲ੍ਹਾਂ ਅਕਸਰ ਕ੍ਰਿਆਸ਼ੀਲ ਜਾਂ ਵਿਆਖਿਆਸ਼ੀਲ ਹੁੰਦੀਆਂ ਹਨ। ਇਨ੍ਹਾਂ ਦੀ ਗਿਣਤੀ ਅਸ਼ਲੀਲ ਜਾਂ ਅਸੱਭਿ ਰਚਨਾਵਾਂ ਵਿਚ ਕੀਤੀ ਜਾਂਦੀ ਹੈ; ਪਰ ਸਾਲਾ, ਮਾਮਾ ਆਦਿ ਅਭਿਧਾ-ਭਰਪੂਰ ਹੋਣ ਦੇ ਕਾਰਣ ਇਸ ਗਿਣਤੀ ਵਿਚ ਨਹੀਂ ਆਉਂਦੀਆਂ। ਇਨ੍ਹਾਂ ਗਾਲ੍ਹਾਂ ਵਿਚ ਕਲਾ ਨਹੀਂ ਹੁੰਦੀ ਪਰ ਸਾਹਿਤਕ, ਰਾਜਨੀਤਕ, ਧਾਰਮਿਕ, ਨੈਤਿਕ ਗਾਲ੍ਹਾਂ ਦੀ ਰਚਨਾ ਲਈ ਕਲਾ ਦਾ ਸਹਾਰਾ ਲੈਣਾ ਪੈਂਦਾ ਏ, ਵਿਅੰਜਨਾ-ਲਕਸ਼ਣਾ ਦੀਆਂ ਸ਼ਕਤੀਆਂ ਦੀ ਵਰਤੋਂ ਕਰਨੀ ਪੈਂਦੀ ਹੈ। ਦੇਵਾਨਾ-ਪ੍ਰਿਅ ਕਲਾਤਮਕ ਗਾਲ੍ਹ ਹੈ ਅਤੇ ਗੱਧਾ ਕਲਾਹੀਨ, ਪਰ ਦੋਵਾਂ ਦਾ ਮਤਲਬ ਇਕ ਹੀ ਹੈ।

ਇਤਿਹਾਸ ਤੇ ਜੇ ਓਪਰੀ ਅਤੇ ਸਰਸਰੀ ਨਜ਼ਰ ਮਾਰੀ ਜਾਵੇ ਤਾਂ ਗਾਲ੍ਹਾਂ ਦਾ ਭੰਡਾਰ ਹੀ ਖੁਲ੍ਹ ਜਾਂਦਾ ਹੈ। ਇਕ ਜ਼ਮਾਨਾ ਸੀ ਕਿ ਗਾਲ੍ਹ ਜਾਤੀਗਤ ਸੀ- ਅਸੁਰ-, ਰਾਕਸ਼ਸ, ਚੰਡਾਲ, ਚਮਾਰ। ਅੱਜ ਵੀ ਇਨ੍ਹਾਂ ਦੇ ਬਚੇ ਖੁੱਚੇ ਹਿੱਸੇ ਸੁਣਨ ਲਈ ਮਿਲ ਜਾਂਦੇ ਹਨ। ਮੇਰੇ ਇਕ ਦੋਸਤ ਜਦੋਂ ਮੇਰੇ ਨਾਲ ਨਾਰਾਜ਼ ਹੋ ਜਾਂਦੇ ਹਨ ਤਾਂ ਮੇਰੀ ਪਿੱਠ ਪਿੱਛੇ ਮੈਨੂੰ ਅਜੇ ਵੀ ਚਮਾਰ ਕਹਿ ਕੇ ਸ਼ਾਂਤ ਹੋ ਜਾਂਦੇ ਹਨ। ਗਾਲ੍ਹਾਂ ਦਾ ਰਿਸ਼ਤਾ ਉਪਾਧੀਆਂ ਨਾਲ ਵੀ ਰਿਹਾ ਹੈ। ਅੰਗ੍ਰੇਜ਼ਾਂ ਦੇ ਜ਼ਮਾਨੇ ਦੇ ਖ਼ਿਤਾਬ ਅੱਜ ਗਾਲ੍ਹਾਂ ਬਣ ਗਏ ਹਨ----ਰਾਏ ਸਾਹਿਬ, ਰਾਏ-ਬਹਾਦਰ, ਖਾਂ-ਸਾਹਿਬ, ਖਾਂ-ਬਹਾਦੁਰ। ਅੱਜ ਇਨ੍ਹਾਂ 'ਚੋਂ ਨਫ਼ਰਤ ਦੀ ਬੂ ਆਉਂਦੀ ਹੈ। ਇਨ੍ਹਾਂ ਦੀ ਰਚਨਾ ਦੇ ਅਮਲ ਵਿਚ ਪਹਿਲਾਂ ਨਫ਼ਰਤ, ਫਿਰ ਹਾਸਾ ਅਤੇ ਅੰਤ ਵਿਚ ਗਾਲ੍ਹ ਦਾ ਮੁੱਲ ਪਾਇਆ ਜਾਂਦਾ

ਹੈ । ਪਦਮ ਸ਼੍ਰੀ, ਪਦਮ-ਭੂਸ਼ਣ, ਪਦਮ-ਵਿਭੂਸ਼ਣ ਦੇ ਬਾਰੇ ਵਿਚ ਅਜੇ ਰਾਏ ਬਣਾਉਣੀ ਗਲਤ ਸਾਬਤ ਹੋ ਸਕਦੀ ਹੈ । ਇਸ ਵੇਲੇ ਇੰਨਾ ਹੀ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਦੀ ਚਮਕ ਮੱਧਮ ਪੈ ਰਹੀ ਹੈ। ਮੁਲੱਮਾ ਉਤਰਨਾ ਸ਼ੁਰੂ ਹੋ ਗਿਆ ਹੈ । ਇਹ ਹੋ ਸਕਦਾ ਹੈ ਕਿ ਜੰਗਾਲ ਲੱਗਣ ਨਾਲ ਇਹ ਸਮਾਜਕ ਗਾਲ੍ਹਾਂ ਦਾ ਰੂਪ ਧਾਰਣ ਕਰ ਲੈਣ । ਕੁਝ ਗਾਲ੍ਹਾਂ ਰਾਜਨੀਤੀ ਨਾਲ ਜੁੜੀਆਂ ਹੋਈਆਂ ਹਨ। ਜੇ ਸਾਮਿਵਾਦੀ ਭਾਸ਼ਾ ਵਿਚ ਕਿਸੇ ਨੂੰ ਗਾਲ੍ਹ ਦੇਣੀ ਹੋਵੇ ਤਾਂ ਬੂਰਜਵਾ ਕਹਿ ਕੇ ਕੰਮ ਚਲ ਸਕਦਾ ਹੈ । ਗਾਲ੍ਹ ਦੀ ਰਚਨਾ ਵਿਚ ਕੋਸ਼ਿਸ਼ ਕਰਨੀ ਪੈਂਦੀ ਹੈ ਕਿ ਇਹ ਛੋਟੀ ਤੋਂ ਛੋਟੀ ਹੋਵੇ, ਇਕ ਹੀ ਸ਼ਬਦ ਵਿਚ ਸਥਾਈ ਜਾਂ ਅਸਥਾਈ ਭਾਵ ਨੂੰ ਬੰਦ ਕਰ ਸਕੇ । ਇਸ ਦਾ ਪ੍ਰਗਟਾ ਸੂਤਰਾਤਮਕ ਹੁੰਦਾ ਹੈ ਅਤੇ ਸੂਤਰਾਂ ਵਿਚ ਜੇ ਇਕ ਵੀ ਅੱਖਰ ਘੱਟ ਕੀਤਾ ਜਾਵੇ ਤਾਂ ਇਸ ਦਾ ਸਿਰਹਾ ਰਚਨਾਤਮਕ ਦੇ ਸਿਰ ਹੁੰਦਾ ਹੈ ਰਾਜਨੀਤਿਕ ਗਾਲ੍ਹਾਂ ਦੀ ਵੀ ਘਾਟ ਨਹੀਂ ਹੈ-ਫਾਸਿਸਟ, ਪ੍ਰਤਿਕ੍ਰਿਆਵਾਦੀ, ਚੰਗੇਜ਼ਸ਼ਾਹੀ, ਤਾਨਾਸ਼ਾਹੀ, ਨਾਦਰਸ਼ਾਹੀ, ਕੱਟਰਵਾਦੀ, ਸੋਧਵਾਦੀ ਆਦਿ । ਇਸੇ ਤਰ੍ਹਾਂ ਜੇ ਕਿਸੇ ਸਾਹਿਤਕਾਰ ਨੂੰ ਗਾਲ੍ਹ ਕੱਢਣੀ ਹੋਵੇ ਤਾਂ ਉਸ ਨੂੰ ਰੋਮਾਂਟਿਕ ਕਹਿਣ ਨਾਲ ਕੰਮ ਚਲ ਸਕਦਾ ਹੈ ਜਾਂ ਜੇ ਥੋੜ੍ਹਾ ਤਫਸੀਲ ਵਿਚ ਜਾਣਾ ਹੋਵੇ ਤਾਂ ਉਸ ਉੱਤੇ ਜਜ਼ਬਾਤੀ ਦਾ ਲੇਬਲ ਲਾਉਣਾ ਜ਼ਰੂਰੀ ਹੈ । ਜੇ ਇਸ ਤੋਂ ਅੱਗੇ ਵਧਣਾ ਹੋਵੇ ਤਾਂ ਉਸ ਨੂੰ ਮੱਧਕਾਲੀ ਜਾਂ ਵਿਵਸਾਇਕ ਕਹਿਣਾ ਪੈਂਦਾ ਹੈ । ਗਾਲ੍ਹਾਂ ਦਾ ਮਤਲਬ ਸਿਰਫ਼ ਇੰਨਾ ਹੁੰਦਾ ਹੈ ਕਿ ਬੁਰਾ ਨਾਂ ਦੇ ਕੇ ਕਿਸੇ ਨੂੰ ਡੇਗਣਾ । ਜੇ ਕਿਸੇ ਆਲੋਚਕ ਨੂੰ ਗਾਲ੍ਹ ਕੱਢਣੀ ਹੋਵੇ ਤਾਂ ਉਸ ਦੀ ਗੱਲ ਨੂੰ ਬਿਨਾਂ ਪੜ੍ਹੇ ਹੀ ਉਸ ਦੀ ਆਲੋਚਨਾ ਨੂੰ ਅਕਾਦਮਿਕ ਕਿਹਾ ਜਾਵੇ । ਇਨ੍ਹਾਂ ਗਾਲ੍ਹਾਂ ਵਿਚ ਸੌਖ ਇਹ ਹੈ ਕਿ ਇਨ੍ਹਾਂ ਨੂੰ ਕੱਢਣ ਲਈ ਮਿਹਨਤ ਨਹੀਂ ਕਰਨੀ ਪੈਂਦੀ, ਕਿਰਤ ਨੂੰ ਵੇਖਣਾ ਜਾਂ ਅਲੋਚਨਾ ਨੂੰ ਪੜ੍ਹਨਾ ਨਹੀਂ ਪੈਂਦਾ । ਮੱਲੋ-ਮੱਲੀ ਗਾਲ੍ਹਾਂ ਕੱਢਣ ਵਾਲਾ ਮੁਸੀਬਤ ਵਿਚ ਫਸ ਜਾਂਦਾ ਹੈ । ਇਸ ਹਾਲਤ ਵਿਚ ਕੀ ਗਾਲ੍ਹ ਜੀਭ ਤੇ ਆਉਣ ਤੋਂ ਪਰਹੇਜ਼ ਕਰ ਸਕਦੀ ਹੈ ? ਗਾਲ੍ਹਾਂ ਤਾਂ ਤਤਕਾਲ ਕੱਢੀਆਂ ਜਾ ਸਕਦੀਆਂ ਹਨ, ਦੇਖ-ਪੜ੍ਹ ਕੇ ਨਹੀਂ। ਇਨ੍ਹਾਂ ਰਾਜਨੀਤਕ ਅਤੇ ਸਾਹਿਤਕ ਗਾਲ੍ਹਾਂ ਵਿਚ ਨੀਰਸਤਾ ਅਤੇ ਬੌਧਿਕਤਾ ਦਾ ਅੰਸ਼ ਹੁੰਦਾ ਹੈ। ਇਸ ਲਈ ਆਦਿਮ ਜਾਂ ਸਥਾਈ ਭਾਵ ਤੋਂ ਪੈਦਾ ਹੋਣ ਵਾਲੀਆਂ ਗਾਲ੍ਹਾਂ ਵਾਂਗ ਇਹ ਰਸ-ਸਿਧਾਂਤ ਦੀ ਕਸੌਟੀ ਤੇ ਕਾਮਯਾਬ ਨਹੀਂ ਹੁੰਦੀਆਂ। ਇਸ ਪੱਖ ਤੋਂ ਵੇਖਦਿਆਂ ਇਹ ਗਾਲ੍ਹਾਂ ਨਵੀਂ ਕਵਿਤਾ ਨਾਲ ਮੇਲ ਖਾਂਦੀਆਂ ਹਨ, ਕਦੇ ਕਦੇ ਇਹ ਅਕਵਿਤਾ ਦੇ ਨੇੜੇ ਵੀ ਪਹੁੰਚ ਜਾਂਦੀਆਂ ਹਨ ਜਿਹੜੀ ਨਵੀਂ ਕਵਿਤਾ ਦੀ ਇਕ ਕਿਸਮ ਹੈ । ਜੇ ਰਸ ਵਿਚ ਗੁੱਸੇ ਦੀ ਮਿਕਦਾਰ ਜ਼ਿਆਦਾ ਹੋਵੇ ਤਾਂ ਇਹ ਜਿਗਿਆਸਾ ਦਾ ਦੰਮ ਭਰ ਸਕਦੀਆਂ ਹਨ। ਇਹ ਇਸ ਲਈ ਕਿ ਕਵਿਤਾ ਕਹਾਣੀ ਆਦਿ ਸਿਰਜਨਾ ਨੂੰ ਤਲਾਕ ਦੇਣ ਤੇ ਤੁਲੀਆਂ ਹੋਈਆਂ ਹਨ, ਜਿਹੜਾ ਅਜੇ

ਮਿਲ ਨਹੀਂ ਰਿਹਾ । ਸਿਰਜਨਾ ਤੇ ਬਦਮਾਸ਼ੀ ਦਾ ਇਲਜ਼ਾਮ ਲਾਇਆ ਜਾਂਦਾ ਹੈ ਜਿਹੜਾ ਸਾਬਤ ਨਹੀਂ ਹੋ ਸਕਿਆ । ਪਰ ਗਵਾਹੀਆਂ ਦੀ ਭਾਲ ਜਾਰੀ ਹੈ।

ਜਦੋਂ ਗਾਲ਼ਾਂ ਦੀ ਰਚਨਾ ਸਥਾਈ ਭਾਵ ਨੂੰ ਲੈ ਕੇ ਸੰਚਾਰ-ਵਿਭਚਾਰੀ ਦੀ ਸੰਗਤ ਵਿਚ ਕੀਤੀ ਜਾਵੇ ਤਾਂ ਇਨ੍ਹਾਂ ਵਿਚ ਰਸ ਪੈਦਾ ਹੋਣ ਲੱਗ ਪੈਂਦਾ ਹੈ । ਲੜਕੀ ਨੂੰ ਖਸਮਖਾਣੀ ਜਾਂ ਚੁੜੈਲ ਦੀ ਗਾਲ੍ਹ ਜਦੋਂ ਦਿੱਤੀ ਜਾਂਦੀ ਹੈ ਤਾਂ ਇਸ ਦੀ ਰਚਨਾ ਸਥਾਈ ਭਾਵ ਨੂੰ ਲੈ ਕੇ ਕੀਤੀ ਜਾਂਦੀ ਹੈ। ਇਸ ਨੂੰ ਹੁਣ ਆਦਿਮ ਮੰਨਿਆ ਜਾਂਦਾ ਹੈ, ਆਦਿ ਕਵੀ ਦੀ ਰਚਨਾ ਵਾਂਗ । ਜਾਨਵਰਾਂ ਦਾ ਸਹਾਰਾ ਲੈ ਕੇ ਜਦੋਂ ਗਾਲ੍ਹਾਂ ਘੜੀਆਂ ਜਾਂਦੀਆਂ ਹਨ ਤਾਂ ਇਨ੍ਹਾਂ ਵਿਚ ਵੀ ਆਦਿਮ ਸੁਰ ਸ਼ਾਮਲ ਹੁੰਦਾ ਹੈ-ਸੂਰ, ਉਲੂ, ਕੁੱਤੀ, ਬਲਦ । ਔਰਤਾਂ ਅਤੇ ਮਰਦਾਂ ਲਈ ਗਾਲ੍ਹਾਂ ਅੱਡ ਅੱਡ ਹੁੰਦੀਆਂ ਹਨ । ਸੂਰ ਅਤੇ ਉਲੂ ਆਦਮੀਆਂ ਲਈ ਰਾਖਵੀਆਂ ਹਨ। ਜੇ ਇਨ੍ਹਾਂ ਨੂੰ ਹੋਰ ਭਾਰੀਆਂ ਕਰਨਾ ਹੋਵੇ ਤਾਂ ਇਨ੍ਹਾਂ ਨਾਲ ਬੱਚਾ ਜਾਂ ਪੱਠਾ ਸ਼ਬਦ ਲਾਉਣਾ ਪੈਂਦਾ ਹੈ ਤਾਂ ਜੋ ਗਾਲ੍ਹ ਤਕੜੀ ਹੋ ਜਾਵੇ। ਇਸ ਤਰ੍ਹਾਂ ਦੀਆਂ ਗਾਲ੍ਹਾਂ ਨਿੱਗਰ ਹੁੰਦੀਆਂ ਹਨ। ਇਸ ਲਈ ਇਨ੍ਹਾਂ ਦਾ ਰਿਵਾਜ ਦਿਨੋਂ ਦਿਨ ਘੱਟ ਰਿਹਾ ਹੈ। ਅੱਜ ਲੜਕੀ ਨੂੰ ਦੇਵੀ ਕਹਿ ਕੇ ਬੁਲਾਉਣਾ ਜੇ ਗਾਲ੍ਹ ਨਹੀਂ ਤਾਂ ਗਾਲ੍ਹ ਵਰਗੀ ਗੱਲ ਜ਼ਰੂਰ ਹੈ । ਇਸੇ ਤਰ੍ਹਾਂ ਆਦਮੀਆਂ ਲਈ ਸਾਧੂ ਮਹਾਤਮਾ ਵੀ ਅੱਧੀਆਂ ਗਾਲ੍ਹਾਂ ਹੀ ਸਮਝੀਆਂ ਜਾਂਦੀਆਂ ਹਨ। ਇਹ ਇਸੇ ਤਰ੍ਹਾਂ ਜਿਵੇਂ ਅਸ਼ੋਕ ਦੇ ਰਾਜ ਤੋਂ ਬਾਅਦ ਦੇਵਾਨਾਂਪ੍ਰਿਅ 'ਚੋਂ ਗੱਧੇ ਦੀ ਆਵਾਜ਼ ਨਿਕਲਣ ਲਗ ਪਈ ਸੀ । ਇਸ ਲਈ ਹਰ ਯੁੱਗ ਵਿਚ ਕਵਿਤਾ-ਕਹਾਣੀ ਵਾਂਗ ਗਾਲ੍ਹਾਂ ਦਾ ਮਿਜ਼ਾਜ ਅਤੇ ਅੰਦਾਜ਼ ਬਦਲਦਾ ਰਿਹਾ ਹੈ । ਫ਼ਰਕ ਸਿਰਫ਼ ਇਤਨਾ ਹੈ ਕਿ ਕਵਿਤਾ-ਕਹਾਣੀ ਦਾ ਮਿਜ਼ਾਜ ਕੁਝ ਕੁ ਦਹਾਕਿਆਂ ਵਿਚ ਹੀ ਬੜੀ ਤੇਜ਼ੀ ਨਾਲ ਬਦਲ ਗਿਆ ਹੈ । ਅੱਜ ਅੰਗਰੇਜ਼ੀ ਵਿਚ ਲੇਡੀ ਗਾਲ੍ਹ ਹੈ, ਪਹਿਲਾਂ ਇਹ ਤਾਰੀਫ਼ ਸੀ । ਮੈਨੂੰ ਲੱਗਦਾ ਹੈ ਕਿ ਕੁਮਾਰੀ ਅਤੇ ਸ੍ਰੀਮਤੀ ਦੇ ਦੇਵਤੇ ਵੀ ਹੁਣ ਜਾਣ ਵਾਲੇ ਹੀ ਹਨ, ਮਿਸ ਅਤੇ ਮਿਸਿਜ਼ ਦੇ ਸਥਾਪਤ ਹੋਣ ਵਾਲੇ ਹਨ । ਸ੍ਰੀ ਦੇ ਦੇਵਤੇ ਅਜੇ ਕਾਇਮ ਹਨ। ਇਸ ਨਾਲ ਇਕ ਬੜੇ ਆਦਮੀ ਦਾ ਨਾਂ ਜੁੜਿਆ ਹੋਇਆ ਹੈ। ਜਿਹੜੇ ਪੰਡਤ ਸ਼ਬਦ ਤੋਂ ਚਿੜ੍ਹਦੇ ਸਨ। ਆਚਾਰਯ ਦੇ ਦੇਵਤੇ ਅਜੇ ਜਾਣ ਤੋਂ ਇਨਕਾਰ ਕਰ ਰਹੇ ਹਨ ਪਰ ਇਨ੍ਹਾਂ ਵਲ ਉਂਗਲਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਅਸਲ ਵਿਚ ਗਾਲ੍ਹ ਦੀ ਰਚਨਾ ਦੇ ਅਮਲ ਵਿਚ ਪਹਿਲਾਂ ਵਿਅੰਗ ਅਤੇ ਮਖੌਲ ਦਾ ਸੰਚਾਰ ਹੋਣ ਲਗਦਾ ਹੈ ਤਾਂ ਕਿਤੇ ਜਾ ਕੇ ਉਹ ਪੂਰੀ ਗਾਲ੍ਹ ਦਾ ਰੂਪ ਧਾਰਣ ਕਰਦੀ ਹੈ ।

********

# ਦਿਲ ਲਾਉਣ ਲਈ

ਇਕ ਜ਼ਮਾਨਾ ਸੀ ਜਦੋਂ ਪੈਦਲ ਚਲ ਕੇ ਜੀਅ ਲੱਗ ਜਾਂਦਾ ਸੀ, ਛਿਕੜੀ-ਤਾਸ਼-ਸ਼ਤਰੰਜ ਖੇਡ ਕੇ ਜਾਂ ਤਿੱਤਰ-ਬਟੇਰ ਲੜਾ ਕੇ ਸਮਾਂ ਬੀਤ ਜਾਂਦਾ ਸੀ। ਮਿਰਜ਼ਾ ਗ਼ਾਲਿਬ ਸਵੇਰ ਤੋਂ ਸ਼ਾਮ ਤੱਕ ਤਾਂ ਸ਼ਾਇਰੀ ਨਹੀਂ ਕਰਦੇ ਸਨ, ਉਨ੍ਹਾਂ ਨੂੰ ਵੀ ਛਿਕੜੀ-ਸ਼ਤਰੰਜ ਦਾ ਚਸਕਾ ਸੀ। ਪ੍ਰੇਮ ਚੰਦ ਵੀ ਤਾਂ ਸ਼ਤਰੰਜ ਦੇ ਖਿਲਾੜੀ ਸਨ, ਇਨ੍ਹਾਂ ਨੂੰ ਖੇਡ ਵਿਚ ਇਧਰ ਉਧਰ ਦੀ ਹੋਸ਼ ਨਹੀਂ ਸੀ ਰਹਿੰਦੀ। ਇਸ ਤੋਂ ਬਹੁਤ ਪਹਿਲਾਂ ਵੀ ਦਿਲ ਲਾਉਣ ਦੇ ਕਈ ਸਾਧਨ ਸਨ। ਜੇ ਪੜ੍ਹੇ ਲਿਖੇ ਹੋਣ ਤਾਂ ਉਨ੍ਹਾਂ ਨੂੰ ਕਾਵਿ-ਸ਼ਾਸਤਰ ਦਾ ਅਮਲ ਸੀ, ਸਾਧਨ ਵਾਲੇ ਹੁੰਦੇ ਸਨ ਤਾਂ ਸਾਧਨਾਂ ਦੇ ਖੁਸ ਜਾਣ ਤੇ ਪਤਨੀ ਨੂੰ ਵੀ ਦਾਅ ਤੇ ਲਾ ਦਿੰਦੇ ਸਨ। ਇਹ ਠੀਕ ਹੈ ਕਿ ਅੱਜ ਦੀ ਪਤਨੀ ਨੂੰ ਸਾਰਿਆਂ ਦੇ ਸਾਮ੍ਹਣੇ ਦਾਅ ਤੇ ਨਹੀਂ ਲਾਇਆ ਜਾ ਸਕਦਾ। ਇਹ ਵੀ ਠੀਕ ਹੈ ਕਿ ਚੌਸਰ- ਸ਼ਤਰੰਜ ਖੇਡਣ ਲਈ ਅੱਜ ਦੇ ਕੋਮਲ ਭਾਵੀ ਕੋਲ ਨਾ ਸਮਾਂ ਹੈ ਤੇ ਨਾ ਹੀ ਧੀਰਜ। ਸੁਣਨ ਵਿਚ ਆਇਆ ਹੈ ਕਿ ਅਮਰੀਕਾ ਵਿਚ ਨਿਖੱਟੂ ਵੀ ਸਵੇਰੇ ਉਠ ਕੇ ਉਸੇ ਉਤਾਵਲੇਪਨ ਨਾਲ ਬੂਟ ਪਾਲਿਸ਼ ਕਰਦਾ ਹੈ, ਹਜਾਮਤ ਬਣਾਉਂਦਾ ਹੈ ਅਤੇ ਨਾਸ਼ਤਾ ਕਰਦਾ ਹੈ, ਜਿਸ ਤਰ੍ਹਾਂ ਕੰਮ ਤੇ ਜਾਣ ਵਾਲਾ ਤਿਆਰ ਹੁੰਦਾ ਹੈ। ਉਸ ਦੇ ਮੂੰਹ ਵੀ ਟੋਸਟ ਦਾ ਟੁਕੜਾ ਉਸੇ ਤਰ੍ਹਾਂ ਹੁੰਦਾ ਹੈ ਜਿਸ ਤਰ੍ਹਾਂ ਨੌਕਰੀ ਤੇ ਹਾਜ਼ਰ ਹੋਣ ਵਾਲੇ ਦੇ ਮੂੰਹ ਵਿਚ ਜਿਸ ਨੇ ਦੌੜ ਦੌੜ ਕੇ ਬੱਸ ਜਾਂ ਗੱਡੀ ਫੜਨੀ ਹੋਵੇ। ਨਿਖੱਟੂ ਵੀ ਸ਼ਾਮ ਨੂੰ ਉਸੇ ਤਰ੍ਹਾਂ ਥੱਕਿਆ ਹਾਰਿਆ ਮੁੜਦਾ ਹੈ ਜਿਸ ਤਰ੍ਹਾਂ ਕੰਮ ਤੇ ਜਾਣ ਵਾਲਾ। ਇੰਨਾ ਰੁਝੇਵਾਂ ਹੋਣ ਦੇ ਬਾਵਜੂਦ ਮਨ ਭਟਕਣ ਤੋਂ ਬਾਜ ਨਹੀਂ ਆਉਂਦਾ ਅਤੇ ਦਿਲ ਲੱਗਣ ਵਿਚ ਨਹੀਂ ਆਉਂਦਾ। ਹਰ ਕਵਿਤਾ ਕਹਾਣੀ ਵਿਚ ਅੱਜਕਲ੍ਹ ਜੀਅ ਉਦਾਸ ਉਦਾਸ, ਉਖੜਿਆ ਉਖੜਿਆ ਜਿਹਾ ਦਿੱਸਦਾ ਹੈ। ਦਿਲ ਲਾਉਣ ਦੇ ਤਰੀਕੇ ਤਾਂ ਵਧਦੇ ਜਾ ਰਹੇ ਹਨ ਪਰ ਮਨ ਹੈ ਕਿ ਲੱਗਣ ਵਿਚ ਨਹੀਂ ਆਉਂਦਾ। ਇਸ ਲਈ ਅਕੇਵਾਂ ਡੂੰਘਾ ਹੁੰਦਾ ਜਾਂਦਾ ਹੈ।

ਇਕ ਬਾਬੇ ਨੂੰ ਜਾਣਦਾ ਹਾਂ, ਜਿਸ ਦੀ ਨੀਂਦ ਅਚਾਨਕ ਰਾਤ ਦੇ ਤੀਜੇ ਪਹਿਰ ਖੁਲ੍ਹ ਜਾਂਦੀ ਹੈ। ਇਨ੍ਹਾਂ ਦੀ ਨਜ਼ਰ ਵੀ ਕਮਜ਼ੋਰ ਹੈ; ਪਰ ਭਗਵਾਨ ਤੇ ਇਨ੍ਹਾਂ ਦਾ ਬੇਹੱਦ ਵਿਸ਼ਵਾਸ ਹੈ। ਉਹ ਮਾਲਾ ਦੇ ਮਣਕੇ ਗਿਣ ਗਿਣ ਕੇ ਆਪਣਾ ਮਨ ਹੀ ਨਹੀਂ ਲਾ ਲੈਂਦੇ, ਮਨ ਨੂੰ ਸੰਤੋਖ ਵੀ ਦੇ ਲੈਂਦੇ ਹਨ। ਇਕ ਸੌ ਅੱਠ ਮਣਕੇ ਗਿਣਦੇ ਗਿਣਦੇ ਜੇ ਭੁੱਲ ਜਾਣ ਤਾਂ ਇਕ ਸੌ ਅੱਠ ਮਣਕੇ ਮੁੜ ਕੇ ਗਿਣਨ ਲੱਗ ਜਾਂਦੇ ਹਨ। ਮਾਲਾਂ ਵੀ ਇਨ੍ਹਾਂ ਕੋਲ ਦੋ ਹਨ। ਘਰ ਵਿਚ ਪੁੱਤ ਪੋਤੇ ਤੰਗ ਕਰਨ ਲਈ ਇਕ ਲੁਕਾ ਦਿੰਦੇ ਹਨ। ਮਨ ਦੀ ਮਾਲਾ ਨਾ ਸਹੀ ਮਣਕਿਆਂ ਦੀ ਤਾਂ

ਹੈ ਅਤੇ ਸੰਤ ਕਬੀਰ ਨੇ ਇਸ ਦਾ ਕਿਉਂ ਵਿਰੋਧ ਕੀਤਾ ਹੈ ? ਅੱਜ ਭਗਵਾਨ ਤੇ ਵਿਸ਼ਵਾਸ ਕਰਨਾ ਵਹਿਮ ਮੰਨਿਆ ਜਾਂਦਾ ਹੈ, ਪਰ ਕੀ ਇਹ ਵਹਿਮ ਦਿਲ ਲਾਉਣ ਲਈ ਬੁਰਾ ਹੈ ? ਇਸ ਨੂੰ ਕਿਸੇ ਤਰ੍ਹਾਂ ਤਾਂ ਲਾਉਣਾ ਹੀ ਪੈਂਦਾ ਹੈ ਵਕਤ ਕਿਸੇ ਤਰ੍ਹਾਂ ਤਾਂ ਕੱਟਣਾ ਹੀ ਪੈਂਦਾ ਹੈ । ਮੇਰੇ ਰਿਟਾਇਰ ਗਆਂਢੀ ਨੇ ਆਪਣੇ ਬਗੀਚੇ ਵਿਚ ਸਬਜ਼ੀਆਂ ਹੀ ਸਬਜ਼ੀਆਂ ਲਾਈਆਂ ਹੋਈਆਂ ਹਨ, ਫੁੱਲ ਲਾਉਣ ਵਿਚ ਉਨ੍ਹਾਂ ਦਾ ਵਿਸ਼ਵਾਸ ਨਹੀਂ ਹੈ। ਸਵੇਰੇ ਉੱਠ ਕੇ ਉਹ ਹਰ ਵਤਾਊਂ ਅਤੇ ਗੋਭੀ ਨੂੰ ਵੱਡਿਆਂ ਹੁੰਦਾ ਵੇਖ ਕੇ ਇੰਨੇ ਖੁਸ਼ ਹੁੰਦੇ ਹਨ ਕਿ ਉਹ ਕੱਲੇ ਇਸ ਨੂੰ ਸਹਿ ਨਹੀਂ ਸਕਦੇ । ਇਸ ਖੁਸ਼ੀ ਵਿਚ ਆਪਣੀ ਵਹੁਟੀ ਨੂੰ ਸ਼ਾਮਲ ਕਰਨ ਲਈ ਉਸ ਨੂੰ ਇਕ ਇਕ ਕਰਕੇ ਵਤਾਊਂ ਗਿਣਵਾਉਂਦੇ ਹਨ ਅਤੇ ਬੜੀ ਗੰਭੀਰ ਗੱਲਬਾਤ ਕਰਨ ਤੋਂ ਬਾਅਦ ਬੜਾ ਮਹੱਤਵ ਭਰਪੂਰ ਫ਼ੈਸਲਾ ਕਰਦੇ ਹਨ ਕਿ ਅੱਜ ਦੁਪਹਿਰ ਨੂੰ ਕੀ ਚਾੜਿਆ ਜਾਵੇਗਾ । ਉਹ ਰਾਤ ਦੀ ਸਬਜ਼ੀ ਦਾ ਫ਼ੈਸਲਾ ਸਵੇਰ ਵੇਲੇ ਇਸ ਲਈ ਨਹੀਂ ਕਰਦੇ ਕਿ ਸ਼ਾਮ ਨੂੰ ਵੀ ਤਾਂ ਉਨ੍ਹਾਂ ਦਿਲ ਲਾਉਣਾ ਹੈ । ਇਸੇ ਤਰ੍ਹਾਂ ਜੇ ਬੁੱਢੀ ਨੂੰ ਘਰ ਵਿਚ ਦਿਲ ਲਾਉਣ ਦਾ ਮੌਕਾ ਨਹੀਂ ਦਿੱਤਾ ਜਾਂਦਾ ਅਤੇ ਉਸ ਨੂੰ ਘਰ ਚੀਜ਼ ਸਮਝ ਲਿਆ ਜਾਂਦਾ ਹੈ ਤਾਂ ਉਹ ਮੰਦਰ ਵਿਚ ਜਾ ਕੇ ਇਕ ਦੂਜੇ ਦੀ ਚੁਗਲੀ ਕਰਕੇ ਆਪਣੇ ਮਨ ਨੂੰ ਧਰਾਸ ਦੇ ਲੈਂਦੀ ਹੈ। ਭਗਵਾਨ ਦੇ ਸਾਮ੍ਹਣੇ ਚੁਗਲੀ ਨਹੀਂ ਸਮਝਿਆ ਜਾਂਦਾ । ਜਵਾਨ ਲੜਕੀਆਂ ਬਿਨਾਂ ਕੁਝ ਖਰੀਦੇ ਸ਼ਾਪਿੰਗ ਨਾਲ ਆਪਣਾ ਜੀਅ ਲਾ ਲੈਂਦੀਆਂ ਹਨ ਕੀ ਸ਼ਾਪਿੰਗ ਵਿਚ ਖਰੀਦਣਾ ਸ਼ਾਮਲ ਹੈ ? ਕੀ ਆਪ ਖਰੀਦਣ ਵਿਚ ਬਹੁਤਾ ਜੀਅ ਲੱਗਦਾ ਹੈ ਜਾਂ ਹੋਰਨਾਂ ਨੂੰ ਕਰਨਾ ਵੀ ਚੁਗਲੀ ਖਰੀਦਵਾਉਣ ਵਿਚ, ਆਪਣੀ ਜੇਬ ਵਿੱਚੋਂ ਪੈਸੇ ਕੱਢਣ ਵਿਚ ਜਾਂ ਹੋਰਨਾਂ ਦੀਆਂ ਜੇਬਾਂ ਵਿੱਚੋਂ ਕਢਵਾਉਣ ਵਿੱਚੋਂ ?

ਇਸ ਲਈ ਵਕਤ ਜਦੋਂ ਲੰਬਾ ਪੈਣ ਲੱਗਦਾ ਹੈ ਅਤੇ ਆਮ ਤੌਰ ਤੇ ਹੀ ਇਹ ਲੰਬਾ ਪੈਣਾ ਸ਼ੁਰੂ ਹੋ ਜਾਂਦਾ ਹੈ ਤਾਂ ਇਸ ਨੂੰ ਕੱਟਣ ਲਈ ਜਾਂ ਆਪਣਾ ਜੀਅ ਲਾਉਣ ਲਈ ਅਨੇਕ ਢੰਗ ਵਰਤਣੇ ਪੈਂਦੇ ਹਨ। ਇਨ੍ਹਾਂ ਵਿਚ ਕੱਲੇ ਸੈਰ ਕਰਨਾ ਵੀ ਹੈ ਅਤੇ ਬਿਨਾਂ ਮਤਲਬ ਦੇ ਮਿਲਣਾ-ਜੁਲਣਾ ਵੀ, ਦਾਅਵਤਾਂ ਦੇਣਾ ਅਤੇ ਦਾਅਵਤਾਂ ਦੇਣਾ ਅਤੇ ਦਾਅਵਤਾਂ ਖਾਣੀਆਂ ਵੀ, ਚਿੱਠੀ ਲਿਖਣਾ ਅਤੇ ਪੜ੍ਹਨਾ ਵੀ, ਕਿਤਾਬਾਂ ਪੜ੍ਹਨਾ ਅਤੇ ਅਖਬਾਰਾਂ ਵੇਖਣੀਆਂ ਵੀ ਸ਼ਾਮਲ ਹਨ । ਹੁਣ ਚਿੱਠੀ ਲਿਖਣਾ ਤਾਂ ਘੱਟ ਜਾਏਗਾ, ਡਾਕ ਦੇ ਭਾੜੇ ਇੰਨੇ ਵੱਧ ਗਏ ਹਨ ਕਿ ਜਨਮ-ਮਰਣ ਅਤੇ ਕੁੜਮਾਈ ਵਿਆਹ ਤੋਂ ਸਿਵਾ ਚਿੱਠੀ ਲਿਖਣਾ ਔਖਾ ਹੋ ਜਾਵੇਗਾ । ਕਿਤਾਬਾਂ ਅਤੇ ਅਖ਼ਬਾਰਾਂ ਦੀਆਂ ਕੀਮਤਾਂ ਵੀ ਚੜ੍ਹ ਰਹੀਆਂ ਹਨ । ਇਨ੍ਹਾਂ ਨੂੰ ਮੰਗ ਕੇ ਪੜ੍ਹਨਾ ਵੀ ਮੁਸ਼ਕਿਲ ਹੋ ਗਿਆ ਹੈ । ਇਸ ਲਈ ਦਿਲ ਲਾਉਣ ਵਾਲਾ ਸਵਾਲ ਟੇਢਾ ਹੁੰਦਾ ਜਾ ਰਿਹਾ ਹੈ । ਇਕ ਪਾਸੇ ਦਿਲ ਲਾਉਣ ਦੇ ਤਰੀਕੇ ਘਟਦੇ ਜਾ ਰਹੇ ਹਨ, ਦੂਜੇ ਪਾਸੇ ਦਿਲ ਪੇਚਦਾਰ ਹੁੰਦਾ ਜਾ ਰਿਹਾ ਹੈ । ਇਹ ਨਾ ਤਾਂ ਮਾਲਾ ਦੇ ਮਣਕਿਆਂ ਨਾਲ ਲੱਗਦਾ ਹੈ ਨਾ ਗੋਭੀ ਦੇ ਫੁੱਲ

ਉਗਾਉਣ ਨਾਲ। ਕੁਕੜਕਲਗੀ ਉਗਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਨੂੰ ਉਗਾਇਆ ਹੀ ਨਹੀਂ ਜਾ ਸਕਦਾ। ਇਹ ਗੱਲ ਕੇਵਲ ਪੜ੍ਹਿਆ ਲਿਖਿਆਂ ਦੀ ਹੀ ਨਹੀਂ, ਅਨਪੜ੍ਹਾਂ ਦੇ ਬਾਰੇ ਵੀ ਠੀਕ ਹੈ। ਆਪਣਾ ਜੀਅ ਲਾਉਣ ਲਈ ਮੇਰੇ ਨੌਕਰ ਨੇ ਉਦੋਂ ਤੋਂ ਤਾਸ਼ ਖੇਡਣਾ ਛੱਡ ਦਿੱਤਾ ਜਦੋਂ ਪੁੰਨਿਆਂ ਦੀ ਇੱਕ ਰਾਤ ਨੂੰ ਉਹ ਆਪਣੇ ਦੋਨੋਂ ਕੰਬਲ ਦਾਅ ਤੇ ਲਾ ਕੇ ਹਾਰ ਗਿਆ ਹੈ। ਮੈਂ ਉਸ ਨੂੰ ਮੰਜੀ ਤੇ ਠਰੂੰ ਠਰੂੰ ਕਰਦੇ ਵੇਖਿਆ ਹੈ। ਕੀ ਉਸ ਦਾ ਦਾਅ ਦਰੋਪਦੀ ਤੋਂ ਘੱਟ ਸੀ ? ਹੁਣ ਉਹ ਘਰ ਜਾਣ ਦੀ ਸੋਚ ਰਿਹਾ ਹੈ।

ਅੱਜ ਮਹਿੰਗਾਈ ਦੇ ਜ਼ਮਾਨੇ ਵਿਚ ਦਿਲ਼ ਲਾਉਣ ਦੇ ਪੁਰਾਣੇ ਸ਼ੌਕ ਛੁਟਦੇ ਜਾ ਰਹੇ ਹਨ। ਇਹ ਚਾਹੇ ਤਾਸ਼ ਖੇਡਣਾ ਹੋਵੇ ਚਾਹੇ ਛਿਕੜੀ, ਖੱਤ ਲਿਖਣਾ ਹੋਵੇ ਜਾਂ ਦਾਅਵਤ ਦੇਣਾ, ਨਾਚ ਵੇਖਣਾ ਹੋਵੇ ਜਾਂ ਗਾਣਾ ਸੁਣਨਾ। ਸ਼ਿਵ ਦੀ ਬੂਟੀ ਤੋਂ ਸਿਵਾ ਬਾਕੀ ਸਾਰੇ ਸਾਧਨ ਇੰਨੇ ਮਹਿੰਗੇ ਹੋਣ ਲੱਗ ਪਏ ਹਨ ਕਿ ਦਿਲ ਦਾ ਕੀ ਕਸੂਰ ਹੈ। ਕੌੜੀ ਕਾਫ਼ੀ ਨਾਲ ਤਾਂ ਕੁੜੱਤਣ ਹੀ ਵੱਧ ਸਕਦੀ ਹੈ। ਮੇਰੇ ਇਕ ਦੋਸਤ ਬਦਲਦੇ ਮੌਸਮਾਂ ਨਾਲ ਜੀਅ ਲਾਉਣ ਦੀ ਸਲਾਹ ਦਿੰਦੇ ਹਨ। ਇਸ ਵਿਚ ਪੈਸੇ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਉਹ ਪੁੰਨਿਆਂ ਦੇ ਚੰਨ ਨੂੰ ਵੇਖ ਕੇ ਦਿਲ ਲਾਉਣ ਲਈ ਕਹਿੰਦੇ ਹਨ। ਹੁਣ ਤਾਂ ਪੁੰਨਿਆਂ ਦੀ ਚਾਂਦਨੀ ਵੀ ਕਵਾਰੀ ਨਹੀਂ ਰਹੀ, ਇਸ ਉਤੇ ਵੀ ਧਰਤੀ ਦਾ ਰਾਕਟ ਪੁੱਜ ਚੁੱਕਾ ਹੈ। ਉਹ ਬਾਹਰ ਦੇ ਮੌਸਮ ਦੀ ਗੱਲ ਸ਼ੁਰੂ ਕਰ ਦੇਂਦੇ ਹਨ ਪਰ ਇਸ਼ਕ ਵਾਂਗ ਇਹ ਮੌਸਮ ਇੰਨਾ ਥੋੜਚਿਰਾ ਹੁੰਦਾ ਹੈ ਕਿ ਕਦੋਂ ਤੱਕ ਇਹ ਜੀਅ ਲਾ ਸਕਦਾ ਹੈ। ਸ਼ਾਦੀ ਤਾਂ ਗਰਮੀ ਸਰਦੀ ਨਾਲ ਕਰਨੀ ਹੁੰਦੀ ਹੈ। ਉਹ ਸਵੇਰੇ ਸ਼ਾਮ ਸੈਰ ਕਰਨ ਲਈ ਕਹਿੰਦੇ ਹਨ, ਪਰ ਮੇਰਾ ਉਤਰ ਕੇਵਲ ਇਕ ਹੀ ਹੁੰਦਾ ਹੈ ਕਿ ਅਜੇ ਮੇਰੀ ਸਿਹਤ ਚੰਗੀ ਹੈ। ਇੱਕ ਇੱਕ ਕਰਕੇ ਉਹ ਸਾਰੇ ਢੰਗ ਗਿਣ ਦਿੰਦੇ ਹਨ ਜਿਨ੍ਹਾਂ ਵਿਚ ਪੈਸੇ ਦਾ ਸਵਾਲ ਨਹੀਂ ਉਠਦਾ--ਜਿਵੇਂ ਗੱਪਾਂ ਮਾਰਨੀਆਂ ਜਿਨ੍ਹਾਂ ਵਿਚ ਹੁਣ ਕੁਝ ਨਹੀਂ ਰਿਹਾ, ਨਿੰਦਾ ਕਰਨੀ ਜਿਸ ਵਿਚ ਹੁਣ ਕਲਾ ਨਹੀਂ ਰਹੀ, ਮਿਲਣਾ-ਜੁਲਣਾ ਜਿਸ ਵਿਚ ਹੁਣ ਸੁਆਦ ਨਹੀਂ ਰਿਹਾ।

ਜੇ ਸਾਰਹੀਨ ਤੇ ਰਸਹੀਨ ਸਾਧਨਾਂ ਨਾਲ ਹੀ ਹੁਣ ਜੀਅ ਲਾਉਣਾ ਹੈ ਤਾਂ ਬੈਠੇ ਬੈਠੇ ਕਲਮ ਘੜੀਸਣਾ ਕੀ ਬੁਰਾ ਹੈ ? ਕਾਗਜ਼ ਅਤੇ ਸਿਆਹੀ ਦਾ ਹੀ ਖ਼ਰਚ ਹੈ। ਹਾਸ ਅਤੇ ਵਿਅੰਗਕਾਰਾਂ ਦੀ ਵਹੀ ਵਿਚ ਨਾਂ ਤਾਂ ਨਹੀਂ ਲਿਖਵਾਉਣਾ ਕਿ ਇਸ ਦਾ ਵਿਆਜ ਹੀ ਦਿੰਦਾ ਰਹਾਂ। ਇਸ ਤਰ੍ਹਾਂ ਦੀ ਲਿਖਤ ਵਿਚ ਨਾ ਤਾਂ ਸੋਚਣਾ ਪੈਂਦਾ ਹੈ ਤੇ ਨਾ ਹੀ ਜੋੜਨਾ। ਇਸ ਦੇ ਬਾਰੇ ਇਕ ਨਾਵਾਕਿਫ਼ਕਾਰ ਦੀ ਜਦੋਂ ਇਹ ਚਿੱਠੀ ਮਿਲੀ ਕਿ ਮੈਨੂੰ ਨਹੀਂ ਸੀ ਪਤਾ ਕਿ ਛੋਟਾ ਮੂੰਹ ਵੀ ਵੱਡੀ ਗੱਲ ਕਰ ਸਕਦਾ ਹੈ ਤਾਂ ਮੇਰਾ ਦਿਲ ਕੇਵਲ ਲੱਗ ਹੀ ਨਹੀਂ ਗਿਆ, ਖਿੜ ਵੀ ਗਿਆ। ਇਸ ਚਿੱਠੀ ਨੂੰ ਮੈਂ ਸ਼ੀਸ਼ੇ ਵਿਚ ਮੜ੍ਹਾਉਣ ਦੀ ਸੋਚ ਹੀ ਰਿਹਾ ਸੀ ਕਿ ਇਕ ਹੋਰ ਚਿੱਠੀ ਆ ਗਈ ਜਿਸ ਵਿਚ ਲਿਖਿਆ ਸੀ ਕਿ ਗੱਲ ਵਿਚ ਨਾ ਤਾਂ ਜਾਨ ਹੁੰਦੀ ਹੈ ਤੇ ਨਾ ਭਾਸ਼ਾ ਵਿਚ

ਕੋਈ ਸੰਸਕਾਰ । ਇਸ ਦਾ ਜੁਆਬ ਵੀ ਮੰਗਿਆ ਗਿਆ ਸੀ । ਮੈਂ ਪਹਿਲੀ ਚਿੱਠੀ ਸਾਂਭਣ ਦਾ ਵਿਚਾਰ ਛੱਡ ਦਿੱਤਾ ਤੇ ਦੋਵਾਂ ਚਿੱਠੀਆਂ ਨੂੰ ਰੱਦੀ ਦੀ ਟੋਕਰੀ ਦੇ ਹਵਾਲੇ ਕਰਦੇ ਹੋਏ ਇਹ ਜੁਆਬ ਦਿੱਤਾ-- ਅਕਵਿਤਾ-ਅਕਹਾਣੀ ਵਿਚ ਨਾ ਤਾਂ ਸਾਰ ਹੁੰਦਾ ਹੈ ਤੇ ਨਾਂ ਹੀ ਭਾਸ਼ਾ ਦਾ ਸੰਸਕਾਰ । ਅਨਾਟਕ ਦਾ ਸੁਆਲ ਹੁਣੇ ਹੁਣੇ ਹੀ ਪੈਦਾ ਹੋਇਆ ਹੈ । ਨਾਟਕ ਤੋਂ ਬਾਅਦ ਹੀ ਅਨਾਟਕ ਦੀ ਰਚਨਾ ਹੋ ਸਕਦੀ ਹੈ । ਜੇ ਅਕਵਿਤਾ-ਅਕਹਾਣੀ ਲਿਖੀ ਜਾ ਸਕਦੀ ਹੈ ਤਾਂ ਬੈਠੇ-ਬਠਾਏ ਇਹ ਕਿਉਂ ਨਹੀਂ। ਇਹ ਲਿਖ ਕੇ ਮਹਿਸੂਸ ਕੀਤਾ ਕਿ ਮੇਰਾ ਉਤਰ ਉਨਾ ਹੀ ਬੇਮਾਨੀ ਹੈ ਜਿੰਨਾ ਉਸ ਦਾ ਸੁਆਲ।

********